ਅਦਾਰਾ ਚੜ੍ਹਦੀਕਲਾ ਵੱਲੋਂ
ਛੋਟਾ ਘੱਲੂਘਾਰਾ, ਕਾਹਨੂੰਵਾਨ (ਗੁਰਦਾਸਪੁਰ) ਦੇ ਸ਼ਹੀਦਾਂ ਨੂੰ
ਕੋਟਿ-ਕੋਟਿ ਪ੍ਰਣਾਮ।

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Friday, 16 May, 2025) ਪਟਿਆਲਾ ਸ਼ੁੱਕਰਵਾਰ, 16 ਮਈ, 2025, 3 ਜੇਠ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 134 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਪਾਕਿ ਵੱਲੋਂ ਭਾਰਤ ਨੂੰ ਸਿੰਧੂ ਜਲ ਸੰਧੀ 'ਤੇ ਮੁੜ ਵਿਚਾਰ ਦੀ ਅਪੀਲ

ਨਵੀਂ ਦਿੱਲੀ, 15 ਮਈ (ਚੜ੍ਹਦੀਕਲਾ ਬਿਊਰੋ) : : ਪਾਕਿਸਤਾਨ ਨੇ ਭਾਰਤ ਨੂੰ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦੇ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ। ਪਾਕਿਸਤਾਨ ਨੇ ਕਿਹਾ ਹੈ ਕਿ1960 ਦੀ ਸੰਧੀ ਰਾਹੀਂ ਨਿਯੰਤ੍ਰਿਤ ਕੀਤੇ ਜਾ ਰਹੇ ਪਾਣੀ 'ਤੇ ਦੇਸ਼ ਦੇ ਕਰੋੜਾਂ ਲੋਕ ਨਿਰਭਰ ਹਨ। ਭਾਰਤ ਨੇ ਪਹਿਲਗਾਮ ਦਹਿਸ਼ਤੀ ਹਮਲੇ ਤੋਂ ਇਕ ਦਿਨ ਬਾਅਦ 23 ਅਪਰੈਲ ਨੂੰ ਸੁਰੱਖਿਆ ਬਾਰੇ ਕੈਬਨਿਟ ਕਮੇਟੀ (ਸੀਸੀਐਸ) ਦੇ ਫੈਸਲੇ ਦੇ ਆਧਾਰ 'ਤੇ ਸੰਧੀ ਨੂੰ ਮੁਅੱਤਲ ਕਰ ਦਿੱਤਾ ਸੀ। ਇਸ ਹਮਲੇ ਵਿਚ 26 ਭਾਰਤੀ ਮਾਰੇ ਗਏ ਸਨ।




# ਸੰਗਰੂਰ ਜੇਲ੍ਹ ਅੰਦਰ ਚੱਲ ਰਹੇ ਨਸ਼ਾ ਤਸਕਰੀ ਰੈਕੇਟ ਦਾ ਪਰਦਾਫਾਸ਼; ਡੀ.ਐਸ.ਪੀ. ਸੁਰੱਖਿਆ ਤੇ ਦਰਜਾ ਚਾਰ ਕਰਮਚਾਰੀ ਸਮੇਤ 19 ਜਣੇ ਗ੍ਰਿਫ਼ਤਾਰ

ਸੰਗਰੂਰ, 15 ਮਈ, (ਹਰਕੰਵਲ ਸਿੰਘ ਹੈਪੀ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੌਰਾਨ ਵੱਡੀ ਸਫ਼ਲਤਾ ਹਾਸਲ ਕਰਦਿਆਂ, ਸੰਗਰੂਰ ਪੁਲਿਸ ਨੇ ਜੇਲ੍ਹ ਦੇ ਅੰਦਰੋਂ ਚੱਲ ਰਹੇ ਤਸਕਰੀ ਰੈਕੇਟ ਦਾ ਪਰਦਾਫਾਸ਼ ਕਰਕੇ ਇਸ ਕੇਸ ਵਿੱਚ ਜੇਲ੍ਹ ਦੇ ਡਿਪਟੀ ਸੁਪਰਡੈਂਟ ਆਫ਼ ਪੁਲਿਸ (ਡੀਐਸਪੀ) ਸੁਰੱਖਿਆ ਗੁਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।



ਉਨ੍ਹਾਂ ਦੱਸਿਆ ਕਿ ਭਰੋਸੇਯੋਗ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਸੰਗਰੂਰ ਜੇਲ੍ਹ ਦੇ ਅੰਦਰ ਛਾਪੇਮਾਰੀ ਦੌਰਾਨ 12 ਮੋਬਾਈਲ ਫੋਨ, 4 ਸਮਾਰਟਵਾਚ, 50 ਗ੍ਰਾਮ ਅਫੀਮ, 12 ਗ੍ਰਾਮ ਹੈਰੋਇਨ ਅਤੇ ਹੋਰ ਨਸ਼ੀਲੇ ਪਦਾਰਥ ਬਰਾਮਦ ਹੋਏ। ਡੀਜੀਪੀ ਨੇ ਇਸ ਕੇਸ ਵਿੱਚ ਜੇਲ੍ਹ ਕਰਮਚਾਰੀ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਪ੍ਰਸ਼ਾਂਤ ਨਾਮੀ ਦਰਜਾ ਚਾਰ ਕਰਮਚਾਰੀ, ਜਿਸਦੀ ਭੂਮਿਕਾ ਤਸਕਰੀ ਸਬੰਧੀ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਸਾਹਮਣੇ ਆਈ ਹੈ, ਦੀ ਸ਼ਮੂਲੀਅਤ ਦਾ ਵੀ ਪਤਾ ਲੱਗਾ ਹੈ।

ਉਨ੍ਹਾਂ ਕਿਹਾ ਕਿ ਅਗਲੇ-ਪਿਛਲੇ ਸਬੰਧਾਂ ਦੀ ਜਾਂਚ ਦੌਰਾਨ ਅੰਮ੍ਰਿਤਸਰ ਦੇ ਨਸ਼ਾ ਤਸਕਰ ਮਨਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜੋ ਇਸ ਸਮੇਂ ਸੰਗਰੂਰ ਜੇਲ੍ਹ ਵਿੱਚ ਬੰਦ ਕੈਦੀ ਗੁਰਵਿੰਦਰ ਸਿੰਘ ਦਾ ਸਾਥੀ ਹੈ। ਉਨ੍ਹਾਂ ਅੱਗੇ ਕਿਹਾ ਕਿ ਪੁਲਿਸ ਟੀਮਾਂ ਨੇ ਦੋਸ਼ੀ ਮਨਪ੍ਰੀਤ ਦੇ ਕਬਜ਼ੇ 'ਚੋਂ 4 ਕਿਲੋ ਹੈਰੋਇਨ, 5.5 ਲੱਖ ਰੁਪਏ ਦੀ ਡਰੱਗ ਮਨੀ ਅਤੇ ਦੋ ਜ਼ਿੰਦਾ ਕਾਰਤੂਸ ਸਮੇਤ ਇੱਕ 9 ਐਮਐਮ ਗਲੌਕ ਪਿਸਤੌਲ ਬਰਾਮਦ ਕੀਤਾ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਇਸ ਕੇਸ ਵਿੱਚ ਜਾਂਚ ਜਾਰੀ ਹੈ ਅਤੇ ਅੱਗੇ ਹੋਰ ਗ੍ਰਿਫ਼ਤਾਰੀਆਂ ਹੋਣ ਦੀ ਉਮੀਦ ਹੈ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਵਿਅਕਤੀ, ਭਾਵੇਂ ਉਹ ਕਿਸੇ ਵੀ ਰੈਂਕ ਜਾਂ ਅਹੁਦਾ ਦਾ ਹੋਵੇ, ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।

ਹੋਰ ਜਾਣਕਾਰੀ ਦਿੰਦਿਆਂ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਸੰਗਰੂਰ ਸਰਤਾਜ ਸਿੰਘ ਚਾਹਲ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਡੀਐਸਪੀ ਗੁਰਪ੍ਰੀਤ ਸਿੰਘ ਜੇਲ੍ਹ ਵਿੱਚ ਨਸ਼ਿਆਂ ਅਤੇ ਮੋਬਾਈਲ ਫੋਨਾਂ ਦੀ ਤਸਕਰੀ ਵਿੱਚ ਸਰਗਰਮੀ ਨਾਲ ਸ਼ਾਮਲ ਸੀ।

ਉਨ੍ਹਾਂ ਕਿਹਾ ਕਿ ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਮੁਲਜ਼ਮ ਡੀਐਸਪੀ ਨੇ ਜੇਲ੍ਹ ਵਿੱਚ 25 ਗ੍ਰਾਮ ਹੈਰੋਇਨ ਅਤੇ ਦੋ ਮੋਬਾਈਲ ਫੋਨ ਪਹੁੰਚਾਉਣ ਬਦਲੇ ਕੈਦੀ ਗੁਰਚੇਤ ਦੇ ਰਿਸ਼ਤੇਦਾਰ ਤੋਂ 40000 ਰੁਪਏ ਨਕਦ ਅਤੇ ਯੂਪੀਆਈ ਰਾਹੀਂ ਆਪਣੀ ਪਤਨੀ ਦੇ ਖਾਤੇ ਵਿੱਚ 26000 ਰੁਪਏ ਪ੍ਰਾਪਤ ਕੀਤੇ ਸਨ। ਉਨ੍ਹਾਂ ਦੱਸਿਆ ਕਿ ਕੁੱਲ 25 ਗ੍ਰਾਮ ਹੈਰੋਇਨ ਵਿੱਚੋਂ, 12 ਗ੍ਰਾਮ ਹੈਰੋਇਨ ਰਵੀ ਨਾਮ ਦੇ ਇੱਕ ਹੋਰ ਕੈਦੀ ਤੋਂ ਬਰਾਮਦ ਕੀਤੀ ਗਈ ਹੈ, ਜੋ ਗੁਰਚੇਤ ਦੇ ਕਹਿਣ 'ਤੇ ਅੱਗੇ ਹੋਰਨਾਂ ਕੈਦੀਆਂ ਨੂੰ ਨਸ਼ੇ ਵੇਚਦਾ ਸੀ।

ਐਸਐਸਪੀ ਨੇ ਕਿਹਾ ਕਿ ਡੀਐਸਪੀ ਗੁਰਪ੍ਰੀਤ ਸਿੰਘ, ਮੁਲਾਜ਼ਮ ਪ੍ਰਸ਼ਾਂਤ, ਨਸ਼ਾ ਤਸਕਰ ਮਨਪ੍ਰੀਤ ਸਿੰਘ, ਕੈਦੀ ਗੁਰਚੇਤ ਦੀ ਮਾਂ ਬੰਤੋ ਉਰਫ਼ ਬੰਸੋ ਅਤੇ 15 ਕੈਦੀਆਂ ਗੁਰਵਿੰਦਰ ਸਿੰਘ, ਲਵਜੀਤ ਸਿੰਘ, ਸਿਕੰਦਰ ਸਿੰਘ, ਪ੍ਰਗਟ ਸਿੰਘ, ਸੁਲਤਾਨ ਸਿੰਘ, ਅਮਨ ਕੁਮਾਰ, ਅਜੈ, ਹਰਪ੍ਰੀਤ ਸਿੰਘ ਵਾਸੀ ਲੁਧਿਆਣਾ, ਰਿਸ਼ੀਪਾਲ, ਹਰਪ੍ਰੀਤ ਸਿੰਘ ਵਾਸੀ ਧੂਰੀ, ਮੁੰਨਾ, ਗੁਰਰਾਜ ਸਿੰਘ, ਰਘਵੀਰ ਸਿੰਘ, ਗੁਰਚੇਤ ਸਿੰਘ ਅਤੇ ਰਾਜੀਵ ਕੌਸ਼ਲ ਉਰਫ਼ ਗੱਗੂ ਸਮੇਤ ਕੁੱਲ 19 ਮੁਲਜ਼ਮਾਂ ਨੂੰ ਹੁਣ ਤੱਕ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ ਤਾਂ ਜੋ ਸਮੁੱਚੇ ਨੈੱਟਵਰਕ ਨੂੰ ਬੇਨਕਾਬ ਕੀਤਾ ਜਾ ਸਕੇ। ਉਨ੍ਹਾਂ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

ਇਸ ਸਬੰਧੀ ਐਨਡੀਪੀਐਸ ਐਕਟ ਦੀ ਧਾਰਾ 18, 21, 29 ਅਤੇ 27ਏ, ਜੇਲ੍ਹ ਐਕਟ ਦੀ ਧਾਰਾ 52-ਏ ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਪੁਲਿਸ ਥਾਣਾ ਸਿਟੀ-1 ਸੰਗਰੂਰ ਵਿਖੇ ਐਫਆਈਆਰ ਨੰਬਰ 75 ਮਿਤੀ 27/4/2025 ਅਧੀਨ ਪਹਿਲਾਂ ਹੀ ਕੇਸ ਦਰਜ ਕੀਤਾ ਜਾ ਚੁੱਕਾ ਹੈ, ਜਦੋਂ ਕਿ ਇਸ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਬਾਅਦ ਵਿੱਚ ਜੋੜੀ ਗਈ।

# 'ਆਪ' ਸਰਕਾਰ ਵੱਲੋਂ ਪਿੰਡਾਂ ਦੀ ਨੁਹਾਰ ਬਦਲਣ ਦਾ ਨਵਾਂ ਅਧਿਆਏ : 15000 ਛੱਪੜਾਂ ਦੀ ਸਾਫ਼-ਸਫ਼ਾਈ ਤੇ 13000 ਪੇਂਡੂ ਖੇਡ ਮੈਦਾਨਾਂ ਦੀ ਸ਼ਾਨਦਾਰ ਪਹਿਲਕਦਮੀ

ਬਨੂੜ, 15 ਮਈ, (ਅਮਰਿੰਦਰ ਸਿੰਘ ਮੋਹੀ) : ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਦੇ ਪਿੰਡਾਂ ਦੀ ਨੁਹਾਰ ਤੇ ਮੂੰਹ ਮੁਹਾਂਦਰਾ ਸੰਵਾਰਨ ਵਿੱਚ ਇੱਕ ਨਵਾਂ ਅਧਿਆਏ ਲਿਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਲਈ ਕੀਤੇ 'ਆਪ ਸਰਕਾਰ' ਦੇ ਕੰਮਾਂ ਨੂੰ ਲੰਬੇ ਸਮੇਂ ਤੱਕ ਯਾਦ ਰੱਖਿਆ ਜਾਵੇਗਾ। ਸੌਂਦ ਨੇ ਕਿਹਾ ਕਿ ਪੰਜਾਬ ਦੇ ਪਿੰਡਾਂ ਦੇ 15000 ਛੱਪੜਾਂ ਦੀ ਸਾਫ-ਸਫਾਈ ਤੇ 13000 ਪੇਂਡੂ ਖੇਡ ਮੈਦਾਨਾਂ ਦੀ ਸ਼ਾਨਦਾਰ ਪਹਿਲਕਦਮੀ ਨਾਲ ਪਿੰਡਾਂ ਦੀ ਕਾਇਆ ਕਲਪ ਹੋਵੇਗੀ ਤੇ ਪਿੰਡ ਵਾਸੀਆਂ ਦਾ ਜੀਵਨ ਪੱਧਰ ਉੱਚਾ ਹੋਵੇਗਾ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਨਾਲਾਇਕੀ ਕਾਰਣ ਨਾ ਤਾਂ ਪਿੰਡਾਂ ਦੇ ਨੌਜਵਾਨਾਂ ਲਈ ਖੇਡ ਮੈਦਾਨਾਂ ਵੱਲ ਕੋਈ ਧਿਆਨ ਦਿੱਤਾ ਗਿਆ ਤੇ ਨਾ ਹੀ ਛੱਪੜਾਂ ਦੀ ਸਾਫ਼ ਸਫ਼ਾਈ ਦੀ ਸਾਰ ਲਈ ਗਈ।



ਰਾਜਪੁਰਾ ਬਲਾਕ ਦੇ ਪਿੰਡ ਖਿਜਰਗੜ੍ਹ (ਬਨੂੜ) ਵਿਖੇ ਪੇਂਡੂ ਖੇਡ ਮੈਦਾਨ ਦਾ ਮੁਆਇਨਾ ਕਰਨ ਮੌਕੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੌਂਦ ਨੇ ਕਿਹਾ ਕਿ ਹਰੇਕ ਪਿੰਡ ਲਈ ਦੋ ਸਥਾਨ ਬਹੁਤ ਖਾਸ ਹੁੰਦੇ ਹਨ। ਇੱਕ ਪਿੰਡ ਦਾ ਖੇਡ ਮੈਦਾਨ ਅਤੇ ਦੂਜਾ ਪਿੰਡ ਦਾ ਛੱਪੜ। ਇਨ੍ਹਾਂ ਦੋਹਾਂ ਤੋਂ ਪਿੰਡ ਦੀ ਖੁਸ਼ਹਾਲੀ ਤੇ ਪਿੰਡ ਦੀ ਜਵਾਨੀ ਬਾਰੇ ਪਤਾ ਚੱਲ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਨੇ ਪੰਜਾਬ ਦੇ ਸਾਰੇ ਪਿੰਡਾਂ ਵਿੱਚ ਖੇਡ ਮੈਦਾਨ ਬਣਾਉਣ ਜਾਂ ਮੌਜੂਦਾ ਖੇਡ ਮੈਦਾਨ ਨੂੰ ਅੱਪਗ੍ਰੇਡ ਕਰਨ ਦਾ ਟੀਚਾ ਮਿੱਥਿਆ ਹੈ ਅਤੇ ਸਾਰੇ ਪੰਜਾਬ ਦੇ ਛੱਪੜਾਂ ਦੀ ਸਫ਼ਾਈ ਦਾ ਬੀੜਾ ਚੁੱਕਿਆ ਹੋਇਆ ਹੈ।

ਉਨ੍ਹਾਂ ਦੱਸਿਆ ਕਿ ਪੇਂਡੂ ਪੁਨਰ ਸੁਰਜੀਤੀ ਮਿਸ਼ਨ ਦੇ ਹਿੱਸੇ ਵਜੋਂ, ਪੰਜਾਬ ਸਰਕਾਰ ਸੂਬੇ ਭਰ ਦੇ ਪਿੰਡਾਂ ਵਿੱਚ 13000 ਤੋਂ ਵੱਧ ਖੇਡ ਮੈਦਾਨ ਬਣਾਉਣ ਜਾਂ ਅੱਪਗ੍ਰੇਡ ਕਰ ਰਹੀ ਹੈ। ਇਹ ਇੱਕ ਅਜਿਹਾ ਕਦਮ ਹੈ ਜੋ ਪਿੰਡਾਂ 'ਚ ਵੱਸਦੇ ਨੌਜਵਾਨਾਂ ਦੇ ਭਵਿੱਖ ਪ੍ਰਤੀ ਸਰਕਾਰ ਦੀ ਡੂੰਘੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਖੇਡ ਮੈਦਾਨ ਸਰਕਾਰ ਦੇ ਨਸ਼ਾ-ਮੁਕਤ ਪੰਜਾਬ ਦੇ ਦ੍ਰਿਸ਼ਟੀਕੋਣ ਨਾਲ ਸਿੱਧੇ ਤੌਰ ਉੱਤੇ ਜੁੜਕੇ, ਨੌਜਵਾਨਾਂ ਦੀ ਸ਼ਮੂਲੀਅਤ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਵਿਰੁੱਧ ਰੋਕਥਾਮ ਵਿੱਚ ਅਹਿਮ ਭੂਮਿਕਾ ਅਦਾ ਕਰਨਗੇ। ਉਨ੍ਹਾਂ ਦੱਸਿਆ ਕਿ ਪੇਂਡੂ ਖੇਡ ਮੈਦਾਨਾਂ ਦੀ ਸਕੀਮ ਸਾਰੇ 154 ਬਲਾਕਾਂ ਵਿੱਚ ਲਾਗੂ ਕੀਤੀ ਜਾ ਰਹੀ ਹੈ। ਪਿੰਡਾਂ ਦੀ ਨੁਹਾਰ ਬਦਲਣ ਲਈ 3,500 ਕਰੋੜ ਰੁਪਏ ਦੇ ਬਜਟ ਫੰਡਾਂ ਦੀ ਵਰਤੋਂ ਦੇ ਨਾਲ ਨਾਲ ਮਨਰੇਗਾ ਅਤੇ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਵਰਗੀਆਂ ਸਕੀਮਾਂ ਦੀ ਵਰਤੋਂ ਕੀਤੀ ਜਾਵੇਗੀ।

ਬਾਅਦ ਵਿੱਚ ਤਰੁਨਪ੍ਰੀਤ ਸਿੰਘ ਸੌਂਦ ਨੇ ਅਜੀਜਪੁਰ, ਫਰੀਦਪੁਰ ਗੁੱਜਰਾਂ, ਭਟੇੜੀ, ਨਲਾਸ ਖੁਰਦ ਅਤੇ ਮਾਣਕਪੁਰ ਪਿੰਡਾਂ ਦੇ ਖੇਡ ਮੈਦਾਨਾਂ ਤੇ ਛੱਪੜਾਂ ਦੀ ਸਾਫ ਸਫਾਈ ਦੀ ਸਥਿਤੀ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਅਜੀਜਪੁਰ ਸਟੇਡੀਅਮ ਦੇ ਕੰਮ ਦਾ ਜਾਇਜ਼ਾ ਲੈਂਦਿਆਂ ਕੁਝ ਊਣਤਾਈਆਂ ਦਾ ਗੰਭੀਰ ਨੋਟਿਸ ਲਿਆ ਤੇ ਏਡੀਸੀ ਪਟਿਆਲਾ ਨੂੰ ਇਸ ਦੀ ਰਿਪੋਰਟ ਦੇਣ ਦੇ ਹੁਕਮ ਦਿੱਤੇ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 15,000 ਪਿੰਡਾਂ ਦੇ ਛੱਪੜਾਂ ਦੀ ਮੁੜ ਸੁਰਜੀਤੀ ਪੇਂਡੂ ਤਬਦੀਲੀ ਵਿੱਚ ਇੱਕ ਨਵਾਂ ਅਧਿਆਏ ਜੋੜੇਗੀ। ਪੰਜਾਬ ਸਰਕਾਰ ਨੇ 15,000 ਤੋਂ ਵੱਧ ਪਿੰਡਾਂ ਦੇ ਛੱਪੜਾਂ ਨੂੰ ਸਾਫ਼ ਕਰਨ, ਮੁੜ ਸੁਰਜੀਤ ਕਰਨ ਅਤੇ ਪਾਣੀ ਟ੍ਰੀਟ ਕਰਨ ਲਈ ਆਪਣੀ ਕਿਸਮ ਦਾ ਪਹਿਲਾ ਮਿਸ਼ਨ ਸ਼ੁਰੂ ਕੀਤਾ ਹੈ। ਇਹ ਮਿਸ਼ਨ ਪੰਜਾਬ ਦੇ 154 ਬਲਾਕਾਂ ਵਿੱਚ ਪੜਾਅਵਾਰ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਦਹਾਕਿਆਂ ਵਿੱਚ ਪਹਿਲੀ ਵਾਰ ਪੰਜਾਬ ਦੇ ਸਾਰੇ ਛੱਪੜਾਂ ਵਿੱਚ ਵੱਡੇ ਪੱਧਰ 'ਤੇ ਡੀ-ਵਾਟਰਿੰਗ ਅਤੇ ਡੀ-ਸਿਲਟਿੰਗ ਕੀਤੀ ਜਾ ਰਹੀ ਹੈ ਜਿਸ ਨਾਲ ਗੰਦੇ ਪਾਣੀ ਨੂੰ ਸਾਫ਼ ਕਰਕੇ ਪਾਣੀ ਦੀ ਸਟੋਰੇਜ ਸਮਰੱਥਾ ਅਤੇ ਕੁਦਰਤੀ ਵਹਾਅ ਨੂੰ ਮਹੱਤਵਪੂਰਨ ਢੰਗ ਨਾਲ ਵਧਾਇਆ ਜਾ ਰਿਹਾ ਹੈ। ਇਸ ਮੌਕੇ ਏਡੀਸੀ ਦਿਹਾਤੀ ਵਿਕਾਸ ਅਮਰਿੰਦਰ ਸਿੰਘ ਟਿਵਾਣਾ, ਐਸ ਡੀ ਐਮ ਰਾਜਪੁਰਾ ਅਵਿਕੇਸ਼ ਗੁਪਤਾ, ਬੀਡੀਪੀਓ ਬਨਦੀਪ ਸਿੰਘ ਗਿੱਲ ਅਤੇ ਪਿੰਡ ਦੇ ਸਰਪੰਚ ਬਲਦੇਵ ਸਿੰਘ ਤੋਂ ਇਲਾਵਾ ਹੋਰ ਪਿੰਡਾਂ ਦੇ ਸਰਪੰਚ ਹਾਜ਼ਰ ਸਨ।

# ਕਟਾਰੂਚੱਕ ਵੱਲੋਂ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੂੰ ਸ਼ਹਿਰੀ ਜੰਗਲਾਤ ਪ੍ਰੋਜੈਕਟ ਤਿਆਰ ਕਰਨ ਦੇ ਨਿਰਦੇਸ਼



ਚੰਡੀਗੜ੍ਹ, 15 ਮਈ, (ਚ.ਨ.ਸ.) :ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਨਿਵੇਕਲੀ ਪਹਿਲਕਦਮੀ ਸ਼ੁਰੂ ਕਰਦਿਆਂ ਵਿਭਾਗ ਦੇ ਅਧਿਕਾਰੀਆਂ ਨੂੰ ਇੱਕ ਸ਼ਹਿਰੀ ਜੰਗਲਾਤ ਪ੍ਰੋਜੈਕਟ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਜਿਸ ਤਹਿਤ ਸ਼ਹਿਰੀ ਖੇਤਰਾਂ ਵਿੱਚ ਲੰਬੇ ਪੌਦੇ ਲਗਾਏ ਜਾਣਗੇ। ਇਨ੍ਹਾਂ ਪੌਦਿਆਂ ਦੀ ਸੁਰੱਖਿਆ ਲਈ ਇਨ੍ਹਾਂ ਦੇ ਦੁਆਲੇ ਟਰੀ ਗਾਰਡਾਂ ਲਾਏ ਜਾਣਗੇ ਜਿਨ੍ਹਾਂ 'ਤੇ ਵਿਭਾਗ ਦਾ ਨਾਮ ਲਿਖਿਆ ਹੋਵੇਗਾ।

ਅੱਜ ਇੱਥੇ ਇੱਕ ਮੀਟਿੰਗ ਦੌਰਾਨ ਮੰਤਰੀ ਨੇ ਕਿਹਾ ਕਿ ਇਸ ਪ੍ਰੋਜੈਕਟ ਅਧੀਨ ਛਾਂਦਾਰ ਰੁੱਖਾਂ ਦੇ ਨਾਲ-ਨਾਲ ਫਲਦਾਰ ਰੁੱਖ ਲਗਾਉਣ 'ਤੇ ਧਿਆਨ ਕੇਂਦਰਿਤ ਕੀਤਾ ਜਾਣਾ ਚਾਹੀਦਾ ਹੈ।

ਇੱਕ ਹੋਰ ਵਿਲੱਖਣ ਕਦਮ ਚੁੱਕਦਿਆਂ ਸ੍ਰੀ ਕਟਾਰੂਚੱਕ ਨੇ ਅਧਿਕਾਰੀਆਂ ਨੂੰ ਨਿੰਮ, ਬੋਹੜ ਅਤੇ ਪਿੱਪਲ ਨੂੰ ਸੁਰੱਖਿਅਤ ਰੁੱਖਾਂ ਵਜੋਂ ਘੋਸ਼ਿਤ ਕਰਨ ਲਈ ਇੱਕ ਪ੍ਰਸਤਾਵ ਤਿਆਰ ਕਰਨ ਵਾਸਤੇ ਕਿਹਾ ਜੋ ਕਿ ਇਨ੍ਹਾਂ ਰੁੱਖਾਂ ਦੀ ਸੰਭਾਲ ਨੂੰ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਏਗਾ।

ਸ਼ਿਵਾਲਿਕ ਪਹਾੜੀਆਂ ਅਤੇ ਉੱਤਰੀ ਖੇਤਰ ਵਿੱਚ ਵਿਭਾਗ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸਮੀਖਿਆ ਕਰਦਿਆਂ, ਮੰਤਰੀ ਨੇ ਸੂਬੇ ਵਿੱਚ ਹਰਿਆਵਲ ਅਧੀਨ ਰਕਬਾ ਵਧਾਉਣ ਦੇ ਉਦੇਸ਼ ਨਾਲ ਪੌਦੇ ਲਗਾਉਣ ਲਈ ਵਿਆਪਕ ਮੁਹਿੰਮ ਸ਼ੁਰੂ ਕਰਨ ਦੀ ਵਕਾਲਤ ਕੀਤੀ। ਨਾਨਕ ਬਗੀਚੀਆਂ ਅਤੇ ਪਵਿੱਤਰ ਵਣ ਦੇ ਨਾਲ ਹੀ ਹਰ ਵਿਕਾਸ ਪ੍ਰੋਜੈਕਟ ਵਿੱਚ ਪਾਰਦਰਸ਼ਿਤਾ ਲਿਆਉਣ 'ਤੇ ਜ਼ੋਰ ਦਿੰਦਿਆਂ, ਮੰਤਰੀ ਨੇ ਕਿਹਾ ਕਿ ਇਹਨਾਂ ਕਾਰਜਾਂ ਦੇ ਲਾਗੂਕਰਨ ਵਿੱਚ ਢਿੱਲ-ਮੱਠ ਬਿਲਕੁੱਲ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਮੁੱਖ ਮੁੱਖ ਵਣਪਾਲ (ਫੌਰੈਸਟ ਫੋਰਸ ਦੇ ਮੁਖੀ) ਧਰਮਿੰਦਰ ਸ਼ਰਮਾ, ਏ.ਪੀ.ਸੀ.ਸੀ.ਐਫ. ਕਮ ਸੀ.ਈ.ਓ. ਪਨਕੈਂਪਾ ਸੌਰਵ ਗੁਪਤਾ, ਸੀ.ਸੀ.ਐਫ.(ਹਿੱਲਜ਼) ਨਿਧੀ ਸ੍ਰੀਵਾਸਤਵ, ਸੀ.ਐਫ. ਉੱਤਰੀ ਸੰਜੀਵ ਤਿਵਾੜੀ, ਸੀ.ਐਫ. ਸ਼ਿਵਾਲਿਕ ਸਰਕਲ ਸ੍ਰੀ ਕੰਨਨ, ਡੀ.ਐਫ.ਓ. ਹੁਸ਼ਿਆਰਪੁਰ ਅਵਨੀਤ ਸਿੰਘ, ਡੀ.ਐਫ.ਓ. ਪਠਾਨਕੋਟ ਧਰਮਵੀਰ ਢੇਰੂ, ਡੀ.ਐਫ.ਓ. ਰੂਪਨਗਰ ਹਰਜਿੰਦਰ ਸਿੰਘ ਅਤੇ ਦਸੂਹਾ ਡਵੀਜ਼ਨ ਤੋਂ ਦਲਜੀਤ ਕੁਮਾਰ ਸ਼ਾਮਿਲ ਸਨ।

# ਚੋਣ ਕਮਿਸ਼ਨ ਵੱਲੋਂ 'ਆਪ' ਦੇ ਵਫ਼ਦ ਨਾਲ ਵਿਚਾਰ-ਵਟਾਂਦਰਾ





ਚੰਡੀਗੜ੍ਹ, 15 ਮਈ, (ਅੰਮ੍ਰਿਤਪਾਲ ਸਿੰਘ) : ਪੰਜਾਬ ਦੇ ਮੁੱਖ ਚੋਣ ਕਮਿਸ਼ਨਰ ਸਿਬਿਨ ਸੀ ਨੇ ਦੱਸਿਆ ਕਿ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਅਤੇ ਚੋਣ ਕਮਿਸ਼ਨਰ ਡਾ. ਸੁਖਬੀਰ ਸਿੰਘ ਸੰਧੂ ਅਤੇ ਡਾ. ਵਿਵੇਕ ਜੋਸ਼ੀ ਨੇ ਅੱਜ ਨਿਰਵਾਚਨ ਸਦਨ, ਦਿੱਲੀ ਵਿਖੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਆਏ ਵਫ਼ਦ ਨਾਲ ਵਿਚਾਰ-ਵਟਾਂਦਰਾ ਕੀਤਾ। ਇਹ ਮੀਟਿੰਗ ਚੋਣ ਕਮਿਸ਼ਨ ਵੱਲੋਂ ਵੱਖ-ਵੱਖ ਰਾਸ਼ਟਰੀ ਅਤੇ ਸੂਬਾਈ ਰਾਜਨੀਤਿਕ ਪਾਰਟੀਆਂ ਦੇ ਪ੍ਰਧਾਨਾਂ ਨਾਲ ਕੀਤੇ ਜਾ ਰਹੇ ਵਿਚਾਰ-ਵਟਾਂਦਰੇ ਦੀ ਲੜੀ ਦਾ ਹਿੱਸਾ ਹੈ।

ਉਨ੍ਹਾਂ ਕਿਹਾ ਕਿ ਇਹ ਗੱਲਬਾਤ ਉਸਾਰੂ ਵਿਚਾਰ-ਵਟਾਂਦਰੇ ਦੀ ਲੰਬੇ ਸਮੇਂ ਤੋਂ ਮਹਿਸੂਸ ਕੀਤੀ ਜਾ ਰਹੀ ਲੋੜ ਨੂੰ ਪੂਰਾ ਕਰਦੀ ਹੈ ਕਿ ਰਾਸ਼ਟਰੀ ਅਤੇ ਸੂਬਾਈ ਪਾਰਟੀ ਪ੍ਰਧਾਨ ਆਪਣੇ ਸੁਝਾਅ ਅਤੇ ਸਮੱਸਿਆਵਾਂ ਸਿੱਧੇ ਤੌਰ 'ਤੇ ਕਮਿਸ਼ਨ ਨਾਲ ਸਾਂਝੇ ਕਰਨ। ਇਹ ਪਹਿਲਕਦਮੀ ਸਾਰੇ ਭਾਈਵਾਲਾਂ ਨਾਲ ਮਿਲ ਕੇ ਮੌਜੂਦਾ ਕਾਨੂੰਨੀ ਢਾਂਚੇ ਮੁਤਾਬਕ ਚੋਣ ਪ੍ਰਕਿਰਿਆ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਕਮਿਸ਼ਨ ਦੇ ਵਿਆਪਕ ਦ੍ਰਿਸ਼ਟੀਕੋਣ ਨਾਲ ਮੇਲ ਖਾਂਦੀ ਹੈ।

# ਉੱਤਰੀ ਜ਼ੋਨ ਜਲੰਧਰ ਵਿੱਚ ਬਿਜਲੀ ਬੁਨਿਆਦੀ ਢਾਂਚੇ ਨੂੰ ਵੱਡਾ ਹੁਲਾਰਾ ਮਿਲਿਆ : ਈ.ਟੀ.ਓ.

ਚੰਡੀਗੜ੍ਹ, 15 ਮਈ, (ਚ.ਨ.ਸ.) : ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਤੇ ਦੂਰਦਰਸ਼ੀ ਅਗਵਾਈ ਹੇਠ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਸੂਬੇ ਭਰ ਵਿੱਚ ਬਿਜਲੀ ਸੈਕਟਰ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਇਸ ਦੇ ਵਿਸਥਾਰ ਕਰਨ ਵਿੱਚ ਮਹੱਤਵਪੂਰਨ ਪ੍ਰਗਤੀ ਕਰ ਰਿਹਾ ਹੈ। ਉੱਤਰੀ ਜ਼ੋਨ ਵਿੱਚ ਸਾਲ 2024-25 ਦੌਰਾਨ ਬਿਜਲੀ ਸਪਲਾਈ, ਸਮਰੱਥਾ ਵਧਾਉਣ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਮਹੱਤਵਪੂਰਨ ਸੁਧਾਰ ਹੋਏ ਹਨ।



ਇਹ ਜਾਣਕਾਰੀ ਦਿੰਦਿਆਂ ਅੱਜ ਇੱਥੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਦੱਸਿਆ ਕਿ ਉੱਤਰੀ ਜ਼ੋਨ ਵਿੱਚ ਚਾਰ ਜ਼ਿਲ੍ਹਿਆਂ ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ ਅਤੇ ਜਲੰਧਰ ਨੂੰ ਬਿਜਲੀ ਸਪਲਾਈ ਕੀਤੀ ਜਾ ਰਹੀ ਹੈ। ਇਨ੍ਹਾਂ ਜ਼ਿਲ੍ਹਿਆਂ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਬਿਜਲੀ ਸਪਲਾਈ ਯਕੀਨੀ ਬਣਾਉਣ ਲਈ, ਇਸ ਜ਼ੋਨ ਵਿੱਚ 400 ਕੇ.ਵੀ. ਦੇ 2 ਸਬ-ਸਟੇਸ਼ਨ, 220 ਕੇ.ਵੀ. ਦੇ 15 ਸਬ-ਸਟੇਸ਼ਨ ਅਤੇ 132 ਕੇ.ਵੀ. ਦੇ 19 ਸਬ-ਸਟੇਸ਼ਨ ਹਨ। ਇਸ ਤੋਂ ਇਲਾਵਾ, 3886.5 ਐਮ.ਵੀ.ਏ. ਦੀ ਸੰਚਤ ਸਮਰੱਥਾ ਵਾਲੇ 66 ਕੇ.ਵੀ. ਦੇ 128 ਸਬ-ਸਟੇਸ਼ਨ ਹਨ। ਉਨ੍ਹਾਂ ਅੱਗੇ ਕਿਹਾ ਕਿ ਸਾਲ 2024-25 ਦੌਰਾਨ, 11 ਕੇ.ਵੀ. ਦੇ 2059 ਫੀਡਰਾਂ ਰਾਹੀਂ ਕੁੱਲ 22,42,638 ਖਪਤਕਾਰਾਂ ਨੂੰ ਬਿਜਲੀ ਸਪਲਾਈ ਕੀਤੀ ਗਈ। ਇਨ੍ਹਾਂ ਵਿੱਚੋਂ, 57 ਫੀਡਰਾਂ ਨੂੰ ਭਰੋਸੇਯੋਗਤਾ ਵਧਾਉਣ ਅਤੇ ਓਵਰਲੋਡਿੰਗ ਨਾਲ ਨਜਿੱਠਣ ਲਈ ਡੀ-ਲੋਡ ਕੀਤਾ ਗਿਆ ਸੀ। ਇਸ ਜੀ.ਈ.ਐਨ. (ਜਨਰਲ ਇਲੈਕਟਰੀਕਲ ਨੈੱਟਵਰਕ) ਅਧੀਨ ਐਚ.ਟੀ. (ਹਾਈ ਟੈਂਸ਼ਨ) ਲਾਈਨਾਂ ਦੀ ਲੰਬਾਈ ਹੁਣ 36,196.45 ਕਿਲੋਮੀਟਰ ਹੈ, ਜੋ ਪਿਛਲੇ ਸਾਲ (2023-24) ਦੇ ਮੁਕਾਬਲੇ 313.83 ਕਿਲੋਮੀਟਰ ਵੱਧ ਹੈ।

# ਪਨਬੱਸ ਅਤੇ ਪੀ.ਆਰ.ਟੀ.ਸੀ. ਦੇ ਬੇੜੇ 'ਚ 1262 ਨਵੀਆਂ ਬੱਸਾਂ ਹੋਣਗੀਆਂ ਸ਼ਾਮਲ : ਭੁੱਲਰ



ਚੰਡੀਗੜ੍ਹ, 15 ਮਈ, (ਚ.ਨ.ਸ.) : ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਅੱਜ ਪੰਜਾਬ ਰੋਡਵੇਜ਼ ਅਤੇ ਪੀ. ਆਰ. ਟੀ. ਸੀ. ਦੇ ਅਧਿਕਾਰੀਆਂ ਨੂੰ ਹੁਕਮ ਦਿੱਤਾ ਕਿ ਨਵੀਆਂ ਬੱਸਾਂ ਪਾਉਣ ਦੀ ਕਾਰਵਾਈ ਵਿਚ ਤੇਜ਼ੀ ਲਿਆਂਦੀ ਜਾਵੇ। ਜ਼ਿਕਰਯੋਗ ਹੈ ਕਿ ਪਨਬੱਸ ਦੇ ਬੇੜੇ 'ਚ 606 ਅਤੇ ਪੀ.ਆਰ.ਟੀ.ਸੀ 'ਚ 656 ਸਮੇਤ 100 ਮਿੰਨੀ ਬੱਸਾਂ ਦੇ ਕੁੱਲ 1262 ਨਵੀਆਂ ਬੱਸਾਂ ਸ਼ਾਮਲ ਕੀਤੀਆਂ ਜਾਣਗੀਆਂ।

ਅੱਜ ਇੱਥੇ ਪੰਜਾਬ ਰੋਡਵੇਜ਼ ਅਤੇ ਪੀ. ਆਰ. ਟੀ. ਸੀ. ਦੇ ਅਧਿਕਾਰੀਆਂ ਨਾਲ ਨਵੀਆਂ ਬੱਸਾਂ ਦੀ ਖਰੀਦ ਸਬੰਧੀ ਚਲ ਰਹੀ ਕਾਰਵਾਈ ਦਾ ਮੁਲਾਂਕਣ ਕਰਨ ਰੱਖੀ ਗਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਬਿਹਤਰ ਸਰਕਾਰੀ ਬੱਸ ਸੇਵਾ ਮੁਹੱਈਆ ਕਰਵਾਉਣ ਦੀ ਦਿਸ਼ਾ ਵਿਚ ਕੀਤੇ ਗਏ ਕੰਮ ਸਦਕਾ ਸੂਬੇ ਦੇ ਲੋਕਾਂ ਦਾ ਸਰਕਾਰੀ ਬੱਸ ਸੇਵਾ ਵਿਚ ਮੁੜ ਭਰੋਸਾ ਬਹਾਲ ਹੋਇਆ ਹੈ ਜਿਸ ਸਦਕਾ ਸਰਕਾਰੀ ਬੱਸਾਂ ਦੀ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਆਮਦਨ ਵਿੱਚ ਵਾਧਾ ਦਰਜ ਹੋਇਆ ਹੈ।

ਸ. ਭੁੱਲਰ ਨੇ ਪੰਜਾਬ ਰੋਡਵੇਜ਼ ਅਤੇ ਪੀ. ਆਰ. ਟੀ. ਸੀ. ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਪਹਿਲਾਂ ਤੋਂ ਚੱਲ ਰਹੀਆਂ ਬੱਸਾਂ ਕੰਡਮ ਹੋਣ ਤੋਂ ਪਹਿਲਾਂ ਨਵੀਆਂ ਬੱਸਾਂ ਦੀ ਖਰੀਦ ਸਬੰਧੀ ਚਲ ਰਹੀ ਕਾਰਵਾਈ ਮੁਕੰਮਲ ਕਰ ਲਈ ਜਾਵੇ ਤਾਂ ਜੋ ਸੂਬੇ ਦੇ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਮੌਕੇ ਪੀ. ਆਰ. ਟੀ. ਸੀ. ਦੇ ਮੈਨੇਜਿੰਗ ਡਾਇਰੈਕਟਰ ਬਿਕਰਮਜੀਤ ਸਿੰਘ ਸ਼ੇਰਗਿੱਲ ਅਤੇ ਪੰਜਾਬ ਰੋਡਵੇਜ਼ ਦੇ ਡਾਇਰੈਕਟਰ ਸ੍ਰੀ ਰਾਜੀਵ ਗੁਪਤਾ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

# ਪਰਾਲ਼ੀ ਸਾੜਨ 'ਤੇ ਲੱਗੇਗੀ ਰੋਕ ਉਦਯੋਗਾਂ ਨੂੰ ਮਿਲੇਗਾ ਫਾਇਦਾ

ਚੰਡੀਗੜ੍ਹ, 15 ਮਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇੱਕ ਇਤਿਹਾਸਕ ਫੈਸਲਾ ਕਰਦਿਆਂ ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ 2022 ਵਿੱਚ ਸੋਧ ਕਰਕੇ ਝੋਨੇ ਦੀ ਪਰਾਲੀ-ਅਧਾਰਤ ਬਾਇਲਰਾਂ ਦੀ ਸਥਾਪਨਾ ਲਈ ਕੈਪੀਟਲ ਸਬਸਿਡੀ ਦੀ ਇੱਕ ਨਵੀਂ ਯੋਜਨਾ ਦਾ ਐਲਾਨ ਕੀਤਾ ਹੈ। ਇਸ ਨਾਲ ਕਿਸਾਨਾਂ ਦੀ ਆਮਦਨ ਵੀ ਵਧੇਗੀ, ਪਰਾਲੀ ਪ੍ਰਬੰਧਨ ਵੀ ਹੋਵੇਗਾ, ਵਾਤਾਵਰਨ ਵੀ ਗੰਧਲਾ ਨਹੀਂ ਹੋਵੇਗਾ ਅਤੇ ਸਭ ਤੋਂ ਵੱਡੀ ਗੱਲ ਪੰਜਾਬ ਦੇ ਉਦਯੋਗਾਂ ਨੂੰ ਵੀ ਇਸ ਨਾਲ ਲਾਭ ਹੋਵੇਗਾ।

ਸਥਾਨਕ ਪੰਜਾਬ ਭਵਨ ਵਿਖੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਦਯੋਗ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਝੋਨੇ ਦੀ ਪਰਾਲੀ-ਅਧਾਰਤ ਬਾਇਲਰਾਂ ਦੀ ਸਥਾਪਨਾ ਲਈ ਕੈਪੀਟਲ ਸਬਸਿਡੀ ਦੇਣ ਦਾ ਫ਼ੈਸਲਾ 13 ਫਰਵਰੀ 2025 ਨੂੰ ਹੋਈ ਕੈਬਨਿਟ ਮੀਟਿੰਗ ਵਿੱਚ ਲਿਆ ਗਿਆ ਸੀ।

ਜ਼ਿਕਰਯੋਗ ਹੈ ਕਿ ਫਿਲਹਾਲ ਇਹ ਯੋਜਨਾ ਸਿਰਫ਼ ਮੌਜੂਦਾ ਉਦਯੋਗਾਂ ਲਈ ਹੈ। ਨਵੀਆਂ ਉਦਯੋਗਿਕ ਇਕਾਈਆਂ ਨੂੰ ਫਿਲਹਾਲ ਇਸ ਯੋਜਨਾ ਵਿੱਚ ਸ਼ਾਮਿਲ ਨਹੀਂ ਕੀਤਾ ਗਿਆ ਹੈ। ਸੌਂਦ ਨੇ ਕਿਹਾ ਕਿ ਸਬਸਿਡੀ ਪਹਿਲਾਂ ਆਓ ਪਹਿਲਾਂ ਪਾਓ ਦੇ ਅਧਾਰ 'ਤੇ ਹੈ। ਇਸ ਲਈ ਉਨ੍ਹਾਂ ਨੇ ਸਾਰੇ ਉਦਯੋਗਾਂ ਨੂੰ ਅਪੀਲ ਕੀਤੀ ਹੈ ਕਿ ਇਸ ਸਕੀਮ ਦਾ ਲਾਭ ਲੈਣ ਲਈ ਜਲਦ ਦਰਖਾਸਤ ਉਦਯੋਗ ਵਿਭਾਗ ਨੂੰ ਦਿੱਤੀ ਜਾਵੇ। ਉਨ੍ਹਾਂ ਦੱਸਿਆ ਕਿ ਨੀਤੀ ਮੁਤਾਬਿਕ ਇਸ ਸਕੀਮ ਦਾ ਲਾਭ ਲੈਣ ਤੋਂ ਬਾਅਦ ਬਾਇਲਰ 5 ਸਾਲ ਤੱਕ ਪਰਾਲੀ 'ਤੇ ਚਲਾਉਣਾ ਪਵੇਗਾ ਨਹੀਂ ਤਾਂ ਸਬਸਿਡੀ ਦੀ ਰਿਕਵਰੀ ਕੀਤੀ ਜਾਵੇਗੀ।

# ਲਾਲਜੀਤ ਸਿੰਘ ਭੁੱਲਰ ਨੇ ਯੂਨੀਅਨ ਦੀਆਂ ਜਾਇਜ਼ ਮੰਗਾਂ ਮੰਨਣ ਦਾ ਦਿੱਤਾ ਭਰੋਸਾ

ਚੰਡੀਗੜ੍ਹ, 15 ਮਈ, (ਚ.ਨ.ਸ.) : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਵਰਗ ਦੀ ਭਲਾਈ ਅਤੇ ਹੱਕਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਮੁਲਾਜ਼ਮ ਵਰਗ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਪੰਜਾਬ ਸਿਵਲ ਸਕੱਤਰੇਤ ਵਿਖੇ ਪਨਬੱਸ ਅਤੇ ਪੀ.ਆਰ.ਟੀ.ਸੀ. ਦੀਆਂ ਮੁਲਾਜ਼ਮ ਯੂਨੀਅਨਾਂ ਨਾਲ ਮੀਟਿੰਗ ਕਰਨ ਮੌਕੇ ਇਹ ਪ੍ਰਗਟਾਵਾ ਕੀਤਾ।



ਮੀਟਿੰਗ ਦੌਰਾਨ ਮੁਲਾਜ਼ਮ ਯੂਨੀਅਨਾਂ ਵੱਲੋਂ ਰੱਖੀਆਂ ਗਈਆਂ ਮੰਗਾਂ ਨੂੰ ਗੰਭੀਰਤਾ ਨਾਲ ਸੁਣਦਿਆਂ ਕੈਬਨਿਟ ਮੰਤਰੀ ਨੇ ਯਕੀਨ ਦਿਵਾਇਆ ਕਿ ਸੂਬਾ ਸਰਕਾਰ ਹਮਦਰਦੀ ਪੂਰਬਕ ਸਮੁੱਚੀਆਂ ਮੰਗਾਂ ਬਾਰੇ ਵਿਚਾਰ ਕਰੇਗੀ। ਉਨ੍ਹਾਂ ਕਿਹਾ ਕਿ ਮੁਲਾਜ਼ਮ ਕਿਸੇ ਵੀ ਸੰਸਥਾ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਅਤੇ ਸਰਕਾਰ ਹਮੇਸ਼ਾ ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਵਚਨਬੱਧ ਰਹੇਗੀ।

ਮੀਟਿੰਗ ਦੌਰਾਨ ਯੂਨੀਅਨਾਂ ਵੱਲੋਂ ਦਿੱਤੇ ਗਏ ਸੁਝਾਵਾਂ ਅਨੁਸਾਰ ਪਨਬੱਸ ਅਤੇ ਪੀ.ਆਰ.ਟੀ.ਸੀ. ਨੂੰ ਹੋਰ ਲਾਭ ਵਿੱਚ ਲਿਆਉਣ ਅਤੇ ਵਿਭਾਗੀ ਕੰਮਕਾਜ ਵਿੱਚ ਹੋਰ ਸੁਧਾਰ ਲਿਆਉਣ ਲਈ ਵਿਸਤ੍ਰਿਤ ਚਰਚਾ ਕੀਤੀ। ਕੈਬਨਿਟ ਮੰਤਰੀ ਨੇ ਸੀਨੀਅਰ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਮੁਲਾਜ਼ਮਾਂ ਦੀਆਂ ਮੁੱਖ ਮੰਗਾਂ ਸਬੰਧੀ ਤਕਨੀਕੀ ਪਹਿਲੂਆਂ ਦੀ ਜਾਂਚ ਕਰਕੇ ਜਲਦ ਰਿਪੋਰਟ ਪੇਸ਼ ਕੀਤੀ ਜਾਵੇ।

ਭੁੱਲਰ ਨੇ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮ ਭਲਾਈ ਲਈ ਲਗਾਤਾਰ ਨਵੇਂ ਫੈਸਲੇ ਲੈ ਰਹੀ ਹੈ ਅਤੇ ਅਗਲੇ ਦਿਨਾਂ ਵਿੱਚ ਵੀ ਇਸੇ ਜ਼ਿੰਮੇਵਾਰੀ ਨਾਲ ਕੰਮ ਕੀਤਾ ਜਾਵੇਗਾ।

# ਡਾ. ਰਵਜੋਤ ਸਿੰਘ ਵੱਲੋਂ ਅਚਨਚੇਤ ਚੈਕਿੰਗ ਜਾਰੀ

ਚੰਡੀਗੜ੍ਹ, 15 ਮਈ, (ਚ.ਨ.ਸ.) :ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਪੰਜਾਬ ਭਰ 'ਚ ਸਫ਼ਾਈ ਪ੍ਰਬੰਧਾਂ ਦੀ ਚੈਕਿੰਗ ਜਾਰੀ ਰੱਖਦਿਆਂ ਅੱਜ ਸਵੇਰੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਸਮੇਤ ਹੁਸ਼ਿਆਰਪੁਰ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦਾ ਅਚਨਚੇਤ ਨਿਰੀਖਣ ਕੀਤਾ।

ਨਿਰੀਖਣ ਦੌਰਾਨ ਨਗਰ ਨਿਗਮ ਦੇ ਸਫ਼ਾਈ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਉਨ੍ਹਾਂ ਕਈ ਥਾਵਾਂ 'ਤੇ ਸਫਾਈ ਵਿਚ ਲਾਪ੍ਰਵਾਹੀ 'ਤੇ ਨਾਰਾਜ਼ਗੀ ਪ੍ਰਗਟ ਕੀਤੀ ਅਤੇ ਅਧਿਕਾਰੀਆਂ ਨੂੰ ਸਖ਼ਤ ਦਿਸ਼ਾ-ਨਿਰਦੇਸ਼ ਦਿੱਤੇ। ਇਸ ਦੌਰਾਨ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਮੇਅਰ ਸੁਰਿੰਦਰ ਕੁਮਾਰ, ਬੈਕਫਿੰਕੋ ਦੇ ਚੇਅਰਮੈਨ ਸੰਦੀਪ ਸੈਣੀ, ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਅਤੇ ਨਗਰ ਨਿਗਮ ਕਮਿਸ਼ਨਰ ਡਾ. ਅਮਨਦੀਪ ਕੌਰ ਵੀ ਉਨ੍ਹਾਂ ਨਾਲ ਮੌਜੂਦ ਸਨ।

ਇਸ ਮੌਕੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਸ਼ਹਿਰ ਨੂੰ ਡੰਪ ਮੁਕਤ ਬਣਾਉਣ ਲਈ ਇਕ ਵਿਸ਼ੇਸ਼ ਮੁਹਿੰਮ ਸ਼ੁਰੂ ਕਰਨ ਅਤੇ ਪ੍ਰਮੁੱਖ ਚੌਕਾਂ ਅਤੇ ਕੂੜੇ ਦੇ ਹੌਟ ਸਪੌਟਾਂ ਦੀ ਸਫਾਈ ਨੂੰ ਤੇਜ਼ ਕਰਨ ਲਈ ਵੀ ਕਿਹਾ। ਇਸ ਮੌਕੇ ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਮਾਰਕੀਟ ਕਮੇਟੀ ਹੁਸ਼ਿਆਰਪੁਰ ਦੇ ਚੇਅਰਮੈਨ ਜਸਪਾਲ ਸਿੰਘ ਚੇਚੀ, ਹੁਸ਼ਿਆਰਪੁਰ ਸਹਿਕਾਰੀ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ ਤੋਂ ਇਲਾਵਾ ਨਗਰ ਨਿਗਮ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi

PRGI (RNI) Regd. No. 22972/1972

# ਭਾਰਤ ਵਿੱਚ ਅਜੇ ਬਾਕੀ ਹੈ ਪ੍ਰਿੰਟ ਮੀਡੀਆ ਦੀ ਭਰੋਸੇਯੋਗਤਾ

## ਮੰਤਰੀ ਦੇ ਭਾਸ਼ਣ 'ਤੇ ਹਾਈ ਕੋਰਟ ਵੱਲੋਂ ਗਟਰ ਭਾਸ਼ਾ ਕਹਿ ਕੇ ਐਫ. ਆਈ. ਆਰ. ਐਕਸ਼ਨ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ

ਮੋ: 9478730156

ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਭਾਰਤ ਵਿੱਚ ਪ੍ਰਗਟਾਵੇ ਦੀ ਅਜ਼ਾਦੀ ਅਤੇ ਬੋਲਣ ਦੀ ਅਭਿਵਿਅਕਤੀ ਦੀ ਆਜ਼ਾਦੀ ਦੇ ਪ੍ਰਸ਼ਨ ਉਹਨਾਂ ਸੰਵਿਧਾਨਿਕ ਮੂਲ ਅਧਿਕਾਰਾਂ ਵਿੱਚ ਹਨ ਜਿਥੇ ਤੁਹਾਨੂੰ ਆਪਣੀ ਗੱਲ ਕਹਿਣ ਦਾ ਪੂਰਾ ਅਧਿਕਾਰ ਦਿੱਤਾ ਜਾਂਦਾ ਹੈ ਪ੍ਰੰਤੂ ਤੁਸੀਂ ਆਪਣੀ ਗੱਲ ਕਿਸ ਤਰ੍ਹਾਂ ਕਹਿਣੀ ਹੈ।

ਜਦੋਂ ਜ਼ੁਬਾਨ ਬੇਕਾਬੂ ਹੋ ਜਾਏ ਫਿਰ ਇਸ ਬੋਲਣ ਦੀ ਆਜ਼ਾਦੀ ਦਾ ਕੀ ਰੂਪ ਹੋਵੇਗਾ, ਉਹ ਤੁਸੀਂ ਹਰ ਰੋਜ਼ ਮੀਡੀਆ ਤੇ ਪ੍ਰਸਾਰਿਤ ਖ਼ਬਰਾਂ ਅਤੇ ਰਾਜਨੀਤਕ ਲੋਕਾਂ ਦੇ ਬਿਆਨਾਂ ਤੋਂ ਦੇਖ ਸਕਦੇ ਹੋ। ਪਿਛਲੇ ਕੁਝ ਸਮੇਂ ਤੋਂ ਜਿਸ ਤਰ੍ਹਾਂ ਦੀ ਰਾਜਨੀਤਿਕ ਲੋਕਾਂ ਦੀ ਭਾਸ਼ਾ ਹੋ ਗਈ ਹੈ ਅਤੇ ਉਹ ਹੁਣ ਐਕਸ਼ਨ ਤੋਂ ਬਾਹਰ ਦੀ ਗੱਲ ਹੈ।

ਪਹਿਲਾਂ ਬੋਲਿਆ ਜਾਂਦਾ ਹੈ ਤੇ ਫ਼ਿਰ ਉਸ ਦਾ ਖੰਡਨ ਕਰਕੇ ਮਾਫ਼ੀ ਮੰਗ ਲਈ ਜਾਂਦੀ ਹੈ ਤੇ ਗੱਲ ਆਈ ਗਈ ਹੋਈ ਜਾਂਦੀ ਹੈ, ਕੋਈ ਵੀ ਰਾਜਨੀਤਿਕ ਪਾਰਟੀ ਕੋਈ ਠੋਸ ਐਕਸ਼ਨ ਕਦੀ ਵੀ ਨਹੀਂ ਲੈਂਦੀ ਹੈ।ਇਸਦਾ ਤਾਜ਼ਾ ਮਿਸਾਲ ਮੱਧ ਪ੍ਰਦੇਸ਼ ਦੇ ਇਕ ਮੰਤਰੀ ਦੁਆਰਾ ਕਰਨਲ ਸੋਫ਼ੀਆ ਮਿਲਟਰੀ ਪ੍ਰਵਕਤਾ ਦੇ ਬਾਰੇ ਵਿੱਚ ਕਿਹਾ ਗਿਆ ਉਹ ਬਿਆਨ ਹੈ ਜਿਸ ਵਿੱਚ ਉਸਨੇ ਉਹਨਾਂ ਨੂੰ ਮਜ਼ਹਬ ਦਾ ਨਾਮ ਲੈ ਕੇ ਕਿਹਾ ਗਿਆ ਹੈ ਜੋ ਬੇਹਦ ਨਿੰਦਾਯੋਗ ਸੀ। ਰਾਜਨੀਤਿਕ ਪਾਰਟੀ ਨੇ ਕੋਈ ਐਕਸ਼ਨ ਨਹੀਂ ਲਿਆ ਤਾਂ ਸਿੱਧੇ ਮੱਧ ਪ੍ਰਦੇਸ਼ ਹਾਈ ਕੋਰਟ ਨੇ ਉਸ ਰਾਜਨੀਤਿਕ ਤੇ ਐਫਆਰਆਈ ਦਾ ਐਕਸ਼ਨ ਲੈਣ ਦਾ ਹੁਕਮ ਦਿੱਤਾ ਹੈ ਅਤੇ ਉਹਨਾਂ ਦੀ ਭਾਸ਼ਾ ਨੂੰ ਗਟਰ ਦੀ ਭਾਸ਼ਾ ਨਾਲ ਤੁਲਨਾਉਂਦਿਆਂ ਹੋਇਆਂ ਕਿਹਾ ਹੈ ਕਿ ਇਹ ਐਕਸ਼ਨ ਹੁਣੇ ਹੋਣਾ ਚਾਹੀਦਾ ਹੈ ਸਰਕਾਰ ਨੇ ਐਕਸ਼ਨ ਤਾਂ ਲਿਆ ਹੈ ਪ੍ਰੰਤੂ ਕੀ ਰਾਜਨੀਤਿਕ ਪਾਰਟੀ ਦੇ ਵਿੱਚੋਂ ਉਹਨਾਂ ਦੀ ਵਿਦਾਈ ਜਾਂ ਉਹਨਾਂ ਦਾ ਅਸਤੀਫ਼ਾ ਲਿਆ ਜਾਏਗਾ।

ਇਸ ਵੱਲ ਪਹਿਲਾਂ ਵੀ ਬਹੁਤ ਵਾਰ ਲਗਭਗ ਹਰ ਇੱਕ ਪਾਰਟੀ ਦੇ ਉਸ ਰਾਜਨੇਤਾ ਦੇ ਬਾਰੇ ਹੈ ਜਿਨਾਂ ਨੇ ਅਪਸ਼ਬਦ ਅਤੇ ਗੰਦੀ ਭਾਸ਼ਾ ਅਤੇ ਅਣਐਲਾਨੀ ਸੰਸਦੀ ਭਾਸ਼ਾ ਦੇ ਬਾਰੇ ਵਿੱਚ ਕਹਿਣ ਤੋਂ ਕਦੀ ਗੁਰੇਜ਼ ਨਹੀਂ ਕੀਤਾ ਹੈ। ਉਹਨਾਂ ਨੂੰ ਪਤਾ ਹੈ ਕਿ ਕਦੀ ਕੋਈ ਐਕਸ਼ਨ ਹੋਏਗਾ ਨਹੀਂ ਪ੍ਰੰਤੂ ਇਹ ਐਫ ਆਈਆਰ ਦਾ ਹੁਕਮ ਇੱਕ ਐਸੀ ਨਜ਼ੀਰ ਬਣ ਕੇ ਸਾਹਮਣੇ ਆਇਆ ਹੈ ਅਤੇ ਆਉਣ ਵਾਲੇ ਸਮੇਂ ਦੇ ਵਿੱਚ ਰਾਜਨੀਤਿਕ ਲੋਕਾਂ ਦੀ ਪੁਸ਼ਤ ਪਨਾਹੀ ਤੇ ਵੀ ਸਵਾਲ ਉਠੇਗਾ ਤੇ ਬਹਿਸ ਜਲਦੀ ਰਹੇਗੀ ਪ੍ਰੰਤੂ ਇਸ ਦੇ ਨਾਲ ਹੀ ਪਹਿਲੀ ਵਾਰ ਦੇਸ਼ ਵਿੱਚ ਚੰਗੀ ਪੱਤਰਕਾਰੀ ਦਾ ਰੂਪ ਵੀ ਸਾਹਮਣੇ ਆਇਆ ਹੈ ਅਤੇ ਉਸ ਵਿੱਚ ਹੁਣ ਭਾਰਤ ਦੀ ਵੱਕਾਰੀ ਅਖ਼ਬਾਰ ਇੰਡੀਅਨ ਐਕਸਪ੍ਰੈਸ ਨੇ ਅੱਜ ਦੇ ਸਿੱਧੇ ਸੰਪਾਦਕੀ ਵਿੱਚ ਲਿਖਿਆ ਹੈ ਕਿ ਮੰਤਰੀ ਨੂੰ ਬਰਤਰਫ਼ ਕਰੋ।

ਇਹ ਇਸ ਗੱਲ ਨੂੰ ਦਿਖਾਉਂਦਾ ਹੈ ਕਿ ਫ੍ਰੀ ਮੀਡੀਆ ਅਤੇ ਇਸ ਤਰ੍ਹਾਂ ਦਾ ਆਧਾਰ ਦੱਸ ਕੇ ਮੀਡੀਆ ਆਪਣੀ ਪ੍ਰੈਸ ਕਰੈਡਬਿਲਟੀ ਨੂੰ ਹਾਸਲ ਕਰ ਸਕਦਾ ਹੈ ਜਿਸ ਨੂੰ ਗੋਦੀ ਮੀਡੀਆ ਵੀ ਕਿਹਾ ਜਾਂਦਾ ਹੈ,ਪ੍ਰੰਤੂ ਅੰਗਰੇਜ਼ੀ ਅਖ਼ਬਾਰ ਇੰਡੀਅਨ ਐਕਸਪ੍ਰੈਸ ਨੇ ਇੱਕ ਵਾਰ ਇਹ ਜਿਹੜਾ ਗੋਲਡ ਸੰਪਾਦਕੀ ਲਿਖ ਕੇ ਇਹ ਸਿੱਧ ਕਰ ਦਿੱਤਾ ਹੈ ਕਿ ਪ੍ਰਿੰਟ ਮੀਡੀਆ ਵਿੱਚ ਅਜੇ ਲੋਕਾਂ ਦੀ ਭਰੋਸੇਯੋਗਤਾ ਬਾਕੀ ਹੈ ਅਤੇ ਉਹ ਇਸ ਤਰਾਂ ਸਖ਼ਤ ਉਸ ਦੌਰ ਵਿੱਚ ਵੀ ਲਿਖ ਸਕਦੇ ਹਨ ਜਦੋਂ ਕਲਮਾਂ ਝੁਕੀਆਂ ਹੋਈਆਂ ਹਨ ਅਤੇ ਇੱਕ ਪਾਸੜ ਬਿਆਨਬਾਜ਼ੀ ਹੋ ਰਹੀ ਹੈ ਪ੍ਰੰਤੂ ਸੱਚ ਸੱਚ ਹੈ ਜਿਸ ਤੇ ਭਰੋਸਾ ਰੱਖਣਾ ਚਾਹੀਦਾ ਹੈ ਅਤੇ ਮੀਡੀਆ ਨੂੰ ਲੋਕਾਂ ਦੀਆਂ ਤਕਲੀਫ਼ਾਂ ਅਤੇ ਉਸ ਹਰ ਜ਼ੁਲਮ ਦਾ ਪਰਦਾਫਾਸ਼ ਕਰਨਾ ਚਾਹੀਦਾ ਹੈ ਜੋ ਲੋਕ ਧਾਰਾ ਤੇ ਲੋਕ ਸਮਾਜ ਦੇ ਵਿਰੁੱਧ ਜਾਂਦਾ ਹੋਵੇ।

ਇੰਡੀਅਨ ਐਕਸਪ੍ਰੈਸ ਦਾ ਇਹ ਵੱਕਾਰੀ ਸੰਪਾਦਕੀ ਅੱਜ ਪੂਰੇ ਮੀਡੀਆ ਦੇ ਵਿੱਚ ਵਿਸ਼ੇਸ਼ ਕਰ ਭਾਰਤੀ ਮੀਡੀਆ ਦੇ ਵਿੱਚ ਵਿਸ਼ੇਸ਼ ਤੌਰ 'ਤੇ ਪੜ੍ਹਿਆ ਗਿਆ ਅਤੇ ਉਸਦੀ ਵਡਿਆਈ ਕੀਤੀ ਜਾ ਰਹੀ ਹੈ ਕੀ ਪੰਜਾਬ ਵਿੱਚ ਵੀ ਕਦੀ ਕੋਈ ਅਖਬਾਰ ਇਸ ਤਰ੍ਹਾਂ ਦਾ ਸੰਪਾਦਕੀ ਲਿਖ ਕੇ ਸਰਕਾਰ ਨੂੰ ਸਿੱਧੇ ਰੂਪ ਵਿੱਚ ਚੈਲੇਂਜ ਕਰੇਗਾ ਸ਼ਾਇਦ ਨਹੀਂ।

ਹਾਲਾਂਕਿ ਰੋਜ਼ਾਨਾ ਚੜ੍ਹਦੀ ਕਲਾ ਵਿੱਚ ਸਾਲਾਂ ਤੋਂ ਇਹ ਦੇਖਿਆ ਗਿਆ ਹੈ ਕਿ ਸਮੇਂ ਦੇ ਨਾਲ ਚਲਦੇ ਹੋਏ ਮੁੱਦਿਆਂ ਤੇ ਇਸ ਦੇ ਸੰਪਾਦਕ ਪਦਮਸ਼੍ਰੀ ਸਰਦਾਰ ਜਗਜੀਤ ਸਿੰਘ ਦਰਦੀ ਸਮੇਂ ਸਮੇਂ 'ਤੇ ਆਪਣੀ ਕਲਮ ਤੇ ਆਪਣੇ ਸੰਪਾਦਕੀਆਂ ਰਾਹੀਂ ਸਰਕਾਰ ਨੂੰ ਸੁਝਾਅ ਅਤੇ ਉਸਦੇ ਐਕਸ਼ਨ ਲੈਣ ਦੀ ਵੀ ਗੱਲ ਕਰਦੇ ਹਨ। ਮਿਸਾਲ ਦੇ ਤੌਰ 'ਤੇ ਉਹਨਾਂ ਦੇ ਕਈ ਸੰਪਾਦਕੀ ਅਜਿਹੇ ਹਨ ਜਿਹਨਾਂ ਦਾ ਜ਼ਿਕਰ ਇਥੇ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਦੇ ਪੰਨਿਆਂ ਵਿੱਚ ਜ਼ਿਕਰਯੋਗ ਹੋਵੇਗਾ। ਪੰਜਾਬੀ ਪੱਤਰਕਾਰੀ ਵਨੂੰ ਇੰਡੀਅਨ ਐਕਸਪ੍ਰੈਸ ਵਰਗੇ ਬੋਲਡ ਅਤੇ ਹਿੰਦੂ ਵਰਗੇ ਅੰਗਰੇਜ਼ੀ ਅਖ਼ਬਾਰਾਂ ਤੋਂ ਸੂਝ ਲੈਣੀ ਚਾਹੀਦੀ ਹੈ ਕਿ ਜਿੱਥੇ ਗ਼ਲਤ ਹੈ ਉਥੇ ਗ਼ਲਤ ਹੈ ਜੇ ਇਹ ਵਰਣਨ ਪੰਜਾਬੀ ਦੀ ਪੱਤਰਕਾਰੀ ਵਿੱਚ ਹੁੰਦਾ ਸ਼ਾਇਦ ਪੰਜਾਬ ਦੀ ਇਹ ਹਾਲਤ ਨਹੀਂ ਹੁੰਦੀ।

ਕਾਸ਼ ਇਹ ਹੋ ਜਾਵੇ ਤਾਂ ਪੰਜਾਬ ਦਾ ਵੀ ਰੰਗ ਢੰਗ ਵੀ ਬਦਲ ਜਾਵੇ ਅਤੇ ਪਤਾ ਲੱਗ ਜਾਵੇ ਕਿ ਪੰਜਾਬ ਦੇ ਸੰਪਾਦਕ ਅਤੇ ਪੰਜਾਬੀ ਪੱਤਰਕਾਰੀ ਦਾ ਸੰਯੋਗ ਕਿਸ ਤਰ੍ਹਾਂ ਦਾ ਸਖ਼ਤ ਪਹਿਰਾ ਮਾਨਵੀ ਹੱਕਾਂ ਤੇ ਦੇ ਸਕਦਾ ਹੈ।

ਆਓ ਦੇਖਦੇ ਹਾਂ ਕਿ ਇੰਡੀਅਨ ਐਕਸਪ੍ਰੈਸ ਨੇ ਆਪਣੇ ਇਸ ਸੰਪਾਦਕੀ ਵਿੱਚ ਆਖ਼ਿਰਕਾਰ ਲਿਖਿਆ ਕੀ ਹੈ-

ਭਾਰਤ ਦੇ ਵੱਕਾਰੀ ਅਖ਼ਬਾਰ ਇੰਡੀਅਨ ਐਕਸਪ੍ਰੈਸ ਨੇ ਆਪਣੇ 15 ਮਈ ਦੇ ਆਪਣੇ ਸੰਪਾਦਕੀ ਵਿੱਚ, ਸਰਕਾਰ ਨੂੰ ਭਾਜਪਾ ਮੰਤਰੀ ਵਿਜੇ ਸ਼ਾਹ ਦੀ ਬਰਖ਼ਾਸਤਗੀ ਦੀ ਮੰਗ ਕਰਕੇ ਸਪੱਸ਼ਟ ਸੰਦੇਸ਼ ਦੇਣ ਦੀ ਅਪੀਲ ਕੀਤੀ ਹੈ। ਇਹ ਸੰਪਾਦਕੀ ਪੁਲਵਾਮਾ ਅੱਤਵਾਦੀ ਹਮਲੇ ਤੋਂ ਬਾਅਦ ਕੀਤੇ ਗਏ ਆਪ੍ਰੇਸ਼ਨ ਸਿੰਦੂਰ ਅਤੇ ਇਸ ਵਿੱਚ ਸ਼ਾਮਲ ਕਰਨਲ ਸੋਫੀਆ ਕੁਰੈਸ਼ੀ ਬਾਰੇ ਮੰਤਰੀ ਵੱਲੋਂ ਦਿੱਤੇ ਗਏ ਅਪਮਾਨਜਨਕ ਬਿਆਨ 'ਤੇ ਕੇਂਦਰਿਤ ਹੈ।

ਹਮਲੇ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰ ਨੂੰ ਸੰਬੋਧਨ ਕੀਤਾ ਸੀ ਅਤੇ ਏਕਤਾ ਅਤੇ ਸਮੂਹਿਕ ਸੰਕਲਪ ਦੀ ਗੱਲ ਕੀਤੀ ਸੀ, ਪਰ 24 ਘੰਟਿਆਂ ਤੋਂ ਵੀ ਘੱਟ ਸਮੇਂ ਬਾਅਦ, ਮੱਧ ਪ੍ਰਦੇਸ਼ ਦੇ ਮੰਤਰੀ ਵਿਜੇ ਸ਼ਾਹ ਨੇ ਇੱਕ ਜਨਤਕ ਮੀਟਿੰਗ ਵਿੱਚ ਪਾਕਿਸਤਾਨ ਨੂੰ ਸਬਕ ਸਿਖਾਉਣ ਦੀ ਗੱਲ ਕਰਦੇ ਹੋਏ ਅਪਮਾਨਜਨਕ ਢੰਗ ਨਾਲ ਕਿਹਾ ਕਿ "ਅੱਤਵਾਦੀਆਂ ਨੂੰ ਉਨ੍ਹਾਂ ਦੀ ਭੈਣ ਦੀ ਵਰਤੋਂ ਕਰਕੇ ਸਬਕ ਸਿਖਾਇਆ ਗਿਆ।" ਉਹ ਕਰਨਲ ਸੋਫੀਆ ਕੁਰੈਸ਼ੀ ਦਾ ਹਵਾਲਾ ਦੇ ਰਹੇ ਸਨ, ਜਿਨ੍ਹਾਂ ਨੇ ਆਪ੍ਰੇਸ਼ਨ ਸਿੰਦੂਰ ਵਿੱਚ ਮੁੱਖ ਭੂਮਿਕਾ ਨਿਭਾਈ ਸੀ।

ਸੰਪਾਦਕੀ ਵਿੱਚ ਨਾ ਸਿਰਫ਼ ਇਸਨੂੰ "ਘਿਣਾਉਣਾ ਅਤੇ ਖ਼ਤਰਨਾਕ" ਕਿਹਾ ਗਿਆ ਹੈ, ਸਗੋਂ ਇਹ ਵੀ ਕਿਹਾ ਗਿਆ ਹੈ ਕਿ ਮੱਧ ਪ੍ਰਦੇਸ਼ ਹਾਈ ਕੋਰਟ ਨੇ ਇਸਦਾ ਨੋਟਿਸ ਲੈ ਕੇ ਅਤੇ ਮੰਤਰੀ ਵਿਰੁੱਧ ਐਫਆਈਆਰ ਦਰਜ ਕਰਕੇ ਸਹੀ ਕਦਮ ਚੁੱਕਿਆ ਹੈ। ਸੰਪਾਦਕੀ ਦਾ ਸਖ਼ਤ ਰੁਖ਼ ਹੈ: "ਸਰਕਾਰ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਹ ਅਜਿਹੇ ਨਫ਼ਰਤ ਭਰੇ ਭਾਸ਼ਣ ਨੂੰ ਬਰਦਾਸ਼ਤ ਨਹੀਂ ਕਰਦੀ - ਮੰਤਰੀ ਨੂੰ ਬਰਖਾਸਤ ਕੀਤਾ ਜਾਵੇ।"

ਸੰਪਾਦਕੀ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸੋਸ਼ਲ ਮੀਡੀਆ 'ਦੁਰਵਿਵਹਾਰ ਮਸ਼ੀਨ' ਨੇ ਸੀਨੀਅਰ ਸਰਕਾਰੀ ਅਧਿਕਾਰੀਆਂ - ਜਿਵੇਂ ਕਿ ਵਿਦੇਸ਼ ਸਕੱਤਰ ਵਿਕਰਮ ਮਿਸਰੀ ਅਤੇ ਉਨ੍ਹਾਂ ਦੀ ਧੀ - ਨੂੰ ਵੀ ਨਿਸ਼ਾਨਾ ਬਣਾਇਆ ਹੈ। ਅਜਿਹੀ ਸਥਿਤੀ ਵਿੱਚ, ਸਰਕਾਰ ਲਈ ਇਹ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ ਕਿ ਉਹ ਆਪਣੇ ਹੀ ਨੇਤਾਵਾਂ ਵਿਰੁੱਧ ਕਾਰਵਾਈ ਕਰਕੇ ਇੱਕ ਮਿਸਾਲ ਕਾਇਮ ਕਰੇ।

ਲੇਖ ਦਾ ਅੰਤਮ ਸੰਦੇਸ਼ ਤਿੱਖਾ ਅਤੇ ਸਪੱਸ਼ਟ ਹੈ - "ਟੀਵੀ ਸਟੂਡੀਓ ਦੇ ਸ਼ੋਰ ਤੋਂ ਦੂਰ, ਦੇਸ਼ ਨੂੰ ਰਣਨੀਤਕ ਲਾਭਾਂ ਅਤੇ ਕੂਟਨੀਤਕ ਸਫਲਤਾ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।" ਜੇਕਰ ਦੇਸ਼ ਨੂੰ ਸੱਚਮੁੱਚ ਅੱਤਵਾਦ ਨਾਲ ਲੜਨਾ ਹੈ, ਤਾਂ ਇਹ ਲੜਾਈ ਅੰਦਰੂਨੀ ਨਫ਼ਰਤ ਵਿਰੁੱਧ ਵੀ ਹੋਣੀ ਚਾਹੀਦੀ ਹੈ।

ਇੰਡੀਅਨ ਐਕਸਪ੍ਰੈਸ ਦਾ ਇਹ ਦਲੇਰ ਸੰਪਾਦਕੀ ਇੱਕ ਉਦਾਹਰਣ ਹੈ - ਜਦੋਂ ਪੱਤਰਕਾਰੀ ਸੱਤਾ ਅੱਗੇ ਨਹੀਂ ਝੁਕਦੀ, ਸਗੋਂ ਇਸਨੂੰ ਜਵਾਬਦੇਹ ਬਣਾਉਂਦੀ ਹੈ। ਹੁਣ ਦੇਖਣਾ ਇਹ ਹੈ ਕਿ ਪ੍ਰਧਾਨ ਮੰਤਰੀ ਅਤੇ ਭਾਜਪਾ ਇਸ ਸਪੱਸ਼ਟ ਸੰਦੇਸ਼ ਤੇ ਕਿਵੇਂ ਪ੍ਰਤੀਕਿਰਿਆ ਦਿੰਦੇ ਹਨ।

ਕੀ ਆਉਣ ਵਾਲੇ ਸਮੇਂ ਵਿੱਚ ਉਮੀਦ ਕੀਤੀ ਜਾਂਦੀ ਹੈ ਕਿ ਪੰਜਾਬੀ ਪੱਤਰਕਾਰਤਾ ਵੀ ਇਸ ਤਰ੍ਹਾਂ ਬੋਲਡ ਸੰਪਾਦਕੀ ਲਿਖਕੇ ਸਰਕਾਰ ਨੂੰ ਸੇਧ ਦੇਣਗੇ। ਉਥੇ ਪੰਜਾਬੀ ਤੇ ਭਾਰਤੀ ਪੱਤਰਕਾਰੀ ਵਿੱਚ ਇੱਕ ਨਵਾਂ ਦੌਰ ਭਰੋਸੇਯੋਗਤਾ ਦਾ ਸ਼ੁਰੂ ਹੋਵੇਗਾ ਇਹ ਉਹਨਾਂ ਦਿਨਾਂ ਵਿੱਚ ਹੋਵੇਗਾ ਜਦੋਂ ਸਮੁੱਚੇ ਮੀਡੀਆ ਦੀ ਕਰੈਡੇਬਿਲਟੀ ਤੇ ਗੋਦੀ ਮੀਡੀਆ ਵਰਗੇ ਅਲੰਕਾਰਾਂ ਨਾਲ ਪ੍ਰਸ਼ਨ ਚਿੰਨ ਲੱਗ ਰਹੇ ਹਨ।

# ਪਹਿਲਗਾਮ ਹਮਲੇ ਦਾ ਮਾਸਟਰਮਾਈਂਡ ਆਸਿਫ਼ ਮੁਕਾਬਲੇ 'ਚ ਢੇਰ







ਸ੍ਰੀਨਗਰ, 15 ਮਈ (ਚੜ੍ਹਦੀਕਲਾ ਬਿਊਰੋ) : ਜੰਮੂ-ਕਸ਼ਮੀਰ ਤੋਂ ਇਸ ਸਮੇਂ ਵੱਡੀ ਖ਼ਬਰ ਆਈ ਹੈ। ਪਹਿਲਗਾਮ ਅੱਤਵਾਦੀ ਹਮਲੇ ਵਿਚ 26 ਬੇਕਸੂਰ ਲੋਕਾਂ ਨੂੰ ਮਾਰਨ ਵਾਲੇ ਅੱਤਵਾਦੀਆਂ ਵਿਚ ਸ਼ਾਮਲ ਮਾਸਟਰਮਾਈਂਡ ਆਸਿਫ਼ ਸੁਰੱਖਿਆ ਬਲਾਂ ਦੀ ਗੋਲੀ ਦਾ ਸ਼ਿਕਾਰ ਹੋਇਆ। ਅੱਜ ਸਵੇਰੇ ਪੁਲਵਾਮਾ ਜ਼ਿਲ੍ਹੇ ਵਿਚ ਸੁਰੱਖਿਆ ਬਲਾਂ ਅਤੇ ਅੱਤਵਾਦੀਆਂ ਵਿਚਾਲੇ ਮੁਕਾਬਲਾ ਹੋਇਆ। ਇਹ ਮੁਕਾਬਲਾ ਦੱਖਣੀ ਕਸ਼ਮੀਰ ਦੇ ਤਰਾਲ ਖੇਤਰ ਦੇ ਨਾਦੇਰ ਪਿੰਡ ਵਿਚ ਹੋਇਆ, ਜਿਸ ਵਿਚ 3 ਅੱਤਵਾਦੀਆਂ ਨੂੰ ਸੁਰੱਖਿਆ ਬਲਾਂ ਨੇ ਢੇਰ ਕਰ ਦਿੱਤਾ। ਮਾਰੇ ਗਏ ਇਨ੍ਹਾਂ 3 ਅੱਤਵਾਦੀਆਂ ਨੂੰ ਲੈ ਕੇ ਵੱਡਾ ਖੁਲਾਸਾ ਹੋਇਆ ਹੈ। ਮਾਰੇ ਗਏ ਅੱਤਵਾਦੀਆਂ ਦੀ ਪਛਾਣ ਆਸਿਫ਼ ਅਹਿਮਦ ਸ਼ੇਖ (28), ਆਮਿਰ ਨਾਜ਼ਿਰ ਵਾਨੀ (20), ਯਾਵਾਰ ਭੱਟ (26) ਦੇ ਰੂਪ ਵਿਚ ਹੋਈ ਹੈ।

ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਮਾਰੇ ਗਏ ਅੱਤਵਾਦੀਆਂ ਵਿਚ ਪਹਿਲਗਾਮ ਅੱਤਵਾਦੀ ਹਮਲੇ ਦਾ ਮਾਸਟਰਮਾਈਂਡ ਆਸਿਫ਼ ਸ਼ੇਖ ਵੀ ਸ਼ਾਮਲ ਹੈ। ਐਨਕਾਊਂਟਰ 'ਚ ਮਾਰੇ ਗਏ ਦੋ ਹੋਰ ਅੱਤਵਾਦੀਆਂ ਨੇ ਪਹਿਲਗਾਮ ਹਮਲੇ ਵਿਚ ਰੇਕੀ ਅਤੇ ਲੌਜਿਸਟਿਕ ਸਪੋਰਟ ਦਿੱਤੀ ਸੀ। ਦੱਸ ਦੇਈਏ ਕਿ 22 ਅਪ੍ਰੈਲ ਨੂੰ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਦਾ ਮਾਸਟਰਮਾਈਂਡ ਆਸਿਫ਼ ਅਹਿਮਦ ਸ਼ੇਖ ਵੀ ਸ਼ਾਮਲ ਸੀ। ਜ਼ਿਕਰਯੋਗ ਹੈ ਕਿ ਪਹਿਲਗਾਮ ਵਿਚ 22 ਅਪ੍ਰੈਲ ਨੂੰ ਅੱਤਵਾਦੀਆਂ ਨੇ ਸੈਲਾਨੀਆਂ 'ਤੇ ਹਮਲਾ ਕੀਤਾ ਸੀ। ਇਸ ਦੌਰਾਨ ਲੋਕਾਂ ਨੂੰ ਉਸ ਦਾ ਧਰਮ ਪੁੱਛ-ਪੁੱਛ ਕੇ ਮਾਰਿਆ ਗਿਆ ਸੀ। ਇਸ ਦੌਰਾਨ 26 ਸੈਲਾਨੀਆਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ, ਜਿਸ ਤੋਂ ਬਾਅਦ ਪੂਰੇ ਦੇਸ਼ ਦੇ ਲੋਕਾਂ ਵਿਚ ਗੁੱਸਾ ਪਾਇਆ ਗਿਆ ਸੀ। ਇਸ ਦਾ ਜਵਾਬ ਦਿੰਦੇ ਹੋਏ ਭਾਰਤ ਸਰਕਾਰ ਨੇ ਆਪ੍ਰੇਸ਼ਨ ਸਿੰਦੂਰ ਚਲਾਇਆ, ਜਿਸ ਵਿਚ ਸਫ਼ਲਤਾ ਹਾਸਲ ਕਰਦੇ ਹੋਏ ਅੱਤਵਾਦੀਆਂ ਦੇ 9 ਟਿਕਾਣਿਆਂ ਨੂੰ ਢੇਰ ਕਰ ਦਿੱਤਾ ਸੀ।

ਆਸਿਫ਼ ਜੋ ਕਿ ਮੁਕਾਬਲੇ ਵਿਚ ਮਾਰਿਆ ਗਿਆ ਸੀ, ਪਹਿਲਗਾਮ ਅੱਤਵਾਦੀ ਹਮਲੇ ਦੌਰਾਨ ਮੌਕੇ 'ਤੇ ਮੌਜੂਦ ਸੀ ਅਤੇ ਸੁਰੱਖਿਆ ਬਲਾਂ ਦੇ ਰਾਡਾਰ 'ਤੇ ਸੀ। ਉਹ ਪਹਿਲਗਾਮ ਹਮਲੇ ਦਾ ਮਾਸਟਰਮਾਈਂਡ ਸੀ। ਇਹ ਵੀ ਪਤਾ ਲੱਗਾ ਹੈ ਕਿ ਨਿਸ਼ਾਰ ਵਾਲੇ ਯਵਰ ਨੇ ਪਹਿਲਗਾਮ ਹਮਲੇ ਵਾਲੀ ਥਾਂ 'ਤੇ ਮੌਜੂਦ ਨਾ ਹੋਣ ਦੇ ਬਾਵਜੂਦ ਹਮਲੇ ਦੀ ਯੋਜਨਾ ਬਣਾਉਣ ਅਤੇ ਸਹਾਇਤਾ ਕਰਨ ਵਿਚ ਮੁੱਖ ਭੂਮਿਕਾ ਨਿਭਾਈ ਸੀ। ਸੁਰੱਖਿਆ ਬਲਾਂ ਨੇ ਪਹਿਲਾਂ ਆਸਿਫ਼ ਦੇ ਘਰ ਨੂੰ ਉਡਾ ਦਿੱਤਾ ਸੀ ਤਾਂ ਜੋ ਉਸਦੇ ਨੈੱਟਵਰਕ ਨੂੰ ਤੋੜਿਆ ਜਾ ਸਕੇ। ਫਿਲਹਾਲ ਇਸ ਮਾਮਲੇ ਵਿਚ ਸੁਰੱਖਿਆ ਬਲਾਂ ਵੱਲੋਂ ਕੋਈ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ ਹੈ।

### ਰਾਸ਼ਟਰਪਤੀ ਨੇ ਸੁਪਰੀਮ ਕੋਰਟ ਦੇ ਫ਼ੈਸਲੇ 'ਤੇ ਉਠਾਇਆ ਇਤਰਾਜ਼

# ਸੰਵਿਧਾਨ 'ਚ ਕਿਤੇ ਵੀ ਬਿੱਲਾਂ ਸਬੰਧੀ ਫ਼ੈਸਲਾ ਲੈਣ ਦੀ ਸਮਾਂ ਹੱਦ ਨਿਰਧਾਰਤ ਨਹੀਂ: ਮੁਰਮੂ

ਨਵੀਂ ਦਿੱਲੀ, 15 ਮਈ (ਚੜ੍ਹਦੀਕਲਾ ਬਿਊਰੋ) : ਸੁਪਰੀਮ ਕੋਰਟ ਨੇ ਅੱਠ ਅਪਰੈਲ ਨੂੰ ਕਿਹਾ ਸੀ ਕਿ ਸੂਬਿਆਂ ਵੱਲੋਂ ਭੇਜੇ ਬਿੱਲਾਂ 'ਤੇ ਰਾਜਪਾਲ ਤੈਅ ਕੀਤੇ ਗਏ ਸਮੇਂ ਵਿੱਚ ਫ਼ੈਸਲਾ ਲੈਣ ਤੇ ਰਾਜਪਾਲ ਵਲੋਂ ਭੇਜੇ ਬਿੱਲਾਂ 'ਤੇ ਰਾਸ਼ਟਰਪਤੀ ਤਿੰਨ ਮਹੀਨਿਆਂ ਅੰਦਰ ਫੈਸਲਾ ਲੈਣ। ਦੂਜੇ ਪਾਸੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ ਅਜਿਹੇ ਹੁਕਮਾਂ ਦੀ ਵੈਧਤਾ 'ਤੇ ਸਵਾਲ ਚੁੱਕੇ ਹਨ। ਰਾਸ਼ਟਰਪਤੀ ਨੇ ਕਿਹਾ ਕਿ ਸੰਵਿਧਾਨ ਵਿਚ ਕਿਤੇ ਵੀ ਇਨ੍ਹਾਂ ਬਿੱਲਾਂ ਬਾਰੇ ਸਮਾਂ ਸੀਮਾ ਤੈਅ ਨਹੀਂ ਕੀਤੀ ਗਈ। ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸੁਪਰੀਮ ਕੋਰਟ ਤੋਂ 14 ਸਵਾਲ ਪੁੱਛਦਿਆਂ ਸਰਵਉਚ ਅਦਾਲਤ ਦੀ ਰਾਏ ਮੰਗੀ ਹੈ। ਇਹ ਸਵਾਲ 200, 201, 361, 143, 142, 145(3), 131 ਆਰਟੀਕਲ ਤਹਿਤ ਪੁੱਛੇ ਗਏ ਹਨ। ਰਾਸ਼ਟਰਪਤੀ ਨੇ ਪੁੱਛਿਆ ਹੈ ਕਿ ਰਾਜਪਾਲ ਕੋਲ ਕੀ ਵਿਕਲਪ ਹੁੰਦਾ ਹੈ ਜਦ ਕੋਈ ਬਿੱਲ ਉਨ੍ਹਾਂ ਕੋਲ ਆਉਂਦਾ ਹੈ, ਕੀ ਰਾਜਪਾਲ ਨੂੰ ਮੰਤਰੀ ਪਰਿਸ਼ਦ ਦੀ ਸਲਾਹ ਮੰਨਣੀ ਪੈਣੀ ਹੈ, ਕੀ ਰਾਜਪਾਲ ਦੇ ਕੰਮਾਂ ਦੀ ਨਿਆਇਕ ਸਮੀਖਿਆ ਕੀਤੀ ਜਾ ਸਕਦੀ ਹੈ। ਰਾਸ਼ਟਰਪਤੀ ਦਾ ਜਵਾਬ ਸਪਸ਼ਟ ਕਰਦਾ ਹੈ ਕਿ ਭਾਰਤ ਦੇ ਸੰਵਿਧਾਨ ਦਾ ਆਰਟੀਕਲ 200 ਰਾਜਪਾਲ ਦੀਆਂ ਸ਼ਕਤੀਆਂ ਅਤੇ ਬਿੱਲਾਂ ਨੂੰ ਮਨਜ਼ੂਰੀ ਦੇਣ ਜਾਂ ਰੋਕਣ ਦੀਆਂ ਪ੍ਰਕਿਰਿਆਵਾਂ ਨੂੰ ਦਰਸਾਉਂਦਾ ਹੈ, ਇਸ ਦੇ ਨਾਲ ਹੀ ਇਹ ਬਿੱਲ (ਬਾਕੀ ਸਫਾ 11 'ਤੇ)



### ਰਾਸ਼ਟਰਪਤੀ ਨੇ ਸੁਪਰੀਮ ਕੋਰਟ ਤੋਂ ਪੁੱਛੇ 14 ਸਵਾਲ

1. ਜੇਕਰ ਕੋਈ ਬਿੱਲ ਰਾਜਪਾਲ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ, ਤਾਂ ਸੰਵਿਧਾਨ ਦੀ ਧਾਰਾ 200 ਦੇ ਤਹਿਤ ਉਸ ਕੋਲ ਕਿਹੜੇ ਵਿਕਲਪ ਹਨ?
2. ਕੀ ਰਾਜਪਾਲ ਇਹਨਾਂ ਵਿਕਲਪਾਂ 'ਤੇ ਵਿਚਾਰ ਕਰਦੇ ਸਮੇਂ ਮੰਤਰੀ ਪ੍ਰੀਸ਼ਦ ਦੀ ਸਲਾਹ ਨਾਲ ਬੰਨ੍ਹਿਆ ਹੈ?
3. ਕੀ ਧਾਰਾ 200 ਦੇ ਤਹਿਤ ਰਾਜਪਾਲ ਦੁਆਰਾ ਲਏ ਗਏ ਫੈਸਲੇ ਦੀ ਨਿਆਂਇਕ ਸਮੀਖਿਆ ਕੀਤੀ ਜਾ ਸਕਦੀ ਹੈ?
4. ਕੀ ਧਾਰਾ 361 ਧਾਰਾ 200 ਦੇ ਤਹਿਤ ਰਾਜਪਾਲ ਦੁਆਰਾ ਲਏ ਗਏ ਫੈਸਲਿਆਂ ਦੀ ਨਿਆਂਇਕ ਸਮੀਖਿਆ ਨੂੰ ਪੂਰੀ ਤਰ੍ਹਾਂ ਰੋਕ ਸਕਦੀ ਹੈ?
5. ਕੀ ਅਦਾਲਤਾਂ ਧਾਰਾ 200 ਦੇ ਤਹਿਤ ਰਾਜਪਾਲ ਦੁਆਰਾ ਲਏ ਗਏ ਫੈਸਲਿਆਂ ਲਈ ਸਮਾਂ ਸੀਮਾ ਨਿਰਧਾਰਤ ਕਰ ਸਕਦੀਆਂ ਹਨ, ਜਦੋਂ ਕਿ ਸੰਵਿਧਾਨ ਵਿੱਚ ਅਜਿਹੀ ਕੋਈ ਸਮਾਂ ਸੀਮਾ ਨਿਰਧਾਰਤ ਨਹੀਂ ਕੀਤੀ ਗਈ ਹੈ?
6. ਕੀ ਧਾਰਾ 201 ਦੇ ਤਹਿਤ ਰਾਸ਼ਟਰਪਤੀ ਦੁਆਰਾ ਲਏ ਗਏ ਫੈਸਲੇ ਦੀ ਸਮੀਖਿਆ ਕੀਤੀ ਜਾ ਸਕਦੀ ਹੈ?
7. ਕੀ ਅਦਾਲਤਾਂ ਧਾਰਾ 201 ਦੇ ਤਹਿਤ ਰਾਸ਼ਟਰਪਤੀ ਲਈ ਫੈਸਲਾ ਲੈਣ ਲਈ ਕੋਈ ਸਮਾਂ ਸੀਮਾ ਤੈਅ ਕਰ ਸਕਦੀਆਂ ਹਨ?
8. ਜੇਕਰ ਰਾਜਪਾਲ ਨੇ ਬਿੱਲ ਨੂੰ ਫੈਸਲੇ ਲਈ ਰਾਖਵਾਂ ਰੱਖ ਲਿਆ ਹੈ, ਤਾਂ ਕੀ ਸੁਪਰੀਮ ਕੋਰਟ ਨੂੰ ਧਾਰਾ 143 ਦੇ ਤਹਿਤ ਉਨ੍ਹਾਂ ਦੀ ਸਲਾਹ ਲੈਣੀ ਚਾਹੀਦੀ ਹੈ?
9. ਕੀ ਰਾਜਪਾਲ ਅਤੇ ਰਾਸ਼ਟਰਪਤੀ ਦੁਆਰਾ (ਬਾਕੀ ਸਫਾ 11 'ਤੇ)

## ਕੇਂਦਰ ਨੂੰ ਪਹਿਲ ਦੇ ਆਧਾਰ 'ਤੇ ਵਿਸ਼ੇਸ਼ ਪੋਕਸੋ ਅਦਾਲਤਾਂ ਸਥਾਪਤ ਕਰਨ ਦਾ ਨਿਰਦੇਸ਼

ਨਵੀਂ ਦਿੱਲੀ, 15 ਮਈ (ਚੜ੍ਹਦੀਕਲਾ ਬਿਊਰੋ): ਸੁਪਰੀਮ ਕੋਰਟ ਨੇ ਅੱਜ ਕੇਂਦਰ ਨੂੰ ਨਿਰਦੇਸ਼ ਦਿੱਤਾ ਕਿ ਉਹ ਬੱਚਿਆਂ ਵਿਰੁੱਧ ਜਿਨਸੀ ਅਪਰਾਧਾਂ ਦੇ ਮਾਮਲਿਆਂ ਨਾਲ ਨਜਿੱਠਣ ਲਈ ਵਿਸ਼ੇਸ਼ ਪੋਕਸੋ ਅਦਾਲਤਾਂ ਨੂੰ ਤਰਜੀਹੀ ਆਧਾਰ 'ਤੇ ਸਥਾਪਤ ਕਰਨ ਲਈ ਪਹਿਲਕਦਮੀ ਕਰੇ। ਜਸਟਿਸ ਬੇਲਾ ਐਮ.ਤ੍ਰਿਵੇਦੀ ਅਤੇ ਪੀ.ਬੀ. ਵਰਲੇ ਦੇ ਬੈਂਚ ਨੇ ਕਿਹਾ ਕਿ ਜਿਨਸੀ ਅਪਰਾਧਾਂ ਵਿਰੁੱਧ ਬੱਚਿਆਂ ਦੀ ਸੁਰੱਖਿਆ (ਪੋਕਸੋ) ਐਕਟ ਦੇ ਕੇਸਾਂ ਲਈ ਵਿਸ਼ੇਸ਼ ਅਦਾਲਤਾਂ ਦੀ ਗਿਣਤੀ ਘੱਟ ਹੋਣ ਕਾਰਨ ਕੇਸ ਲੰਬਾ ਸਮਾਂ ਚਲਦੇ ਰਹਿੰਦੇ ਹਨ ਤੇ ਕੇਸਾਂ ਨੂੰ ਪੂਰਾ ਕਰਨ ਲਈ ਕਾਨੂੰਨ ਅਧੀਨ ਨਿਰਧਾਰਤ ਸਮਾਂ-ਸੀਮਾਵਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ। ਇਸ ਲਈ ਇਹ ਉਮੀਦ ਕੀਤੀ ਜਾਂਦੀ ਹੈ ਕਿ ਕੇਂਦਰ ਅਤੇ ਰਾਜ ਸਰਕਾਰਾਂ (ਬਾਕੀ ਸਫਾ 11 'ਤੇ)

## ਵਕਫ਼ ਕਾਨੂੰਨ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਸੁਣਵਾਈ 20 ਨੂੰ

ਨਵੀਂ ਦਿੱਲੀ, 15 ਮਈ (ਚੜ੍ਹਦੀਕਲਾ ਬਿਊਰੋ) : ਦੇਸ਼ ਦੀ ਸਰਵਉਚ ਅਦਾਲਤ ਨੇ ਅੱਜ ਕਿਹਾ ਕਿ ਉਹ ਵਕਫ਼ (ਸੋਧ) ਐਕਟ, 2025 ਦੀ ਵੈਧਤਾ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ 20 ਮਈ ਨੂੰ ਸੁਣਵਾਈ ਕਰੇਗੀ। ਚੀਫ਼ ਜਸਟਿਸ ਬੀਆਰ ਗਵਈ ਅਤੇ ਜਸਟਿਸ ਆਗਸਟੀਨ ਜਾਰਜ ਮਸੀਹ ਦੇ ਬੈਂਚ ਨੇ ਕਾਨੂੰਨ ਦੀ ਵੈਧਤਾ ਨੂੰ ਚੁਣੌਤੀ ਦੇਣ ਵਾਲਿਆਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਅਤੇ ਕੇਂਦਰ ਦੀ ਨੁਮਾਇੰਦਗੀ ਕਰ ਰਹੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੂੰ ਸੋਮਵਾਰ ਤੱਕ ਆਪਣੇ ਜਵਾਬ ਦਾਖ਼ਲ ਕਰਨ ਲਈ ਕਿਹਾ। ਸੀਜੇਆਈ ਨੇ ਪਟੀਸ਼ਨਾਂ 'ਤੇ ਸੁਣਵਾਈ ਮੁਲਤਵੀ ਕਰਦੇ ਹੋਏ ਕਿਹਾ, 'ਅਸੀਂ 20 ਮਈ ਨੂੰ ਅੰਤਰਿਮ ਰਾਹਤ ਦੇ ਮੁੱਦੇ 'ਤੇ ਵਿਚਾਰ ਕਰਾਂਗੇ।' ਦੋਵਾਂ ਧਿਰਾਂ ਦੇ ਵਕੀਲਾਂ ਵੱਲੋਂ ਬੈਂਚ ਨੂੰ ਦੱਸਿਆ ਗਿਆ ਕਿ ਜੱਜਾਂ ਨੂੰ (ਬਾਕੀ ਸਫਾ 11 'ਤੇ)

# ਪਾਕਿ ਨਾਲ ਪੀ.ਓ.ਕੇ. 'ਤੇ ਹੀ ਹੋਵੇਗੀ ਗੱਲ: ਜੈਸ਼ੰਕਰ



ਨਵੀਂ ਦਿੱਲੀ, 15 ਮਈ (ਚੜ੍ਹਦੀਕਲਾ ਬਿਊਰੋ) : ਪਾਕਿਸਤਾਨ ਅਤੇ ਪੀ.ਓ.ਕੇ. 'ਚ ਬੈਠੇ ਅੱਤਵਾਦ ਦੇ ਆਕਾਵਾਂ ਵਿਰੁੱਧ ਭਾਰਤ ਨੇ ਆਪਰੇਸ਼ਨ ਸਿੰਦੂਰ ਚਲਾਇਆ ਸੀ। ਇਸ ਆਪਰੇਸ਼ਨ ਤਹਿਤ ਅੱਤਵਾਦੀਆਂ ਦੇ 9 ਟਿਕਾਣਿਆਂ 'ਤੇ ਸਟ੍ਰਾਈਕ ਕੀਤੀ ਗਈ ਜਿਸ ਵਿਚ ਉਹ ਪੂਰੀ ਤਰ੍ਹਾਂ ਤਬਾਹ ਹੋ ਗਏ। ਆਪਰੇਸ਼ਨ ਸਿੰਦੂਰ ਦੇ ਸਫਲ ਹੋਣ ਤੋਂ ਬਾਅਦ ਅੱਜ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਪਾਕਿਸਤਾਨ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਅੱਤਵਾਦੀਆਂ ਦੇ ਬੁਨਿਆਦੀ ਢਾਂਚੇ ਨੂੰ ਬੰਦ ਕਰਨਾ ਹੋਵੇਗਾ। ਉਨ੍ਹਾਂ ਅੱਗੇ ਕਿਹਾ ਕਿ ਪਾਕਿਸਤਾਨ ਦੇ ਨਾਲ ਸਾਡੇ ਸਬੰਧ ਅਤੇ ਵਪਾਰ ਪੂਰੀ ਤਰ੍ਹਾਂ ਦੋ-ਪੱਖੀ ਹੋਣਗੇ। ਇਹ ਸਾਲਾਂ ਤੋਂ ਰਾਸ਼ਟਰੀ ਸਹਿਮਤੀ ਹੈ ਅਤੇ ਇਸ ਵਿਚ ਬਿਲਕੁਲ ਵੀ ਬਦਲਾਅ ਨਹੀਂ ਹੋਇਆ। ਪ੍ਰਧਾਨ ਮੰਤਰੀ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਪਾਕਿਸਤਾਨ ਦੇ ਨਾਲ ਗੱਲਬਾਤ ਸਿਰਫ ਅੱਤਵਾਦ ਅਤੇ ਪੀ.ਓ.ਕੇ. 'ਤੇ ਹੀ ਹੋਵੇਗੀ। ਪਾਕਿਸਤਾਨ ਕੋਲ ਅੱਤਵਾਦੀਆਂ ਦੀ ਇਕ ਸੂਚੀ ਹੈ ਜਿਸ ਨੂੰ ਸੌਂਪਣ ਦੀ ਲੋੜ ਹੈ ਅਤੇ ਉਨ੍ਹਾਂ ਨੂੰ ਅੱਤਵਾਦੀਆਂ ਦੇ ਬੁਨਿਆਦੀ ਢਾਂਚੇ ਨੂੰ ਬੰਦ ਕਰਨਾ ਹੋਵੇਗਾ। ਉਹ ਜਾਣਦੇ ਹਨ ਕਿ ਕੀ ਕਰਨਾ ਹੈ। ਅਸੀਂ ਉਨ੍ਹਾਂ ਦੇ ਨਾਲ ਅੱਤਵਾਦ ਬਾਰੇ ਚਰਚਾ ਕਰਨ ਲਈ ਤਿਆਰ ਹਾਂ। ਇਸ ਦੇ ਨਾਲ ਹੀ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਸਿੰਧੂ ਜਲ ਸੰਧੀ ਮੁਅੱਤਲ ਹੋਣ ਦੇ ਫੈਸਲੇ 'ਤੇ ਵੀ ਕਿਹਾ ਕਿ ਅਜੇ ਸਿੰਧੂ ਜਲ ਸੰਧੀ ਮੁਅੱਤਲ ਹੈ ਅਤੇ ਉਦੋਂ ਤਕ ਮੁਅੱਤਲ ਰਹੇਗੀ ਜਦੋਂ ਤਕ ਪਾਕਿਸਤਾਨ ਵਲੋਂ ਸਰਹੱਦ ਪਾਰ ਅੱਤਵਾਦ ਨੂੰ ਭਰੋਸੇਯੋਗ ਅਤੇ ਅਟੱਲ ਰੂਪ ਨਾਲ ਨਹੀਂ ਰੋਕਿਆ ਜਾਂਦਾ। ਕਸ਼ਮੀਰ 'ਤੇ ਚਰਚਾ ਲਈ ਇਕਮਾਤਰ ਮੁੱਦਾ (ਬਾਕੀ ਸਫਾ 11 'ਤੇ)

## ਸ੍ਰੀਨਗਰ 'ਚ ਫਰੀਦਕੋਟ ਦਾ ਅਗਨੀਵੀਰ ਅਕਾਸ਼ਦੀਪ ਸਿੰਘ ਸ਼ਹੀਦ

ਕੋਟਕਪੂਰਾ, 15 ਮਈ (ਚੜ੍ਹਦੀਕਲਾ ਬਿਊਰੋ) : ਜ਼ਿਲ੍ਹੇ ਦੇ ਪਿੰਡ ਚਾਹਿਲ ਨਾਲ ਸਬੰਧਤ ਅਗਨੀਵੀਰ ਅਕਾਸ਼ਦੀਪ ਸਿੰਘ ਸ੍ਰੀਨਗਰ ਵਿੱਚ ਗੋਲੀ ਲੱਗਣ ਕਰਕੇ ਸ਼ਹੀਦ ਹੋ ਗਿਆ। ਇਸ ਖਬਰ ਨਾਲ ਇਲਾਕੇ ਵਿੱਚ



ਸੋਗ ਦੀ ਲਹਿਰ ਹੈ ਅਤੇ ਅੱਜ ਸਵੇਰੇ ਤੋਂ ਹੀ ਇਲਾਕੇ ਭਰ ਦੇ ਪਤਵੰਤੇ ਸ਼ਹੀਦ ਦੇ ਪਿਤਾ ਬਲਵਿੰਦਰ ਸਿੰਘ ਨਾਲ ਦੁੱਖ ਪ੍ਰਗਟਾਉਣ ਲਈ ਪਹੁੰਚ ਰਹੇ ਹਨ। ਅਕਾਸ਼ਦੀਪ ਦੀ ਲਾਸ਼ ਸ਼ੁੱਕਰਵਾਰ ਤੱਕ ਪਿੰਡ ਪਹੁੰਚਣ ਬਾਰੇ ਪਰਿਵਾਰ ਵੱਲੋਂ ਦੱਸਿਆ ਗਿਆ ਹੈ। ਜ਼ਿਲ੍ਹੇ ਨਾਲ ਸਬੰਧਿਤ ਅਕਾਸ਼ਦੀਪ ਪਹਿਲਾ ਅਗਨੀਵੀਰ ਸ਼ਹੀਦ ਹੈ। ਅਕਾਸ਼ਦੀਪ ਦੇ ਪਿਤਾ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੌਣੇ ਦੋ ਸਾਲ ਪਹਿਲਾਂ ਉਹ (ਬਾਕੀ ਸਫਾ 11 'ਤੇ)

### ਪੰਜਾਬ 'ਚ ਅੱਜ ਤੋਂ ਝੋਨੇ ਦੀ ਸਿੱਧੀ ਬਿਜਾਈ ਸ਼ੁਰੂ

# ਕਿਸਾਨਾਂ ਨੂੰ ਪ੍ਰਤੀ ਏਕੜ ਮਿਲਣਗੇ 1500 ਰੁਪਏ: ਮਾਨ

ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 15 ਮਈ :ਸੂਬੇ ਦੇ 15-20% ਕੀਮਤੀ ਭੂਮੀਗਤ ਪਾਣੀ ਨੂੰ ਬਚਾਉਣ ਦੇ ਉਦੇਸ਼ ਨਾਲ ਇੱਕ ਕਦਮ ਅੱਗੇ ਵਧਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਵੀਰਵਾਰ ਨੂੰ ਝੋਨੇ ਦੀ ਸਿੱਧੀ ਬਿਜਾਈ (ਡੀ.ਐਸ.ਆਰ.) ਸ਼ੁਰੂ ਕੀਤੀ ਜੋ ਭੂਮੀਗਤ ਪਾਣੀ ਦੇ ਹੋਰ ਘਟਣ ਨੂੰ ਰੋਕਣ ਲਈ ਇੱਕ ਉਤਪ੍ਰੇਰਕ ਵਜੋਂ ਕੰਮ ਕਰੇਗੀ ਅਤੇ ਨਾਲ ਹੀ ਕਿਸਾਨਾਂ ਦੀ ਆਮਦਨ ਨੂੰ ਵੱਡੇ ਪੱਧਰ 'ਤੇ ਵਧਾਏਗੀ। ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ, ਮੁੱਖ ਮੰਤਰੀ ਨੇ ਕਿਹਾ ਕਿ ਆਪਣੇ ਅਹੁਦੇ ਦਾ ਚਾਰਜ ਸੰਭਾਲਣ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਕਈ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਇਸ ਯਤਨ ਦੇ ਹਿੱਸੇ ਵਜੋਂ ਹੀ ਸੂਬਾ ਸਰਕਾਰ ਨੇ ਝੋਨੇ ਦੀ ਕਾਸ਼ਤ ਦੀ ਡੀ.ਐਸ.ਆਰ.



ਤਕਨੀਕ ਨੂੰ ਉਤਸ਼ਾਹਿਤ ਕੀਤਾ ਹੈ ਜਿਸ ਦੇ ਹਿੱਸੇ ਵਜੋਂ ਅੱਜ (ਵੀਰਵਾਰ) ਤੋਂ ਇਸ ਸਕੀਮ ਤਹਿਤ ਬਿਜਾਈ ਸ਼ੁਰੂ ਕਰ ਦਿੱਤੀ ਗਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਇਸ ਸਾਉਣੀ ਸੀਜ਼ਨ ਦੌਰਾਨ ਪੰਜ ਲੱਖ ਏਕੜ ਜ਼ਮੀਨ ਨੂੰ ਡੀ.ਐਸ.ਆਰ. ਤਕਨੀਕ ਅਧੀਨ ਲਿਆਉਣ ਦਾ ਟੀਚਾ ਰੱਖਿਆ ਹੈ। ਕਿਸਾਨਾਂ ਨੂੰ ਇਸ ਯੋਜਨਾ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਇੱਕ ਪਾਸੇ ਟਿਕਾਊ ਖੇਤੀਬਾੜੀ ਨੂੰ ਉਤਸ਼ਾਹਿਤ ਕਰਨਾ ਹੈ ਅਤੇ ਦੂਜੇ ਪਾਸੇ ਧਰਤੀ ਹੇਠਲੇ ਪਾਣੀ ਦੀ ਸੰਭਾਲ ਕਰਨਾ ਹੈ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਇਹ ਉਨ੍ਹਾਂ ਲਈ ਬਹੁਤ ਮਾਣ ਅਤੇ ਸੰਤੁਸ਼ਟੀ ਦੀ (ਬਾਕੀ ਸਫਾ 11 'ਤੇ)

### ਜੰਮੂ-ਕਸ਼ਮੀਰ ਪੁੱਜੇ ਰੱਖਿਆ ਮੰਤਰੀ

# ਆਪ੍ਰੇਸ਼ਨ ਸਿੰਦੂਰ ਇਤਿਹਾਸ ਦੀ ਸਭ ਤੋਂ ਵੱਡੀ ਕਾਰਵਾਈ : ਰਾਜਨਾਥ ਸਿੰਘ

ਸ੍ਰੀਨਗਰ, 15 ਮਈ (ਚੜ੍ਹਦੀਕਲਾ ਬਿਊਰੋ) : ਆਪ੍ਰੇਸ਼ਨ ਸਿੰਦੂਰ ਦੀ ਕਾਰਵਾਈ ਤੋਂ ਬਾਅਦ, ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਵੀਰਵਾਰ ਨੂੰ ਜੰਮੂ-ਕਸ਼ਮੀਰ ਦੇ ਦੌਰੇ 'ਤੇ ਪਹੁੰਚੇ ਹਨ। ਜੰਮੂ-ਕਸ਼ਮੀਰ ਦੇ ਸ੍ਰੀਨਗਰ ਵਿੱਚ, ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਜੰਮੂ-ਕਸ਼ਮੀਰ ਵਿੱਚ ਪਾਕਿਸਤਾਨ ਵੱਲੋਂ ਸੁੱਟੇ ਗਏ ਗੋਲਿਆਂ ਦਾ ਨਿਰੀਖਣ ਕੀਤਾ। ਇਸ ਤੋਂ ਬਾਅਦ, ਰੱਖਿਆ ਮੰਤਰੀ ਨੇ ਬਦਾਮ ਬਾਗ ਛਾਉਣੀ ਵਿਖੇ ਪ੍ਰਦਰਸ਼ਿਤ ਕੁਝ ਮਲਬਾ ਵੀ ਦੇਖਿਆ। ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਹੈ ਕਿ ਰੱਖਿਆ ਮੰਤਰੀ ਜੰਮੂ-ਕਸ਼ਮੀਰ ਦੀ ਪੂਰੀ ਮੌਜੂਦਾ ਸਥਿਤੀ ਦੀ ਸਮੀਖਿਆ ਕਰਨਗੇ। ਤੁਹਾਨੂੰ ਦੱਸ ਦੇਈਏ ਕਿ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਇਹ ਉਨ੍ਹਾਂ ਦਾ ਜੰਮੂ-ਕਸ਼ਮੀਰ ਦਾ ਪਹਿਲਾ ਦੌਰਾ ਹੈ। ਸ੍ਰੀਨਗਰ ਵਿੱਚ ਸੈਨਿਕਾਂ ਨੂੰ ਸੰਬੋਧਨ ਕਰਦਿਆਂ



ਰਾਜਨਾਥ ਨੇ ਕਿਹਾ ਕਿ ਭਾਰਤ ਨੇ ਦਿਖਾਇਆ ਹੈ ਕਿ ਅਸੀਂ ਸਿਰਫ਼ ਰੱਖਿਆ ਹੀ ਨਹੀਂ ਕਰਦੇ ਸਗੋਂ ਸਖ਼ਤ ਕਾਰਵਾਈ ਵੀ ਕਰਦੇ ਹਾਂ। ਆਪ੍ਰੇਸ਼ਨ ਸਿੰਦੂਰ ਇਤਿਹਾਸ ਵਿੱਚ ਅੱਤਵਾਦ ਵਿਰੁੱਧ ਹੁਣ ਤੱਕ ਦੀ ਸਭ ਤੋਂ ਵੱਡੀ ਕਾਰਵਾਈ ਹੈ। ਅੱਜ ਭਾਰਤ ਨੇ ਪੂਰੀ ਦੁਨੀਆਂ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਅੱਤਵਾਦ ਵਿਰੁੱਧ ਕਿਸੇ ਵੀ (ਬਾਕੀ ਸਫਾ 11 'ਤੇ)

# ਪੰਜਾਬ 'ਚ ਲਗਾਤਾਰ ਵੱਧ ਰਹੀ ਗਰਮੀ ਨੇ ਲੋਕਾਂ ਦਾ ਕੀਤਾ ਬੁਰਾ ਹਾਲ

## ਜ਼ਿਆਦਾਤਰ ਸ਼ਹਿਰਾਂ ਦਾ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਪੁੱਜਾ ਪਾਰ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 15 ਮਈ : ਪੰਜਾਬ ਵਿੱਚ ਗਰਮੀ ਦਾ ਕਹਿਰ ਲਗਾਤਾਰ ਵਧਦਾ ਜਾ ਰਿਹਾ ਹੈ। ਸੂਬੇ ਵਿੱਚ ਔਸਤ ਵੱਧ ਤੋਂ ਵੱਧ ਤਾਪਮਾਨ 1.6 ਡਿਗਰੀ ਸੈਲਸੀਅਸ ਵਧਿਆ ਹੈ। ਇਹ ਆਮ ਦੇ ਨੇੜੇ ਹੈ, ਪਰ ਕਈ ਜ਼ਿਲ੍ਹਿਆਂ ਵਿੱਚ ਤਾਪਮਾਨ ਆਮ ਨਾਲੋਂ 2 ਤੋਂ 4 ਡਿਗਰੀ ਵੱਧ ਦਰਜ ਕੀਤਾ ਜਾ ਰਿਹਾ ਹੈ। ਸਭ ਤੋਂ ਵੱਧ ਤਾਪਮਾਨ ਬਠਿੰਡਾ ਵਿੱਚ ਦਰਜ ਕੀਤਾ ਗਿਆ



ਜਿੱਥੇ ਪਾਰਾ 43.6 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ। ਪਰ, ਕੱਲ੍ਹ ਤੋਂ ਰਾਹਤ ਦੀ ਉਮੀਦ ਹੈ। ਮੌਸਮ ਵਿਗਿਆਨ ਕੇਂਦਰ ਦੇ ਅਨੁਸਾਰ, ਇਸ ਮਹੀਨੇ ਗਰਮੀ ਦੀ ਲਹਿਰ ਘੱਟ ਦਿਖਾਈ ਦੇ ਰਹੀ ਹੈ। ਇਸ ਦੇ ਪਿੱਛੇ ਕਾਰਨ ਪੱਛਮੀ ਗੜਬੜੀ ਦਾ ਸਰਗਰਮ ਹੋਣਾ ਹੈ। ਕੁਝ ਦਿਨਾਂ ਦੇ ਅੰਤਰਾਲ 'ਤੇ ਪੱਛਮੀ ਗੜਬੜੀ ਦੇ ਸਰਗਰਮ ਹੋਣ ਕਾਰਨ ਪੰਜਾਬ ਦਾ ਮੌਸਮ ਅਕਸਰ ਬਦਲ ਰਿਹਾ ਹੈ। ਮਈ ਦੇ ਮਹੀਨੇ ਵਿੱਚ ਜਿੱਥੇ ਗਰਮੀ ਤੇਜ਼ ਹੋ ਜਾਂਦੀ ਹੈ, ਉੱਥੇ ਹੀ ਇਸ ਵਾਰ ਲਗਾਤਾਰ ਮੀਂਹ ਅਤੇ ਤੇਜ਼ ਹਵਾਵਾਂ ਕਾਰਨ ਗਰਮੀ ਤੋਂ ਰਾਹਤ ਮਿਲੀ ਹੈ। ਮੌਸਮ ਵਿਭਾਗ ਵੱਲੋਂ ਜਾਰੀ ਰਿਪੋਰਟ ਅਨੁਸਾਰ, ਲੁਧਿਆਣਾ ਵਿੱਚ ਵੱਧ ਤੋਂ ਵੱਧ ਤਾਪਮਾਨ 41.6 ਡਿਗਰੀ ਸੈਲਸੀਅਸ, ਫ਼ਰੀਦਕੋਟ ਵਿੱਚ 41.5 ਡਿਗਰੀ ਸੈਲਸੀਅਸ ਅਤੇ ਪਟਿਆਲਾ ਵਿੱਚ 41.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦੋਂ ਕਿ ਚੰਡੀਗੜ੍ਹ ਵਿੱਚ ਵੀ ਤਾਪਮਾਨ 40.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਗਰਮ ਹਵਾਵਾਂ ਅਤੇ ਖੁਸ਼ਕ ਮੌਸਮ ਨੇ ਜਨ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। (ਬਾਕੀ ਸਫਾ 11 'ਤੇ)

## ਪੰਜਾਬ 'ਚ ਮੀਂਹ ਤੇ ਤੂਫ਼ਾਨ ਦੀ ਭਵਿੱਖਬਾਣੀ

ਚੰਡੀਗੜ੍ਹ, 15 ਮਈ (ਚੜ੍ਹਦੀਕਲਾ ਬਿਊਰੋ) : ਪੰਜਾਬ 'ਚ ਜਿੱਥੇ ਕੁਝ ਦਿਨਾਂ ਤੋਂ ਰਾਹਤ ਮਿਲੀ ਸੀ ਹੁਣ ਉੱਥੇ ਹੀ ਗਰਮੀ ਦਾ ਕਹਿਰ ਲਗਾਤਾਰ ਵਧਦਾ ਜਾ ਰਿਹਾ ਹੈ। ਸੂਬੇ ਦੇ ਕਈ ਜ਼ਿਲ੍ਹਿਆਂ ਵਿੱਚ ਤਾਪਮਾਨ ਆਮ ਨਾਲੋਂ 2 ਤੋਂ 4 ਡਿਗਰੀ ਵੱਧ ਦਰਜ ਕੀਤਾ ਜਾ ਰਿਹਾ ਹੈ। ਮੌਸਮ ਵਿਭਾਗ ਅਨੁਸਾਰ 16 ਤਾਰੀਖ਼ ਮਤਲਬ ਭਲਕੇ ਕਈ ਥਾਵਾਂ 'ਤੇ ਬਿਜਲੀ ਅਤੇ ਤੂਫ਼ਾਨ ਦਾ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਜਿਸ 'ਚ ਪੰਜਾਬ ਦੇ ਜ਼ਿਲ੍ਹਾ ਬਠਿੰਡਾ, ਮੁਕਤਸਰ, ਫਰੀਦਕੋਟ, ਮਾਨਸਾ, ਸੰਗਰੂਰ, ਮੋਗਾ, ਪਟਿਆਲਾ, ਫਾਜ਼ਿਲਕਾ ਆਦਿ ਵਿਚ ਗਰਜ, ਬਿਜਲੀ ਅਤੇ ਹਲਕੀ ਬਾਰਿਸ਼ ਦੀ ਭਵਿੱਖਬਾਣੀ (ਬਾਕੀ ਸਫਾ 11 'ਤੇ)

## ਪਾਕਿਸਤਾਨ 'ਚ ਕਿਸੇ ਵੀ ਪ੍ਰਮਾਣੂ ਟਿਕਾਣੇ ਤੋਂ ਕੋਈ ਰੇਡੀਏਸ਼ਨ ਲੀਕ ਨਹੀਂ ਹੋਇਆ

ਇਸਲਾਮਾਬਾਦ, 15 ਮਈ (ਚੜ੍ਹਦੀਕਲਾ ਬਿਊਰੋ) : ਗਲੋਬਲ ਨਿਊਕਲੀਅਰ ਨਿਗਰਾਨ ਆਈ.ਏ.ਈ.ਏ. ਨੇ ਦਾਅਵਾ ਕੀਤਾ ਹੈ ਕਿ ਭਾਰਤ ਨਾਲ ਹਾਲ ਹੀ ਵਿੱਚ ਹੋਏ ਫ਼ੌਜੀ ਟਕਰਾਅ ਦੌਰਾਨ ਪਾਕਿਸਤਾਨ ਦੇ ਕਿਸੇ ਵੀ ਪ੍ਰਮਾਣੂ ਟਿਕਾਣੇ ਤੋਂ ਕੋਈ ਰੇਡੀਏਸ਼ਨ ਲੀਕ ਜਾਂ ਰਿਲੀਜ਼ ਨਹੀਂ ਹੋਈ।

ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ (ਆਈ.ਏ.ਈ.ਏ.) ਦਾ ਬਿਆਨ ਸੋਸ਼ਲ ਮੀਡੀਆ 'ਤੇ ਕੀਤੇ ਜਾ ਰਹੇ ਦਾਅਵਿਆਂ ਦੌਰਾਨ ਆਇਆ ਹੈ ਕਿ 'ਅਪਰੇਸ਼ਨ ਸਿੰਧੂਰ' ਦੌਰਾਨ ਭਾਰਤੀ ਹਥਿਆਰਬੰਦ ਬਲਾਂ ਨੇ ਪਾਕਿਸਤਾਨ ਦੇ ਪ੍ਰਮਾਣੂ ਟਿਕਾਣੇ ਨੂੰ ਨਿਸ਼ਾਨਾ ਬਣਾਇਆ ਸੀ। ਆਈ.ਏ.ਈ.ਏ. ਦੇ ਤਰਜਮਾਨ ਨੇ ਦੱਸਿਆ, "ਆਈ.ਏ.ਈ.ਏ. ਕੋਲ ਉਪਲਬਧ ਜਾਣਕਾਰੀ ਦੇ ਆਧਾਰ 'ਤੇ ਪਾਕਿਸਤਾਨ ਵਿੱਚ ਕਿਸੇ ਵੀ ਪ੍ਰਮਾਣੂ ਟਿਕਾਣੇ ਤੋਂ (ਬਾਕੀ ਸਫਾ 11 'ਤੇ)

### ਭਾਰਤ-ਪਾਕਿ ਜੰਗਬੰਦੀ ਵਾਲੇ ਬਿਆਨ ਤੋਂ ਪਲਟੇ ਅਮਰੀਕੀ ਰਾਸ਼ਟਰਪਤੀ

# ਮੈ ਦੋਵਾਂ ਦੇਸ਼ਾਂ ਵਿਚਾਲੇ ਨਹੀਂ ਕੀਤੀ ਵਿਚੋਲਗੀ: ਟਰੰਪ

ਚੜ੍ਹਦੀਕਲਾ ਬਿਊਰੋ

ਵਾਸ਼ਿੰਗਟਨ, 15 ਮਈ : ਭਾਰਤ ਪਾਕਿਸਤਾਨ ਵਿਚਾਲੇ ਤਣਾਅ ਸ਼ਿਖਰ ਉੱਤੇ ਹੋਣ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਾਈਟ ਹਾਊਸ ਰਾਹੀਂ ਬਿਆਨ ਜਾਰੀ ਕਰ ਕੇ ਦੋਵਾਂ ਦੇਸ਼ਾਂ ਵਿਚਾਲੇ ਸੀਜ਼ਫਾਇਰ ਕਰਵਾਉਣ ਦੀ ਗੱਲ ਆਖੀ। ਪਰ ਹੁਣ ਡੋਨਾਲਡ ਟਰੰਪ ਦਾ ਇਕ ਹੋਰ ਬਿਆਨ ਸਾਹਮਣੇ ਆਇਆ ਹੈ, ਜਿਸ ਨੇ ਨਵੀਂ ਹੀ ਚਰਚਾ ਛੇੜ ਦਿੱਤੀ ਹੈ। ਹੁਣ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਵਿੱਚ ਆਪਣੀ ਭੂਮਿਕਾ ਬਾਰੇ ਹੈਰਾਨ ਕਰਨ ਵਾਲਾ ਦਾਅਵਾ ਕੀਤਾ ਹੈ। ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਨੂੰ ਸ਼ਾਂਤ ਕਰਨ 'ਚ ਮਦਦ ਕੀਤੀ ਹੈ ਪਰ ਇਹ ਵੀ ਕਿਹਾ ਕਿ ਉਹ ਸਿੱਧੇ ਤੌਰ 'ਤੇ ਇਹ ਨਹੀਂ ਕਹਿਣਾ ਚਾਹੁੰਦੇ ਕਿ ਉਨ੍ਹਾਂ ਨੇ ਵਿਚੋਲਗੀ



ਕੀਤੀ ਸੀ। ਅਮਰੀਕੀ ਰਾਸ਼ਟਰਪਤੀ ਦੇ ਇਸ ਬਿਆਨ ਨੇ ਇਕ ਵਾਰ ਫਿਰ ਤੋਂ ਚਰਚਾਵਾਂ ਦਾ ਦੌਰ ਸ਼ੁਰੂ ਕਰ ਦਿੱਤਾ ਹੈ। ਦੱਸ ਦਈਏ ਕਿ ਭਾਰਤ ਪਾਕਿਸਤਾਨ ਵਿਚਾਲੇ ਵਧਦੇ ਤਣਾਅ ਵਿਚਾਲੇ ਅਮਰੀਕੀ ਰਾਸ਼ਟਰਪਤੀ ਨੇ ਸਭ ਤੋਂ ਪਹਿਲਾਂ ਦਾਅਵਾ ਕੀਤਾ ਸੀ ਕਿ ਭਾਰਤ ਪਾਕਿਸਤਾਨ ਵਿਚਾਲੇ ਸੀਜ਼ਫਾਇਰ ਹੋ ਗਿਆ ਹੈ। ਟਰੁੱਥ ਉੱਤੇ ਪਾਈ ਇਕ ਪੋਸਟ ਵਿਚ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਦੁਆਰਾ ਵਿਚੋਲਗੀ ਦੀ (ਬਾਕੀ ਸਫਾ 11 'ਤੇ)

## 'ਐਪਲ ਦੇ ਭਾਰਤ ਵਿੱਚ ਵਿਸਥਾਰ ਨਾਲ ਅਮਰੀਕਾ 'ਚ ਨੌਕਰੀਆਂ ਘਟਣਗੀਆਂ'

ਦੋਹਾ, 15 ਮਈ (ਚੜ੍ਹਦੀਕਲਾ ਬਿਊਰੋ) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਤਰ ਦੀ ਰਾਜਧਾਨੀ ਦੋਹਾ ਵਿੱਚ ਵਪਾਰਕ ਗੋਲਮੇਜ਼ ਸਮਾਗਮ ਦੌਰਾਨ ਭਾਰਤ ਵਿਚ ਐਪਲ ਦੇ ਵਧਦੇ ਉਤਪਾਦਨ 'ਤੇ ਇਤਰਾਜ਼ ਜਤਾਇਆ ਹੈ। ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਐਪਲ ਦੇ ਸੀਈਓ ਟਿਮ ਕੁੱਕ ਨੂੰ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਉਹ ਭਾਰਤ ਵਿਚ ਆਪਣੇ ਨਿਰਮਾਣ ਕਾਰਜਾਂ ਦਾ ਵਿਸਥਾਰ ਨਾ ਕਰਨ, ਇਸ ਨਾਲ ਅਮਰੀਕਾ ਵਿਚ ਨੌਕਰੀਆਂ 'ਤੇ ਅਸਰ ਪਵੇਗਾ। ਟਰੰਪ ਨੇ ਕਿਹਾ,' ਮੈਂ ਟਿਮ ਕੁੱਕ ਨੂੰ (ਬਾਕੀ ਸਫਾ 11 'ਤੇ)

## ਮਜੀਠਾ ਇਲਾਕੇ 'ਚ ਜ਼ਹਿਰੀਲੀ ਸ਼ਰਾਬ ਕਾਰਨ ਦੋ ਹੋਰ ਮੌਤਾਂ

ਮਜੀਠਾ, 15 ਮਈ (ਚੜ੍ਹਦੀਕਲਾ ਬਿਊਰੋ) : ਹਲਕਾ ਮਜੀਠਾ ਦੇ ਵੱਖ-ਵੱਖ ਪਿੰਡਾਂ ਵਿਚ ਜ਼ਹਿਰੀਲੀ ਸ਼ਰਾਬ ਕਾਰਨ ਮੌਤਾਂ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਹੁਣ ਕਸਬਾ ਮਜੀਠਾ ਤੇ ਪਿੰਡ ਗਾਲੋਵਾਲੀ ਕੁੱਲੀਆਂ ਦੇ ਵਿਅਕਤੀਆਂ ਦੀ ਜ਼ਹਿਰੀਲੀ ਸ਼ਰਾਬ ਪੀਣ ਨਾਲ ਦੋ ਮੌਤਾਂ ਹੋਰ ਹੋ ਗਈਆਂ ਹਨ, ਜਿਨ੍ਹਾਂ ਦੀ ਪਛਾਣ ਤਰਸੇਮ ਮਸੀਹ ਪੁੱਤਰ ਸਦੀਕ ਮਸੀਹ, ਵਾਸੀ ਵਾਰਡ ਨੰਬਰ ਇਕ ਰੋੜੀ, ਮਜੀਠਾ ਤੇ ਦੂਜਾ ਰਜੇਸ਼ ਪੁੱਤਰ ਪਿਆਰੇ ਲਾਲ ਵਾਸੀ ਗਾਲੇਵਾਲੀ ਕੁੱਲੀਆਂ ਵਜੋਂ ਹੋਈ ਹੈ। ਇਨ੍ਹਾਂ ਦੋਵਾਂ ਵਿਅਕਤੀਆਂ ਨੇ ਵੀ ਪਿੰਡ ਭੰਗਵਾਂ ਤੋਂ ਜ਼ਹਿਰੀਲੀ ਸ਼ਰਾਬ ਪੀਤੀ ਸੀ। ਤਰਸੇਮ ਮਸੀਹ ਪਿੰਡ ਭੰਗਵਾਂ ਤੋਂ ਸ਼ਰਾਬ ਪੀ ਕੇ ਆਇਆ ਸੀ ਤੇ ਉਸ ਨੇ ਆਪਣੇ ਘਰ ਵਿਚ ਹੀ ਅੱਜ ਦਮ ਤੋੜਿਆ ਹੈ ਜਦੋਂ ਕਿ ਰਜੇਸ਼ ਪੁੱਤਰ ਪਿਆਰੇ ਲਾਲ ਵਾਸੀ ਗਾਲੇਵਾਲੀ ਕੁੱਲੀਆਂ ਸ਼ਰਾਬ ਪੀਣ ਤੋਂ ਬਾਅਦ ਉਸ ਦਿਨ ਤੋਂ ਹੀ (ਬਾਕੀ ਸਫਾ 11 'ਤੇ)

# ਮਿਸੀਸਾਗਾ 'ਚ ਪੰਜਾਬੀ ਕਾਰੋਬਾਰੀ ਦੀ ਗੋਲੀਆਂ ਮਾਰ ਕੇ ਹੱਤਿਆ

ਵੈਨਕੂਵਰ, 15 ਮਈ (ਚੜ੍ਹਦੀਕਲਾ ਬਿਊਰੋ) : ਮਿਸੀਸਾਗਾ ਦੀ ਡੈਰੀ ਰੋਡ ਨੇੜੇ ਟੈਲਫੋਰਡ ਵੇਅ 'ਤੇ ਪੰਜਾਬੀ ਕਾਰੋਬਾਰੀ ਹਰਜੀਤ ਸਿੰਘ ਢੱਡਾ (50) ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ ਤੇ ਦੋਸ਼ੀ ਮੌਕੇ ਤੋਂ ਫਰਾਰ ਹੋ ਗਏ। ਪੁਲਿਸ ਨੇ ਮ੍ਰਿਤਕ ਦੀ ਪਹਿਚਾਣ ਜ਼ਾਹਿਰ ਨਹੀਂ ਕੀਤੀ, ਪਰ ਘਟਨਾ ਸਥਾਨ 'ਤੇ ਮੌਜੂਦ ਸੂਤਰਾਂ ਨੇ ਦੱਸਿਆ ਕਿ ਵਾਰਦਾਤ ਮੌਕੇ ਹਰਜੀਤ ਸਿੰਘ ਢੱਡਾ ਆਪਣੇ ਦਫਤਰ ਦੇ ਬਾਹਰ ਖੜੇ ਆਪਣੇ ਵਾਹਨ ਨਜ਼ਦੀਕ ਆਇਆ ਤਾਂ ਪਹਿਲਾਂ ਤੋਂ ਤਾਕ ਲਾ ਕੇ ਖੜੇ ਅਣਪਛਾਤੇ ਦੋਸ਼ੀਆਂ ਨੇ ਉਸ 'ਤੇ 15-16 ਗੋਲੀਆਂ ਚਲਾਈਆਂ ਅਤੇ ਮੌਕੇ ਤੋਂ ਫਰਾਰ ਹੋ ਗਏ। ਘਟਨਾ ਮੌਕੇ ਪਾਰਕਿੰਗ 'ਚ ਮੌਜੂਦ ਲੋਕਾਂ ਨੇ ਉੱਥੋਂ ਭੱਜ ਕੇ ਆਪਣੀ ਜਾਨ ਬਚਾਈ। ਢੱਡਾ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ, ਪਰ ਜ਼ਖ਼ਮਾਂ ਦੀ ਤਾਬ ਨਾ ਸਹਿੰਦੇ ਹੋਏ ਉਸ ਨੇ ਦਮ ਤੋੜ ਦਿੱਤਾ।



ਪੁਲਿਸ ਬੁਲਾਰੀ ਮਾਈਕਲ ਸਟੈਫਰਡ ਨੇ ਕਿਹਾ ਕਿ ਕੇਸ ਜਾਂਚ ਅਧਿਕਾਰੀਆਂ ਨੂੰ ਸੌਂਪਿਆ ਗਿਆ ਹੈ। ਉਨ੍ਹਾਂ ਕਿਹਾ ਕਿ ਦੋਸ਼ੀਆਂ ਦਾ ਪਤਾ ਲਾਉਣ ਲਈ ਆਸ ਪਾਸ ਦੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ। ਇਕ ਚਸ਼ਮਦੀਦ ਨੇ ਦੱਸਿਆ, "ਉਹ ਥੋੜੀ ਦੂਰ ਖੜਾ ਸੀ, ਜਦੋਂ ਬੰਦੂਕਧਾਰੀ ਪਾਰਕਿੰਗ 'ਚ ਖੜੀ ਕਾਰ 'ਚੋਂ ਨਿਕਲੇ ਅਤੇ ਗੋਲੀਆਂ ਚਲਾ ਕੇ ਵਾਪਸ ਉਸੇ ਕਾਰ ਵਿਚ ਫਰਾਰ ਹੋ ਗਏ।" ਉੱਥੇ ਨਜ਼ਦੀਕ ਸਥਿਤ ਲਾਅ ਫਰਮ ਦੇ ਇਕ ਮੁਲਾਜ਼ਮ ਨੇ ਦੱਸਿਆ ਕਿ (ਬਾਕੀ ਸਫਾ 11 'ਤੇ)

### ਲੜਾਈ 'ਚ ਪਾਕਿ ਦੀ ਮਦਦ ਦਾ ਮਾਮਲਾ

# ਭਾਰਤ-ਤੁਰਕੀ ਦੇ ਆਪਸੀ ਵਪਾਰ 'ਤੇ ਪਿਆ ਵੱਡਾ ਅਸਰ !

ਨਵੀਂ ਦਿੱਲੀ, 15 ਮਈ (ਚੜ੍ਹਦੀਕਲਾ ਬਿਊਰੋ) : ਭਾਰਤ ਤੇ ਤੁਰਕੀ ਵਿਚਕਾਰ ਚੱਲ ਰਹੇ ਤਣਾਅ ਦੇ ਵਿਚਕਾਰ 'ਬਾਈਕਾਟ ਤੁਰਕੀ' ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਟ੍ਰੈਂਡ ਕਰ ਰਿਹਾ ਹੈ। ਤੁਰਕੀ ਨੇ ਪਾਕਿਸਤਾਨ ਦਾ ਸਮਰਥਨ ਕੀਤਾ ਹੈ, ਜਿਸ ਕਾਰਨ ਭਾਰਤੀ ਜਨਤਾ ਗੁੱਸੇ 'ਚ ਹੈ। ਇਸ ਖ਼ਬਰ 'ਚ ਅਸੀਂ ਸਮਝਾਂਗੇ ਕਿ ਭਾਰਤ ਤੇ ਤੁਰਕੀ ਵਿਚਕਾਰ ਕਿੰਨਾ ਵਪਾਰ ਹੈ, ਕਿਹੜੀਆਂ ਚੀਜ਼ਾਂ ਦਾ ਆਦਾਨ-ਪ੍ਰਦਾਨ ਹੁੰਦਾ ਹੈ ਤੇ ਇਸ ਬਾਈਕਾਟ ਦਾ ਦੋਵਾਂ ਦੇਸ਼ਾਂ 'ਤੇ ਕੀ ਪ੍ਰਭਾਵ ਪੈ ਸਕਦਾ ਹੈ। ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਵਿਰੁੱਧ ਸਖ਼ਤ ਫੌਜੀ ਕਾਰਵਾਈ ਕੀਤੀ ਪਰ ਇਸ ਸਮੇਂ ਦੌਰਾਨ ਤੁਰਕੀ ਨੇ ਪਾਕਿਸਤਾਨ ਦਾ ਸਮਰਥਨ ਕੀਤਾ, ਜਿਸ ਨਾਲ ਭਾਰਤ 'ਚ ਗੁੱਸਾ ਵਧ ਗਿਆ। ਸੋਸ਼ਲ ਮੀਡੀਆ 'ਤੇ ਲੋਕ ਤੁਰਕੀ ਦੇ ਖਿਲਾਫ ਆਵਾਜ਼ ਬੁਲੰਦ ਕਰ ਰਹੇ ਹਨ ਅਤੇ ਤੁਰਕੀ ਦੇ ਸਮਾਨ ਦੇ ਬਾਈਕਾਟ ਦੀ ਮੰਗ ਕਰ ਰਹੇ ਹਨ। ਮੀਡੀਆ ਰਿਪੋਰਟਾਂ ਅਨੁਸਾਰ ਤੁਰਕੀ ਨੇ ਪਾਕਿਸਤਾਨ ਨੂੰ ਹਥਿਆਰਬੰਦ ਡਰੋਨ ਮੁਹੱਈਆ ਕਰਵਾਏ ਸਨ,



ਜਿਨ੍ਹਾਂ ਦੀ ਵਰਤੋਂ ਪਾਕਿਸਤਾਨ ਨੇ ਭਾਰਤ ਵਿਰੁੱਧ ਕੀਤੀ ਸੀ। ਇਸ ਕਾਰਨ ਤੁਰਕੀ ਦੇ ਭਾਰਤ ਨਾਲ ਵਪਾਰਕ ਸਬੰਧ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ। ਭਾਰਤ -ਤੁਰਕੀ ਵਿਚਕਾਰ ਵਪਾਰ ਕਿੰਨਾ ਵੱਡਾ ਹੈ ? ਅਪ੍ਰੈਲ 2024 ਤੇ ਫਰਵਰੀ 2025 ਦੇ ਵਿਚਕਾਰ ਭਾਰਤ ਨੇ ਤੁਰਕੀ ਨੂੰ ਲਗਭਗ 5.2 ਬਿਲੀਅਨ ਡਾਲਰ ਦਾ ਸਾਮਾਨ ਨਿਰਯਾਤ ਕੀਤਾ। ਇਹ ਰਕਮ ਪਿਛਲੇ ਸਾਲ 6.65 ਬਿਲੀਅਨ ਡਾਲਰ ਤੋਂ ਘੱਟ ਹੈ। ਦੂਜੇ ਪਾਸੇ ਭਾਰਤ ਨੇ ਤੁਰਕੀ ਤੋਂ ਲਗਭਗ 2.84 ਬਿਲੀਅਨ ਡਾਲਰ ਦਾ ਸਮਾਨ ਦਰਾਮਦ ਕੀਤਾ ਹੈ। ਇੱਥੇ ਇਹ ਸਪੱਸ਼ਟ ਤੌਰ 'ਤੇ ਦਿਖਾਈ ਦਿੰਦਾ ਹੈ ਕਿ ਭਾਰਤ ਨੇ ਤੁਰਕੀ ਨੂੰ ਜੋ ਨਿਰਯਾਤ ਕੀਤਾ ਹੈ, ਉਸਦਾ ਲਗਭਗ ਅੱਧਾ ਆਯਾਤ ਕੀਤਾ ਹੈ।

**ਭਾਰਤ ਤੁਰਕੀ ਤੋਂ ਕੀ ਖਰੀਦਦਾ ਹੈ ?**

ਤੁਰਕੀ ਸੰਗਮਰਮਰ ਦੀ ਭਾਰਤ 'ਚ ਚੰਗੀ ਮਾਰਕੀਟ ਹੈ। ਇਸ ਤੋਂ ਇਲਾਵਾ ਭਾਰਤ ਤੁਰਕੀ ਤੋਂ ਸੇਬ ਅਤੇ ਹੋਰ ਫਲ ਦਰਾਮਦ ਕਰਦਾ ਹੈ। ਇਸ ਤੋਂ ਇਲਾਵਾ ਭਾਰਤ ਤੁਰਕੀ ਤੋਂ ਸੋਨਾ, ਸਬਜ਼ੀਆਂ, ਚੂਨਾ, ਸੀਮਿੰਟ, ਰਸਾਇਣ, ਮੋਤੀ, ਲੋਹਾ ਅਤੇ ਸਟੀਲ ਵੀ ਖਰੀਦਦਾ ਹੈ। ਭਾਰਤ ਨੇ 2023-24 'ਚ ਤੁਰਕੀ ਤੋਂ ਖਣਿਜ ਤੇਲ ਵੀ ਖਰੀਦਿਆ, ਜਿਸਦੀ ਕੀਮਤ ਲਗਭਗ 150 ਕਰੋੜ ਰੁਪਏ ਸੀ। ਕੁੱਲ ਮਿਲਾ ਕੇ ਤੁਰਕੀ ਤੋਂ ਭਾਰਤ ਦੀ ਦਰਾਮਦ ਲਗਭਗ 24 ਹਜ਼ਾਰ ਕਰੋੜ ਰੁਪਏ ਦੀ ਹੈ।

**ਭਾਰਤ ਤੋਂ ਕਿਹੜੀਆਂ ਚੀਜ਼ਾਂ ਆਯਾਤ ਕਰਦਾ ਹੈ ਤੁਰਕੀ ?**

ਭਾਰਤ ਤੁਰਕੀ ਨੂੰ ਕੱਪੜਾ, ਸੂਤੀ ਧਾਗਾ, ਇੰਜੀਨੀਅਰਿੰਗ ਸਾਮਾਨ, ਰਸਾਇਣ ਅਤੇ ਇਲੈਕਟ੍ਰਾਨਿਕਸ ਸਾਮਾਨ ਨਿਰਯਾਤ ਕਰਦਾ ਹੈ। ਭਾਰਤ ਦੇ ਤਿਆਰ ਕੱਪੜਿਆਂ ਦੀ ਤੁਰਕੀ 'ਚ ਚੰਗੀ ਮੰਗ ਹੈ। (ਬਾਕੀ ਸਫਾ 11 'ਤੇ)

# ਫ਼ੌਜ ਮੁਖੀ ਵੱਲੋਂ ਸਰਹੱਦੀ ਖੇਤਰਾਂ ਦੇ ਦੌਰੇ ਦੌਰਾਨ ਆਪ੍ਰੇਸ਼ਨ ਸਿੰਦੂਰ 'ਚ ਸੈਨਿਕਾਂ ਦੀ ਭੂਮਿਕਾ ਦੀ ਪ੍ਰਸ਼ੰਸਾ



ਸ੍ਰੀਨਗਰ, 15 ਮਈ (ਚੜ੍ਹਦੀਕਲਾ ਬਿਊਰੋ) : ਫ਼ੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਵੀਰਵਾਰ ਨੂੰ ਜੰਮੂ-ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਦੇ ਅਗਲੇ ਇਲਾਕਿਆਂ ਦਾ ਦੌਰਾ ਕੀਤਾ ਅਤੇ 'ਆਪ੍ਰੇਸ਼ਨ ਸਿੰਦੂਰ' ਦੌਰਾਨ ਕੰਟਰੋਲ ਰੇਖਾ 'ਤੇ ਆਪਣਾ ਦਬਦਬਾ ਬਣਾਈ ਰੱਖਣ ਲਈ ਫ਼ੌਜੀਆਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਸੈਨਿਕਾਂ ਨੂੰ ਕਿਹਾ ਕਿ ਉਹ ਕਿਸੇ ਵੀ ਚੁਣੌਤੀ ਦਾ ਫ਼ੈਸਲਾਕੁੰਨ ਤਾਕਤ ਨਾਲ ਜਵਾਬ ਦੇਣ ਲਈ ਹਮੇਸ਼ਾ ਤਿਆਰ ਰਹਿਣ। ਫ਼ੌਜ ਨੇ 'ਐਕਸ' 'ਤੇ ਇੱਕ ਪੋਸਟ ਵਿੱਚ ਕਿਹਾ ਕਿ ਫ਼ੌਜ ਮੁਖੀ ਨੇ ਚਿਨਾਰ ਕੋਰ ਦੇ ਡੈਗਰ ਡਿਵੀਜ਼ਨ ਦਾ ਦੌਰਾ ਕੀਤਾ। ਵਧੀਕ ਡਾਇਰੈਕਟੋਰੇਟ ਜਨਰਲ ਆਫ਼ ਪਬਲਿਕ ਇਨਫਰਮੇਸ਼ਨ ਨੇ ਪੋਸਟ ਵਿੱਚ ਕਿਹਾ,'ਫ਼ੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਚਿਨਾਰ ਕੋਰ ਦੇ ਡੈਗਰ ਡਿਵੀਜ਼ਨ ਦੇ ਅਗਲੇ ਖੇਤਰਾਂ ਦਾ ਦੌਰਾ ਕੀਤਾ (ਬਾਕੀ ਸਫਾ 11 'ਤੇ)

## ਸੰਪਾਦਕੀ

# ਚੀਨ ਦੇ ਨਾਪਾਕ ਇਰਾਦੇ

ਚੀਨ ਹਮੇਸ਼ਾ ਤੋਂ ਭਾਰਤੀ ਜ਼ਮੀਨ 'ਤੇ ਦਾਅਵਾ ਕਰਨ ਦੇ ਤਰੀਕੇ ਲੱਭਦਾ ਰਿਹਾ ਹੈ। ਉਹ ਅਰੁਣਾਚਲ ਨੂੰ ਆਪਣਾ ਹਿੱਸਾ ਦੱਸਦਾ ਰਿਹਾ ਹੈ। ਇਸਦੇ ਸਿਪਾਹੀ ਅਸਲ ਕੰਟਰੋਲ ਰੇਖਾ ਪਾਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਕਾਰਨ ਦੋਵਾਂ ਦੇਸ਼ਾਂ ਵਿਚਾਲੇ ਕਈ ਵਾਰ ਤਣਾਅ ਵਧਦਾ ਰਹਿੰਦਾ ਹੈ। ਲਗਭਗ ਪੰਜ ਸਾਲ ਪਹਿਲਾਂ, ਇਸਦੇ ਸੈਨਿਕ ਗਲਵਾਨ ਘਾਟੀ ਵਿੱਚ ਦਾਖਲ ਹੋਏ ਸਨ ਅਤੇ ਉਨ੍ਹਾਂ ਨੂੰ ਰੋਕਣ ਲਈ ਇੱਕ ਖੂਨੀ ਸੰਘਰਸ਼ ਹੋਇਆ ਸੀ। ਉਦੋਂ ਤੋਂ ਹੀ ਦੋਵਾਂ ਦੇਸ਼ਾਂ ਦੇ ਸਬੰਧ ਤਣਾਅਪੂਰਨ ਬਣੇ ਹੋਏ ਹਨ। ਇਸ ਦੌਰਾਨ ਇਸਨੇ ਅਰੁਣਾਚਲ ਦੇ ਕੁਝ ਸਥਾਨਾਂ ਦੇ ਨਾਮ ਬਦਲ ਦਿੱਤੇ ਤਾਂ ਜੋ ਇਹ ਦਿਖਾਇਆ ਜਾ ਸਕੇ ਕਿ ਉਹ ਇਸਦਾ ਹਿੱਸਾ ਹਨ। 2017 ਵਿੱਚ, ਇਸਨੇ ਅਰੁਣਾਚਲ ਪ੍ਰਦੇਸ਼ ਦੇ ਛੇ ਸਥਾਨਾਂ ਲਈ ਨਵੇਂ ਨਾਵਾਂ ਦੀ ਇੱਕ ਸੂਚੀ ਜਾਰੀ ਕੀਤੀ। ਇਸ ਤੋਂ ਬਾਅਦ, 2021 ਵਿੱਚ ਪੰਦਰਾਂ ਥਾਵਾਂ ਦੀ ਦੂਜੀ ਸੂਚੀ ਜਾਰੀ ਕੀਤੀ ਗਈ ਅਤੇ 2023 ਵਿੱਚ ਗਿਆਰਾਂ ਵਾਧੂ ਥਾਵਾਂ ਦੇ ਨਾਵਾਂ ਦੀ ਇੱਕ ਹੋਰ ਸੂਚੀ ਜਾਰੀ ਕੀਤੀ ਗਈ ਸੀ। ਪਿਛਲੇ ਮਹੀਨੇ ਇਸਨੇ 30 ਥਾਵਾਂ ਦੇ ਨਾਮ ਬਦਲਦੇ ਹੋਏ ਇੱਕ ਹੋਰ ਸੂਚੀ ਜਾਰੀ ਕੀਤੀ। ਹੁਣ ਕੁਝ ਹੋਰ ਥਾਵਾਂ ਦੇ ਨਾਮ ਬਦਲ ਦਿੱਤੇ ਗਏ ਹਨ। ਹਰ ਵਾਰ ਭਾਰਤ ਵੱਲੋਂ ਉਸ ਦੀਆਂ ਕਾਰਵਾਈਆਂ 'ਤੇ ਤਿੱਖੀ ਪ੍ਰਤੀਕਿਰਿਆ ਆਈ ਹੈ, ਫਿਰ ਵੀ ਉਹ ਆਪਣੀਆਂ ਚਾਲਾਂ ਤੋਂ ਬਾਜ਼ ਨਹੀਂ ਆਉਂਦਾ। ਭਾਰਤ ਨੇ ਫਿਰ ਦੁਹਰਾਇਆ ਹੈ ਕਿ ਅਰੁਣਾਚਲ ਹਮੇਸ਼ਾ ਭਾਰਤ ਦਾ ਹਿੱਸਾ ਰਿਹਾ ਹੈ ਅਤੇ ਰਹੇਗਾ। ਨਾਮ ਬਦਲਣ ਨਾਲ ਕੋਈ ਜਗ੍ਹਾ ਕਿਸੇ ਹੋਰ ਦੀ ਨਹੀਂ ਹੋ ਜਾਂਦੀ। ਭਾਵੇਂ ਭਾਰਤ ਅਤੇ ਚੀਨ ਵਿਚਕਾਰ ਸੀਮਾ ਰੇਖਾ ਬਹੁਤ ਪਹਿਲਾਂ ਹੀ ਨਿਸ਼ਾਨਬੱਧ ਕੀਤੀ ਗਈ ਹੈ, ਪਰ ਚੀਨ ਇਸਨੂੰ ਆਪਣੀ ਵਿਸਥਾਰਵਾਦੀ ਨੀਤੀ ਦੇ ਹਿੱਸੇ ਵਜੋਂ ਸਵੀਕਾਰ ਕਰਨ ਤੋਂ ਇਨਕਾਰ ਕਰਦਾ ਆ ਰਿਹਾ ਹੈ। ਭਾਰਤ ਦੇ ਹਿੱਸੇ ਦੀ ਜ਼ਮੀਨ 'ਤੇ ਕਬਜ਼ਾ ਕਰਨ ਦੇ ਇਰਾਦੇ ਨਾਲ, ਉਹ ਚੋਰੀ-ਛਿਪੇ ਅਤੇ ਧੋਖੇ ਨਾਲ ਘੁਸਪੈਠ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਇਸ ਨੀਤੀ ਦੇ ਤਹਿਤ ਇਹ ਭਾਰਤ ਦੇ ਗੁਆਂਢੀ ਦੇਸ਼ਾਂ ਵਿੱਚ ਆਪਣੀ ਮੌਜੂਦਗੀ ਸਥਾਪਤ ਕਰਕੇ ਅਤੇ ਪੁਲ, ਸੜਕਾਂ, ਵਪਾਰਕ ਕੇਂਦਰਾਂ ਆਦਿ ਦਾ ਨਿਰਮਾਣ ਕਰਕੇ ਭਾਰਤ ਦੀਆਂ ਸਰਹੱਦਾਂ 'ਤੇ ਤਣਾਅ ਪੈਦਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਭਾਰਤ ਦੀ ਰਣਨੀਤਕ ਸ਼ਕਤੀ ਅਤੇ ਰਣਨੀਤਕ ਸਿਆਣਪ ਕਾਰਨ ਇਹ ਸਫਲ ਨਹੀਂ ਹੋ ਸਕਿਆ। ਹਾਲ ਹੀ ਵਿੱਚ, ਆਪ੍ਰੇਸ਼ਨ ਸਿੰਦੂਰ ਦੇ ਤਹਿਤ, ਭਾਰਤ ਨੇ ਪਾਕਿਸਤਾਨ-ਸਮਰਥਿਤ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰਨ ਲਈ ਇੱਕ ਮੁਹਿੰਮ ਸ਼ੁਰੂ ਕੀਤੀ; ਫਿਰ ਵੀ ਚੀਨ ਇਸਦੇ ਸਮਰਥਨ ਵਿੱਚ ਸਾਹਮਣੇ ਆਇਆ। ਜਦੋਂ ਵੀ ਭਾਰਤ ਨੇ ਪਾਕਿਸਤਾਨ ਵਿੱਚ ਪਨਾਹ ਲੈ ਰਹੇ ਅੱਤਵਾਦੀਆਂ ਨੂੰ ਅੰਤਰਰਾਸ਼ਟਰੀ ਅੱਤਵਾਦੀਆਂ ਦੀ ਸੂਚੀ ਵਿੱਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਹੈ, ਚੀਨ ਨੇ ਸੰਯੁਕਤ ਰਾਸ਼ਟਰ ਵਿੱਚ ਆਪਣਾ ਵੀਟੋ ਵਰਤ ਕੇ ਇਸਨੂੰ ਰੋਕਣ ਦੀ ਕੋਸ਼ਿਸ਼ ਕੀਤੀ ਹੈ, ਜਦੋਂ ਕਿ ਪੂਰੀ ਦੁਨੀਆ ਅੱਤਵਾਦ ਵਿਰੁੱਧ ਜੰਗ ਦਾ ਸਮਰਥਨ ਕਰਦੀ ਰਹੀ ਹੈ। ਚੀਨ ਇਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਸਿਰਫ਼ ਥਾਵਾਂ ਦੇ ਨਾਮ ਬਦਲਣ ਨਾਲ ਉਹ ਖੇਤਰ ਆਪਣਾ ਨਹੀਂ ਬਣ ਜਾਵੇਗਾ। ਪਰ ਫਿਰ ਵੀ, ਅਜਿਹੀਆਂ ਹਰਕਤਾਂ ਕਰਕੇ, ਉਹ ਸੋਚਦਾ ਹੈ ਕਿ ਅੰਤਰਰਾਸ਼ਟਰੀ ਭਾਈਚਾਰਾ ਉਸਨੂੰ ਸਵੀਕਾਰ ਕਰ ਲਵੇਗਾ। ਪਿਛਲੇ ਓਲੰਪਿਕ ਦੌਰਾਨ, ਇਸਨੇ ਅਰੁਣਾਚਲ ਦੇ ਦੋ ਐਥਲੀਟਾਂ ਨੂੰ ਦਾਖਲ ਹੋਣ ਤੋਂ ਰੋਕ ਦਿੱਤਾ ਸੀ ਕਿਉਂਕਿ ਇਸਨੇ ਅਰੁਣਾਚਲ ਦੇ ਕਿਸੇ ਵੀ ਦਸਤਾਵੇਜ਼ 'ਤੇ ਭਾਰਤ ਦਾ ਨਾਮ ਸਵੀਕਾਰ ਨਹੀਂ ਕੀਤਾ ਸੀ। ਕੁਝ ਮੌਕਿਆਂ 'ਤੇ ਉਸਨੇ ਆਪਣੇ ਨਕਸ਼ੇ ਵਿੱਚ ਅਰੁਣਾਚਲ ਨੂੰ ਸ਼ਾਮਲ ਕਰਕੇ ਦੁਨੀਆਂ ਨੂੰ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਉਸਦਾ ਇਲਾਕਾ ਹੈ। ਪਰ ਭਾਰਤ ਦੇ ਸਖ਼ਤ ਵਿਰੋਧ ਕਾਰਨ, ਇਸਨੂੰ ਹਰ ਵਾਰ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਦਰਅਸਲ, ਭਾਰਤ ਦੀ ਵਧਦੀ ਆਰਥਿਕ ਅਤੇ ਰਣਨੀਤਕ ਸ਼ਕਤੀ ਚੀਨ ਨੂੰ ਪਰੇਸ਼ਾਨ ਕਰ ਰਹੀ ਹੈ, ਇਸ ਲਈ ਉਹ ਚੋਰੀ ਅਤੇ ਚਲਾਕੀ ਰਾਹੀਂ ਭਾਰਤ ਨੂੰ ਕਮਜ਼ੋਰ ਕਰਨ ਦੀਆਂ ਚਾਲਾਂ ਜਾਰੀ ਰੱਖਦਾ ਹੈ। ਇਹ ਅਜੀਬ ਹੈ ਕਿ ਉਹ ਗੱਲਬਾਤ ਰਾਹੀਂ ਸਰਹੱਦੀ ਵਿਵਾਦ ਨੂੰ ਹੱਲ ਕਰਨ ਦੀ ਗੱਲ ਕਰਦਾ ਹੈ, ਪਰ ਇਸ ਲਈ ਕਦੇ ਵੀ ਕੋਈ ਗੰਭੀਰ ਪਹਿਲ ਨਹੀਂ ਕਰਦਾ।

**- ਜਗਜੀਤ ਸਿੰਘ ਦਰਦੀ**

# ਸਿੱਖ ਇਤਿਹਾਸ ਦਾ ਖ਼ੂਨੀ ਪੰਨਾ : ਛੋਟਾ ਘੱਲੂਘਾਰਾ



ਡਾ. ਚਰਨਜੀਤ ਸਿੰਘ
(ਗੁਮਟਾਲਾ)
ਮੋ. 94175-33060



ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਘੱਲੂਘਾਰਾ ਦਾ ਮਤਲਬ ਹੈ ਤਬਾਹੀ, ਗ਼ਾਰਤੀ, ਸਰਵਨਾਸ਼ । ਉਨ੍ਹਾਂ ਅਨੁਸਾਰ 2 ਜੇਠ ਸੰਮਤ 1803 ਵਿਚ ਦੀਵਾਨ ਲਖਪਤ ਰਾਇ ਨਾਲ ਜੋ ਖਾਲਸੇ ਦੀ ਲੜਾਈ ਕਾਨੂੰਵਾਣ ਦੇ ਛੰਭ ਪਾਸ ਹੋਈ, ਉਹ ਛੋਟਾ ਘੱਲੂਘਾਰਾ ਅਤੇ 28 ਮਾਘ ਸੰਮਤ 1818 (5 ਫਰਵਰੀ 1762) ਨੂੰ ਅਹਿਮਦ ਸ਼ਾਹ ਦੁਰਾਨੀ ਨਾਲ ਰਾਇਪੁਰ ਗੁਜਰਵਾਲ ਪਾਸ ਕੁੱਪਰਹੀੜੇ ਦੇ ਮਕਾਮ ਹੋਈ ਉਹ ਵੱਡਾ ਘੱਲੂਘਾਰਾ ਸਿੱਖ ਇਤਿਹਾਸ ਵਿਚ ਪ੍ਰਸਿੱਧ ਹੈ।

ਜਿੱਥੋਂ ਤੀਕ ਛੋਟੇ ਘੱਲੂਘਾਰੇ ਦਾ ਸਬੰਧ ਹੈ, ਇਸ ਦੇ ਇਤਿਹਾਸਿਕ ਪਿਛੋਕੜ 'ਤੇ ਜਦ ਅਸੀਂ ਝਾਤ ਪਾਉਂਦੇ ਹਾਂ ਤਾਂ ਪਤਾ ਲਗਦਾ ਹੈ ਕਿ 1 ਜੁਲਾਈ 1745 ਨੂੰ ਜ਼ਕਰੀਆ ਖ਼ਾਨ ਦੀ ਮੌਤ ਹੋ ਗਈ। ਉਸ ਦੇ ਤਿੰਨ ਪੁੱਤਰ ਸਨ ਤੇ ਤਿੰਨੋਂ ਹੀ ਆਪਣੇ ਆਪ ਨੂੰ ਯੋਗ ਵਾਰਸ ਸਮਝਦੇ ਸਨ। ਸਭ ਤੋਂ ਵੱਡੇ ਦਾ ਨਾਂ ਯਾਹੀਆ ਖ਼ਾਨ ਸੀ, ਦੂਜੇ ਦਾ ਹਿਯਾਤ ਉੱਲਾ ਖ਼ਾਨ (ਉਸ ਨੂੰ ਸ਼ਾਹਨਵਾਜ ਵੀ ਕਹਿੰਦੇ ਸਨ) ਤੇ ਤੀਸਰੇ ਦਾ ਨਾਮ ਮੀਰ ਬੱਕੀਯ ਸੀ।

ਯਹੀਆ ਖ਼ਾਨ ਨੇ ਤਾਕਤ ਹੱਥ ਵਿੱਚ ਲੈਂਦੇ ਸਾਰ ਹੀ ਦੀਵਾਨ ਲਖਪਤ ਰਾਇ ਨੂੰ ਦੀਵਾਨ ਥਾਪਿਆ ਜੋ ਕਿ ਜਸਪਤ ਰਾਇ ਦਾ ਵੱਡਾ ਭਰਾ ਸੀ। ਜਦ ਲਖਪਤ ਰਾਇ ਨੇ ਸਿੱਖਾਂ ਦਾ ਰੋੜੀ ਸਾਹਿਬ ਜੁੜਨਾ ਸੁਣਿਆ ਤਾਂ ਉਸ ਨੇ ਖ਼ਾਸ ਹਦਾਇਤਾਂ ਜਸਪਤ ਰਾਇ ਵੱਲ ਭੇਜੀਆਂ। ਜਸਪਤ ਰਾਇ ਨੇ ਇਕੱਠੇ ਸਿੱਖਾਂ ਉੱਤੇ ਹੱਲਾ ਕਰ ਦਿੱਤਾ। ਸਿੱਖ ਵੀ ਟਾਕਰੇ 'ਤੇ ਡੱਟ ਗਏ। ਜਸਪਤ ਰਾਇ ਹਾਥੀ ਉੱਤੇ ਚੜ੍ਹਿਆ, ਫੌਜਾਂ ਨੂੰ ਹਮਲਾ ਕਰਨ ਦੇ ਹੁਕਮ ਦੇ ਰਿਹਾ ਸੀ ਕਿ ਭਾਈ ਨਿਬਾਹੂ ਸਿੰਘ ਨੇ ਅੱਗੇ ਵੱਧ ਕੇ ਜਸਪਤ ਰਾਇ ਉੱਤੇ ਹਮਲਾ ਕਰ ਦਿੱਤਾ। ਹਾਥੀ ਦੀ ਪੂਛ ਪਕੜ ਕੇ ਹੁੱਦੇ ਵਿੱਚ ਉਹ ਜਾ ਵੜਿਆ ਅਤੇ ਜਸਪਤ ਰਾਇ ਦਾ ਸਿਰ ਵੱਢ ਆਂਦਾ। ਸਿੰਘਾਂ ਸ਼ਹਿਰ ਵਿੱਚੋਂ ਰਸਦ ਪਾਣੀ ਲਿਆ ਲੰਗਰ ਚਲਾਏ ਅਤੇ ਅੱਗੇ ਚਲੇ ਗਏ। ਜਸਪਤ ਰਾਇ ਦਾ ਸਿਰ ਗੁਸਾਈਂ ਕਿਰਪਾ ਰਾਮ ਬਦੋਕੀ ਨੂੰ 500 ਰੁਪਏ ਲੈ ਕੇ ਵਾਪਸ ਕੀਤਾ। ਲਖਪਤ ਰਾਇ ਨੇ ਜਦ ਜਸਪਤ ਰਾਇ ਦੀ ਮੌਤ ਦੀ ਖ਼ਬਰ ਸੁਣੀ ਤਾਂ ਲੋਹਾ ਲਾਖਾ ਹੋ ਗਿਆ। ਭਰੇ ਦਰਬਾਰ ਵਿੱਚ ਲਖਪਤ ਰਾਇ ਨੇ ਪੱਗੜੀ ਉਤਾਰੀ ਤੇ ਪਾਨ ਦਾ ਬੀੜਾ ਚੁੱਕ ਕੇ ਕਸਮ ਉਠਾਈ ਕਿ ਉਸ ਦਿਨ ਤੱਕ ਪੱਗੜੀ ਸਿਰ ਉੱਤੇ ਨਹੀਂ ਰੱਖਾਂਗਾ ਜਦ ਤੱਕ ਸਿੱਖਾਂ ਨੂੰ ਨਹੀਂ ਮੁਕਾ ਲੈਂਦਾ। ਨਵਾਬ ਯਾਹੀਆ ਖ਼ਾਨ ਨੇ 'ਯਿਹ ਅੱਛੀ ਕਾਰ' ਕਹਿ ਹੱਲਾ ਸ਼ੇਰੀ ਦਿੱਤੀ। ਆਪਣੇ ਕੰਮ ਦਾ ਅਰੰਭ ਕਰਨ ਲਈ ਲਾਹੌਰ ਸ਼ਹਿਰ ਦੇ ਸਾਰੇ ਵਸਨੀਕ ਸਿੱਖ ਪਕੜ ਮੰਗਾਏ ਤੇ 10 ਮਾਰਚ 1746 ਦੀ ਤਰੀਕ ਨੀਯਤ ਕੀਤੀ ਗਈ ਕਿ ਉਨ੍ਹਾਂ ਸਭਨਾਂ ਦੇ ਖੋਪਰ ਉਤਾਰ ਕੇ ਸ਼ਹੀਦ ਕਰ ਦਿੱਤਾ ਜਾਏ। ਐਸੀ ਭਿਆਨਕ ਖ਼ਬਰ ਸੁਣ ਕੇ ਸ਼ਹਿਰੀ ਪਤਵੰਤੇ ਹਿੰਦੂ, ਗੁਸਾਈਂ ਜਗਤ ਭਗਤ ਦੀਵਾਨ ਕੌੜਾ ਮੱਲ, ਦੀਵਾਨ ਲੱਛੀ ਰਾਮ, ਸੂਰਤ ਸਿੰਘ, ਦੀਵਾਨ ਦੇਸ ਰਾਜ, ਚੌਧਰੀ ਜਵਾਹਰ ਮੱਲ ਦੀ ਅਗਵਾਈ ਹੇਠਾਂ ਲੱਖਪਤ ਰਾਇ ਨੂੰ ਬੇਦੋਸ਼ਿਆਂ ਦੇ ਖ਼ੂਨ ਕਰਨ ਤੋਂ ਰੋਕਣ ਆਏ ਅਤੇ ਇੱਥੋਂ ਤੱਕ ਕਿਹਾ ਕਿ ਸਾਡੀ ਖ਼ਾਤਰ ਛੱਡ ਦਿਓ। ਉਨ੍ਹਾਂ ਇਹ ਵੀ ਕਿਹਾ ਕਿ 10 ਮਾਰਚ ਨੂੰ ਸੋਮਾਵਤੀ ਅਮਾਵਸ ਹੈ ਉਸ ਦਿਨ ਮਾਰਨਾ ਵੀ ਠੀਕ ਨਹੀਂ, ਪਰ ਉਸ ਆਖਿਆ ਕਿ ਜੇ ਰੱਬ ਵੀ ਕਹੇ ਤਾਂ ਵੀ ਨਹੀਂ ਛੱਡਾਂਗਾ।

ਜ਼ਕਰੀਆ ਖਾਂ ਨੇ ਡੱਲੇਵਾਲ ਦਾ ਕਿਲ੍ਹਾ ਢਾਹ ਦਿੱਤਾ। ਸਿੱਖਾਂ ਨੂੰ ਚੁਣ ਚੁਣ ਕੇ ਮਾਰਿਆ ਗਿਆ। ਉਨ੍ਹਾਂ ਦੇ ਸਿਰਾਂ ਦੇ ਇਨਾਮ ਰੱਖੇ ਗਏ। ਸੈਂਕੜੇ ਹੀ ਸਿੱਖ ਹੱਥਕੜੀਆਂ ਲਾ ਕੇ ਲਿਆਂਦੇ ਗਏ, ਜਿੱਥੇ ਉਨ੍ਹਾਂ ਨੂੰ ਸ਼ਰੇਆਮ ਨਖਾਸ (ਘੋੜਾ ਮੰਡੀ) ਵਿੱਚ ਸਿਰ ਵੱਢ ਕੇ ਮਾਰ ਦਿੱਤਾ ਗਿਆ। ਇਸ ਥਾਂ ਦਾ ਨਾਂ ਮਗਰੋਂ ਸ਼ਹੀਦ ਗੰਜ ਪੈ ਗਿਆ।

ਲੱਖਪਤ ਰਾਇ ਲਾਹੌਰ ਦੇ ਵਸਨੀਕਾਂ ਨੂੰ ਸ਼ਹੀਦ ਕਰਨ ਉਪਰੰਤ ਅੰਮ੍ਰਿਤਸਰ ਵੱਲ ਵਧਿਆ। ਅੰਮ੍ਰਿਤਸਰ ਵੀ ਇੱਕ ਦਮ ਫੌਜਾਂ ਦਾ ਹੱਲਾ ਹੋ ਜਾਣ ਕਾਰਨ ਸਿੱਖ ਟਿਕਾਣਿਆਂ ਵੱਲ ਨਾ ਜਾ ਸਕੇ। ਸਿੱਖਾਂ ਦੀ ਸੋਚ ਬਣੀ ਕਿ ਕਾਹਨੂੰਵਾਨ ਦੇ ਛੰਭਾਂ ਵੱਲ ਚਲਿਆ ਜਾਏ। ਕਾਹਨੂੰਵਾਨ ਦੇ ਛੰਭਾਂ ਵੱਲ ਜਾਂਦੇ ਹੀ ਰਸਤੇ ਵਿੱਚ ਫੌਜਾਂ ਨੇ ਰੋਕ ਪਾ ਕੇ ਸਿੱਖਾਂ ਦੀ ਵਹੀਰ ਦਾ ਮੂੰਹ ਰਾਵੀ ਵੱਲ ਕਰ ਦਿੱਤਾ। ਲੱਖਪਤ ਰਾਇ ਨੇ ਜੰਗਲ ਕਟਵਾਣੇ ਅਰੰਭ ਕਰ ਦਿੱਤੇ ਤੇ ਝਲ ਸਾੜ ਕੇ ਤੋਪਾਂ ਸੇਧ ਕੇ ਸਿੰਘਾਂ 'ਤੇ ਚਲਾਈਆਂ।

ਸਿੰਘਾਂ ਫੈਸਲਾ ਕਰ ਲਿਆ ਕਿ ਝੱਲਾਂ ਵਿੱਚ ਲੁਕਿਆਂ ਸ਼ਹੀਦੀਆਂ ਲੈਣੀਆਂ ਠੀਕ ਨਹੀਂ। ਇਸ ਲਈ ਸੂਰਮੇ ਝੱਲਾਂ ਤੋਂ ਬਾਹਰ ਆ ਗਏ। ਪਰ ਕੁਝ ਵੱਡਿਆਂ ਨੇ ਸਲਾਹ ਦਿੱਤੀ ਕਿ ਤੁਹਾਡੀ ਕੁਰਬਾਨੀ ਅਥਾਹ ਹੈ ਪਰ ਸਿਆਣਪ ਇਸ ਵਿੱਚ ਹੈ ਕਿ ਦਾਅ ਨਾਲ ਲੜਿਆ ਜਾਏ। ਵਿਚਾਰ ਇਹ ਬਣੀ ਕਿ ਬਸੋਲੀ ਦੀਆਂ ਪਹਾੜੀਆਂ ਵਿੱਚ ਪਨਾਹ ਲਈ ਜਾਏ। 'ਬਸੌਲੀ' ਵਿੱਚ ਸਿੱਖਾਂ ਦਾ ਸਵਾਗਤ ਗੋਲੀਆਂ ਅਤੇ ਪੱਥਰਾਂ ਨਾਲ ਹੋਇਆ। ਸਿੱਖਾਂ ਨੇ ਆਪਣੇ ਆਪ ਨੂੰ ਚਾਰੇ ਪਾਸਿਓਂ ਘਿਰੇ ਹੋਏ ਪਾਇਆ। ਇਹ ਵਿਚਾਰ ਬਣੀ ਕਿ ਇੱਕ ਜਥਾ ਪਹਾੜੀ ਚੜ੍ਹੇ, ਦੂਜਾ ਰਾਵੀ ਪਾਰ ਕਰੇ, ਭਾਈ ਸੁੱਖਾ ਸਿੰਘ ਮਾੜੀ ਕੰਬੋ ਦੀ ਅਗਵਾਈ ਹੇਠਾਂ ਲਖਪਤ ਰਾਇ ਦਾ ਟਾਕਰਾ ਕਰੇ। ਕਈ ਪਹਾੜੀ ਚੜ੍ਹ ਗਏ। ਦੂਜੇ ਪਾਸੇ ਰਾਵੀ ਲੰਘਣੀ ਇੱਕ ਔਖੀ ਗੱਲ ਹੋ ਗਈ। ਇਹ ਹੀ ਵਿਚਾਰ ਬਣੀ ਕਿ ਪੈਦਲ ਜਥੇ ਪਹਾੜੀਆਂ ਟੱਪ ਕੇ ਕੁਲੂ ਤੇ ਮੰਡੀ ਵੱਲ ਨਿਕਲ ਜਾਣ ਅਤੇ ਜੋ ਘੋੜਿਆਂ ਉੱਤੇ ਹਨ, ਉਹ ਪਿੱਛੇ ਮੁੜ ਕੇ ਟਾਕਰਾ ਕਰਨ। ਇਸੇ ਤਰ੍ਹਾਂ ਕੁਝ ਤਾਂ ਪਹਾੜੀਆਂ ਉੱਤੇ ਚੜ੍ਹ ਗਏ ਤੇ ਮੁਸੀਬਤਾਂ ਝਾਗ ਕੇ ਤਕਰੀਬਨ ਛੇ ਮਹੀਨਿਆਂ ਉਪਰੰਤ ਕੀਰਤਪੁਰ ਆ ਸਿੱਖਾਂ ਨੂੰ ਮਿਲੇ। ਬਾਕੀ ਸਿੰਘ ਰਹਿ ਗਏ ਉਨ੍ਹਾਂ ਨਿਰਣਾ ਕੀਤਾ ਕਿ ਗੋਲਕਾਰ ਕਿਲ੍ਹੇ ਦੀ ਸ਼ਕਲ ਬਣਾ ਕੇ ਲਖਪਤ ਰਾਇ ਦੀਆਂ ਫੌਜਾਂ 'ਤੇ ਹੱਲਾ ਬੋਲ ਦਿੱਤਾ ਜਾਏ, ਇੰਝ ਹੀ ਕੀਤਾ ਗਿਆ। ਨਵਾਬ ਕਪੂਰ ਸਿੰਘ ਜੀ ਅਗਵਾਈ ਕਰ ਰਹੇ ਸਨ, ਸਰਦਾਰ ਜੱਸਾ ਸਿੰਘ ਇੱਕ ਸਿਰੇ ਨੂੰ ਸਾਂਭ ਰਹੇ ਸਨ ਤੇ ਸਰਦਾਰ ਸੁੱਖਾ ਸਿੰਘ ਜੀ ਅੱਗੇ ਵੱਧ ਕੇ ਮੋਹਰਲਾ ਪੱਖ ਤੋੜ ਰਹੇ ਸਨ। ਨੇੜੇ ਹੀ ਸੀ ਕਿ ਸੁਰਦਾਰ ਸੁੱਖਾ ਸਿੰਘ ਲਖਪਤ ਰਾਇ ਨੂੰ ਮਾਰ ਮੁਕਾਉਂਦੇ ਕਿ ਉਨ੍ਹਾਂ ਦੇ ਘੋੜੇ ਨੂੰ ਤੋਪ ਦਾ ਇੱਕ ਐਸਾ ਗੋਲਾ ਲੱਗਾ ਕਿ ਉਹਨਾਂ ਦੀ ਲੱਤ ਸਖ਼ਤ ਜ਼ਖ਼ਮੀ ਹੋ ਗਈ ਤੇ ਉਹ ਪਿੱਛੇ ਹਟ ਗਏ। ਪਿੱਛੋਂ ਲੱਤ ਵੱਢ ਕੇ ਲੱਕੜ ਦੀ ਲਗਾਈ ਗਈ।

ਸਰਦਾਰ ਜੱਸਾ ਸਿੰਘ ਜੀ ਦੇ ਪੱਟ ਵਿੱਚ ਵੀ ਗੋਲੀ ਲੱਗੀ ਪਰ ਆਪ ਜੀ ਨੇ ਪੱਟ ਨੂੰ ਹੰਨੇ ਨਾਲ ਬੰਨ੍ਹ ਲਿਆ ਤੇ ਉਸੇ ਤਰ੍ਹਾਂ ਲੜਦੇ ਰਹੇ, ਜਿਵੇਂ ਸੱਟ ਲੱਗੀ ਹੀ ਨਹੀਂ ਹੁੰਦੀ। ਨਵਾਬ ਕਪੂਰ ਸਿੰਘ ਜੀ 'ਤੇ ਸਿੱਧਾ ਵਾਰ ਹੋਇਆ ਪਰ ਗੁਰੂ ਕ੍ਰਿਪਾ ਨਾਲ ਉਹ ਬਚ ਗਏ। ਇਹ ਮਨਸੂਬਾ ਬਣਾਇਆ ਕਿ ਹੁਣ ਤਾਂ ਖਿੰਡ ਪੁੰਡ ਜਾਓ ਤੇ ਫਿਰ ਇਕੱਠੇ ਹੋ ਕੇ ਮਾਝੇ ਮੁੜ ਸ਼ੋਰ ਮਚਾਵੋ। ਇਹ ਘਟਨਾ ਪਹਿਲੀ ਜੂਨ 1746 ਨੂੰ ਹੋਈ। ਬਾਕੀ ਸਿੱਖ ਜੋ ਦੋ ਹਜ਼ਾਰ ਦੇ ਕਰੀਬ ਸਨ, ਪੂਰਬੀ ਕਿਨਾਰੇ ਤੋਂ ਰਾਵੀ ਪਾਰ ਕਰਕੇ ਰੇਤਲੇ ਮੈਦਾਨ ਵਿੱਚ ਨਿਕਲ ਗਏ। ਪਹਿਲੀ ਜੂਨ 1746 ਨੂੰ ਛੋਟੇ ਘੱਲੂਘਾਰੇ ਦਾ ਅਰੰਭ ਸੀ ਤੇ ਦੁੱਖ ਭੁੱਖ ਦੀਆਂ ਮਾਰਾਂ ਸ਼ੁਰੂ ਹੋਈਆਂ ਸਨ। ਰੇਤਲੇ ਮੈਦਾਨਾਂ ਨੂੰ ਜੇਠ ਹਾੜ ਦੀਆਂ ਧੁੱਪਾਂ ਵਿੱਚ ਪਾਰ ਕਰਕੇ ਬਿਆਸ ਤੱਕ ਪੁੱਜਣਾ ਇੱਕ ਹੋਰ ਔਖੀ ਘਾਟੀ ਸੀ।

ਸਿੱਖਾਂ ਪੱਗੜੀਆਂ ਉਤਾਰ ਕੇ ਪੈਰਾਂ ਵਿੱਚ ਬੰਨ੍ਹੀਆਂ ਤੇ ਧੁੱਪਾਂ ਤਨ ਬਦਨ ਤੇ ਸਹਾਰਦੇ ਤੁਰੀ ਗਏ। ਸ੍ਰੀ ਹਰਿਗੋਬਿੰਦਪੁਰ ਦੇ ਲਾਗੇ ਤੋਂ ਬਿਆਸ ਪਾਰ ਕਰ ਗਏ। ਕਈ ਦਿਨਾਂ ਦੇ ਭੁੱਖੇ ਹੋਣ ਕਾਰਨ ਆਪਣੀਆਂ ਢਾਲਾਂ ਨੂੰ ਤਵੇ ਬਣਾ ਕੇ ਰੋਟੀਆਂ ਪਕਾਉਣ ਲੱਗੇ। ਅੱਗ ਦੀ ਥਾਂ ਤਪਦੀ ਰੇਤ ਵਿੱਚ ਢਾਲਾਂ ਗਰਮ ਕਰਨ ਲਈ ਰੱਖੀਆਂ ਤਾਂ ਕਿ ਢਾਲਾਂ ਉੱਤੇ ਰੋਟੀ ਪਕਾਈ ਜਾ ਸਕੇ। ਅਜੇ ਰੋਟੀਆਂ ਪਕਾਉਣ ਹੀ ਲੱਗੇ ਸਨ ਕਿ ਪਠਾਣਾਂ ਦੇ ਇੱਕ ਦਸਤੇ ਨੇ ਹਮਲਾ ਕਰ ਦਿੱਤਾ। ਉਹ ਪਠਾਣਾਂ ਨਾਲ ਸਿੱਝ ਸਕਦੇ ਸਨ ਪਰ ਉਨ੍ਹਾਂ ਨੂੰ ਇਹ ਖ਼ਬਰ ਵੀ ਪੁੱਜ ਚੁੱਕੀ ਸੀ ਕਿ ਲਖਪਤ ਰਾਇ ਫੌਜਾਂ ਨਾਲ ਪਿੱਛੇ ਆ ਰਿਹਾ ਹੈ। ਸਿੱਖ ਸਤਲੁਜ ਪਾਰ ਕਰਨ ਲਈ ਅਲੀਵਾਲ ਵੱਲ ਭੱਜ ਉਠੇ। ਸਤਲੁਜ ਪਾਰ ਕਰਕੇ ਮਾਲਵਾ ਦੀ ਧਰਤੀ ਜਾ ਪੁੱਜੇ। ਮਾਲਵੇ ਦੇ ਸਿੰਘਾਂ ਚੰਗੀ ਦੇਖਭਾਲ ਕੀਤੀ ਅਤੇ ਜਥਿਆਂ ਨੂੰ ਵੰਡ ਕੇ ਸੇਵਾ ਕੀਤੀ। ਜੈਤੋ-ਸਰਦਾਰ ਸੁੱਖਾ ਸਿੰਘ, ਕੋਟਕਪੂਰਾ-ਸਰਦਾਰ ਜੱਸਾ ਸਿੰਘ, ਵਿੰਝੂ ਕੇ-ਸਰਦਾਰ ਤਰਲੋਕ ਸਿੰਘ ਧਿੰਘ,ਦਯਾਲਪੁਰੇ-ਭਾਈ ਹਰੀ ਸਿੰਘ ਭੰਗੀ, ਬਠਿੰਡੇ-ਨਕਈ ਸਰਦਾਰ ਦਮਦਮੇ ਸਾਹਿਬ-ਬਾਬਾ ਦੀਪ ਸਿੰਘ, ਨਵਾਬ ਕਪੂਰ ਸਿੰਘ-ਬਰਨਾਲੇ ਅਤੇ ਸਰਦਾਰ ਚੜ੍ਹਤ ਸਿੰਘ ਪੱਕੇ-ਪਥਰਾਲੇ।

ਇਸ ਤਰ੍ਹਾਂ ਖਿੰਡ ਕੇ ਕੁਝ ਦਿਨ ਕੱਟੇ। ਲਖਪਤ ਰਾਇ ਵੀ ਵਾਪਸ ਮੁੜ ਗਿਆ ਸੀ ਕਿਉਂ ਜੋ ਉਹ ਖਿਆਲ ਕਰਦਾ ਸੀ ਕਿ ਸਿੱਖਾਂ ਦੀ ਕਮਰ ਤੋੜ ਦਿੱਤੀ ਗਈ ਹੈ। ਨਾਲੇ ਲਾਹੌਰ ਦੇ ਹਾਲਾਤ ਮੁੜਨ ਦੀ ਪ੍ਰੇਰਨਾ ਕਰ ਰਹੇ ਸਨ। ਇਸ ਘੱਲੂ-ਘਾਰੇ ਵਿੱਚ 10,000 ਦੇ ਕਰੀਬ ਸਿੱਖਾਂ ਦਾ ਜਾਨੀ ਨੁਕਸਾਨ ਹੋਇਆ ਅਤੇ ਇਹ ਘੱਲੂਘਾਰਾ 30 ਜੂਨ ਤੱਕ ਹੁੰਦਾ ਰਿਹਾ। ਇਸ ਲੜਾਈ ਵਿੱਚ ਬਹੁਤ ਭਾਰੀ ਨੁਕਸਾਨ ਹੋਣ ਕਰਕੇ ਸਿੱਖ ਇਸ ਨੂੰ ਛੋਟਾ ਘੱਲੂਘਾਰਾ ਕਹਿੰਦੇ ਹਨ। ਕਈ ਸਿੱਖਾਂ ਦੇ ਸਿਰਾਂ ਦੇ ਗੱਡੇ ਭਰ ਕੇ ਲਖਪਤ ਰਾਇ ਲਾਹੌਰ ਲੈ ਗਿਆ। ਉੱਥੇ ਹੀ ਸਿਰਾਂ ਦਾ ਮੀਨਾਰ ਉਸਾਰਿਆ। ਕਈ ਸੌ ਜਿਊਂਦੇ ਵੀ ਪਕੜ ਕੇ ਲੈ ਗਿਆ ਅਤੇ ਉਹਨਾਂ ਨੂੰ ਘੋੜਿਆਂ ਦੀ ਮਾਰਕੀਟ (ਨਖਾਸ) ਦੇ ਲਾਗੇ ਸ਼ਹੀਦ ਕੀਤਾ, ਜਿਥੇ ਅੱਜ ਕੱਲ੍ਹ ਸ਼ਹੀਦ ਗੰਜ ਹੈ। ਇਸ ਘਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ ਇਸ ਸਥਾਨ 'ਤੇ ਗੁਰਦੁਆਰਾ ਬਣਾਇਆ ਗਿਆ ਹੈ। ਇਸ ਪਹਿਲੇ ਘਲੂਘਾਰੇ ਦੌਰਾਨ ਉਜਾੜੇ ਗਏ 44 ਪਿੰਡਾਂ ਦੀ ਸੂਚੀ ਸਵਰਨ ਸਿੰਘ ਨੇ ਆਪਣੀ ਪੁਸਤਕ, ਪਹਿਲਾ ਘੱਲੂਘਾਰਾ( ਲੱਖੂ ਭੱਸੂ ਦੇ ਹੰਕਾਰ ਤੇ ਜ਼ਿੱਦ ਦਾ ਸਿੱਟਾ ), ਪ੍ਰਕਾਸ਼ਿਤ ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਿਚ ਦਿੱਤੀ ਹੈ।

# ਪੰਜਾਬੀ ਡੀਕ ਗਏ ਇਕ ਲੱਖ ਕਰੋੜ ਦੀ ਸ਼ਰਾਬ

ਕਮਲਜੀਤ ਸਿੰਘ ਬਨਵੈਤ
ਮੋ. 98147-34035



- ਭਾਰਤ ਵਿੱਚ ਸ਼ਰਾਬ ਦੀ ਖ਼ਪਤ ਪਹਿਲਾਂ ਨਾਲੋਂ ਤਿੰਨ ਗੁਣਾ ਵਧੀ
- ਵਿਸ਼ਵ ਵਿੱਚ ਸ਼ਰਾਬ ਦੀ ਖ਼ਪਤ ਪਹਿਲਾਂ ਨਾਲੋਂ 13 ਗੁਣਾਂ ਹੇਠਾਂ ਆਈ
- ਪੰਜਾਬ ਦੇ ਪਿੰਡਾਂ ਵਿੱਚ ਠੰਡੀ ਬੀਅਰ ਵਰਤਣ ਲੱਗੀ
- 2016 ਨੂੰ ਦੁਨੀਆਂ ਵਿੱਚ ਕੁੱਲ ਸ਼ਰਾਬ ਦੀ ਖਪਤ 25 ਅਰਬ ਲੀਟਰ ਸੀ, ਜਿਸ ਵਿੱਚੋਂ ਹੁਣ 13 ਫ਼ੀਸਦੀ ਘਟੀ
- ਅਗਲੇ ਤਿੰਨ ਸਾਲਾਂ ਦੌਰਾਨ ਭਾਰਤ ਵਿੱਚ ਸ਼ਰਾਬ ਦੀ ਖ਼ਪਤ 4 ਫ਼ੀਸਦੀ ਵਧਣ ਦੀ ਸੰਭਾਵਨਾ
- ਸ਼ਰਾਬ ਦੀ ਵਿੱਕਰੀ ਸਰਕਾਰਾਂ ਲਈ ਵੱਡਾ ਵਿੱਤੀ ਨੁੰਮਣਾ
- ਸ਼ਰਾਬ ਮਾਫੀਆ ਨੂੰ ਸਿਆਸੀ ਲੀਡਰਾਂ, ਪੁਲਿਸ ਅਤੇ ਅਫਸਰਸ਼ਾਹੀ ਦੀ ਸਰਪ੍ਰਸਤੀ ਪ੍ਰਾਪਤ

ਦੁਨੀਆਂ ਭਰ ਵਿੱਚ ਸ਼ਰਾਬ ਦੀ ਖ਼ਪਤ ਘੱਟ ਰਹੀ ਹੈ ਲੇਕਿਨ 21ਵੀਂ ਸਦੀ ਦੇ ਪਹਿਲੇ ਢਾਈ ਦਹਾਕਿਆਂ ਦੌਰਾਨ ਪੰਜਾਬ ਵਿੱਚ ਸ਼ਰਾਬ ਦੀ ਖ਼ਪਤ ਨੇ ਸਿਖਰਾਂ ਨੂੰ ਛੂਹ ਲਿਆ ਹੈ। ਸਾਲ 2001 ਤੋਂ ਲੈ ਕੇ ਹੁਣ ਤੱਕ ਪੰਜਾਬੀ ਸ਼ਰਾਬ ਪੀਣ ਉੱਤੇ ਕਰੀਬ ਇਕ ਲੱਖ ਕਰੋੜ ਰੁਪਏ ਖ਼ਰਚ ਕਰ ਚੁੱਕੇ ਹਨ। ਕਈ ਸਰਕਾਰਾਂ ਲਈ ਆਬਕਾਰੀ ਵਿਭਾਗ ਵਿੱਤੀ ਨੁੰਮਣਾ ਹੈ। ਚਾਲੂ ਸਦੀ ਦੀ ਸਿਲਵਰ ਜੁਬਲੀ ਮੁਕੰਮਲ ਹੋਣ ਤੱਕ ਇਹ ਅੰਕੜਾ ਇਕ ਲੱਖ ਕਰੋੜ ਨੂੰ ਪਾਰ ਕਰ ਜਾਵੇਗਾ।

ਇੱਕ ਤਾਜ਼ਾ ਰਿਪੋਰਟ ਦੇ ਮੁਤਾਬਕ ਜਿੱਥੇ ਭਾਰਤ ਵਿੱਚ ਸ਼ਰਾਬ ਦੀ ਮੰਗ ਲਗਾਤਾਰ ਵੱਧ ਰਹੀ ਹੈ ਉੱਥੇ ਅਮਰੀਕਾ, ਚੀਨ, ਇੰਗਲੈਂਡ, ਜਰਮਨੀ, ਜਪਾਨ, ਫਰਾਂਸ ਅਤੇ ਇਟਲੀ ਵਰਗੇ ਦੇਸ਼ ਸ਼ਰਾਬ ਤੋਂ ਦੂਰੀ ਬਣਾ ਰਹੇ ਹਨ। ਆਈ ਡਬਲਯੂ ਐਸ ਆਰ ਦੀ ਰਿਪੋਰਟ ਦੇ ਮੁਤਾਬਕ ਭਾਰਤ ਤੋਂ ਇਲਾਵਾ ਬ੍ਰਾਜ਼ੀਲ ਅਤੇ ਮੈਕਸੀਕੋ ਵਿੱਚ ਵੀ ਸ਼ਰਾਬ ਦੀ ਮੰਗ ਵਧੀ ਹੈ।

ਸਾਲ 2002 ਤੋਂ 2007 ਤੱਕ ਪੰਜਾਬ ਵਿੱਚ ਰੋਜ਼ਾਨਾ ਸ਼ਰਾਬ ਦੀ ਖਪਤ 4.01 ਕਰੋੜ ਸੀ ਜਿਹੜੀ ਕਿ 2025-26 ਦੌਰਾਨ ਵੱਧ ਕੇ 24 ਕਰੋੜ ਰੋਜ਼ਾਨਾ ਨੂੰ ਪੁੱਜ ਗਈ ਹੈ। ਇਹ ਵਾਧਾ ਛੇ ਗੁਣਾ ਤੋਂ ਵੱਧ ਬਣਦਾ ਹੈ। ਇਸ ਤੋਂ ਬਿਨਾਂ ਗ਼ੈਰ ਕਾਨੂੰਨੀ ਤੌਰ 'ਤੇ ਵਿਕ ਰਹੀ ਸ਼ਰਾਬ ਦੀ ਖ਼ਪਤ ਦੇ ਅੰਕੜੇ ਵੱਖਰੇ ਹਨ।

ਭਾਰਤ ਵਿੱਚ ਸਾਲ 2005 ਨੂੰ ਪ੍ਰਤੀ ਵਿਅਕਤੀ ਸ਼ਰਾਬ ਦੀ ਖਪਤ 1. 3 ਲੀਟਰ ਸੀ ਪਿਛਲੇ ਵਿੱਤੀ ਸਾਲ ਤੱਕ ਖ਼ਪਤ ਪੰਜ ਗੁਣਾਂ ਦਰਜ ਕੀਤੀ ਗਈ ਸੀ। ਰਿਪੋਰਟ ਵਿੱਚ ਅੰਦਾਜ਼ਾ ਲਾਇਆ ਗਿਆ ਹੈ ਕਿ 2028 ਤੱਕ ਸ਼ਰਾਬ ਦੀ ਖ਼ਪਤ ਵਿੱਚ ਚਾਰ ਗੁਣਾ ਦਾ ਵਾਧਾ ਹੋ ਜਾਵੇਗਾ। ਸਾਲ 2024-25 ਵਿੱਚ ਇੱਕ ਸੂਬੇ ਵਿੱਚ ਸ਼ਰਾਬ ਦੀ ਵਿੱਕਰੀ ਲਗਭਗ 19,730 ਕਰੋੜ ਰੁਪਏ ਤੱਕ ਪਹੁੰਚ ਗਈ ਹੈ ਜਿਹੜੀ ਕਿ 2023-24 ਤੱਕ 19,069 ਕਰੋੜ ਰੁਪਏ ਸੀ। ਇਸ ਦਾ ਮਤਲਬ ਇਹ ਹੋਇਆ ਕਿ ਸ਼ਰਾਬ ਦੀ ਖਪਤ ਵਿੱਚ ਸਾਲਾਨਾ ਸਾਢੇ ਤਿੰਨ ਫੀਸਦ ਦਾ ਵਾਧਾ ਹੋ ਰਿਹਾ ਹੈ।

ਭਾਰਤ ਪਹਿਲਾਂ ਹੀ ਦੁਨੀਆਂ ਵਿੱਚ ਸਭ ਤੋਂ ਵੱਧ ਵਿਸਕੀ ਪੀਣ ਵਾਲਾ ਦੇਸ਼ ਹੈ। ਹੁਣ ਇਹ ਸਿੰਗਲ ਮਾਲਟ ਵਿਸਕੀ ਦਾ ਇੱਕ ਵੱਡਾ ਉਤਪਾਦਕ ਬਣ ਚੁੱਕਿਆ ਹੈ। ਸਾਲ 2022 ਵਿੱਚ ਭਾਰਤ ਦਾ ਸ਼ੁੱਧ ਸ਼ਰਾਬ ਬਾਜ਼ਾਰ ਕਰੀਬ ਤਿੰਨ ਅਰਬ ਲੀਟਰ ਸੀ, ਜਿਹਦਾ 92 ਫ਼ੀਸਦੀ ਹਿੱਸਾ ਵਿਸਕੀ, ਰਮ, ਵੋਧਕਾ, ਟਕੀਲਾ, ਬਰਾਂਡੀ ਅਤੇ ਲੀਕਰ ਜਿਹੀਆਂ ਸ਼ਰਾਬਾਂ ਦਾ ਹੈ। 2016 ਨੂੰ ਦੁਨੀਆਂ ਵਿੱਚ ਕੁੱਲ ਸ਼ਰਾਬ ਦੀ ਖ਼ਪਤ 25 ਅਰਬ ਲੀਟਰ ਸੀ ਜਦੋਂ ਕਿ ਹੁਣ ਇਹ 13 ਫ਼ੀਸਦੀ ਘੱਟ ਚੁੱਕੀ ਹੈ। ਸਾਲ 2013 ਵਿੱਚ ਪ੍ਰਤੀ ਵਿਅਕਤੀ ਸ਼ਰਾਬ ਦੀ ਖਪਤ ਪੰਜ ਲੀਟਰ ਸੀ ਜਿਹੜੀ 2023 ਨੂੰ ਘੱਟ ਕੇ ਚਾਰ ਲੀਟਰ ਰਹਿ ਗਈ ਸੀ। ਭਾਰਤ ਵਿੱਚ ਪ੍ਰਤੀ ਵਿਅਕਤੀ ਖਪਤ ਹਾਲੇ ਵੀ ਘੱਟ ਹੈ ਅਤੇ ਇਸ ਵਿੱਚ ਵਾਧੇ ਦੀ ਗੁੰਜਾਇਸ਼ ਦਿਸ ਰਹੀ ਹੈ। ਭਾਰਤ ਵਿੱਚ ਸ਼ਰਾਬ ਪੀਣਾ ਇੱਕ ਫੈਸ਼ਨ ਬਣਨ ਲੱਗਾ ਹੈ। ਨੌਜਵਾਨ ਮੁੰਡੇ ਕੁੜੀਆਂ ਵਿੱਚ ਇਹ ਫੈਸ਼ਨ ਲਗਾਤਾਰ ਵੱਧ ਰਿਹਾ ਹੈ। ਬਾਜ਼ਾਰ ਵਿੱਚ ਕਈ ਸਥਾਨਕ ਕੰਪਨੀਆਂ ਆ ਗਈਆਂ ਹਨ ਜਿਹੜੀਆਂ ਸਸਤੀ ਅਤੇ ਚੰਗੀ ਕੁਆਲਿਟੀ ਦੀ ਸ਼ਰਾਬ ਬਣਾ ਰਹੀਆਂ ਹਨ। ਦੇਸੀ ਸ਼ਰਾਬ ਬਣਾਉਣ ਵਾਲੇ ਕਈ ਬ੍ਰਾਂਡ ਹੁਣ ਪ੍ਰੀਮੀਅਮ ਸੈਗਮੈਂਟ ਵਿੱਚ ਵੀ ਉੱਤਰ ਚੁੱਕੇ ਹਨ।

ਗ਼ੈਰ ਕਾਨੂੰਨੀ ਤੌਰ 'ਤੇ ਵਿਕ ਰਹੀ ਸ਼ਰਾਬ ਦੀ ਗੱਲ ਕਰੀਏ ਤਾਂ ਪੰਜਾਬ ਸਮੇਤ ਭਾਰਤ ਦੇ ਕਈ ਸੂਬਿਆਂ ਵਿੱਚ ਇਸ ਨੇ ਸੈਂਕੜੇ ਜਾਨਾਂ ਨਿਗਲ ਲਈਆਂ ਹਨ। ਪੰਜਾਬ ਵਿੱਚ ਪਿਛਲੇ ਛੇ ਸਾਲਾਂ ਦੌਰਾਨ ਜ਼ਹਿਰੀਲੀ ਸ਼ਰਾਬ ਨਾਲ 157 ਮੌਤਾਂ ਹੋਈਆਂ ਹਨ।

ਇੱਕ ਹੋਰ ਜਾਣਕਾਰੀ ਅਨੁਸਾਰ ਜ਼ਹਿਰੀਲੀ ਸ਼ਰਾਬ ਕਾਰਨ ਮੌਤਾਂ ਵਿੱਚ ਪੰਜਾਬ ਮੁਲਕ ਭਰ ਵਿੱਚੋਂ ਦੂਜੇ ਥਾਂ 'ਤੇ ਆ ਰਿਹਾ ਹੈ। ਪੂਰੇ ਦੇਸ਼ ਵਿੱਚ 1978 ਤੋਂ ਲੈ ਕੇ ਹੁਣ ਤੱਕ ਜ਼ਹਿਰੀਲੀ ਸ਼ਰਾਬ ਕਾਰਨ 17 ਹਾਦਸੇ ਵਾਪਰੇ ਹਨ, ਜਿਨ੍ਹਾਂ ਵਿੱਚ 2302 ਵਿਅਕਤੀਆਂ ਦੀ ਜਾਨ ਗਈ ਹੈ। ਗੁਜਰਾਤ ਇਸ ਮਾਮਲੇ ਵਿੱਚ ਦੇਸ਼ ਭਰ ਵਿੱਚੋਂ ਅੱਗੇ ਰਿਹਾ ਹੈ, ਜਿੱਥੇ 1987 ਵਿੱਚ ਸਭ ਤੋਂ ਵੱਧ 200 ਵਿਅਕਤੀਆਂ ਦੀ ਜ਼ਹਿਰੀਲੀ ਸ਼ਰਾਬ ਪੀਣ ਨਾਲ ਮੌਤ ਹੋਈ ਸੀ। ਮੌਤਾਂ ਦੀ ਗਿਣਤੀ ਦੇ ਹਿਸਾਬ ਨਾਲ ਪੰਜਾਬ ਦੂਜੇ ਨੰਬਰ 'ਤੇ ਹੈ, ਜਿੱਥੇ ਸਾਲ 2020 ਵਿੱਚ ਜ਼ਹਿਰੀਲੀ ਸ਼ਰਾਬ ਨੇ 121 ਜਾਨਾਂ ਲਈਆਂ ਸਨ। ਮਿਲੀ ਜਾਣਕਾਰੀ ਅਨੁਸਾਰ ਗੁਜਰਾਤ ਵਿੱਚ ਸਾਲ 1976 ਨੂੰ ਸੌ ਮੌਤਾਂ ਅਤੇ 1986 ਵਿੱਚ 108 ਮੌਤਾਂ ਜ਼ਹਿਰੀਲੀ ਸ਼ਰਾਬ ਕਾਰਨ ਹੋਈਆਂ ਸਨ। ਪੰਜਾਬ ਵਿੱਚ ਅਕਤੂਬਰ 2010 ਵਿੱਚ ਦਸੂਹਾ ਇਲਾਕੇ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ 16 ਲੋਕਾਂ ਦੀ ਜਾਨ ਗਈ ਸੀ ਅਤੇ ਉਸ ਤੋਂ ਬਾਅਦ ਜੁਲਾਈ ਅਗਸਤ 2020 ਵਿੱਚ ਮਾਝੇ ਇਲਾਕੇ ਵਿੱਚ 121 ਜਾਨਾਂ ਚਲੀ ਗਈਆਂ ਸਨ। ਆਮ ਆਦਮੀ ਪਾਰਟੀ ਸਰਕਾਰ ਦੇ ਕਾਰਜਕਾਲ ਦੌਰਾਨ ਮਾਰਚ 2024 ਵਿੱਚ ਦਿੜ੍ਹਬਾ ਅਤੇ ਸੁਨਾਮ ਬਲਾਕ ਵਿੱਚ 20 ਲੋਕਾਂ ਦੀ ਜਾਨ ਜ਼ਹਿਰੀਲੀ ਸ਼ਰਾਬ ਕਾਰਨ ਚਲੀ ਗਈ ਸੀ ਅਤੇ ਹੁਣ ਮਜੀਠਾ ਇਲਾਕੇ ਵਿੱਚ ਜ਼ਹਿਰੀਲੀ ਸ਼ਰਾਬ ਕਾਰਨ 21 ਲੋਕਾਂ ਦੀ ਮੌਤ ਹੋ ਗਈ ਹੈ। ਮਾਝੇ ਵਿੱਚ 12 ਮਈ ਨੂੰ ਵੀ ਅੱਠ ਲੋਕਾਂ ਦੀ ਮੌਤ ਹੋਈ ਸੀ ਪਰ ਖ਼ਬਰ ਪੂਰੀ ਤਰ੍ਹਾਂ ਨਸ਼ਰ ਨਹੀਂ ਹੋ ਸਕੀ ਸੀ।

ਸੂਬੇ ਵਿੱਚ ਕਾਂਗਰਸ ਜਾਂ ਅਕਾਲੀ ਦਲ ਦੀ ਸਰਕਾਰ ਤਾਂ ਬਦਲ ਗਈ ਪਰ ਨਕਲੀ ਸ਼ਰਾਬ ਦਾ ਕਾਰੋਬਾਰ ਬੰਦ ਨਹੀਂ ਹੋਇਆ ਹੈ। ਇੱਕ ਹਫ਼ਤੇ ਦੌਰਾਨ ਮਾਝੇ ਵਿੱਚ ਨਕਲੀ ਸ਼ਰਾਬ ਪੀਣ ਨਾਲ ਦੋ ਵੱਡੇ ਹਾਦਸੇ ਵਾਪਰ ਰਹੇ ਹਨ। ਦੋਹਾਂ ਹਾਦਸਿਆਂ ਵਿੱਚ 29 ਲੋਕਾਂ ਦੀ ਮੌਤ ਹੋਈ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਮਾਝਾ ਖੇਤਰ ਵਿੱਚ 121 ਮੌਤਾਂ ਹੋਈਆਂ ਸਨ। ਸਿਤਮ ਦੀ ਗੱਲ ਇਹ ਕਿ ਕਾਂਗਰਸੀ ਹਕੂਮਤ ਦੌਰਾਨ ਜਦੋਂ 29 ਜੁਲਾਈ 2020 ਨੂੰ ਮਾਝੇ ਵਿੱਚ ਜ਼ਹਿਰੀਲੀ ਸ਼ਰਾਬ ਕਾਰਨ ਵੱਡਾ ਦੁਖਾਂਤ ਵਾਪਰਿਆ ਸੀ ਤਾਂ ਉਦੋਂ ਘਟਨਾ ਤੋਂ 11 ਦਿਨ ਮਗਰੋਂ ਅੱਠ ਅਗਸਤ ਨੂੰ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੀੜਤਾਂ ਦੀ ਸਾਰ ਲੈਣ ਪਹੁੰਚੇ ਸਨ। ਸਰਕਾਰ ਦੇ ਦੂਜੇ ਮੰਤਰੀ ਵੀ ਹਫ਼ਤੇ ਬਾਅਦ ਹੀ ਦੁੱਖ ਸਾਂਝਾ ਕਰਨ ਲਈ ਪੁੱਜੇ ਸਨ। ਅਗਲੇ ਪਿਛਲੇ ਸਾਲ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਪਣੇ ਜ਼ਿਲ੍ਹੇ ਸੰਗਰੂਰ ਵਿੱਚ 14 ਲੋਕਾਂ ਦੀ ਜਾਨ ਗਈ ਸੀ। ਮੰਤਰੀ ਭਗਵੰਤ ਸਿੰਘ ਮਾਨ ਇਸ ਨੂੰ ਸ਼ਰਾਬ ਪੀਣ ਨਾਲ ਹੋਈ ਮੌਤ ਨਹੀਂ ਸਗੋਂ ਕਤਲ ਦੱਸਦੇ ਹਨ।

ਦੁੱਖ ਦੀ ਗੱਲ ਇਹ ਕਿ ਕਾਂਗਰਸ ਸਰਕਾਰ ਵੇਲੇ ਜਾਅਲੀ ਸ਼ਰਾਬ ਨਾਲ 120 ਮੌਤਾਂ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਪਤਾ ਲੱਗਾ ਸੀ ਕਿ ਸਰਕਾਰ ਦੇ ਕਈ ਵਿਧਾਇਕਾਂ ਦੀਆਂ ਸ਼ਰਾਬ ਦੀਆਂ ਗ਼ੈਰ ਕਾਨੂੰਨੀ ਫੈਕਟਰੀਆਂ ਚੱਲ ਰਹੀਆਂ ਹਨ। ਮੰਤਰੀ ਮਾਨ ਨੇ 13 ਮਈ ਦੇ ਦੁਖਾਂਤ ਪਿੱਛੇ ਵੀ ਸਿਆਸੀ ਆਗੂਆਂ, ਪੁਲਿਸ ਅਤੇ ਨੌਕਰਸ਼ਾਹਾਂ ਦੇ ਗੱਠਜੋੜ ਵੱਲ ਇਸ਼ਾਰਾ ਕੀਤਾ ਹੈ। ਉਹਨਾਂ ਨੇ ਅਜਿਹੇ ਲੋਕਾਂ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਹੈ ਜਿਨਾਂ ਦੀ ਸਰਪ੍ਰਸਤੀ ਤੋਂ ਬਿਨਾਂ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਚੱਲਣਾ ਸੰਭਵ ਨਹੀਂ ਹੈ। ਮੁੱਖ ਮੰਤਰੀ ਦੀ ਇਸ ਟਿੱਪਣੀ ਵਿੱਚ ਕਈ ਭੇਦ ਲੁਕੇ ਹੋਏ ਲੱਗਦੇ ਹਨ। ਦੱਸਿਆ ਜਾ ਰਿਹਾ ਹੈ ਕਿ ਮਜੀਠਾ ਖੇਤਰ ਵਿੱਚ ਸ਼ਰਾਬ ਦੇ ਠੇਕੇਦਾਰਾਂ ਦੇ ਦੋ ਗਰੁੱਪਾਂ ਵਿਚਾਲੇ ਸ਼ਰਾਬ ਦੇ ਮੁੱਲ ਨੂੰ ਲੈ ਕੇ ਲੜਾਈ ਚੱਲ ਰਹੀ ਸੀ। ਜਿਨ੍ਹਾਂ ਬਾਰੇ ਮਿਲੀਆਂ ਸ਼ੁਰੂਆਤੀ ਰਿਪੋਰਟਾਂ ਦੇ ਅਧਾਰ 'ਤੇ ਹੀ ਮੁੱਖ ਮੰਤਰੀ ਕਿਸੇ ਸਿੱਟੇ ਉੱਤੇ ਪੁੱਜੇ ਹੋ ਸਕਦੇ ਹਨ। ਚਰਚਾ ਹੈ ਕਿ ਸ਼ਰਾਬ ਦੀਆਂ ਕੀਮਤਾਂ ਨੂੰ ਲੈ ਕੇ ਦੋ ਗਰੁੱਪਾਂ ਦੀ ਆਪਸੀ ਲੜਾਈ ਵਿੱਚੋਂ ਜ਼ਹਿਰੀਲੀ ਸ਼ਰਾਬ ਕਾਂਡ ਵਾਪਰਿਆ ਹੈ। ਮਜੀਠਾ ਖੇਤਰ ਦਾ ਸ਼ਰਾਬ ਕਾਰੋਬਾਰ ਠੇਕੇਦਾਰਾਂ ਦੇ ਦੋ ਗਰੁੱਪਾਂ ਕੋਲ ਹੈ, ਛੋਟੇ ਗਰੁੱਪ ਵੱਲੋਂ ਸ਼ਰਾਬ ਨੂੰ ਤੈਅ ਕੀਮਤ 'ਤੇ ਵੇਚਿਆ ਜਾ ਰਿਹਾ ਸੀ ਜਦ ਕਿ ਦੂਜੇ ਵੱਡੇ ਗਰੁੱਪ ਨੇ ਸ਼ਰਾਬ ਦੇ ਭਾਅ ਉੱਚੇ ਰੱਖੇ ਹੋਏ ਸਨ। ਛੋਟੇ ਗਰੁੱਪ ਵੱਲੋਂ ਮੁਕੱਰਰ ਭਾਅ ਉੱਤੇ ਸ਼ਰਾਬ ਵੇਚੇ ਜਾਣ ਤੋਂ ਦੂਸਰਾ ਗਰੁੱਪ ਔਖਾ ਸੀ ਕਿਉਂਕਿ ਉਹਨਾਂ ਦੀ ਵਿੱਕਰੀ ਪ੍ਰਭਾਵਿਤ ਹੋ ਰਹੀ ਸੀ। ਸੂਤਰ ਤਾਂ ਇਹ ਵੀ ਦਾਅਵਾ ਕਰਦੇ ਹਨ ਕਿ ਇਸ ਖੇਤਰ ਦੇ ਵੱਡੇ ਗਰੁੱਪ ਨੂੰ ਸਿਆਸੀ ਸਰਪ੍ਰਸਤੀ ਹਾਸਲ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ਹਿਰੀਲੀ ਸ਼ਰਾਬ ਪੀ ਕੇ ਮਰਨ ਵਾਲਿਆਂ ਦੇ ਪਰਿਵਾਰ ਲਈ 10 ਲੱਖ ਰੁਪਏ ਦਾ ਮੁਆਵਜ਼ਾ ਅਤੇ ਇੱਕ ਮੈਂਬਰ ਨੂੰ ਨੌਕਰੀ ਦੇਣ ਦਾ ਵਾਅਦਾ ਕੀਤਾ ਹੈ। ਦੂਜੇ ਬੰਨੇ ਪਾਕਿਸਤਾਨ ਨਾਲ ਅਣ ਐਲਾਨੀ ਜੰਗ ਦੌਰਾਨ ਆਪਣੀ ਜਾਨ ਗੁਆ ਦੇਣ ਵਾਲੀ ਮਹਿਲਾ ਦੇ ਪਰਿਵਾਰ ਲਈ ਪੰਜ ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਭਰੋਸਾ ਦਿੱਤਾ ਗਿਆ ਹੈ। ਸ਼ਹੀਦ ਲਈ ਮੁਆਵਜ਼ੇ ਦੀ ਰਕਮ ਨਾਲੋਂ ਸ਼ਰਾਬ ਨਾਲ ਮਰਨ ਵਾਲਿਆਂ ਦੇ ਪਰਿਵਾਰ ਨੂੰ ਦੁਗਣੇ ਪੈਸੇ ਦੇਣ ਦੇ ਐਲਾਨ ਨੇ ਸਰਕਾਰ ਨੂੰ ਵਿਵਾਦਾਂ ਵਿੱਚ ਫਸਾ ਦਿੱਤਾ ਹੈ। ਪੰਜਾਬ ਸਰਕਾਰ ਨੇ ਜਦੋਂ ਯੁੱਧ ਨਸ਼ਿਆਂ ਵਿਰੁੱਧ ਛੇੜਿਆ ਹੋਇਆ ਹੈ ਤਾਂ ਉਸ ਵੇਲੇ ਅਜਿਹੇ ਕਾਂਡ ਦਾ ਵਾਪਰਨਾ ਸਰਕਾਰ ਤੇ ਪੁਲਿਸ ਦੀ ਕਾਰਗੁਜ਼ਾਰੀ ਉੱਤੇ ਕਈ ਤਰ੍ਹਾਂ ਦੇ ਸਵਾਲ ਖੜੇ ਹੋ ਗਏ ਹਨ।

ਦੁੱਖ ਦੀ ਗੱਲ ਇਹ ਕਿ ਵਿਰੋਧੀ ਸਿਆਸੀ ਪਾਰਟੀਆਂ ਵੱਲੋਂ ਸੂਬੇ ਵਿੱਚ ਵਿੱਕ ਰਹੀ ਜਾਅਲੀ ਸ਼ਰਾਬ ਅਤੇ ਹੋ ਰਹੀਆਂ ਮੌਤਾਂ ਨੂੰ ਲੈ ਕੇ ਚਿੰਤਾ ਘੱਟ ਅਤੇ ਰਾਜਨੀਤੀ ਵਧੇਰੇ ਕੀਤੀ ਜਾ ਰਹੀ ਹੈ। ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਕਹਿੰਦੇ ਹਨ ਕਿ 21 ਮੌਤਾਂ ਲਈ ਪੰਜਾਬ ਦੇ ਮੁੱਖ ਮੰਤਰੀ ਅਤੇ ਆਬਕਾਰੀ ਮੰਤਰੀ ਜ਼ਿੰਮੇਵਾਰ ਹਨ। ਉਹਨਾਂ ਨੇ ਤੁਰੰਤ ਅਸਤੀਫੇ ਦੀ ਮੰਗ ਕੀਤੀ ਹੈ ਅਤੇ ਨਾਲ ਹੀ ਹਾਈਕੋਰਟ ਦੇ ਮੌਜੂਦਾ ਜੱਜ ਤੋਂ ਨਿਆਂਇਕ ਜਾਂਚ ਕਰਾਉਣ ਦੀ ਮੰਗ ਵੀ ਕਰ ਦਿੱਤੀ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਕਹਿੰਦੇ ਹਨ ਕਿ ਦਿੱਲੀ ਵਾਲਾ ਸ਼ਰਾਬ ਮਾਫੀਆ ਹੁਣ ਪੰਜਾਬ ਵਿੱਚ ਸਰਗਰਮ ਹੈ। ਸ਼ਰਾਬ ਦੇ ਮਾਮਲੇ ਵਿੱਚ ਜੇਲ ਕੱਟਣ ਵਾਲੇ ਲੋਕ ਚੰਡੀਗੜ੍ਹ ਵਿੱਚ ਬੈਠ ਕੇ ਸਰਕਾਰ ਚਲਾ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਰਕਾਰ ਦੇ ਹੱਥ ਨਾਲ ਖੂਨ ਰੰਗੇ ਹੋਣ ਦਾ ਦੋਸ਼ ਲਾਇਆ। ਸੱਤਾਧਾਰੀ ਪਾਰਟੀ ਦੇ ਵਿਧਾਇਕ ਅਤੇ ਆਗੂ ਸਿੱਧੇ ਤੌਰ ਉੱਤੇ ਇਸ ਗੈਰ ਕਾਨੂੰਨੀ ਧੰਦੇ ਵਿੱਚ ਸ਼ਾਮਿਲ ਹਨ। ਦਿਲਚਸਪ ਗੱਲ ਇਹ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਿਰੋਧੀ ਧਿਰ ਵਿੱਚ ਹੁੰਦਿਆਂ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਉੱਤੇ ਇਹੋ ਦੋਸ਼ ਲਾਉਂਦੇ ਰਹੇ ਹਨ। ਇਥੇ ਇਹ ਦੱਸਣਾ ਦਿਲਚਸਪ ਰਹੇਗਾ ਕਿ ਜਦੋਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਜਾਅਲੀ ਸ਼ਰਾਬ ਪੀਣ ਨਾਲ 121 ਬੰਦਿਆਂ ਦੀ ਮੌਤ ਹੋਈ ਸੀ ਤਦ ਰਾਜਪੁਰਾ ਖੰਨਾ ਅਤੇ ਮਾਝੇ ਵਿੱਚ ਨਕਲੀ ਸ਼ਰਾਬ ਦੀਆਂ ਫੈਕਟਰੀਆਂ ਫੜੀਆਂ ਗਈਆਂ ਸਨ ਅਤੇ ਉਦੋਂ ਇਹ ਚਰਚਾ ਵੀ ਬੜੇ ਜ਼ੋਰ ਨਾਲ ਛਿੜ ਪਈ ਸੀ ਕਿ ਇਹਨਾਂ ਭੱਠੀਆਂ ਦੀ ਮਲਕੀਅਤ ਸਰਕਾਰ ਦੇ ਵਿਧਾਇਕਾਂ ਦੇ ਨਾਂ ਬੋਲਦੀ ਹੈ। ਉਸ ਵੇਲੇ ਸਰਕਾਰ ਵੱਲੋਂ ਸਖਤ ਕਾਰਵਾਈ ਕੀਤੀ ਹੁੰਦੀ ਤਾਂ ਅੱਜ ਆਹ ਦਿਨ ਨਹੀਂ ਸੀ ਦੇਖਣੇ ਪੈਣੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਬਦਲਾਅ ਦਾ ਨਾਅਰਾ ਲੈ ਕੇ ਸੱਤਾ ਵਿੱਚ ਆਏ ਸਨ ਪਰ ਬਦਲਾਅ ਪੰਜਾਬੀਆਂ ਦੇ ਨਜ਼ਰੀ ਨਹੀਂ ਪੈ ਰਿਹਾ ਹੈ।

ਸਚਾਈ ਕੁਝ ਵੀ ਹੋਵੇ ਪਰ ਜਾਅਲੀ ਸ਼ਰਾਬ ਵੇਚਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨੀ ਬਣਦੀ ਹੈ। ਮੁੱਖ ਮੰਤਰੀ ਮਾਨ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਨਕਲੀ ਸ਼ਰਾਬ ਪੀਣ ਨਾਲ ਮੌਤ ਨਹੀਂ ਸਗੋਂ ਕਤਲ ਹੋਏ ਹਨ। ਲੋੜ ਸ਼ਰਾਬ ਦੇ ਵਪਾਰੀਆਂ ਨੂੰ ਕਤਲਾਂ ਵਾਲੀਆਂ ਧਰਾਵਾਂ ਤਹਿਤ ਸਜ਼ਾ ਦੁਆਉਣ ਦੀ ਹੈ ਨਹੀਂ ਤਾਂ ਇਸ ਧੰਦੇ ਨੂੰ ਠੱਲ ਪੈਣ ਦੀ ਉਮੀਦ ਨਹੀਂ ਰੱਖੀ ਜਾ ਸਕਦੀ। ਉਂਝ ਸਰਕਾਰ ਵੱਲੋਂ ਉਥੋਂ ਦੇ ਐਸ ਐਚ ਓ ਅਤੇ ਡੀਐਸਪੀ ਸਮੇਤ ਆਬਕਾਰੀ ਵਿਭਾਗ ਦੇ ਦੋ ਅਫਸਰਾਂ ਨੂੰ ਤੁਰੰਤ ਮੁਅੱਤਲ ਕਰ ਦਿੱਤਾ ਗਿਆ ਸੀ। ਸਰਕਾਰ ਦੀ ਇਹ ਕਾਰਵਾਈ ਨਾ ਕਾਫ਼ੀ ਹੈ।

# ਸਕੂਲ ਆਫ ਐਮੀਨੈਂਸ ਦੇ ਨਤੀਜਿਆਂ ਨੇ ਮਾਪਿਆਂ ਨੂੰ ਕੀਤਾ ਨਿਰਾਸ਼ !

ਅਜੀਤ ਖੰਨਾ
ਮੋ:76967-54669

ਪੂਰੇ ਪੰਜਾਬ ਅੰਦਰ 19000 ਦੇ ਕਰੀਬ ਸਰਕਾਰੀ ਸਕੂਲ ਹਨ। ਸਤਾ ਪ੍ਰਾਪਤੀ ਪਿੱਛੋਂ ਮੌਜੂਦਾ ਪੰਜਾਬ ਸਰਕਾਰ ਵੱਲੋਂ ਸਿੱਖਿਆ 'ਚ ਸੁਧਾਰ ਕਰਨ ਦੇ ਯਤਨਾਂ ਵਜੋਂ ਪੰਜਾਬ ਦੇ 23 ਜ਼ਿਲ੍ਹਿਆਂ 'ਚ 118 ਸਕੂਲ ਆਫ ਐਮੀਨੈਂਸ ਖੋਲ੍ਹੇ ਗਏ। ਪਹਿਲੇ ਗੇੜ 'ਚ ਇਨ੍ਹਾਂ ਸਕੂਲਾਂ ਲਈ 200 ਕਰੋੜ ਦੀ ਰਾਸ਼ੀ ਰਾਖਵੀਂ ਰੱਖੀ ਗਈ ਸੀ। ਸਰਕਾਰ ਦਾਅਵਾ ਕਰਦੀ ਹੈ ਕਿ ਸਕੂਲ ਆਫ ਐਮੀਨੈਂਸ ਅੱਤ ਆਧੁਨਿਕ ਸਹੂਲਤਾਂ ਨਾਲ ਲੈੱਸ ਹਨ ਤੇ ਇਸ ਪ੍ਰੋਗਰਾਮ ਦਾ ਉਦੇਸ਼ ਸੂਬੇ ਦੇ ਸਰਕਾਰੀ ਸਕੂਲਾਂ ਵਿਚ ਬੇਹਤਰ ਅਤੇ ਸ਼ਾਨਦਾਰ ਸਿੱਖਿਆ ਨੂੰ ਮੁੜ ਵਿਕਸਤ ਕਰਨਾ ਹੈ। ਇਹ ਸਕੂਲ ਵਿਦਿਆਰਥੀਆਂ ਨੂੰ ਇੱਕਵੀਂ ਸਦੀ ਦੇ ਜ਼ਿੰਮੇਵਾਰ ਨਾਗਰਿਕ ਬਣਾਉਣ ਲਈ ਸਰਵਪੱਖੀ ਸ਼ਖ਼ਸੀਅਤ ਸਿਰਜਣ ਦਾ ਵਿਜ਼ਨ ਪੇਸ਼ ਕਰਨਗੇ, ਨਾਲ ਹੀ ਇਹ ਦਾਅਵਾ ਵੀ ਕੀਤਾ ਗਿਆ ਹੈ ਕਿ ਸਕੂਲ ਆਫ ਐਮੀਨੈਂਸ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਕਲਾ ਦੀ ਉਤਮਤਾ ਦਾ ਕੇਂਦਰ ਹੋਣਗੇ ਤੇ ਇਨ੍ਹਾਂ ਸਕੂਲਾਂ 'ਚ ਅਤਿ ਆਧੁਨਿਕ ਸਹੂਲਤਾਂ ਉਪਲਬਧ ਹੋਣਗੀਆਂ। ਪਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਾਲ 2024-25 ਸੈਸ਼ਨ ਦੇ ਹਾਲ ਹੀ 'ਚ 12ਵੀਂ ਜਮਾਤ ਦੇ ਆਏ ਨਤੀਜਿਆਂ ਨੇ ਸੂਬੇ ਦੇ 117 ਸਕੂਲ ਆਫ ਐਮੀਨੈਂਸ 'ਚ ਉੱਚੇ ਪੱਧਰ ਦੀ ਸਿੱਖਿਆ ਦਿੱਤੇ ਜਾਣ ਦੀ ਪੋਲ ਖੋਲ ਦਿੱਤੀ ਹੈ। ਬੋਰਡ ਵੱਲੋਂ ਜਾਰੀ 295 ਵਿਦਿਆਰਥੀਆਂ ਦੀ ਮੈਰਿਟ ਸੂਚੀ 'ਚ ਸਕੂਲ ਆਫ ਐਮੀਨੈਂਸ ਦੇ ਸਿਰਫ 8 ਵਿਦਿਆਰਥੀ ਹੀ ਸੂਚੀ 'ਚ ਆਪਣਾ ਨਾਂ ਦਰਜ ਕਰਵਾਉਣ 'ਚ ਸਫਲ ਰਹੇ ਤੇ ਉਹ ਵੀ ਤਿੰਨ ਸਕੂਲਾਂ ਦੇ ਹੀ ਹਨ। ਬਾਕੀ ਦੇ 114 ਸਕੂਲਾਂ ਦੇ ਵਿਦਿਆਰਥੀ ਇਸ ਸੂਚੀ 'ਚ ਨੇੜੇ ਵੀ ਨਹੀਂ ਢੁਕੇ। ਸੋ ਇਸ ਤਰ੍ਹਾਂ ਇਹ ਕਹਿਣਾ ਗਲਤ ਨਹੀਂ ਕੀ ਇਨ੍ਹਾਂ ਨਤੀਜਿਆਂ 'ਚ ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀ ਫਾਡੀ ਹਨ। ਭਾਵੇਂ ਕਿ ਸਰਕਾਰ ਦਾ ਪੂਰਾ ਜ਼ੋਰ ਵੀ ਸਕੂਲ ਆਫ ਐਮੀਨੈਂਸ 'ਚ ਹਰ ਤਰ੍ਹਾਂ ਦਾ ਸਾਜ਼ੋ ਸਾਮਾਨ ਤੇ ਹਾਈਟੈੱਕ ਸਹੂਲਤਾਂ ਦਿੱਤੇ ਜਾਣ ਉੱਤੇ ਲੱਗਾ ਹੋਇਆ ਹੈ। ਪਰ ਸਕੂਲ ਆਫ ਐਮੀਨੈਂਸ ਦੇ ਨਤੀਜਿਆਂ ਨੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਪੂਰੀ ਤਰ੍ਹਾਂ ਨਿਰਾਸ਼ ਕੀਤਾ ਹੈ। ਇੱਕ ਗੱਲ ਹੋਰ ਐਮੀਨੈਂਸ ਸਕੂਲਾਂ ਦੇ ਮਾੜੇ ਨਤੀਜਿਆਂ ਨੇ ਇਨ੍ਹਾਂ ਸਕੂਲਾਂ ਦੀ ਕਾਰਗੁਜ਼ਾਰੀ ਉੱਤੇ ਵੀ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ ! ਅਤੇ 12ਵੀਂ ਜਮਾਤ ਦੇ ਨਤੀਜੇ ਸਾਬਤ ਕਰਦੇ ਹਨ ਕਿ ਸਰਕਾਰ ਦੀਆਂ ਨੀਤੀਆਂ ਨੂੰ ਫਿਲਹਾਲ ਬੂਰ ਨਹੀਂ ਪਿਆ। ਉੱਧਰ ਜੇਕਰ ਸਕੂਲ ਆਫ ਐਮੀਨੈਂਸ ਦੀ ਅਸਲ ਹਕੀਕਤ ਨੂੰ ਵੇਖਿਆ ਜਾਵੇ ਤਾਂ ਉਹ ਸਰਕਾਰ ਦੇ ਦਾਅਵਿਆਂ ਦੀ ਪੋਲ ਖੋਲ੍ਹਦੀ ਨਜ਼ਰ ਆਉਂਦੀ ਹੈ। ਕਿਉਂਕਿ ਸਰਕਾਰ ਵੱਲੋਂ ਜ਼ਿਆਦਾਤਰ ਪਹਿਲਾਂ ਚੱਲ ਰਹੇ ਸਰਕਾਰੀ ਸਕੂਲਾਂ ਨੂੰ ਹੀ ਸਕੂਲ ਆਫ ਐਮੀਨੈਂਸ ਦਾ ਨਾਂ ਦੇ ਦਿੱਤਾ ਗਿਆ। ਜਿਵੇਂ ਪਿਛਲੀ ਕਾਂਗਰਸ ਸਰਕਾਰ ਵੱਲੋਂ ਵੀ ਪਹਿਲਾਂ ਬਣੇ ਸਰਕਾਰੀ ਸਕੂਲਾਂ ਨੂੰ ਹੀ ਸਮਾਰਟ ਸਕੂਲਾਂ ਦਾ ਨਾਂ ਦਿੱਤਾ ਗਿਆ ਸੀ। ਸਿੱਖਿਆ ਕਿੱਤੇ ਨਾਲ ਜੁੜੇ ਲੋਕ ਇਹ ਗੱਲ ਭਲੀਭਾਂਤ ਸਮਝਦੇ ਹਨ ਕਿ ਦੋਵਾਂ ਸਰਕਾਰਾਂ ਵੱਲੋਂ ਪੁਰਾਣੀ ਬੋਤਲ 'ਚ ਨਵੀਂ ਸ਼ਰਾਬ ਪਾ ਕੇ ਇੱਕ ਵੱਲੋਂ ਉਸ ਨੂੰ ਸਮਾਰਟ ਸਕੂਲ ਤੇ ਦੂਜੀ ਵੱਲੋਂ ਸਕੂਲ ਆਫ ਐਮੀਨੈਂਸ ਦਾ ਨਾਂ ਦੇ ਦਿੱਤਾ ਗਿਆ ਹੈ। ਜਦ ਕਿ ਸੁੰਦਰ ਇਮਾਰਤਾਂ, ਸਮਾਰਟ ਕਲਾਸ ਰੂਮ, ਵਧੀਆ ਬਾਥਰੂਮ, ਸੋਲਰ ਸਿਸਟਮ, ਵਧੀਆ ਬੋਰਡ ਤੇ ਹਾਈਟੈੱਕ ਤਕਨੀਕ ਵਾਲੀਆਂ ਬਹੁਤੀਆਂ ਸਹੂਲਤਾਂ ਤਾਂ ਪਹਿਲਾਂ ਹੀ ਸਰਕਾਰੀ ਸਕੂਲਾਂ 'ਚ ਉਪਲਬਧ ਸਨ। ਸਵਾਲ ਹੈ ਫਿਰ ਨਵਾਂ ਕੀ ਸਿੱਖਿਆ ਮਾਹਰਾਂ ਦਾ ਕਹਿਣਾ ਹੈ ਕੇ ਤਰੱਕੀ ਦਾ ਅੰਦਾਜ਼ਾ ਕੇਵਲ ਸੋਹਣੀਆਂ ਇਮਾਰਤਾਂ ਜਾਂ ਸਹੂਲਤਾਂ ਤੋਂ ਹੀ ਨਹੀਂ ਲੱਗਦਾ, ਸਗੋਂ ਸੂਬੇ ਦੇ ਕਿੰਨੇ ਬੱਚੇ ਆਈਏਐਸ , ਆਈਪੀਐਸ ਜਾਂ ਪੀਸੀਐਸ ਬਣੇ ਹਨ ? ਇਸ ਗੱਲ ਤੋਂ ਲੱਗਦਾ ਹੈ।

ਉਧਰ ਸਕੂਲ ਆਫ ਐਮੀਨੈਂਸ ਖੋਲ੍ਹਣ ਨਾਲ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੋ ਭਾਗਾਂ 'ਚ ਵੰਡੇ ਗਏ। ਇਕੋ ਸਕੂਲ, ਇੱਕੋ ਇਮਾਰਤ, ਪਰ ਵਿਦਿਆਰਥੀ ਦੋਤਰ੍ਹਾਂ ਦੇ। ਇਕ 'ਚ ਦਾਖਲਾ ਪ੍ਰੀਖਿਆ ਦੁਆਰਾ ਕੀਤਾ ਜਾਂਦਾ ਹੈ, ਜਦ ਕਿ ਦੂਜੇ 'ਚ ਸਿੱਧਾ। ਇਕ ਨੂੰ ਵਰਦੀ ਵਾਸਤੇ 2100 ਰੁਪਏ ਦਿੱਤੇ ਜਾਂਦੇ ਹਨ ਤੇ ਦੂਜੇ ਨੂੰ 600 ਰੁਪਏ। ਇੱਕ ਵਰਦੀ ਦਾ ਰੰਗ ਹੋਰ ਤੇ ਦੂਜੀ ਵਰਦੀ ਦਾ ਰੰਗ ਹੋਰ। ਇੱਕੋ ਸਕੂਲ 'ਚ ਵੱਖੋ ਵੱਖਰੀਆਂ ਕਲਾਸਾਂ। ਇਹ ਵਿਤਕਰਾ ਨਹੀਂ ਤਾ ਹੋਰ ਕੀ ਹੈ ? ਇਸ ਨਾਲ ਵਿਦਿਆਰਥੀਆਂ 'ਚ ਹੀਣਭਾਵਨਾ ਆਉਣੀ ਸੁਭਾਵਕ ਹੈ। ਜਦ ਕਿ ਉਹੀ ਅਧਿਆਪਕ ਸਕੂਲ ਆਫ ਐਮੀਨੈਂਸ 'ਚ ਹਨ ਤੇ ਉਹੀ ਸਰਕਾਰੀ ਸਕੂਲ 'ਚ। ਕੀ ਸਰਕਾਰ ਇਹ ਦਸ ਸਕਦੀ ਹੈ ਕਿ ਪੇਪਰ ਲੈ ਕੇ ਦਾਖਲ ਕੀਤੇ ਐਮੀਨੈਂਸ ਵਾਲੇ ਵਿਦਿਆਰਥੀ ਤੇ ਦੂਜੇ ਵਿਦਿਆਰਥੀ ਦੀ ਸਟੱਡੀ 'ਚ ਕੀ ਅੰਤਰ ਹੈ? ਜਦ ਕਿ ਸਰਕਾਰੀ ਸਕੂਲਾਂ ਦੇ ਨਤੀਜੇ ਐਮੀਨੈਂਸ ਤੋਂ ਬੇਹਤਰ ਰਹੇ ਹਨ। ਫੇਰ ਐਮੀਨੈਂਸ ਡਰਾਮਾ ਕਰਨ ਦੀ ਕੀ ਜ਼ਰੂਰਤ ਹੈ ? ਕਿਉਂ ਸਰਕਾਰਾਂ ਕਦੇ ਸਮਾਰਟ ਸਕੂਲ ਤੇ ਕਦੇ ਸਕੂਲ ਆਫ ਐਮੀਨੈਂਸ ਦੇ ਨਾਂ ਉੱਤੇ ਲੋਕਾਂ ਨੂੰ ਗੁੰਮਰਾਹ ਕਰਦੀਆਂ ਹਨ? ਕਿਉਂ ਸਿੱਖਿਆ ਵਿਭਾਗ ਨੂੰ ਤਜ਼ਰਬੇ ਕਰਨ ਵਾਲਾ ਵਿਭਾਗ ਬਣਾ ਕੇ ਰੱਖਿਆ ਹੋਇਆ ਹੈ ? 20-25 ਹਜ਼ਾਰ ਟੀਚਰਾਂ ਦੀ ਭਰਤੀ ਅਤੇ ਸਕੂਲ ਆਫ ਐਮੀਨੈਂਸ ਖੋਲ੍ਹਣ ਨਾਲ ਸਿੱਖਿਆ 'ਚ ਸੁਧਾਰ ਦੀ ਉਮੀਦ ਰੱਖਣਾ ਬੇਫਜ਼ੂਲ ਹੈ। ਚੰਗਾ ਹੁੰਦਾ ਸਰਕਾਰ ਸਕੂਲ ਆਫ ਐਮੀਨੈਂਸ ਵਾਸਤੇ ਵੱਖਰੀ ਜਗ੍ਹਾ ਲੈ ਕੇ ਸਕੂਲ ਬਣਾਉਂਦੀ। ਵੱਖਰਾ ਸਟਾਫ ਭਰਤੀ ਕਰਦੀ ਨਾ ਕਿ ਪਹਿਲਾਂ ਬਣੇ ਸਕੂਲਾਂ ਉੱਤੇ ਹੀ ਸਕੂਲ ਆਫ ਐਮੀਨੈਂਸ ਦਾ ਬੋਰਡ ਲਾ ਕੇ ਦੋਵਾਂ ਤਰ੍ਹਾਂ ਦੇ ਵਿਦਿਆਰਥੀਆਂ ਨੂੰ ਰਲਗੱਡ ਕਰਦੀ। ਸਰਕਾਰ ਦੇ ਇਸ ਫ਼ੈਸਲੇ ਨਾਲ ਸਰਕਾਰੀ ਸਕੂਲਾਂ 'ਚ ਪੜ੍ਹ ਰਹੇ ਵਿਦਿਆਰਥੀਆਂ 'ਚ ਹੀਣਭਾਵਨਾ ਪੈਦਾ ਹੁੰਦੀ ਹੈ। ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀ ਆਪਣੇ ਆਪ ਨੂੰ ਦੂਜੇ ਵਿਦਿਆਰਥੀਆਂ ਨਾਲੋਂ ਸੁਪੀਰੀਅਰ ਸਮਝਦੇ ਹਨ। ਇਸ ਤਰ੍ਹਾਂ ਵਿਦਿਆਰਥੀਆਂ 'ਚ ਪਾੜਾ ਪੈਂਦਾ ਹੈ। ਸਭ ਤੋਂ ਵੱਡਾ ਪਾੜਾ ਸਰਕਾਰ ਵੱਲੋਂ ਵਿਦਿਆਰਥੀਆਂ ਦੀ ਵਰਦੀ ਬਦਲ ਕੇ ਪਾਇਆ ਗਿਆ। ਕੀ ਇਹ ਹੈ ਪੰਜਾਬ ਸਰਕਾਰ ਦਾ ਸਿੱਖਿਆ ਮਾਡਲ ਹੈ ? ਕੀ ਸੂਬੇ ਦੇ ਸਾਲ 2024-25 ਦੇ ਕੁੱਲ 2,04,918 ਕਰੋੜ ਰੁਪਏ ਦੇ ਬਜਟ 'ਚੋਂ ਸਿੱਖਿਆ ਲਈ ਰੱਖੇ 16,918 ਕਰੋੜ ਦੇ ਬਜਟ ਨਾਲ ਸੂਬੇ ਨੂੰ ਸਿੱਖਿਆ ਦੇ ਖੇਤਰ 'ਚ ਦੇਸ਼ ਦਾ ਮੋਹਰੀ ਰਾਜ ਬਣਾਇਆ ਜਾ ਸਕਦਾ ਹੈ? ਇਹ ਕੁਝ ਸਵਾਲ ਹਨ, ਜਿਨ੍ਹਾਂ ਬਾਰੇ ਸਰਕਾਰ ਨੂੰ ਵਿਚਾਰ ਕਰਨਾ ਚਾਹੀਦਾ ਹੈ। ਸਰਕਾਰ ਨੂੰ ਹਵਾ 'ਚ ਤਲਵਾਰਾਂ ਮਾਰਨ ਦੀ ਬਜਾਏ ਸਕੂਲ ਆਫ ਐਮੀਨੈਂਸ 'ਚ ਦਿੱਤੀ ਜਾਣ ਵਾਲੀ ਸਿੱਖਿਆ ਨੂੰ ਮਿਆਰੀ ਬਣਾਉਣ ਲਈ ਹੋਰ ਗੰਭੀਰਤਾ ਨਾਲ ਕੰਮ ਕਰਨਾ ਚਾਹੀਦਾ ਹੈ ਤਾਂ ਕਿ ਭਵਿੱਖ 'ਚ ਚੰਗੇ ਨਤੀਜਿਆਂ ਦੀ ਉਮੀਦ ਕੀਤੀ ਜਾ ਸਕੇ।

# ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਜਲਦ ਖੋਲ੍ਹਿਆ ਜਾਵੇ : ਜਥੇਦਾਰ ਕੁਲਦੀਪ ਸਿੰਘ ਗੜਗੱਜ



ਅੰਮ੍ਰਿਤਸਰ, 15 ਮਈ, (ਬਬਲੂ ਮਹਾਜਨ) : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਨੂੰ ਆਖਿਆ ਹੈ ਕਿ ਹੁਣ ਜਦੋਂ ਦੋਵੇਂ ਦੇਸ਼ਾਂ ਵਿਚਕਾਰ ਮਾਹੌਲ ਸੁਖਾਵਾਂ ਹੋ ਰਿਹਾ ਹੈ ਤਾਂ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਜਲਦ ਖੋਲ੍ਹਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਰੋਜ਼ਾਨਾ ਹੀ ਵਿਛੋੜੇ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰਾਂ ਲਈ ਅਰਦਾਸ ਕਰਦੇ ਹਨ, ਲਿਹਾਜ਼ਾ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਬੰਦ ਰੱਖਣਾ ਵਾਜਿਬ ਨਹੀਂ ਹੈ। ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਨਾਲ ਦੋਵੇਂ ਦੇਸ਼ਾਂ ਵਿਚਕਾਰ ਮਾਹੌਲ ਹੋਰ ਵੀ ਸ਼ਾਂਤਮਈ ਤੇ ਸੁਖਾਵਾਂ ਹੋਵੇਗਾ। ਇੱਕ ਦੂਸਰੇ ਨਾਲ ਆਪਸੀ ਸਾਂਝ ਵਧੇਗੀ। ਉਨ੍ਹਾਂ ਕਿਹਾ ਕਿ ਜਦੋਂ ਤੋਂ ਇਹ ਲਾਂਘਾ ਖੁੱਲ੍ਹਿਆ ਹੈ। ਉਦੋਂ ਤੋਂ ਹੀ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਅਸਥਾਨ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਨਾਰੋਵਾਲ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੀ ਹੈ। ਇਸ ਲਈ ਲਾਂਘੇ ਨੂੰ ਜਲਦ ਹੀ ਖੋਲ੍ਹ ਕੇ ਸਿੱਖ ਸੰਗਤ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨੀ ਚਾਹੀਦੀ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਇਸ ਸਮੇਂ ਦੋਵੇਂ ਦੇਸ਼ਾਂ ਤੇ ਇਸ ਖਿੱਤੇ ਨੂੰ ਸ਼ਾਂਤੀ, ਤਰੱਕੀ, ਆਪਸੀ ਪਿਆਰ ਤੇ ਸਾਂਝ ਦੀ ਵੱਡੀ ਲੋੜ ਹੈ ਨਾ ਕਿ ਤਣਾਅ ਤੇ ਜੰਗ ਦੀ। ਉਨ੍ਹਾਂ ਦੇਸ਼ ਅਤੇ ਵਿਦੇਸ਼ ਦੇ ਉਨ੍ਹਾਂ ਆਗੂਆਂ ਦੀ ਸ਼ਲਾਘਾ ਕੀਤੀ ਜਿਨ੍ਹਾਂ ਨੇ ਬਣ ਰਹੇ ਜੰਗ ਵਾਲੇ ਹਾਲਾਤ ਨੂੰ ਸ਼ਾਂਤ ਕਰਨ ਵਿਚ ਸੁਹਿਰਦ ਤੇ ਸੁਝਵਾਨ ਭੂਮਿਕਾ ਨਿਭਾਈ ਹੈ।

# ਸ਼ਰਾਬ ਹਾਦਸੇ ਦੇ ਛੇ ਪੀੜਤਾਂ ਨੂੰ ਮਿਲੀ ਹਸਪਤਾਲ ਤੋਂ ਛੁੱਟੀ



ਅੰਮ੍ਰਿਤਸਰ, 15 ਮਈ, (ਬਬਲੂ ਮਹਾਜਨ) : ਬੀਤੇ ਦਿਨੀਂ ਮਜੀਠਾ ਹਲਕੇ ਦੇ ਪਿੰਡਾਂ ਵਿੱਚ ਜ਼ਹਿਰੀਲੀ ਸ਼ਰਾਬ ਨਾਲ ਵਾਪਰੇ ਵੱਡੇ ਕਾਂਡ ਦੌਰਾਨ ਰਾਹਤ ਦੀ ਖਬਰ ਮਿਲੀ ਹੈ, ਕਿ ਇਸ ਹਾਦਸੇ ਦੇ ਛੇ ਪੀੜਤ ਜੋ ਕਿ ਇਲਾਜ ਲਈ ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਪੁੱਜੇ ਸਨ, ਨੂੰ ਅੱਜ ਡਾਕਟਰਾਂ ਨੇ ਤੰਦਰੁਸਤ ਹੋਣ ਮਗਰੋਂ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਹੈ। ਇਨ੍ਹਾਂ ਖੁਸ਼ਕਿਸਮਤਾਂ ਵਿੱਚ ਕੇਵਲ ਸਿੰਘ ਪਿੰਡ ਮਰੜੀ ਕਲਾਂ, ਗੁਲਜਾਰ ਸਿੰਘ ਮਰੜੀ ਕਲਾਂ, ਰਮਨ ਕੁਮਾਰ ਵਾਸੀ ਥਰੀਏਵਾਲ, ਮੁਲਖ ਰਾਜ ਵਾਸੀ ਪਤਾਲਪੁਰੀ, ਸੁਬੇਗ ਸਿੰਘ ਵਾਸੀ ਭੰਗਵਾਂ ਅਤੇ ਤਰਸੇਮ ਸਿੰਘ ਵਾਸੀ ਭੰਗਾਲੀ ਕਲਾਂ ਸ਼ਾਮਲ ਹਨ।

ਇਸ ਮੌਕੇ ਗੁਰੂ ਨਾਨਕ ਦੇਵ ਮੈਡੀਕਲ ਕਾਲਜ ਦੇ ਸੁਪਰਡੈਂਟ ਡਾਕਟਰ ਕਰਮਜੀਤ ਸਿੰਘ, ਡੀਐਸਪੀ ਮਨਿੰਦਰਪਾਲ ਸਿੰਘ, ਸਹਾਇਕ ਲੋਕ ਸੰਪਰਕ ਅਧਿਕਾਰੀ ਯੋਗੇਸ਼ ਕੁਮਾਰ ਉਚੇਚੇ ਤੌਰ ਉੱਤੇ ਇਨ੍ਹਾਂ ਦਾ ਹਾਲ ਜਾਣਨ ਲਈ ਪੁੱਜੇ। ਇਹ ਸਾਰੇ ਮਰੀਜ਼ ਜੋ ਕਿ ਉਕਤ ਹਾਦਸੇ ਦੇ ਸ਼ਿਕਾਰ ਹੋਣ ਮਗਰੋਂ ਸਿੱਧਿਆਂ ਤੋਂ ਭਲੀ ਭਾਂਤ ਜਾਣੂੰ ਸਨ, ਨੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਸਮੇਂ ਸਿਰ ਉਹਨਾਂ ਨੂੰ ਘਰਾਂ ਵਿੱਚੋਂ ਕੱਢ ਕੇ ਹਸਪਤਾਲ ਲਿਆਂਦਾ ਅਤੇ ਇਲਾਜ ਕਰਵਾਇਆ।

# 30000 ਰੁਪਏ ਦੀ ਰਿਸ਼ਵਤ ਮੰਗਣ ਦੇ ਦੋਸ਼ ਹੇਠ ਨਗਰ ਨਿਗਮ ਦਾ ਸਹਾਇਕ ਨਗਰ ਯੋਜਨਾਕਾਰ ਗ੍ਰਿਫ਼ਤਾਰ



ਜਲੰਧਰ, 15 ਮਈ, (ਸੰਦੀਪ ਕੌਲ) : ਪੰਜਾਬ ਵਿਜੀਲੈਂਸ ਬਿਊਰੋ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਅਪਣਾਈ ਗਈ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਸਹਿਣਸ਼ੀਲਤਾ ਨੀਤੀ ਤਹਿਤ ਕਾਰਵਾਈ ਕਰਦਿਆਂ ਨਗਰ ਨਿਗਮ, ਜਲੰਧਰ ਦੇ ਸਹਾਇਕ ਨਗਰ ਯੋਜਨਾਕਾਰ (ਏਟੀਪੀ) ਸੁਖਦੇਵ ਵਸ਼ਿਸ਼ਟ ਨੂੰ 30,000 ਰੁਪਏ ਰਿਸ਼ਵਤ ਮੰਗਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ।

ਇਹ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਕੰਮ ਕਰਵਾਉਣ ਵਾਲੇ ਲੋਕਾਂ ਤੋਂ ਪ੍ਰਾਪਤ ਸ਼ਿਕਾਇਤਾਂ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾਵਾਂ ਨੇ ਦੋਸ਼ ਲਾਇਆ ਹੈ ਕਿ ਉਕਤ ਮੁਲਜ਼ਮ ਜਾਣਬੁੱਝ ਕੇ ਅਰਜ਼ੀਆਂ ਨੂੰ ਪ੍ਰਵਾਨਗੀਆਂ ਦੇਣ ਵਿੱਚ ਦੇਰੀ ਕਰਕੇ ਲੋਕਾਂ ਤੋਂ ਪੈਸੇ ਵਸੂਲ ਰਿਹਾ ਸੀ। ਉਨ੍ਹਾਂ ਦੱਸਿਆ ਕਿ ਜਲੰਧਰ ਖੇਤਰ ਵਿੱਚ ਇਮਾਰਤਾਂ ਦੇ 70 ਫੀਸਦ ਨਕਸ਼ੇ ਨਗਰ ਨਿਗਮ ਦੁਆਰਾ ਪਹਿਲਾਂ ਹੀ ਮਨਜ਼ੂਰ ਕੀਤੇ ਜਾ ਚੁੱਕੇ ਹਨ। ਪਰ ਉਕਤ ਸਹਾਇਕ ਨਗਰ ਯੋਜਨਾਕਾਰ ਸੁਖਦੇਵ ਵਸ਼ਿਸ਼ਟ ਨੇ ਰਿਸ਼ਵਤ ਨਾ ਮਿਲਣ ਤੱਕ ਕੁਝ ਅਰਜ਼ੀਆਂ ਨੂੰ ਵਿਚਾਰਨ ਤੋਂ ਇਨਕਾਰ ਕਰ ਦਿੱਤਾ ਹੋਇਆ ਸੀ।

ਸ਼ਿਕਾਇਤਕਰਤਾਵਾਂ ਨੇ ਇਹ ਵੀ ਦੋਸ਼ ਲਾਇਆ ਕਿ ਉਕਤ ਏਟੀਪੀ ਨੇ ਇੱਕ ਕੇਸ ਨੂੰ ਪ੍ਰਵਾਨਗੀ ਦੇਣ ਦੀ ਪ੍ਰਕਿਰਿਆ ਲਈ ਉਸ ਵਿਅਕਤੀ ਤੋਂ 30,000 ਰੁਪਏ ਰਿਸ਼ਵਤ ਮੰਗੀ ਹੈ। ਸ਼ਿਕਾਇਤਕਰਤਾਵਾਂ ਨੇ ਇਹ ਦੋਸ਼ ਵੀ ਲਾਇਆ ਕਿ ਉਕਤ ਮੁਲਜ਼ਮ ਬਿਨੈਕਾਰਾਂ ਨੂੰ ਡਰਾਉਣ ਲਈ ਨਿਰੀਖਣ ਦੌਰਾਨ ਇਮਾਰਤਾਂ ਨੂੰ ਸੀਲ ਕਰਨ ਆਦਿ ਦੀਆਂ ਧਮਕੀਆਂ ਵੀ ਦਿੰਦਾ ਹੈ ਅਤੇ ਅਕਸਰ ਕਹਿੰਦਾ ਹੈ ਕਿ ਉਸ ਨੂੰ ਆਪਣੀ ਬਦਲੀ ਦੀ ਵੀ ਪ੍ਰਵਾਹ ਨਹੀਂ।

ਉਨ੍ਹਾਂ ਅੱਗੇ ਕਿਹਾ ਕਿ ਸ਼ਿਕਾਇਤਾਂ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਜਲੰਧਰ ਰੇਂਜ ਨੇ ਉਕਤ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰਕੇ ਉਸਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ 'ਚ ਮੁਲਜ਼ਮ ਦੀ ਭੂਮਿਕਾ ਬਾਰੇ ਹੋਰ ਪਤਾ ਲਗਾਉਣ ਲਈ ਇਸ ਕੇਸ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

# ਅਜਨਾਲਾ ਵਿਖੇ ਜਨਤਾ ਦਰਬਾਰ 'ਚ ਧਾਲੀਵਾਲ ਨੇ ਲੋਕਾਂ ਦੀਆਂ ਦਿੱਕਤਾਂ ਹੱਲ ਕਰਕੇ ਪਹੁੰਚਾਈ ਰਾਹਤ



ਅਜਨਾਲਾ, 15 ਮਈ, (ਸੁਖਦੇਵ ਸਿੰਘ ਖਾਲਸਾ) : ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਅੱਜ ਇੱਥੇ ਆਪਣੇ ਅਜਨਾਲਾ ਦਫਤਰ ਵਿਖੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਸੁਣਨ 'ਤੇ ਮੌਕੇ 'ਤੇ ਹੱਲ ਕਰਨ ਲਈ ਲਗਾਏ ਗਏ ਜਨਤਾ ਦਰਬਾਰ ਦੌਰਾਨ ਵੱਖ ਵੱਖ ਪਿੰਡਾਂ ਤੋਂ ਪੁੱਜੇ ਲੋਕ ਵਫਦਾਂ ਨੂੰ ਸੰਬੋਧਨ ਹੁੰਦਿਆਂ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਧਾਲੀਵਾਲ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਆਪ ਮੁਹਾਰੇ ਸਰਗਰਮ ਹਿੱਸਾ ਬਣਨ ਦਾ ਸੱਦਾ ਦਿੰਦਿਆਂ ਕਿਹਾ ਕਿ ਭਾਵੇਂ ਨਸ਼ਿਆਂ ਦੇ ਕਰੂਰ ਗੰਦੇ ਧੰਦੇ ਦੇ ਕਲੰਕਿਤ ਵਰਤਾਰੇ ਨੇ ਦੇਸ਼ ਭਰ ਦੇ ਵੱਖ ਵੱਖ ਸੂਬਿਆਂ ਨੂੰ ਆਪਣੀ ਲਪੇਟ 'ਚ ਲਿਆ ਹੋਇਆ ਹੈ, ਪਰ ਸੂਬਾ ਮਾਨ ਸਰਕਾਰ ਪੰਜਾਬ ਨੂੰ ਨਸ਼ਾ ਮੁਕਤ ਰੰਗਲੇ ਪੰਜਾਬ ਵਜੋਂ ਸਿਰਜਣ ਦੇ ਪ੍ਰਣ ਨੂੰ ਅਮਲ 'ਚ ਲਿਆਉਂਦਿਆਂ ਸਾਬਕਾ ਕਾਂਗਰਸ ਤੇ ਅਕਾਲੀ - ਭਾਜਪਾ ਸਰਕਾਰਾਂ ਦੀ ਕਥਿਤ ਸ਼ਹਿ 'ਤੇ ਸਿਆਸੀ, ਪੁਲਿਸ ਤੇ ਨਸ਼ਾ ਤਸਕਰਾਂ ਦੇ ਸਰਗਮ ਰਹੇ ਨਾਪਾਕ ਗੱਠਜੋੜ ਨੂੰ ਤੋੜ ਕੇ ਨਸ਼ਿਆਂ 'ਚ ਗ੍ਰਸਿਤ ਹੋ ਰਹੀ ਮੌਜੂਦਾ ਪੀੜ੍ਹੀ, ਮਾਸੂਮ ਬਚਪਣ ਤੋਂ ਉਮਰ 'ਚ ਵਧਣ ਫੁੱਲਣ ਵੱਲ ਵੱਧ ਰਹੀ ਦੂਸਰੀ ਪੀੜ੍ਹੀ ਅਤੇ ਸਮੇਂ ਦੇ ਗਰਭ 'ਚ ਭਵਿੱਖੀ ਤੀਸਰੀ ਪੀੜ੍ਹੀ ਨੂੰ ਨਸ਼ਿਆਂ ਦੇ ਕੋਹੜ ਤੋਂ ਮੁਕਤ ਰੱਖਣ ਲਈ ਇੱਕੋ ਸਮੇਂ ਨਸ਼ਿਆਂ ਦੇ ਅੱਤਵਾਦ ਨੂੰ ਜੜ੍ਹੋਂ ਪੁੱਟਣ 'ਤੇ ਗੁਆਂਢੀ ਮੁਲਕ ਪਾਕਿਸਤਾਨ ਵੱਲੋਂ ਹੁਣ ਤੱਕ ਪੰਜਾਬ ਦੀ ਕੌਮਾਂਤਰੀ ਸਰਹੱਦ ਨੂੰ ਦੇਸ਼ ਦੀ ਰਾਜਧਾਨੀ ਤੱਕ ਕੌਮੀ ਪੱਧਰ 'ਤੇ ਨਸ਼ਿਆਂ ਦੀ ਤਸਕਰੀ ਲਈ ਵਰਤੋਂ 'ਚ ਲਿਆਂਦੇ ਜਾਂਦੇ ਰਹੇ ਨਸ਼ਾ ਅੱਤਵਾਦ ਦੇ ਸੁਰੱਖਿਅਤ ਰਸਤੇ (ਸੇਫ਼ ਰੂਟ) ਦੇ ਦਰਵਾਜ਼ੇ ਨੂੰ ਵੀ ਹਮੇਸ਼ਾਂ ਲਈ ਬੰਦ ਕਰਨ ਲਈ ਦੋ ਫਰੰਟਾਂ 'ਤੇ ਯੁੱਧ ਨਸ਼ਿਆਂ ਵਿਰੁੱਧ ਲੜ ਰਹੀ ਹੈ। ਇਸ ਤੋਂ ਪਹਿਲਾਂ ਜਨਤਾ ਦਰਬਾਰ ਦੌਰਾਨ ਮੰਤਰੀ ਧਾਲੀਵਾਲ ਨੇ ਵੱਖ ਵੱਖ ਪਿੰਡਾਂ 'ਚੋਂ ਆਏ ਵਫਦਾਂ 'ਚ ਸ਼ਾਮਲ ਸੈਂਕੜੇ ਲੋਕਾਂ ਦੀਆਂ ਸਮੱਸਿਆਵਾਂ ਸੁਣ ਕੇ ਤੇ ਹੱਲ ਕਰਵਾ ਕੇ ਪ੍ਰਭਾਵਿਤ ਲੋਕਾਂ ਨੂੰ ਰਾਹਤ ਪਹੁੰਚਾਈ। ਇਸ ਮੌਕੇ 'ਤੇ ਖੁਸ਼ਪਾਲ ਸਿੰਘ ਧਾਲੀਵਾਲ, ਗੁਰਜੰਟ ਸਿੰਘ ਸੋਹੀ, ਓਐਸਡੀ ਚਰਨਜੀਤ ਸਿੰਘ ਸਿੱਧੂ, ਨਗਰ ਪੰਚਾਇਤ ਪ੍ਰਧਾਨ ਭੱਟੀ ਜਸਪਾਲ ਸਿੰਘ ਢਿੱਲੋਂ, ਅਜਨਾਲਾ ਸ਼ਹਿਰੀ ਪ੍ਰਧਾਨ ਅਮਿਤ ਔਲ, ਬਲਦੇਵ ਸਿੰਘ ਬੱਬੂ ਚੇਅਰਮੈਨ ਮਾਰਕੀਟ ਕਮੇਟੀ ਅਜਨਾਲਾ ਸਮੇਤ ਹੋਰ ਆਗੂ ਮੌਜੂਦ ਸਨ।

# ਬੀਬੀ ਕੌਲਾਂ ਜੀ ਭਲਾਈ ਕੇਂਦਰ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਕੀਤਾ ਕੀਰਤਨ ਸਮਾਗਮ



ਅੰਮ੍ਰਿਤਸਰ, 15 ਮਈ, (ਬਬਲੂ ਮਹਾਜਨ) : ਬੀਬੀ ਕੌਲਾਂ ਜੀ ਭਲਾਈ ਕੇਂਦਰ ਚੈਰੀਟੇਬਲ ਟਰੱਸਟ ਵੱਲੋਂ ਹਫਤਾਵਾਰੀ ਕੀਤੀ ਸਮਾਗਮ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਕੀਰਤਨ ਸਮਾਗਮ ਦਾ ਆਯੋਜਨ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਜੀ ਅਗਵਾਈ ਹੇਠ ਕੀਤਾ ਗਿਆ। ਇਸ ਮੌਕੇ ਉਹਨਾਂ ਨੇ ਕੀਰਤਨ ਕਰਦੇ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ 1479 ਈਸਵੀ ਵਿੱਚ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪਿਤਾ ਤੇਜਭਾਨ ਜੀ ਅਤੇ ਮਾਤਾ ਲੱਖੋ ਜੀ ਦੇ ਘਰ ਭੱਲਾ ਵੰਸ਼ ਵਿੱਚ ਹੋਇਆ। ਉਨ੍ਹਾਂ ਦੀ ਧਰਮ ਪਤਨੀ ਮਾਤਾ ਮਨਸਾ ਦੇਵੀ ਜੀ ਸਨ ਅਤੇ ਉਨ੍ਹਾਂ ਦੇ ਦੋ ਪੁੱਤਰ ਮੋਹਨ ਜੀ, ਮੋਹਰੀ ਜੀ ਅਤੇ ਦੋ ਧੀਆਂ ਬੀਬੀ ਦਾਨੀ ਜੀ ਤੇ ਬੀਬੀ ਭਾਨੀ ਜੀ ਸਨ।ਗੁਰੂ ਅਮਰਦਾਸ ਜੀ ਨੂੰ 1552 ਈਸਵੀ ਵਿੱਚ ਗੁਰਗੱਦੀ ਪ੍ਰਾਪਤ ਹੋਈ। ਉਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਬਹੁਤ ਸਾਰਾ ਕੰਮ ਕੀਤਾ, ਜਿਵੇਂ ਕਿ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਸਾਹਿਬ ਦੀ ਸਥਾਪਨਾ, ਲੰਗਰ ਪ੍ਰਥਾ ਦਾ ਵਿਸਥਾਰ ਅਤੇ ਸਮਾਜ ਵਿੱਚੋਂ ਜਾਤ-ਪਾਤ, ਛੂਆਛੂਤ, ਪਰਦੇ ਅਤੇ ਹੋਰ ਕੁਰਿਤੀਆਂ ਦਾ ਅੰਤ।ਓਹਨਾਂ ਕਿਹਾ ਕਿ ਅੱਜ ਸਾਨੂੰ ਗੁਰੂ ਸਾਹਿਬ ਜੀ ਦੇ ਦਰਸਾਏ ਹੋਏ ਮਾਰਗ 'ਤੇ ਚੱਲਣ ਦੀ ਲੋੜ ਹੈ। ਸਿੱਖੀ ਨਾਲ ਜੁੜੋ, ਗੁਰਬਾਣੀ ਨਾਲ ਜੁੜੋ ਤੇ ਆਪਣੇ ਜੀਵਨ ਨੂੰ ਉੱਚ ਆਦਰਸ਼ਾਂ ਅਨੁਸਾਰ ਬਣਾਓ। ਇਸ ਮੌਕੇ ਮਨਦੀਪ ਸਿੰਘ ਭੋਲੂ ਗੁਰਪਾਲ ਸਿੰਘ ਉਸਤਾਦ ਜੀ ਜਤਿੰਦਰ ਸਿੰਘ ਗੁਰਦੀਪ ਸਿੰਘ ਲਾਲਾ ਰਣਜੀਤ ਸਿੰਘ ਗੋਲਡੀ ਰਵਿੰਦਰ ਸਿੰਘ ਬੰਟੀ ਮਨਿੰਦਰ ਸਿੰਘ ਆਹੂਜਾ ਪਰਮਜੀਤ ਸਿੰਘ ਮੈਨੇਜਰ ਅਤੇ ਵੱਡੀ ਗਿਣਤੀ ਦੇ ਸੰਗਤਾਂ ਹਾਜ਼ਰ ਸਨ।

# ਸੂਬੇ ਨੂੰ ਨਸ਼ਾ ਮੁਕਤ ਕਰਕੇ ਮੁੜ ਰੰਗਲਾ ਪੰਜਾਬ ਬਣਾਇਆ ਜਾਵੇਗਾ : ਸੋਨੀਆ ਮਾਨ

ਗੁਰਦਾਸਪੁਰ, 15 ਮਈ, (ਜਗੀਰ ਸਿੰਘ ਮੱਡ) : ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਰਾਜ ਭਰ ਵਿੱਚ ਲੜੀ ਜਾ ਰਹੀ ਲੜਾਈ ਲਈ ਘਰ-ਘਰ ਦਾ ਸਾਥ ਲੈਣ ਵਾਸਤੇ ਆਮ ਆਦਮੀ ਪਾਰਟੀ ਵੱਲੋਂ ਸ਼ੁਰੂ ਕੀਤੇ ਗਏ ਨਸ਼ਾ ਮੁਕਤੀ ਮੋਰਚਾ ਦੇ ਮਾਝਾ ਜ਼ੋਨ ਕੋਆਰਡੀਨੇਟਰ ਸੋਨੀਆ ਮਾਨ ਅਤੇ ਜ਼ਿਲ੍ਹਾ ਕੋਆਰਡੀਨੇਟਰ ਮਾਣਿਕ ਮਹਿਤਾ ਵੱਲੋਂ ਗੁਰਦਾਸਪੁਰ ਵਿਖੇ ਹਲਕਾ ਅਤੇ ਬਲਾਕ ਕੋਆਰਡੀਨੇਟਰਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ 16 ਮਈ ਤੋਂ ਸ਼ੁਰੂ ਹੋਣ ਜਾ ਰਹੀ ਨਸ਼ਾ ਮੁਕਤੀ ਯਾਤਰਾ ਨੂੰ ਸਫ਼ਲ ਬਣਾਉਣ ਲਈ ਵਿਚਾਰਾਂ ਕੀਤੀਆਂ ਗਈਆਂ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜ਼ੋਨ ਕੋਆਰਡੀਨੇਟਰ ਸੋਨੀਆ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਵਿਰੁੱਧ ਡਟਵੀਂ ਲੜਾਈ ਲੜ ਰਹੀ ਹੈ ਅਤੇ ਇਸ ਲਈ ਸਾਡੀ ਪਾਰਟੀ ਵੀ ਸਰਕਾਰ ਦੀ ਇਸ ਮੁਹਿੰਮ ਦਾ ਸਾਥੀ ਬਣਕੇ ਪੰਜਾਬ ਦੇ ਹਰੇਕ ਘਰ ਵਿੱਚ ਦਸਤਕ ਦੇਵੇਗੀ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਲਈ ਪੰਜਾਬ ਨੂੰ ਪੰਜ ਜ਼ੋਨਾਂ ਵਿੱਚ ਵੰਡਿਆ ਗਿਆ ਹੈ ਅਤੇ ਸਾਡੇ ਵਲੰਟੀਅਰ ਪੰਜਾਬ ਦੇ ਹਰੇਕ ਘਰ ਵਿੱਚ ਜਾ ਕੇ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕਰਨਗੇ। ਜੇਕਰ ਕੋਈ ਉਸ ਪਰਿਵਾਰ ਦਾ ਮੈਂਬਰ ਨਸ਼ਾ ਕਰਦਾ ਹੈ ਤਾਂ ਉਸ ਦਾ ਇਲਾਜ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਕੋਲੋਂ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਸਾਥ ਮੰਗਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਪਹਿਲਾਂ ਪਿੰਡਾਂ ਵਿੱਚ ਚਲਾਈ ਜਾਵੇਗੀ, ਫਿਰ ਇਹ ਛੋਟੇ ਕਸਬਿਆਂ ਵਿੱਚ ਅਤੇ ਫਿਰ ਸ਼ਹਿਰਾਂ ਦੇ ਵਿੱਚ ਇਸ ਲੜੀ ਤਹਿਤ ਲੋਕਾਂ ਕੋਲੋਂ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਸਹਿਯੋਗ ਲਿਆ ਜਾਵੇਗਾ।

ਮੀਟਿੰਗ ਦੌਰਾਨ ਮਨਜੀਤ ਸਿੰਘ ਬਮਰਾਹ, ਨੀਰਜ ਸਲਹੋਤਰਾ, ਕਰਮਜੀਤ ਸਿੰਘ, ਗੁਰਪ੍ਰੀਤ ਸਿੰਘ ਸੋਢੀ, ਹਨੀ ਚੌਹਾਨ, ਕਾਰਤਿਕ, ਅੰਮ੍ਰਿਤਪਾਲ ਸਿੰਘ, ਅਰਸ਼ਦੀਪ ਸਿੰਘ, ਕਰਮਜੀਤ ਸਿੰਘ ਅਤੇ ਦਵਿੰਦਰ ਸਿੰਘ (ਸਾਰੇ ਵਿਧਾਨ ਸਭਾ ਹਲਕਾ ਕੋਆਰਡੀਨੇਟਰ) ਤੋਂ ਇਲਾਵਾ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਦੇ ਕੋਆਰਡੀਨੇਟਰ ਵੀ ਹਾਜ਼ਰ ਸਨ।

# ਪੈਨਸ਼ਨਰਾਂ ਦੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਜ਼ਿਲ੍ਹਾ ਪੱਧਰੀ ਪੈਨਸ਼ਨ ਅਦਾਲਤ 19 ਮਈ ਨੂੰ

ਜਲੰਧਰ, 15 ਮਈ, (ਸੰਦੀਪ ਕੌਲ) : ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਜ਼ਿਲ੍ਹਾ ਪੱਧਰੀ ਪੈਨਸ਼ਨ ਅਦਾਲਤ 19 ਮਈ 2025 ਨੂੰ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ, ਜਲੰਧਰ ਵਿਖੇ ਲਗਾਈ ਜਾ ਰਹੀ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ-ਕਮ- ਨੋਡਲ ਅਫ਼ਸਰ ਮਨਜਿੰਦਰ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਦੀ ਅਗਵਾਈ ਵਿਚ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਪਨੈਸ਼ਨਰਾਂ ਦੀਆਂ ਸਮੱਸਿਆਵਾਂ ਨੂੰ ਜ਼ਿਲ੍ਹਾ ਪੱਧਰੀ ਪੈਨਸ਼ਨ ਅਦਾਲਤ ਵਿੱਚ ਮਹਾਂਲੇਖਕਾਰ (ਏ. ਐਂਡ ਈ.), ਪੰਜਾਬ ਦੀ ਟੀਮ ਵਲੋਂ ਸੁਣਿਆ ਜਾਵੇਗਾ ਅਤੇ ਪ੍ਰਾਪਤ ਸ਼ਿਕਾਇਤਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਜਾਵੇਗਾ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਵਿਭਾਗਾਂ ਦੇ ਮੁੱਖੀਆਂ ਨੂੰ ਅਪੀਲ ਕੀਤੀ ਕਿ ਉਹਨਾਂ ਦੇ ਦਫ਼ਤਰਾਂ ਵਿੱਚ ਪੈਨਸ਼ਨਰਾਂ ਵੱਲੋਂ ਪ੍ਰਾਪਤ ਹੋਈਆਂ ਵੱਖ-ਵੱਖ ਦਰਖਾਸਤਾਂ ਸਬੰਧੀ ਸਮੁੱਚਾ ਰਿਕਾਰਡ ਜ਼ਿਲ੍ਹਾ ਪੱਧਰੀ ਲੋਕ ਅਦਾਲਤ ਵਿੱਚ ਲਿਆਂਦਾ ਜਾਵੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ, ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਜ਼ਿਲ੍ਹੇ ਵਿੱਚ ਪੈਨਸ਼ਨਰਾਂ ਨੂੰ ਹਰ ਸਹੂਲਤ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੈਨਸ਼ਨ ਅਦਾਲਤ ਪੈਨਸ਼ਨਰਾਂ ਲਈ ਬਹੁਤ ਹੀ ਲਾਹੇਵੰਦ ਸਿੱਧ ਹੋਵੇਗੀ।

# ਡਰੋਨ ਹਮਲੇ ਦੇ ਪੀੜਤ ਪਰਿਵਾਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ 5 ਲੱਖ ਦੀ ਮਾਲੀ ਸਹਾਇਤਾ ਦੇਣ ਦਾ ਐਲਾਨ

ਅੰਮ੍ਰਿਤਸਰ, 15 ਮਈ, (ਗੁਰਦਿਆਲ ਸਿੰਘ) : ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਖਾਈ ਫੇਮੇ ਕੀ 'ਚ ਬੀਤੇ ਦਿਨੀਂ ਡਰੋਨ ਹਮਲੇ ਦੌਰਾਨ ਜ਼ਖ਼ਮੀ ਹੋਏ ਪਰਿਵਾਰ 'ਚੋਂ ਮਾਤਾ ਸੁਖਵਿੰਦਰ ਕੌਰ ਦੇ ਚਲਾਣਾ ਕਰ ਜਾਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੁੱਖ ਪ੍ਰਗਟ ਕਰਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਪੀੜਤ ਪਰਿਵਾਰ ਨੂੰ 5 ਲੱਖ ਰੁਪਏ ਸਹਾਇਤਾ ਰਾਸ਼ੀ ਦੇਣ ਐਲਾਨ ਕੀਤਾ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਪਿਛਲੇ ਦਿਨੀ ਹੋਏ ਡਰੋਨ ਹਮਲਿਆਂ ਵਿੱਚ ਲਖਵਿੰਦਰ ਸਿੰਘ ਦੇ ਪਰਿਵਾਰ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ, ਜਿਨ੍ਹਾਂ ਦੇ ਤਿੰਨ ਜੀਅ ਹਮਲੇ ਵਿਚ ਜ਼ਖ਼ਮੀ ਹੋਏ ਹਨ। ਇਨ੍ਹਾਂ ਵਿੱਚੋਂ ਬੀਬੀ ਸੁਖਵਿੰਦਰ ਕੌਰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਜਦਕਿ ਇੱਕ ਮੈਂਬਰ ਦੀ ਹਾਲਤ ਗੰਭੀਰ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਮਾਤਾ ਜੀ ਦਾ ਘਾਟਾ ਤਾਂ ਪੂਰਾ ਨਹੀਂ ਹੋ ਸਕਦਾ, ਪਰ ਪੀੜਤ ਪਰਿਵਾਰ ਦੀ ਸਹਾਇਤਾ ਲਈ ਸ਼੍ਰੋਮਣੀ ਕਮੇਟੀ ਵੱਲੋਂ 5 ਲੱਖ ਰੁਪਏ ਮਾਲੀ ਸਹਾਇਤਾ ਦੇਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਵਿੱਛੜੀ ਰੂਹ ਨੂੰ ਚਰਨਾਂ ਵਿੱਚ ਨਿਵਾਸ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਜ਼ਿਕਰਯੋਗ ਹੈ ਕਿ ਬੀਤੇ ਕੱਲ੍ਹ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ ਅਨੁਸਾਰ ਸ਼੍ਰੋਮਣੀ ਕਮੇਟੀ ਦਾ ਇਕ ਵਫ਼ਦ ਪੀੜਤ ਪਰਿਵਾਰ ਦੇ ਘਰ ਪਹੁੰਚਿਆ ਸੀ। ਸ਼੍ਰੋਮਣੀ ਕਮੇਟੀ ਦੇ ਇਸ ਵਫਦ ਵਿੱਚ ਮੈਂਬਰ ਦਰਸ਼ਨ ਸਿੰਘ ਸ਼ੇਰ ਖਾਂ, ਸਤਪਾਲ ਸਿੰਘ ਤਲਵੰਡੀ, ਸ. ਪ੍ਰੀਤਮ ਸਿੰਘ ਮਲਸੀਆਂ 'ਤੇ ਬੀਬੀ ਗੁਰਿੰਦਰ ਕੌਰ ਭੋਲੂਵਾਲਾ ਸ਼ਾਮਲ ਸਨ। ਵਫ਼ਦ ਨੇ ਅਕਾਲ ਚਲਾਣਾ ਕਰ ਗਏ ਮਾਤਾ ਸੁਖਵਿੰਦਰ ਕੌਰ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਵਿੱਛੜੀ ਰੂਹ ਨਮਿਤ ਅਰਦਾਸ ਕੀਤੀ।

## ਐਸ 400 ਐਂਟੀ ਮਿਜ਼ਾਈਲ ਕਾਰਗਰ ਸਾਬਤ ਹੋਈ : ਬਿੱਟਾ

ਅੰਮ੍ਰਿਤਸਰ, 15 ਮਈ, (ਬਬਲੂ ਮਹਾਜਨ) : ਅਪਰੇਸ਼ਨ ਸਦੂਰ ਦੇ ਦੌਰਾਨ ਭਾਰਤ ਨੇ ਪਾਕਿਸਤਾਨ ਨੂੰ ਸਬਕ ਸਿਖਾਇਆ, ਇਹ ਵਿਚਾਰ ਮਨਿੰਦਰਜੀਤ ਸਿੰਘ ਬਿੱਟਾ ਨੇ ਉਸ ਵੇਲੇ ਕਹੇ ਜਦੋਂ ਉਹ ਸਰਹੱਦ ਦੇ ਨਜ਼ਦੀਕ ਪਿੰਡ ਭਿਟੇਵਡ ਉਸ ਘਰ ਪਹੁੰਚੇ। ਜਿੱਥੇ ਕਿ ਪਾਕਿਸਤਾਨ ਵੱਲੋਂ ਡਰੋਨ ਨਾਲ ਵਿਸਫੋਟਕ ਸਮੱਗਰੀ ਭੇਜੀ ਗਈ ਸੀ, ਜਿਸ ਨੂੰ ਭਾਰਤ ਦੀ ਫੌਜ ਨੇ ਹਵਾ ਵਿੱਚ ਹੀ ਨਸ਼ਟ ਕਰ ਦਿੱਤਾ ਸੀ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਿੱਟਾ ਨੇ ਕਿਹਾ ਮੈਂ ਆ ਕੇ ਦੇਖਿਆ ਕਿ ਕਿੰਨਾ ਖਤਰਨਾਕ ਦ੍ਰਿਸ਼ ਹੋਵੇਗਾ। ਜੇਕਰ ਵਿਸਫੋਟ ਹੋ ਜਾਂਦਾ ਤਾਂ ਸਾਰਾ ਪਿੰਡ ਤਬਾਹ ਹੋ ਸਕਦਾ ਸੀ। ਇਹ ਤਾ ਭਾਰਤ ਦੀ ਸੁਦਰਸ਼ਨ ਐਸ 400 ਐਂਟੀ ਮਿਸਾਇਲ ਨੇ ਮਾਰ ਗਿਰਾਇਆ ਤਾਂ ਬਚਾਅ ਹੋਇਆ ਹੈ। ਉਹਨਾਂ ਅਗੇ ਕਿਹਾ ਕਿ ਪਾਕਿਸਤਾਨ ਭਾਰਤ ਨੂੰ ਕਮਜ਼ੋਰ ਕਰਨ ਲਈ ਹਰ ਤਰ੍ਹਾਂ ਦੇ ਯਤਨ ਕਰ ਰਿਹਾ ਹੈ।

# 12ਵੀਂ ਜਮਾਤ 'ਚੋਂ ਸ਼ਾਨਦਾਰ ਅੰਕ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਦਾ ਸਨਮਾਨ




ਫ਼ਤਹਿਗੜ੍ਹ ਚੂੜੀਆਂ, 15 ਮਈ, (ਰਾਜਨ ਸ਼ਰਮਾ) : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ 12ਵੀਂ ਜਮਾਤ ਦੇ ਨਤੀਜਿਆਂ ਵਿੱਚ ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਫ਼ਤਹਿਗੜ੍ਹ ਚੂੜੀਆਂ ਦੀਆਂ ਵਿਦਿਆਰਥਣਾਂ ਨੇ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਰਾਜ ਪੱਧਰੀ ਮੈਰਿਟ ਲਿਸਟ ਵਿੱਚ ਸਥਾਨ ਪ੍ਰਾਪਤ ਕੀਤਾ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਹੋਇਆ ਪ੍ਰਿੰਸੀਪਲ ਅਨੀਤਾ ਅਰੋੜਾ ਨੇ ਦੱਸਿਆ ਕਿ ਸਕੂਲ ਦੀ ਵਿਦਿਆਰਥਣ ਪਲਵਿੰਦਰ ਕੌਰ ਪੁੱਤਰੀ ਗੁਰਪ੍ਰੀਤ ਸਿੰਘ ਨੇ 500 ਵਿੱਚੋਂ 487 ਅੰਕ ਪ੍ਰਾਪਤ ਕਰਕੇ ਰਾਜ ਪੱਧਰੀ ਮੈਰਿਟ ਲਿਸਟ ਵਿੱਚ ਸਥਾਨ ਹਾਸਿਲ ਕਰਕੇ ਸਕੂਲ ਅਤੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ ਹੈ। ਇਸੇ ਤਰ੍ਹਾਂ ਪਲਕਪ੍ਰੀਤ ਕੌਰ ਨੇ 484 ਅੰਕ, ਮੁਸਕਾਨਪ੍ਰੀਤ ਕੌਰ ਨੇ 481 ਅੰਕ, ਅਰਸ਼ਪ੍ਰੀਤ ਕੌਰ ਨੇ 456 ਅੰਕ, ਪ੍ਰਭਜੀਤ ਕੌਰ ਨੇ 451 ਅੰਕ, ਨਵਜੋਤ ਕੌਰ ਨੇ 445 ਅੰਕ, ਤਮੰਨਾ ਨੇ 93.8 ਅੰਕ ਅਮਨਪ੍ਰੀਤ ਕੌਰ ਅਤੇ ਸੂਪਨਦੀਪ ਕੌਰ ਨੇ 92.8 ਅੰਕ, ਇਸ਼ਿਤਾ ਸੰਗੋਤਰਾ ਨੇ 92.6 ਅੰਕ, ਪ੍ਰੀਆ ਨੇ 401 ਅੰਕ, ਨਿਸ਼ੀ ਸ਼ਰਮਾ ਨੇ 396 ਅੰਕ, ਮਹਿਕਦੀਪ ਕੌਰ ਨੇ 392 ਅੰਕ 500 ਵਿੱਚੋਂ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ।ਪ੍ਰਿੰਸੀਪਲ ਅਨੀਤਾ ਅਰੋੜਾ ਨੇ ਵਿਦਿਆਰਥਣਾ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧੀਆ ਨਤੀਜੇ ਦੀ ਮੁਬਾਰਕਬਾਦ ਦਿੰਦਿਆਂ ਸਨਮਾਨਿਤ ਕੀਤਾ ਅਤੇ ਸਟਾਫ਼ ਵੱਲੋਂ ਕੀਤੀ ਅਣਥੱਕ ਮਿਹਨਤ ਲਈ ਧੰਨਵਾਦ ਕੀਤਾ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਗੁਰਦਾਸਪੁਰ ਰਜੇਸ਼ ਕੁਮਾਰ ਸ਼ਰਮਾ ਸਟੇਟ ਐਵਾਰਡੀ ਉਚੇਚੇ ਤੌਰ 'ਤੇ ਵਿਦਿਆਰਥਣਾ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਸਨਮਾਨਿਤ ਕਰਨ ਲਈ ਪਹੁੰਚੇ ਅਤੇ ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਜਿੱਥੇ ਸਾਰਿਆਂ ਨੂੰ ਵਧਾਈ ਦਿੱਤੀ, ਉੱਥੇ ਵਿਦਿਆਰਥਣਾਂ ਤੇ ਅਧਿਆਪਕਾਂ ਨੂੰ ਕੁਆਲਿਟੀ ਸਿੱਖਿਆ ਬਾਰੇ ਦੱਸਿਆ। ਇਸ ਮੌਕੇ ਕਮਲਜੀਤ ਕੌਰ, ਗੀਟਾ ਰਾਣੀ, ਵਰਸ਼ਾ ਰਾਣੀ, ਗੁਰਪ੍ਰੀਤ ਸਿੰਘ ,ਵਰਿੰਦਰ ਕੌਰ, ਸੁਮਨ ਰਾਣਾ, ਮੀਨਾਕਸ਼ੀ, ਧੀਰਜ ਸ਼ਰਮਾ, ਪ੍ਰਵੀਨ ਬਾਲਾ, ਕੰਵਲਪ੍ਰੀਤ ਕੌਰ, ਰਕੇਸ਼ ਸ਼ਰਮਾ, ਅਮਰਬੀਰ ਸਿੰਘ, ਹਰਜੀਤ ਕੌਰ, ਹਰਪ੍ਰੀਤ ਕੌਰ, ਅਮਨਦੀਪ ਕੌਰ, ਗੀਤਾ ਦੇਵੀ, ਸੋਨਾਲੀ, ਨਿਤਿਕਾ, ਅਲਕਾ, ਜੋਤੀ, ਨੇਹਾ, ਅਮਨਪ੍ਰੀਤ ਕੌਰ, ਕਰਮਜੀਤ ਕੌਰ, ਰਿਤੂ ਰਾਣੀ, ਸੰਦੀਪ ਕੌਰ, ਨੀਰੂ ਬਾਲਾ, ਅਮਨਪ੍ਰੀਤ ਕੌਰ (ਗਣਿਤ), ਸੰਦੀਪ ਕੌਰ, ਅਰਵਿੰਦਰ ਸਿੰਘ, ਪ੍ਰਭਜੋਤ ਸਿੰਘ, ਬਿਕਰਮਜੀਤ ਸਿੰਘ, ਜਤਿੰਦਰ ਕੌਰ, ਮਨਿੰਦਰ ਕੌਰ, ਲਖਵਿੰਦਰ ਕੌਰ, ਨਵਨੀਤ ਦੁੱਗਲ, ਸੁਖਵਿੰਦਰ ਸਿੰਘ, ਸੁਖਦੇਵ ਸਿੰਘ, ਜਗਬਿੰਦਰ ਸਿੰਘ, ਵਿਪਨ ਕੁਮਾਰ, ਗੁਰਪ੍ਰੀਤ ਕੌਰ, ਰਣਜੀਤ ਕੌਰ, ਸ਼ੈਲੀ ਸੈਨੀ, ਇੰਦਰਜੀਤ ਕੌਰ, ਅਮਨਪ੍ਰੀਤ ਕੌਰ ਐਨ.ਐਸ.ਕਿਊ.ਐਫ ਆਦਿ ਹਾਜ਼ਰ ਸਨ।

# ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਅਦਾਰਿਆਂ ਦਾ 12ਵੀਂ ਦਾ ਨਤੀਜਾ ਰਿਹਾ ਸ਼ਾਨਦਾਰ

ਅੰਮ੍ਰਿਤਸਰ, 15 ਮਈ, (ਬਬਲੂ ਮਹਾਜਨ) : ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਖ਼ਾਲਸਾ ਕਾਲਜ ਫ਼ਾਰ ਵੂਮੈਨ, ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਅਤੇ ਖ਼ਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 12ਵੀਂ ਪ੍ਰੀਖਿਆ ਦੇ ਐਲਾਨੇ ਗਏ ਨਤੀਜੇ 'ਚ ਸ਼ਾਨਦਾਰ ਸਥਾਨ ਪ੍ਰਾਪਤ ਕਰਕੇ ਸੰਸਥਾ ਅਤੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ ਹੈ।

ਇਸ ਦੌਰਾਨ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ ਵੂਮੈਨ ਕਾਲਜ ਪ੍ਰਿੰਸੀਪਲ ਡਾ.ਸੁਰਿੰਦਰ ਕੌਰ, ਸਕੂਲ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਅਤੇ ਗਰਲਜ਼ ਸਕੂਲ ਪ੍ਰਿੰਸੀਪਲ ਸ੍ਰੀਮਤੀ ਪੁਨੀਤ ਕੌਰ ਨਾਗਪਾਲ ਨੂੰ ਵਿਦਿਆਰਥੀਆਂ ਦੀ ਉਕਤ ਉਪਲੱਬਧੀ 'ਤੇ ਵਧਾਈ ਦਿੰਦਿਆਂ ਸਮੂਹ ਸਟਾਫ਼ ਦੁਆਰਾ ਕਰਵਾਈ ਜਾਂਦੀ ਮਿਹਨਤ ਦੀ ਸ਼ਲਾਘਾ ਕੀਤੀ।

ਇਸ ਮੌਕੇ ਪ੍ਰਿੰ: ਡਾ. ਸੁਰਿੰਦਰ ਕੌਰ ਨੇ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਦੱਸਿਆ ਕਿ ਸਾਇੰਸ, ਹਿਊਮੈਨਿਟੀਜ਼ ਅਤੇ ਕਾਮਰਸ ਗਰੁੱਪ ਦਾ ਨਤੀਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਇੰਸ ਗਰੁੱਪ ਦੀ ਵਿਦਿਆਰਥਣ ਤਮੰਨਾ ਨੇ 97 ਫ਼ੀਸਦੀ, ਕਾਮਰਸ ਦੀ ਅੰਕਿਤਾ ਸ਼ਰਮਾ ਨੇ 95 ਅਤੇ ਹਿਊਮੈਨਿਟੀਜ਼ ਦੀ ਨਵਜੋਤ ਕੌਰ ਨੇ 92 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕਾਲਜ 'ਚੋਂ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ ਹੈ। ਹੋਰਨਾਂ 'ਚ 31 ਵਿਦਿਆਰਥਣਾਂ ਨੇ 90 ਪ੍ਰਤੀਸ਼ਤ ਤੋਂ ਵਧੇਰੇ ਅੰਕ ਅਤੇ 75 ਵਿਦਿਆਰਥਣਾਂ ਨੇ 80 ਤੋਂ ਵਧੇਰੇ ਅੰਕ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ।

ਇਸੇ ਤਰ੍ਹਾਂ ਪ੍ਰਿੰਸੀਪਲ ਡਾ.ਗੋਗੋਆਣੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੈਡੀਕਲ ਵਿਦਿਆਰਥੀ ਹਰਸੁਮੀਤ ਸਿੰਘ ਨੇ ਸਕੂਲ 'ਚੋਂ 95 ਪ੍ਰਤੀਸ਼ਤ, ਹਿਊਮੈਨਟੀਜ਼ ਦੇ ਸ਼ਿਵਾਪਾਲ ਨੇ 94 ਪ੍ਰਤੀਸ਼ਤ ਅਤੇ ਕਾਮਰਸ ਦੇ ਮਾਨਵ ਕੁਮਾਰ ਨੇ 92 ਪ੍ਰਤੀਸ਼ਤ ਅੰਕ ਨਾਲ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਕੇ ਆਪਣੇ ਅਦਾਰੇ ਦਾ ਮਾਣ ਵਧਾਇਆ ਹੈ। ਉਨ੍ਹਾਂ ਕਿਹਾ ਕਿ ਉਕਤ ਤੋਂ ਇਲਾਵਾ ਸ਼ੋਰਿਆ ਸੈਣੀ ਨੇ 91.8, ਕਰਿਸ਼ ਨੇ 91 ਅਤੇ ਸੁਖਵਿੰਦਰ ਸਿੰਘ ਨੇ 90 ਫ਼ੀਸਦੀ ਅੰਕ ਪ੍ਰਾਪਤ ਕੀਤੇ ਹਨ। ਡਾ. ਗੋਗੋਆਣੀ ਨੇ ਕਿਹਾ ਕਿ ਇਸ ਸਾਲ ਬੋਰਡ ਦੀ ਪ੍ਰੀਖਿਆ 'ਚ ਸਕੂਲ ਦੇ ਮੈਡੀਕਲ, ਨਾਨ-ਮੈਡੀਕਲ, ਕਾਮਰਸ ਅਤੇ ਹਿਊਮੈਨਟੀਜ਼ ਦੇ ਕੁਲ 374 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ, ਜਿਨ੍ਹਾਂ 'ਚੋਂ 337 ਫਸਟ ਡਵੀਜ਼ਨ ਅਤੇ 37 ਵਿਦਿਆਰਥੀ ਸੈਕਿੰਡ ਡਵੀਜ਼ਨ 'ਚ ਪਾਸ ਹੋਏ। ਜਿਸ ਸਦਕਾ ਸਕੂਲ ਦਾ ਨਤੀਜਾ ਸ਼ਤ ਪ੍ਰਤੀਸ਼ਤ ਰਿਹਾ ਹੈ।

ਇਸ ਦੌਰਾਨ ਪ੍ਰਿੰ: ਡਾ. ਸੁਰਿੰਦਰ ਕੌਰ, ਡਾ. ਗੋਗੋਆਣੀ ਅਤੇ ਸ੍ਰੀਮਤੀ ਨਾਗਪਾਲ ਨੇ ਉਕਤ ਸ਼ਾਨਦਾਰ ਉਪਲੱਬਧੀ 'ਤੇ ਵਿਦਿਆਰਥੀਆਂ ਦੀ ਅਣਥੱਕ ਕੋਸ਼ਿਸ਼ਾਂ ਤੇ ਲਗਨ ਦਾ ਫਲ ਦੱਸਦਿਆਂ ਕਾਲਜ, ਸਕੂਲ ਦੇ ਮਿਹਨਤੀ ਸਟਾਫ਼ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ 'ਚ ਹੋਰ ਬੁਲੰਦੀਆਂ ਛੂਹਣ ਲਈ ਪ੍ਰੇਰਿਤ ਵੀ ਕੀਤਾ।

# ਚੀਫ਼ ਖ਼ਾਲਸਾ ਦੀਵਾਨ ਵੱਲੋਂ ਹਰਵਿੰਦਰ ਪਾਲ ਸਿੰਘ ਚੁੱਘ ਦੀਵਾਨ ਮੁੱਖ ਦਫ਼ਤਰ ਦੇ ਨਵੇਂ ਮੈਂਬਰ ਇੰਚਾਰਜ ਵਜੋਂ ਨਿਯੁਕਤ



ਅੰਮ੍ਰਿਤਸਰ, 15 ਮਈ, (ਬਬਲੂ ਮਹਾਜਨ) : ਚੀਫ਼ ਖ਼ਾਲਸਾ ਦੀਵਾਨ ਪ੍ਰਬੰਧਕਾਂ ਵੱਲੋਂ ਹਰਵਿੰਦਰ ਪਾਲ ਸਿੰਘ ਚੁੱਘ ਦੀਵਾਨ ਮੁੱਖ ਦਫ਼ਤਰ ਦੇ ਨਵੇਂ ਮੈਂਬਰ ਇੰਚਾਰਜ ਵਜੋਂ ਨਿਯੁਕਤ ਕੀਤੇ ਗਏ।ਪਿਛਲੇ 40 ਸਾਲਾ ਤੋਂ ਉਸਾਰੀ ਇੰਡਸਟਰੀ ਦੇ ਉੱਘੇ ਸਫਲ ਕਾਰੋਬਾਰੀ ਚੁੱਘ ਚੀਫ਼ ਖ਼ਾਲਸਾ ਦੀਵਾਨ ਦੀ ਬਿਲਡਿੰਗ ਕਮੇਟੀ ਦੇ ਕਨਵੀਨਰ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਰਣਜੀਤ ਐਵੀਨਿਊ ਦੇ ਮੈਂਬਰ ਇੰਚਾਰਜ ਵੱਜੋਂ ਵੀ ਸੇਵਾਵਾਂ ਨਿਭਾ ਰਹੇ ਹਨ ਅਤੇ ਦੀਵਾਨ ਦੇ ਸਮੂਹ ਉਸਾਰੀ ਪ੍ਰੋਜੈਕਟਾਂ ਦੀ ਸਫਲ ਅਗਵਾਈ ਕਰ ਰਹੇ ਹਨ। ਚੁੱਘ ਅਨੇਕਾਂ ਨਾਮੀ ਸਮਾਜ–ਸੇਵੀ ਅਤੇ ਲੋਕ ਭਲਾਈ ਸੰਸਥਾਵਾਂ ਨਾਲ ਜੁੜ ਕੇ ਨਿਸ਼ਕਾਮ ਭਾਵ ਨਾਲ ਕਾਰਜਸ਼ੀਲ ਹਨ।

ਅੱਜ ਦੀਵਾਨ ਮੁੱਖ ਦਫ਼ਤਰ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਰਮਨੀਕ ਸਿੰਘ ਫਰੀਡਮ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ ਅਤੇ ਜਾਇੰਟ ਸਕੱਤਰ ਇੰਜੀ: ਜਸਪਾਲ ਸਿੰਘ ਅਤੇ ਹੋਰ ਮੈਂਬਰ ਸਾਹਿਬਾਨ ਵੱਲੋਂ ਮੂਲ ਮੰਤਰ ਦਾ ਪਾਠ ਕਰਨ ਉਪਰੰਤ ਗੁਰੂ ਸਾਹਿਬ ਦੀ ਬਖਸਿਸ਼ ਸਿਰੋਪਾਓ ਪਾ ਕੇ ਹਰਵਿੰਦਰ ਪਾਲ ਸਿੰਘ ਚੁੱਘ ਨੂੰ ਦੀਵਾਨ ਮੁੱਖ ਦਫ਼ਤਰ ਦੇ ਮੈਂਬਰ ਇੰਚਾਰਜ ਵਜੋਂ ਸੇਵਾਵਾਂ ਸੌਂਪੀਆਂ ਗਈਆਂ ਅਤੇ ਆਸ ਪ੍ਰਗਟ ਕੀਤੀ ਗਈ। ਉਸਾਰੂ ਪ੍ਰਬੰਧਕ ਨੀਤੀਆਂ ਦੇ ਮਾਹਿਰ ਅਤੇ ਅਗਾਂਹ ਵਧੂ ਸੋਚ ਦੇ ਮਾਲਕ ਚੁੱਘ ਮੁੱਖ ਦਫ਼ਤਰ ਦੀਆਂ ਪ੍ਰਸ਼ਾਸਨਿਕ ਨੀਤੀਆਂ ਵਿੱਚ ਸੁਧਾਰ ਲਿਆਉਂਦਿਆਂ ਦੀਵਾਨ ਨੂੰ ਵਿਕਾਸ ਦੀਆਂ ਲੀਹਾਂ 'ਤੇ ਲੈ ਕੇ ਜਾਣਗੇ ਅਤੇ ਉਹਨਾਂ ਦੀ ਵਧੀਆ ਕਾਰਗੁਜ਼ਾਰੀ ਦੀਵਾਨ ਦੀ ਮਜ਼ਬੂਤੀ ਅਤੇ ਨਵੀਨਤਾ ਲਈ ਸਹਾਇਕ ਸਿੱਧ ਹੋਵੇਗੀ। ਹਰਵਿੰਦਰ ਪਾਲ ਸਿੰਘ ਚੁੱਘ ਨੇ ਦੀਵਾਨ ਪ੍ਰਬੰਧਕਾਂ ਦਾ ਉਹਨਾਂ ਦੀ ਕਾਬਲੀਅਤ ਤੇ ਵਿਸ਼ਵਾਸ ਰੱਖਦਿਆਂ ਉਹਨਾਂ ਨੂੰ ਨਵੀਆਂ ਜਿੰਮੇਵਾਰੀਆਂ ਸੌਂਪਣ ਪ੍ਰਤੀ ਧੰਨਵਾਦ ਕੀਤਾ ਅਤੇ ਸੌਂਪੀ ਗਈ ਜਿੰਮੇਵਾਰੀ ਨੂੰ ਨਿਸ਼ਕਾਮ ਭਾਵ ਨਾਲ ਤਨ–ਮਨ ਤੋਂ ਨਿਭਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਰਮਨੀਕ ਸਿੰਘ ਫਰੀਡਮ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਜਾਇੰਟ ਸਕੱਤਰ ਇੰਜੀ:ਜਸਪਾਲ ਸਿੰਘ, ਰਬਿੰਦਰਬੀਰ ਸਿੰਘ ਭੱਲਾ, ਡਾ.ਆਤਮਜੀਤ ਸਿੰਘ ਬਸਰਾ, ਮਨਪ੍ਰੀਤ ਸਿੰਘ, ਏ.ਪੀ.ਐਸ ਮਾਨ, ਹਰਜੀਤ ਸਿੰਘ, ਪ੍ਰੋ.ਭੁਪਿੰਦਰ ਸਿੰਘ ਸੇਠੀ, ਪ੍ਰੋ.ਸੁਖਬੀਰ ਸਿੰਘ, ਮਹਿੰਦਰ ਸਿੰਘ, ਅਵਤਾਰ ਸਿੰਘ ਘੁੱਲਾ, ਕੁਲਜੀਤ ਸਿੰਘ, ਲਖਵਿੰਦਰ ਸਿੰਘ ਢਿੱਲੋਂ, ਗੁਰਿੰਦਰ ਸਿੰਘ, ਮੋਹਨਜੀਤ ਸਿੰਘ ਭੱਲਾ, ਅਜੀਤ ਸਿੰਘ ਖਹਿਰਾ, ਉਪਕਾਰ ਸਿੰਘ ਛਾਬੜਾ, ਸ੍ਰ.ਜਤਿੰਦਰਬੀਰ ਸਿੰਘ ਅਤੇ ਹੋਰ ਮੈਂਬਰ ਸਾਹਿਬਾਨ ਮੌਜੂਦ ਸੀ।

# ਪੀ.ਸੀ.ਐਮ.ਐਸ.ਡੀ. ਕਾਲਜੀਏਟ ਸੀਨੀਅਰ ਸੈਕੰਡਰੀ ਗਰਲਜ਼ ਸਕੂਲ ਦੇ ਨਤੀਜੇ ਰਹੇ ਸ਼ਾਨਦਾਰ



ਜਲੰਧਰ, 15 ਮਈ, (ਸੰਦੀਪ ਕੌਲ) : ਪੀ.ਸੀ.ਐਮ.ਐਸ.ਡੀ. ਕਾਲਜੀਏਟ ਸੀਨੀਅਰ ਸੈਕੰਡਰੀ ਗਰਲਜ਼ ਸਕੂਲ, ਜਲੰਧਰ, ਸੈਸ਼ਨ 2024-25 ਲਈ 10+2 ਬੋਰਡ ਪ੍ਰੀਖਿਆਵਾਂ ਵਿੱਚ ਆਪਣੀਆਂ ਵਿਦਿਆਰਥਣਾਂ ਦੇ ਸ਼ਾਨਦਾਰ ਪ੍ਰਦਰਸ਼ਨ ਦਾ ਐਲਾਨ ਕਰਨ 'ਤੇ ਬਹੁਤ ਮਾਣ ਮਹਿਸੂਸ ਕਰਦਾ ਹੈ।

ਕਾਮਰਸ, ਆਰਟਸ ਅਤੇ ਸਾਇੰਸ ਸਟ੍ਰੀਮਾਂ ਵਿੱਚ ਅਕਾਦਮਿਕ ਪ੍ਰਤਿਭਾ ਦਾ ਪ੍ਰਦਰਸ਼ਨ ਕਰਦੇ ਹੋਏ, ਵਿਦਿਆਰਥਣਾਂ ਨੇ ਆਪਣੀਆਂ ਸ਼ਾਨਦਾਰ ਪ੍ਰਾਪਤੀਆਂ ਨਾਲ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ।

ਕਾਮਰਸ ਸਟ੍ਰੀਮ ਵਿੱਚ, ਨੰਦਿਨੀ ਸ਼ਰਮਾ ਨੇ ਪ੍ਰਭਾਵਸ਼ਾਲੀ 434 ਅੰਕ (86.8%) ਨਾਲ ਪਹਿਲਾ ਸਥਾਨ, ਆਰਟਸ ਸਟ੍ਰੀਮ 'ਚ ਮਧੂ ਨੇ 442 ਅੰਕ (88.4%) ਨਾਲ ਟਾਪਰ ਵਜੋਂ ਉੱਭਰੀ, ਸਾਇੰਸ ਸਟ੍ਰੀਮ ਵਿੱਚ, ਮੈਡੀਕਲ ਅਤੇ ਨਾਨ-ਮੈਡੀਕਲ ਦੋਵਾਂ ਸਮੂਹਾਂ ਦੇ ਵਿਦਿਆਰਥੀਆਂ ਨੇ ਮਿਸਾਲੀ ਅਕਾਦਮਿਕ ਸਮਰਪਣ ਦਾ ਪ੍ਰਦਰਸ਼ਨ ਕੀਤਾ। ਹਿਮਾਨੀ ਨੇ 448 ਅੰਕ (89.6%) ਨਾਲ ਮੈਡੀਕਲ ਸਟ੍ਰੀਮ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਨਾਨ-ਮੈਡੀਕਲ ਸਟ੍ਰੀਮ ਵਿੱਚ, ਦੀਪਾਲੀ ਅਤੇ ਸ਼ਿਫਾਲੀ ਨੇ ਸਾਂਝੇ ਤੌਰ 'ਤੇ 447 ਅੰਕ (89.4%) ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ।

ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਉਪ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਨੇ ਪ੍ਰਾਪਤੀਆਂ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਦਿਲੋਂ ਵਧਾਈਆਂ ਦਿੱਤੀਆਂ, ਉਨ੍ਹਾਂ ਦੀ ਮਿਹਨਤ ਅਤੇ ਲਗਨ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕਾਲਜੀਏਟ ਬਲਾਕ ਦੀ ਇੰਚਾਰਜ ਸ਼੍ਰੀਮਤੀ ਸੁਸ਼ਮਾ ਸ਼ਰਮਾ ਦੇ ਨਾਲ-ਨਾਲ ਹੋਰ ਫੈਕਲਟੀ ਮੈਂਬਰਾਂ ਦੀ ਵੀ ਇਨ੍ਹਾਂ ਸ਼ਲਾਘਾਯੋਗ ਨਤੀਜਿਆਂ ਲਈ ਸ਼ਲਾਘਾ ਕੀਤੀ ਜੋ ਸੰਸਥਾ ਦੀ ਅਕਾਦਮਿਕ ਉੱਤਮਤਾ, ਸੰਪੂਰਨ ਵਿਕਾਸ ਅਤੇ ਗੁਣਵੱਤਾ ਵਾਲੀ ਸਿੱਖਿਆ ਰਾਹੀਂ ਨੌਜਵਾਨ ਔਰਤਾਂ ਦੇ ਸਸ਼ਕਤੀਕਰਨ ਪ੍ਰਤੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦੇ ਹਨ।

# ਮਜੀਠਾ ਸ਼ਰਾਬ ਕਾਂਡ : ਬ੍ਰਹਮਪੁਰਾ ਵੱਲੋਂ ਹਾਈ ਕੋਰਟ ਦੇ ਜੱਜ ਦੀ ਨਿਗਰਾਨੀ ਹੇਠ ਸੀ.ਬੀ.ਆਈ. ਜਾਂਚ ਦੀ ਮੰਗ



ਤਰਨ ਤਾਰਨ, 15 ਮਈ, (ਗੁਰਦਿਆਲ ਸਿੰਘ): ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਇੰਚਾਰਜ, ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਅੱਜ ਆਪਣੇ ਹਲਕੇ ਖਡੂਰ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪੂਰੀ ਤਰ੍ਹਾਂ ਅਸਫ਼ਲ ਹਨ ਸੂਬੇ ਦੀ ਰਖਵਾਲੀ ਕਰਨ ਵਿੱਚ। ਉਨ੍ਹਾਂ ਕਿਹਾ, ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਪੰਜਾਬ ਸਰਕਾਰ ਦੀਆਂ ਪਾਲਿਸੀਆਂ ਪਤਾ ਨਹੀਂ ਕਿਸ ਅਧਿਕਾਰੀ ਵੱਲੋਂ ਤੈਅ ਕੀਤੀਆਂ ਜਾਂਦੀਆਂ ਹਨ ਅਤੇ ਕਿਸ ਦੇ ਕਹਿਣ 'ਤੇ ਅਫ਼ਸਰਾਂ ਨੂੰ ਹਦਾਇਤਾਂ ਹੁੰਦੀਆਂ ਹਨ। ਹੁਣ ਸਭ ਨੂੰ ਪਤਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਤਾਂ ਇੱਕ ਕਠਪੁਤਲੀ ਹਨ, ਅਸਲ ਵਿੱਚ ਤਾਂ ਦਿੱਲੀ ਵਾਲੇ ਹੀ ਸਰਕਾਰ ਚਲਾ ਰਹੇ ਹਨ। ਮਜੀਠਾ ਵਿੱਚ ਨਕਲੀ ਸ਼ਰਾਬ ਕਾਰਨ ਵਾਪਰੀ ਮੰਦਭਾਗੀ ਘਟਨਾ, ਜਿਸ ਵਿੱਚ ਅਨੇਕਾਂ ਮੌਤਾਂ ਹੋ ਗਈਆਂ, ਇਸ ਸਰਕਾਰ ਦੀ ਨਾਕਾਮੀ ਦਾ ਸਿਖਰ ਹੈ।

ਉਨ੍ਹਾਂ ਸਰਕਾਰ ਦੇ ਦੋਹਰੇ ਮਾਪਦੰਡਾਂ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਜੰਗ ਵਿੱਚ ਸ਼ਹੀਦ ਹੋਣ ਵਾਲੇ ਦੇ ਪਰਿਵਾਰ ਨੂੰ 5 ਲੱਖ ਰੁਪਏ, ਜਦਕਿ ਸਰਕਾਰ ਮਜੀਠਾ ਵਿੱਚ ਨਕਲੀ ਸ਼ਰਾਬ ਨਾਲ ਮਰਨ ਵਾਲੇ ਪੀੜਤਾਂ ਨੂੰ 10 ਲੱਖ ਰੁਪਏ ਦੇਣਾ, ਇਹ ਸਪੱਸ਼ਟ ਕਰਦਾ ਹੈ ਕਿ ਸਰਕਾਰ ਆਪਣੀਆਂ ਗਲਤੀਆਂ 'ਤੇ ਪਰਦਾ ਪਾਉਣ ਅਤੇ ਸ਼ਰਾਬ ਮਾਫ਼ੀਆ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਉਨ੍ਹਾਂ ਮੋਗਾ ਦੇ ਫਾਇਰਮੈਨ ਗਗਨਦੀਪ ਸਿੰਘ, ਜੋ ਮਹਿਜ਼ 10,000 ਰੁਪਏ ਮਹੀਨਾ ਤਨਖ਼ਾਹ 'ਤੇ ਕਿਸਾਨਾਂ ਦੀਆਂ ਫ਼ਸਲਾਂ ਬਚਾਉਂਦਾ ਸ਼ਹੀਦ ਹੋ ਗਿਆ, ਦੇ ਪਰਿਵਾਰ ਨੂੰ ਕੋਈ ਸਹਾਇਤਾ ਨਾ ਦੇਣ 'ਤੇ ਸਰਕਾਰ ਨੂੰ ਕਰੜੇ ਹੱਥੀਂ ਲਿਆ।

ਇਸ ਮੌਕੇ ਰਵਿੰਦਰ ਸਿੰਘ ਬ੍ਰਹਮਪੁਰਾ ਦੇ ਨਾਲ ਵੱਡੀ ਗਿਣਤੀ ਵਿੱਚ ਨਗਰ ਵਾਸੀ ਅਤੇ ਪਾਰਟੀ ਵਰਕਰ ਹਾਜ਼ਰ ਸਨ ਜਿਨ੍ਹਾਂ ਵਿੱਚ ਮੇਘ ਸਿੰਘ ਪ੍ਰੈਸ ਸਕੱਤਰ, ਰਣਜੀਤ ਸਿੰਘ ਪੱਪੂ ਸੀਨੀਅਰ ਅਕਾਲੀ ਆਗੂ, ਜਥੇ: ਗੱਜਣ ਸਿੰਘ ਮੈਂਬਰ ਲੋਕਲ ਕਮੇਟੀ, ਕਸ਼ਮੀਰ ਸਿੰਘ ਟਰਾਂਸਪੋਰਟ, ਇਕਬਾਲ ਸਿੰਘ ਬਮਰਾ, ਦਲਬੀਰ ਸਿੰਘ ਢਾਡੀ, ਸਰੂਪ ਸਿੰਘ ਸਾਬਕਾ ਸਰਪੰਚ ਖਡੂਰ ਸਾਹਿਬ, ਜਸਵਿੰਦਰ ਸਿੰਘ ਪਰੌਣਾ, ਜਗੀਰ ਸਿੰਘ ਦੁਬਈ, ਸਾਹਿਬ ਸਿੰਘ ਬਿੱਟੂ, ਪਰਮਜੀਤ ਸਿੰਘ, ਗੁਰਚਰਨ ਸਿੰਘ ਰਿੰਕੂ ਆਦਿ ਅਕਾਲੀ ਵਰਕਰ ਹਾਜ਼ਰ ਸਨ।

# ਕੀ ਲੋਕਾਂ ਨੂੰ ਉਨ੍ਹਾਂ ਦੇ ਘਰ ਦਿਵਾਉਣ ਦਾ ਵਾਅਦਾ ਚੋਣ ਤਾਰੀਖ਼ ਐਲਾਨ ਹੋਣ ਤੋਂ ਪਹਿਲਾਂ ਪੂਰਾ ਕਰ ਸਕੇਗੀ ਸਰਕਾਰ ? ਇੱਕ ਵੱਡਾ ਸਵਾਲ



ਲੁਧਿਆਣਾ, 15 ਮਈ (ਰਵਿੰਦਰ ਸਿੰਘ ਨਿੱਝਰ/ਕਰਨੈਲ ਸਿੰਘ ਐੱਮ.ਏ.) : ਵਿਧਾਨ ਸਭਾ ਹਲਕਾ ਪੱਛਮੀ ਦੀ ਉੱਪ ਚੋਣ ਲਈ ਚੋਣ ਮੈਦਾਨ ਵਿੱਚ ਉੱਤਰੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪ੍ਰਉਪਕਾਰ ਸਿੰਘ ਘੁੰਮਣ ਨੇ ਕਿਹਾ, ਕਿ ਝੂਠ ਤੇ ਫਰੇਬ ਦੀ ਰਾਜਨੀਤੀ ਕਰਨ ਵਜੋਂ ਜਾਣੀ ਜਾਂਦੀ ਆਮ ਆਦਮੀ ਪਾਰਟੀ ਨੇ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿੱਚ ਹਰ ਪਾਸਿਓਂ ਫੇਲ੍ਹ ਸਾਬਤ ਹੋਈ ਹੈ। ਐਡਵੋਕੇਟ ਘੁੰਮਣ ਨੇ ਕਿਹਾ ਕਿ ਹਲਕਾ ਪੱਛਮੀ ਦੀ ਉੱਪ ਚੋਣ ਨੂੰ ਮੁੱਖ ਰੱਖਦੇ ਹੋਏ ਸੂਬਾ ਸਰਕਾਰ ਦੇ ਨੁਮਾਇੰਦੇ ਲੋਕਾਂ ਨਾਲ ਇੱਕ ਹੋਰ ਵਾਅਦਾ ਕਰ ਰਹੇ ਹਨ, ਕਿ ਰਣਧੀਰ ਸਿੰਘ ਨਗਰ ਵਿਖੇ ਜਿਨ੍ਹਾਂ 64 ਅਤੇ 100 ਗਜ ਹਾਊਸਿੰਗ ਬੋਰਡਾਂ ਦੇ ਪਲਾਟਾਂ ਦੀ ਪਿਛਲੇ 25-30 ਸਾਲ ਤੋਂ ਕੋਈ ਅਲਾਟਮੈਂਟ ਨਹੀਂ ਹੋਈ ਜਾਂ ਕੋਈ ਪ੍ਰੀਵਾਰ ਉਨ੍ਹਾਂ ਹਾਊਸਿੰਗ ਬੋਰਡਾਂ ਦੇ ਘਰਾਂ ਵਿੱਚ ਪਿਛਲੇ 12 ਸਾਲਾਂ ਤੋਂ ਰਹਿ ਰਿਹਾ ਹੈ, ਉਸ ਦੀਆਂ ਰਜਿਸਟਰੀਆਂ ਜਲਦ ਕੀਤੀਆਂ ਜਾਣਗੀਆਂ। ਐਡਵੋਕੇਟ ਘੁੰਮਣ ਨੇ ਕਿਹਾ ਕਿ ਜਿਹੜੀ ਸਰਕਾਰ ਨੇ ਪੰਜਾਬ ਦੀਆਂ ਧੀਆਂ, ਭੈਣਾਂ ਅਤੇ ਮਾਵਾਂ ਨਾਲ ਇੱਕ ਹਜਾਰ ਰੁ: ਮਹੀਨਾਂ ਦੇਣ ਦੀ ਗੱਲ ਨੂੰ ਅਜੇ ਤੱਕ ਪੂਰਾ ਨਹੀਂ ਕੀਤਾ, ਉਹ ਹੁਣ ਵੋਟਰਾਂ ਨੂੰ ਲਭਾਉਣ ਲਈ ਨਵੇਂ ਨਵੇਂ ਢੰਗ ਤਰੀਕੇ ਅਪਨਾ ਕੇ ਕੀ ਦਿਖਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਹਲਕਾ ਪੱਛਮੀ ਦੀ ਉੱਪ ਚੋਣ ਨੂੰ ਲੈ ਕੇ ਲੋਕਾਂ ਨਾਲ ਲੋਕ ਲਭਾਉਣੇ ਵਾਅਦੇ ਤਾਂ ਕਰ ਰਹੀ ਹੈ, ਪਰ ਉੱਪ ਲਈ ਚੋਣ ਕਮਿਸ਼ਨ ਵੱਲੋਂ ਤਾਰੀਖ ਨੂੰ ਲੈਕੇ ਜਾਰੀ ਕੀਤੇ ਜਾਣ ਵਾਲੇ ਨੋਟੀਫਿਕੇਸ਼ਨ ਤੋਂ ਪਹਿਲਾ ਪਹਿਲਾ ਲੋਕਾਂ ਨਾਲ ਕੀਤਾ ਵਾਅਦਾ ਪੂਰਾ ਕਰ ਸਕੇਗੀ ਜਾਂ ਨਹੀਂ ? ਇਹ ਇੱਕ ਵੱਡਾ ਸਵਾਲ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਵਾਰ ਵੀ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿੱਚ ਅਸ਼ਫਲ ਰਹਿੰਦੀ ਹੈ, ਤਾਂ ਲੋਕ ਉੱਪ ਚੋਣ ਵਿੱਚ ਅਪਣੀ ਵੋਟ ਦੀ ਤਾਕਤ ਨਾਲ 'ਆਪ' ਦੀ ਸਰਕਾਰ ਦੇ ਉਮੀਦਵਾਰ ਦਾ ਬੋਰੀਆਂ ਬਿਸਤਰਾ ਗੋਲ ਕਰਨ ਵਿੱਚ ਦੇਰ ਨਹੀਂ ਲਗਾਏਗੀ। ਉਨ੍ਹਾ ਇਹ ਵੀ ਕਿਹਾ ਕਿ ਸੂਬਾ ਸਰਕਾਰ ਦੇ ਬੀਤੇ ਸਾਡੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਸੂਬੇ 'ਚ ਲਾਅ ਐਂਡ ਆਡਰ ਦੀ ਸਥਿੱਤੀ ਵਿੱਚ ਵੱਡਾ ਨਿਘਾਰ ਆਇਆ ਹੈ। ਭਰੇ ਬਾਜ਼ਾਰ, ਸ਼ਰੇਆਮ ਲੁੱਟ, ਖੋਹ, ਡਿਕੈਤੀ ਅਤੇ ਕਤਲ ਦੀਆਂ ਵਾਰਦਾਤਾਂ ਆਏ ਦਿਨ ਨਵੇਂ ਅੰਕੜੇ ਪਾਰ ਕਰ ਰਹੀਆਂ ਹਨ। ਨਸ਼ਿਆਂ ਦੀ ਮਾਰ ਹੇਠ ਆਏ ਨੌਜਵਾਨਾਂ ਦੀ ਮੌਤ ਕਾਰਨ ਮਾਵਾਂ ਦੀਆਂ ਅੱਖਾਂ ਵਿੱਚੋਂ ਨਿਕਲਦੇ ਅੱਥਰੂ ਰੁਕਣ ਦਾ ਨਾਂ ਨਹੀਂ ਲੈ ਰਹੇ। ਸ਼ਰਾਬ ਤੇ ਰੇਤ ਮਾਫੀਆਂ ਸਰਕਾਰ ਦੇ ਇਸ਼ਾਰਿਆਂ 'ਤੇ ਕਾਰੋਬਾਰ ਦੀ ਖੇਡ, ਖੇਡ ਰਹੇ ਹਨ।

# ਮਾਨ ਦੇ ਆਉਣ ਕਾਰਨ ਲੱਗਾ ਜਾਮ, ਆਮ ਲੋਕਾਂ ਦੇ ਜੀਅ ਦਾ ਜੰਜਾਲ ਬਣਿਆ : ਐਡਵੋਕੇਟ ਘੁੰਮਣ



ਲੁਧਿਆਣਾ, 15 ਮਈ (ਰਵਿੰਦਰ ਸਿੰਘ ਨਿੱਝਰ) : ਆਮ ਆਦਮੀ ਪਾਰਟੀ ਵੱਲੋਂ ਪਹਿਲਾਂ ਦਿੱਲੀ ਤੇ ਹੁਣ ਪੰਜਾਬ 'ਚ ਝੂਠ ਅਤੇ ਫਰੇਬ ਦੀ ਰਾਜਨੀਤੀ ਕਰਕੇ ਲੋਕਾਂ ਨੂੰ ਐਸਾ ਰੰਗ ਦਿਖਾਇਆ ਕਿ ਲੋਕ ਹੁਣ ਆਪਣੇ ਕੀਤੇ ਦਾ ਹੀ ਪਛਤਾਵਾ ਕਰ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਪੱਛਮੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪ੍ਰਉਪਕਾਰ ਸਿੰਘ ਘੁੰਮਣ ਨੇ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਅੱਜ ਵਿਕਾਸ ਦੇ ਨਾਂ ਤੇ ਉਦਘਾਟਨ ਲਈ ਸ਼ਹਿਰ ਵਿੱਚ ਪੁੱਜੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਫੇਰੀ ਨਾਲ ਲੋਕਾਂ ਦਾ ਐਸਾ ਜਨ-ਜੀਵਨ ਰੁਕਿਆ ਕਿ ਤਪਦੀ ਦੁਪਹਿਰ ਨੇ ਆਮ ਆਦਮੀ ਦਾ ਪਾਰਾ ਸਤਵੇਂ ਆਸਮਾਨ 'ਤੇ ਪਹੁੰਚਾ ਦਿੱਤਾ। ਸ਼ਹਿਰ ਦੇ ਹਰ ਚੌਂਕ ਵਿੱਚ ਲੱਗੇ ਵੱਡੇ-ਵੱਡੇ ਜਾਮ ਕਾਰਨ ਐਂਬੂਲੈਂਸਾਂ ਵਿੱਚ ਬੈਠੇ ਮਰੀਜ਼ਾਂ ਦੇ ਨਾਲ ਉਨ੍ਹਾਂ ਦੇ ਪ੍ਰੀਵਾਰਕ ਮੈਂਬਰ ਜਿੱਥੇ ਜਾਮ ਖੁੱਲ੍ਹਣ ਦਾ ਇੰਤਜ਼ਾਰ ਕਰ ਰਹੇ ਸਨ ਉੱਥੇ ਮਰੀਜ਼ ਦੀ ਸਲਾਮਤੀ ਲਈ ਰੱਬ ਅੱਗੇ ਹੱਥ ਜੋੜ ਦੁਆਵਾਂ ਵੀ ਮੰਗ ਰਹੇ ਸਨ। ਐਡਵੋਕੇਟ ਘੁੰਮਣ ਨੇ ਕਿਹਾ ਕਿ ਜਦ ਇਹ ਪਾਰਟੀ ਲੋਕਾਂ ਵਿੱਚ ਵੋਟਾਂ ਮੰਗਣ ਆਈ ਸੀ ਤਾਂ ਇਸ ਨੇ ਲੋਕਾਂ ਨਾਲ ਇਹ ਝੂਠਾ ਵਾਅਦਾ ਕੀਤਾ ਸੀ ਕਿ ਇਹ ਪਾਰਟੀ ਆਮ ਆਦਮੀ ਦੇ ਪ੍ਰੀਵਾਰ ਤੇ ਆਮ ਆਦਮੀ ਦੇ ਲੋਕਾਂ ਵਿੱਚੋਂ ਉੱਠਕੇ ਆਈ ਹੈ ਤੇ ਇਹ ਆਮ ਲੋਕਾਂ ਦੇ ਹਰ ਦੁੱਖ ਦਰਦ ਨੂੰ ਜਾਣਦੀ ਹੈ। ਉਨ੍ਹਾਂ ਕਿਹਾ ਕਿ ਹੁਣ ਇਹ ਪਾਰਟੀ ਲੋਕਾਂ ਲਈ ਵੱਡਾ ਸਿਰ ਦਰਦ ਬਣਕੇ ਸਾਹਮਣੇ ਆ ਚੁੱਕੀ ਹੈ। ਘੁੰਮਣ ਨੇ ਕਿਹਾ ਕਿ ਅੱਜ ਮੁੱਖ ਮੰਤਰੀ ਦੇ ਕਾਫਲੇ ਅਤੇ ਵੀਆਈਪੀ ਕਲਚਰ ਕਰਕੇ ਰੁਕੇ ਹੋਏ ਟ੍ਰੈਫਿਕ ਨਾਲ ਪੂਰੇ ਸ਼ਹਿਰ ਦੀ ਨਬਜ਼ ਰੁਕੀ ਹੋਈ ਸੀ । ਉਨ੍ਹਾਂ ਪੰਜਾਬ ਅਤੇ ਸ਼ਹਿਰ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਦੀ ਕਹਿਣੀ ਤੇ ਕਥਨੀ ਵਿਚ ਵੱਡਾ ਅੰਤਰ ਹੈ, ਜਿਸ ਨੂੰ ਖਤਮ ਕਰਨ ਦਾ ਸਮਾਂ ਆ ਚੁੱਕਿਆ ਹੈ। ਵੋਟ ਦੀ ਤਾਕਤ ਤੁਹਾਡੇ ਹੱਥਾਂ ਵਿੱਚ ਹੈ।

# ਕਰੋੜਾਂ ਦੀ ਨਕਲੀ ਸ਼ਰਾਬ ਬਣ ਅਤੇ ਵਿਕ ਰਹੀ ਹੈ, ਸਬੰਧਤ ਵਿਭਾਗ ਦਾ ਮੰਤਰੀ ਅਸਤੀਫ਼ਾ ਦੇਵੇ : ਰਜਨੀਸ਼ ਧੀਮਾਨ



ਲੁਧਿਆਣਾ, 15 ਮਈ (ਰਵਿੰਦਰ ਸਿੰਘ ਨਿੱਝਰ) : ਭਾਜਪਾ ਲੁਧਿਆਣਾ ਦੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ ਪੰਜਾਬ ਦੇ ਅੰਮ੍ਰਿਤਸਰ ਦੇ ਮਜੀਠਾ ਸਬ-ਡਵੀਜਨ ਵਿੱਚ ਵਾਪਰੀ ਹੂਚ ਦੁਖਾਂਤ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ 'ਆਪ' ਦੀ ਦਿੱਲੀ ਲੀਡਰਸ਼ਿਪ ਨੂੰ ਜ਼ਿੰਮੇਵਾਰ ਠਹਿਰਾਇਆ, ਜਿਸ ਵਿੱਚ 16 ਮਾਸੂਮ ਲੋਕਾਂ ਦੀ ਜਾਨ ਚਲੀ ਗਈ। ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਨੇ ਵੀ ਮੁੱਖ ਮੰਤਰੀ ਭਗਵੰਤ ਮਾਨ ਦੇ ਮਈ 2025 ਤੱਕ ਪੰਜਾਬ ਵਿੱਚੋਂ ਨਸ਼ਾ ਖਤਮ ਕਰਨ ਦੇ ਦਾਅਵੇ ਨੂੰ ਰੱਦ ਕਰਦੇ ਹੋਏ ਕਿਹਾ, "ਇੱਕ ਅਜਿਹੇ ਵਿਅਕਤੀ ਤੋਂ ਨਸਾ ਖਤਮ ਹੋਣ ਦੀ ਉਮੀਦ ਕਰਨਾ ਵਿਅਰਥ ਹੈ ਜੋ ਖੁਦ ਨਸੇ ਦਾ ਆਦੀ ਹੈ। ਰਜਨੀਸ਼ ਧੀਮਾਨ ਨੇ ਦੋਸ਼ ਲਗਾਇਆ ਕਿ 'ਆਪ' ਦੀ ਦਿੱਲੀ ਲੀਡਰਸ਼ਿਪ ਨੇ ਪੰਜਾਬ ਨੂੰ ਆਪਣੇ 'ਸ਼ਰਾਬ ਘੁਟਾਲੇ ਦੇ ਮਾਡਲ' ਦਾ ਨਵਾਂ ਸ਼ਿਕਾਰ ਬਣਾਇਆ ਹੈ। ਉਨ੍ਹਾਂ ਕਿਹਾ, ਦਿੱਲੀ ਨੂੰ ਸ਼ਰਾਬ ਘੁਟਾਲੇ ਵਿੱਚ ਡੁੱਬਣ ਤੋਂ ਬਾਅਦ, ਹੁਣ ਉਹੀ ਪ੍ਰਯੋਗ ਪੰਜਾਬ ਵਿੱਚ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਭਾਗ ਦੇ ਅਧੀਨ ਕਰੋੜਾਂ ਦੀ ਨਕਲੀ ਸ਼ਰਾਬ ਬਣਾਈ ਜਾ ਰਹੀ ਹੈ ਅਤੇ ਆਮ ਲੋਕ ਮਰ ਰਹੇ ਹਨ। ਉਸ ਵਿਭਾਗ ਦੇ ਮੰਤਰੀ ਅਸਤੀਫਾ ਕਿਉਂ ਨਹੀਂ ਦਿੰਦੇ?

# ਸ਼ਹੀਦਾਂ ਦੀਆਂ ਤਸਵੀਰਾਂ ਦਫ਼ਤਰਾਂ 'ਚ ਲਗਾਉਣ ਨਾਲ ਨਹੀਂ ਉਹਨਾਂ ਦੀ ਸੋਚ ਨੂੰ ਹਿਰਦੇ ਅੰਦਰ ਬਿਠਾਉਣ ਨਾਲ ਹੀ ਤਬਦੀਲੀ ਲਿਆਂਦੀ ਜਾ ਸਕਦੀ ਹੈ : ਬਾਵਾ



ਲੁਧਿਆਣਾ, 15 ਮਈ (ਰਵਿੰਦਰ ਸਿੰਘ ਨਿੱਝਰ) : ਦੇਸ਼ ਭਗਤ ਯਾਦਗਾਰੀ ਸੁਸਾਇਟੀ ਪੰਜਾਬ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਸੰਜੇ ਤਲਵਾੜ ਨੌਘਰਾਂ ਜਨਮ ਅਸਥਾਨ ਸੁਖਦੇਵ ਥਾਪਰ ਦੇ ਗ੍ਰਹਿ ਪੁੱਜੇ। ਇਸ ਸਮੇਂ ਉਹਨਾਂ ਅਸ਼ੋਕ ਥਾਪਰ ਵੱਲੋਂ ਸਹੀਦਾਂ ਦੀ ਯਾਦ ਨੂੰ ਤਾਜਾ ਕਰਨ ਲਈ ਚੁੱਕੇ ਬੀੜੇ ਦੀ ਸ਼ਲਾਘਾ ਕੀਤੀ। ਸ੍ਰੀ ਬਾਵਾ ਅਤੇ ਤਲਵਾੜ ਨੇ ਕਿਹਾ ਕਿ ਸੁਖਦੇਵ ਥਾਪਰ ਦਾ ਜਨਮਦਿਨ ਦੇਸ਼ ਭਗਤੀ ਅਤੇ ਦੇਸ ਲਈ ਕੁਝ ਕਰਨ ਦੀ ਸੋਚ ਨੂੰ ਜਨਮ ਦਿੰਦਾ ਹੈ। ਉਹਨਾਂ ਕਿਹਾ ਕਿ ਸ਼ਹੀਦਾਂ ਦੀਆਂ ਫੋਟੋਆਂ ਦਫਤਰਾਂ ਵਿੱਚ ਲਗਾ ਕੇ ਸਮਾਜਿਕ ਤਬਦੀਲੀ ਨਹੀਂ ਆ ਸਕਦੀ। ਉਨਾਂ ਕਿਹਾ ਕਿ ਮਹਾਨ ਦੇਸ ਭਗਤਾਂ ਅਤੇ ਸਹੀਦਾਂ ਦੀ ਸੋਚ ਨੂੰ ਹਿਰਦੇ ਅੰਦਰ ਬਿਠਾ ਕੇ ਹੀ ਅਸੀਂ ਸਮਾਜ ਲਈ ਕੁਝ ਬਿਹਤਰ ਕਰ ਸਕਦੇ ਹਾਂ। ਉਹਨਾਂ ਕਿਹਾ ਕਿ ਸਹੀਦ ਸੁਖਦੇਵ ਦੇ ਘਰ ਨੂੰ ਜਾਣ ਵਾਲਾ ਰਸਤਾ ਚੌੜਾ ਕਰਨ ਦੀ ਲੋੜ ਹੈ ਜੋ ਤੰਗ ਸੋਚ ਨਾਲ ਨਹੀਂ ਸਗੋਂ ਵਿਸਾਲ ਸੋਚ ਨਾਲ ਹੋ ਸਕਦਾ ਹੈ। ਬਾਵਾ ਨੇ ਕਿਹਾ ਕਿ ਲੋੜ ਹੈ ਮਹਾਨ ਸ਼ਹੀਦਾਂ, ਸੁਤੰਤਰਤਾ ਸੰਗਰਾਮੀਆਂ ਦੀਆਂ ਸ਼ਹਾਦਤਾਂ ਦਾ ਸਤਿਕਾਰ ਕਰਦੇ ਹੋਏ ਉਹਨਾਂ ਦੀ ਦੇਸ ਸਮਾਜ ਪ੍ਰਤੀ ਸੋਚ 'ਤੇ ਪਹਿਰਾ ਦਈਏ। ਇਹਨਾਂ ਨੂੰ ਫੁੱਲ ਮਾਲਾਵਾਂ ਅਤੇ ਫੁੱਲ ਭੇਟ ਕਰਨ ਤੱਕ ਹੀ ਸੀਮਤ ਨਾ ਰਖੀਏ।

# ਨਸ਼ਿਆਂ ਦੇ ਖ਼ਾਤਮੇ ਲਈ 'ਨਸ਼ਾ ਮੁਕਤੀ ਯਾਤਰਾ' ਅੱਜ ਤੋਂ ਸ਼ੁਰੂ ਹੋਵੇਗੀ



ਲੁਧਿਆਣਾ, 15 ਮਈ (ਵਿਸ਼ਾਲ ਸ਼ਰਮਾ) : ਜ਼ਿਲ੍ਹਾ ਪ੍ਰਸ਼ਾਸਨ 16 ਮਈ ਤੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਇੱਕ ਵਿਸ਼ਾਲ ਜ਼ਮੀਨੀ ਪੱਧਰ 'ਤੇ ਜਾਗਰੂਕਤਾ ਮੁਹਿੰਮ ਨਸ਼ਾ ਮੁਕਤੀ ਯਾਤਰਾ ਸ਼ੁਰੂ ਕਰੇਗਾ। ਜ਼ਿਲ੍ਹਾ ਲੁਧਿਆਣਾ ਵਿੱਚ 25 ਮਈ ਤੱਕ ਲੁਧਿਆਣਾ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ 275 ਯਾਤਰਾਵਾਂ ਕੱਢੀਆਂ ਜਾਣਗੀਆ। ਜ਼ਿਲ੍ਹੇ ਦੇ 14 ਵਿਧਾਨ ਸਭਾ ਹਲਕਿਆਂ ਵਿੱਚ ਹਰੇਕ ਹਲਕੇ ਵਿੱਚ ਰੋਜ਼ਾਨਾ ਕਈ ਸਮਾਗਮ ਕੀਤੇ ਜਾਣਗੇ।

ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਕਿਹਾ ਕਿ ਇਹ ਨਸ਼ਾ ਮੁਕਤੀ ਯਾਤਰਾ ਦੀ ਪਹਿਲਕਦਮੀ ਨਸ਼ਿਆਂ ਵਿਰੁੱਧ ਜੰਗ ਨੂੰ ਲੋਕ ਅਗਵਾਈ ਵਾਲੀ ਲਹਿਰ ਵਿੱਚ ਬਦਲ ਦੇਵੇਗੀ। ਸਮਾਜ ਨੂੰ ਚੌਕਸੀ ਵਧਾਉਣ ਅਤੇ ਨਸ਼ਿਆਂ ਨੂੰ ਖ਼ਤਮ ਕਰਨ ਲਈ ਸਮੂਹਿਕ ਕਾਰਵਾਈ ਕਰਨ ਲਈ ਉਤਸ਼ਾਹਿਤ ਕਰੇਗੀ। ਉਨ੍ਹਾਂ ਨੇ ਨਸ਼ਾ ਮੁਕਤ ਸਮਾਜ ਦੀ ਪ੍ਰਾਪਤੀ ਲਈ ਜਨਤਕ ਭਾਗੀਦਾਰੀ ਦੀ ਮਹੱਤਵਪੂਰਨ ਲੋੜ 'ਤੇ ਜ਼ੋਰ ਦਿੱਤਾ ਅਤੇ ਹਰੇਕ ਨਾਗਰਿਕ ਨੂੰ ਮਿਸ਼ਨ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿ ਜ਼ਿਲ੍ਹਾ ਲੁਧਿਆਣਾ ਨਸ਼ਾ ਮੁਕਤ ਕਰਨ ਦਾ ਟੀਚਾ ਸਿਰਫ ਇਕਜੁੱਟ ਯਤਨਾਂ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਯਾਤਰਾਵਾਂ ਨੂੰ ਅਧਿਕਾਰੀਆਂ ਦੀ ਨਿਗਰਾਨੀ ਹੇਠ ਸਾਵਧਾਨੀ ਨਾਲ ਆਯੋਜਿਤ ਕੀਤਾ ਜਾਵੇਗਾ। ਨਗਰ ਨਿਗਮ ਲੁਧਿਆਣਾ ਤੋਂ ਪਰਮਦੀਪ ਸਿੰਘ ਨਗਰ ਨਿਗਮ ਅਧੀਨ ਸ਼ਹਿਰੀ ਖੇਤਰਾਂ ਵਿੱਚ ਹੋਣ ਵਾਲੇ ਸਮਾਗਮਾਂ ਦੀ ਨਿਗਰਾਨੀ ਕਰਨਗੇ, ਏ.ਡੀ.ਸੀ (ਪੇਂਡੂ ਵਿਕਾਸ) ਅਮਰਜੀਤ ਬੈਂਸ ਪੇਂਡੂ ਬਲਾਕਾਂ ਵਿੱਚ ਗਤੀਵਿਧੀਆਂ ਦਾ ਪ੍ਰਬੰਧਨ ਕਰਨਗੇ ਅਤੇ ਏ.ਡੀ.ਸੀ (ਸ਼ਹਿਰੀ ਵਿਕਾਸ) ਰੁਪਿੰਦਰ ਪਾਲ ਸਿੰਘ ਨਗਰ ਕੌਂਸਲਾਂ ਵਿੱਚ ਹੋਣ ਵਾਲੇ ਸਮਾਗਮਾਂ ਲਈ ਜ਼ਿੰਮੇਵਾਰ ਹੋਣਗੇ। ਹਿਮਾਂਸ਼ੂ ਜੈਨ ਨੇ ਕਿਹਾ ਕਿ ਹਰੇਕ ਨਸ਼ਾ ਮੁਕਤੀ ਯਾਤਰਾ ਪਿੰਡ ਰੱਖਿਆ ਕਮੇਟੀਆਂ (ਵੀ.ਡੀ.ਸੀ), ਵਾਰਡ ਰੱਖਿਆ ਕਮੇਟੀਆਂ (ਡਬਲਯੂ.ਡੀ.ਸੀ), ਸਰਪੰਚ, ਪਿੰਡ ਵਾਸੀਆਂ ਅਤੇ ਹੋਰਾਂ ਨੂੰ ਇਕੱਠੇ ਕਰੇਗੀ ਤਾਂ ਜੋ ਜਾਗਰੂਕਤਾ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਨਸ਼ੇ ਨਾਲ ਸਬੰਧਤ ਗਤੀਵਿਧੀਆਂ ਵਿਰੁੱਧ ਲੜਾਈ ਨੂੰ ਮਜ਼ਬੂਤ ਕੀਤਾ ਜਾ ਸਕੇ।

ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਖੰਨਾ ਵਿੱਚ ਕੰਮਾਂ, ਈਸੜੂ ਅਤੇ ਰਾਜੇਵਾਲ ਵਿੱਚ ਸਮਾਗਮਾਂ ਦੀ ਅਗਵਾਈ ਕਰਨਗੇ। ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਸਾਹਨੇਵਾਲ ਵਿੱਚ ਦਸਮੇਸ਼ ਕਲਾਂ, ਮੁੰਡੀਆਂ ਖੁਰਦ ਅਤੇ ਮੁੰਡੀਆਂ ਟਿੱਬਾ ਵਿੱਚ ਯਾਤਰਾਵਾਂ ਦੀ ਪ੍ਰਧਾਨਗੀ ਕਰਨਗੇ। ਲੁਧਿਆਣਾ ਸੈਂਟਰਲ ਵਿੱਚ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਵਾਰਡ ਨੰਬਰ 10,30 ਅਤੇ 74 ਵਿੱਚ ਸਮਾਗਮਾਂ ਦੀ ਅਗਵਾਈ ਕਰਨਗੇ ਜਦੋਂ ਕਿ ਲੁਧਿਆਣਾ ਪੂਰਬੀ ਵਿੱਚ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਵਾਰਡ ਨੰਬਰ 11,12 ਅਤੇ 13 ਦੀ ਨਿਗਰਾਨੀ ਕਰਨਗੇ।

# ਸਰਹਾਲੀ ਸਮਾਲ ਸਕੇਲ ਇੰਡਸਟਰੀਜ਼ ਐਂਡ ਟਰੇਡਰਜ਼ ਐਸੋਸੀਏਸ਼ਨ ਦੇ ਪ੍ਰਧਾਨ ਬਣੇ



ਲੁਧਿਆਣਾ, 15 ਮਈ (ਰਵਿੰਦਰ ਸਿੰਘ ਨਿੱਝਰ/ਵਿਸ਼ਾਲ ਸ਼ਰਮਾ) : ਸਮਾਲ ਸਕੇਲ ਇੰਡਸਟਰੀਜ਼ ਐਂਡ ਟਰੇਡਰਜ਼ ਐਸੋਸੀਏਸ਼ਨ ਦੀ ਜਰਨਲ ਮੀਟਿੰਗ ਹਲਕਾ ਆਤਮ ਨਗਰ ਵਿਚ ਵਿਧਾਇਕ ਕੁਲਵੰਤ ਸਿੰਘ ਸਿੱਧੂ, ਉੱਘੇ ਉਦਯੋਗਪਤੀ ਚਰਨਜੀਤ ਸਿੰਘ ਵਿਸ਼ਵਕਰਮਾ, ਅਵਤਾਰ ਸਿੰਘ ਭੋਗਲ, ਅਮਰੀਕ ਸਿੰਘ ਜੈਮਲ, ਗੁਰਚਰਨ ਸਿੰਘ ਜੈਮਕੋ, ਉਦਮਜੀਤ ਸਿੰਘ ਚਾਨੇ ਅਤੇ ਇੰਦਰਜੀਤ ਸਿੰਘ ਨਵਯੁੱਗ ਦੀ ਸਰਪ੍ਰਸਤੀ ਹੇਠ ਵਿਸ਼ਵਕਰਮਾ ਪਾਰਕ ਵਿਖੇ ਹੋਈ। ਜਿਸ ਵਿਚ ਸਾਰੇ ਆਗੂਆਂ ਨੇ ਰਜਿੰਦਰ ਸਿੰਘ ਸਰਹਾਲੀ ਨੂੰ ਐਸੋਸੀਏਸ਼ਨ ਦਾ ਪ੍ਰਧਾਨ ਐਲਾਨਿਆ। ਇਸ ਸਮੇਂ ਵਿਧਾਇਕ ਸਿੱਧੂ ਨੇ ਕਿਹਾ ਕਿ ਸੂਬਾ ਸਰਕਾਰ ਇੰਡਸਟਰੀ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਵਾਉਣ ਲਈ ਵਚਨਬੱਧ ਹੈ ਤਾਂ ਜੋ ਉਦਯੋਗ ਪ੍ਰਫੁਲਿਤ ਹੋ ਸਕੇ। ਇਸ ਮੌਕੇ ਸਤਿੰਦਰਜੀਤ ਸਿੰਘ ਔਟਮ, ਹਰਦੀਪ ਸਿੰਘ ਸੋਹਲ, ਸੁਖਵਿੰਦਰ ਸਿੰਘ ਜਗਦੇਵ, ਰਾਜ ਕੁਮਾਰ ਸ਼ਰਮਾ, ਬਲਜਿੰਦਰ ਸਿੰਘ ਹੁੰਝਣ, ਅਮਰੀਕ ਸਿੰਘ ਘੜਿਆਲ, ਪਰਧਾਨ ਜਗਦੇਵ ਸਿੰਘ ਆਦਿ ਨੇ ਪ੍ਰਧਾਨ ਰਜਿੰਦਰ ਸਿੰਘ ਸਰਹਾਲੀ ਨੂੰ ਵਧਾਈ ਦਿੱਤੀ।

# ਡੀ.ਬੀ.ਈ.ਈ. ਵਿਖੇ ਪਲੇਸਮੈਂਟ ਕੈਂਪ ਅੱਜ

ਲੁਧਿਆਣਾ, 15 ਮਈ (ਵਿਸ਼ਾਲ ਸ਼ਰਮਾ) : ਪੰਜਾਬ ਸਰਕਾਰ ਦੇ ਮਿਸ਼ਨ ਘਰ-ਘਰ ਰੋਜ਼ਗਾਰ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.) ਲੁਧਿਆਣਾ ਵੱਲੋਂ ਭਲਕੇ 16 ਮਈ (ਸ਼ੁੱਕਰਵਾਰ) ਨੂੰ ਸਥਾਨਕ ਦਫ਼ਤਰ ਪ੍ਰਤਾਪ ਚੌਂਕ ਸਾਹਮਣੇ ਸੰਗੀਤ ਸਿਨੇਮਾ ਲੁਧਿਆਣਾ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ, ਜਿਸਦਾ ਸਮਾਂ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਹੋਵੇਗਾ। ਡੀ.ਬੀ.ਈ.ਈ. ਲੁਧਿਆਣਾ ਦੇ ਡਿਪਟੀ ਡਾਇਰੈਕਟਰ ਰੁਪਿੰਦਰ ਕੌਰ ਵੱਲੋਂ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਲਗਾਤਾਰ ਕੀਤਾ ਜਾ ਰਿਹਾ ਹੈ। ਜਿਸਦੇ ਤਹਿਤ ਇਹ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਭਲਕੇ 16 ਮਈ ਨੂੰ ਲੱਗਣ ਜਾ ਰਹੇ ਕੈਂਪ ਮੌਕੇ ਲੁਧਿਆਣਾ ਦੀਆਂ ਪ੍ਰਸਿੱਧ ਕੰਪਨੀਆਂ ਹਿੱਸਾ ਲੈ ਰਹੀਆਂ ਹਨ। ਜਿਨ੍ਹਾਂ ਵਿੱਚ ਸਿਕਿਓਰ ਇੰਜੀਨੀਅਰ, ਇਨੋਵਾ, ਨਹਿਰੂ ਯੂਵਾ ਕੇਂਦਰ, ਟਰੂ ਟੀਮ ਸਿਲਿਊਸ਼ਨ, ਐਸ.ਬੀ.ਐਸ. ਗਰੁੱਪ, ਈਸਟਮੈਨ ਆਦਿ ਸ਼ਾਮਲ ਹਨ।

# ਯੂਥ ਕਲੱਬ ਬਾਬਾ ਦੀਪ ਸਿੰਘ ਨਗਰ ਵੱਲੋਂ ਨਸ਼ਿਆਂ ਵਿਰੁੱਧ ਮੁਹਿੰਮ ਦਾ ਆਗਾਜ਼




ਲੁਧਿਆਣਾ, 15 ਮਈ (ਵਿਸ਼ਾਲ ਸ਼ਰਮਾ) : ਯੂਥ ਕਲੱਬ ਬਾਬਾ ਦੀਪ ਸਿੰਘ ਨਗਰ (ਰਜਿ:) ਲੁਧਿਆਣਾ ਵੱਲੋਂ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਅੱਜ ਇਲਾਕੇ ਵਿੱਚ ਜੀ ਏ ਡੀ ਸਕੂਲ ਦੇ ਬੱਚਿਆਂ ਨੇ ਹੱਥਾਂ ਵਿੱਚ ਨਸ਼ਿਆਂ ਖਿਲਾਫ ਸਲੋਗਨਜ ਲੈਕੇ ਨਾਅਰੇ ਲਗਾਕੇ ਨਸ਼ਿਆਂ ਵਿਰੁੱਧ ਸੁਨੇਹਾ ਦਿੱਤਾ। ਇਸ ਮੌਕੇ ਯੂਥ ਕਲੱਬ ਦੇ ਪ੍ਰਧਾਨ ਪ੍ਰਭਜੋਤ ਸਿੰਘ, ਸਕੱਤਰ ਅਮਰਿੰਦਰ ਸਿੰਘ, ਸਰਪੰਚ ਹਰਮੇਸ਼ ਸਿੰਘ ਰਿਟਾ: ਪੁਲਸ ਇੰਸਪੈਕਟਰ, ਸੋਨੀ ਗਿੱਲ, ਰਿਟ: ਪੁਲਸ ਇੰਸਪੈਕਟਰ ਦਵਿੰਦਰ ਸਿੰਘ ਚਕੋਹੀ, ਦਵਿੰਦਰ ਸਿੰਘ ਗੁਰੂ ਨੇ ਨਸ਼ਿਆਂ ਖਿਲਾਫ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਸੋਨੀ ਗਿੱਲ ਪ੍ਰਧਾਨ ਯੂਥ ਵਿੰਗ, ਸਰਪੰਚ ਮੰਗਾ ਸਿੰਘ, ਸਰਪੰਚ ਨਿਰਮਲ ਸਿੰਘ, ਸਰਪੰਚ ਦਲਜੀਤ ਸਿੰਘ, ਸੁਰਿੰਦਰ ਕੁਮਾਰ ਸ਼ਰਮਾ, ਹਰਚਰਨ ਸਿੰਘ ਬਾਜਵਾ(ਸਾਰੇ ਪੰਚਾਇਤ ਮੈਂਬਰ), ਦਵਿੰਦਰ ਸਿੰਘ, ਗੁਰਦੁਆਰਾ ਸਾਹਿਬ ਦੇ ਪ੍ਰਧਾਨ ਪਰਮਿੰਦਰ ਸਿੰਘ, ਇੰਜੀ: ਰਵੀ ਕੁਮਾਰ, ਚੰਦਨ ਕੁਮਾਰ ਪ੍ਰਿੰਸੀਪਲ ਸੁਖਵਿੰਦਰ ਸਿੰਘ ਗਿੱਲ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਮੁੱਖ ਮੰਤਰੀ ਤੋਂ ਗੁਰੂ ਰਵਿਦਾਸ ਭਵਨ ਦਾ ਨਿਰਮਾਣ ਕਰਨ ਦੀ ਮੰਗ



ਲੁਧਿਆਣਾ, 15 ਮਈ (ਰਵਿੰਦਰ ਸਿੰਘ ਨਿੱਝਰ) : ਭਾਰਤੀਯ ਵਾਲਮੀਕਿ ਧਰਮ ਸਮਾਜ ਰਜਿ. ਭਾਵਾਧਸ ਦਾ ਇਕ ਵਫ਼ਦ ਰਾਸ਼ਟਰੀ ਸੰਚਾਲਕ ਕਰਮਯੋਗੀ ਚੌਧਰੀ ਯਸ਼ਪਾਲ ਦੀ ਅਗਵਾਈ ਵਿਚ ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਲੁਧਿਆਣਾ ਫ਼ੇਰੀ ਦੌਰਾਨ ਮਿਲਿਆ। ਇਸ ਮੌਕੇ ਚੌਧਰੀ ਯਸ਼ਪਾਲ ਵੱਲੋਂ ਜਿੱਥੇ ਮੁੱਖ ਮੰਤਰੀ ਭਗਵੰਤ ਮਾਨ ਦਾ ਡਾ. ਅੰਬੇਡਕਰ ਭਵਨ ਵਿਖੇ ਨਵੇਂ ਆਡੀਟੋਰਮ ਦੇ ਉਦਘਾਟਨ ਮੌਕੇ ਸਵਾਗਤ ਕੀਤਾ ਗਿਆ। ਉੱਥੇ ਹੀ ਸ਼ਹਿਰ ਨੂੰ ਬਿਹਤਰ ਨੂੰ ਬਣਾਉਣ ਲਈ ਕਈ ਮੁੱਦਿਆਂ 'ਤੇ ਚਰਚਾ ਕੀਤੀ ਗਈ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਮੁੱਖ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਕਿ ਪਿਛਲੇ ਦਿਨਾਂ ਵਿਚ ਪੰਜਾਬ ਸਰਕਾਰ ਵੱਲੋਂ ਚੰਡੀਗੜ੍ਹ ਰੋਡ 32 ਸੈਕਟਰ ਵਰਧਮਾਨ ਦੇ ਪਿਛਲੇ ਪਾਸੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ 'ਤੇ ਗੁਰੂ ਰਵਿਦਾਸ ਭਵਨ ਬਣਾਉਣ ਦਾ ਐਲਾਨ ਹੋਇਆ ਸੀ, ਜਿਸ ਦਾ ਕਿ ਹਾਲੇ ਤੱਕ ਕੰਮ ਸ਼ੁਰੂ ਨਹੀਂ ਹੋਇਆ ਹੈ। ਇਸ ਲਈ ਸਾਡੀ ਤੁਹਾਡੇ ਅੱਗੇ ਮੰਗ ਹੈ ਕਿ ਉਕਤ ਗੁਰੂ ਰਵਿਦਾਸ ਭਵਨ ਦੀ ਉਸਾਰੀ ਦਾ ਕੰਮ ਜਲਦ ਤੋਂ ਜਲਦ ਸ਼ੁਰੂ ਕਰਾਇਆ ਜਾਵੇ। ਇਸ ਮੌਕੇ ਮੁੱਖ ਮੰਤਰੀ ਨੇ ਵਿਸ਼ਵਾਸ਼ ਦਿਵਾਇਆ ਕਿ ਸਾਰੇ ਰਿਕਾਰਡ ਨੂੰ ਚੈੱਕ ਕੀਤਾ ਜਾਵੇਗਾ ਅਤੇ ਜਲਦ ਤੋਂ ਜਲਦ ਇਸ ਸਮੱਸਿਆ ਦਾ ਨਿਪਟਾਰਾ ਵੀ ਕੀਤਾ ਜਾਵੇਗਾ। ਇਸ ਮੌਕੇ ਮਲਕੀਤ ਜਨਾਗਲ, ਨਰੇਸ਼ ਧੀਂਗਾਨ, ਅਦਿੱਤਯ ਬੱਗਨ, ਵਿੱਕੀ ਰਹੇਲਾ ਆਦਿ ਹਾਜ਼ਰ ਸਨ।

# ਚੌਕੀ ਭੂੰਦੜੀ ਪੁਲਿਸ ਵੱਲੋਂ ਨਾਜਾਇਜ਼ ਸ਼ਰਾਬ ਬਰਾਮਦ



ਜਗਰਾਓਂ, 15 ਮਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਨਸ਼ਾ ਸਮਗਲਰਾਂ ਖਿਲਾਫ ਚਲਾਈ ਗਈ ਮੁਹਿੰਮ ਦੇ ਤਹਿਤ ਡੀਐਸਪੀ ਜਸਯੋਤ ਸਿੰਘ ਜੀ ਦੀ ਦਿਸ਼ਾ ਨਿਰਦੇਸ਼ ਹੇਠ ਥਾਣਾ ਸਿੱਧਵਾਂ ਬੇਟ ਦੇ ਇੰਚਾਰਜ ਇੰਸਪੈਕਟਰ ਹੀਰਾ ਸਿੰਘ ਦੀ ਅਗਵਾਈ ਹੇਠ, ਭੂੰਦੜੀ ਚੌਂਕੀ ਦੇ ਇੰਚਾਰਜ ਏ.ਐਸ.ਆਈ ਦਲਜੀਤ ਸਿੰਘ ਅਤੇ ਉਨਾਂ ਦੀ ਪੁਲਿਸ ਪਾਰਟੀ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਦੇ ਸਬੰਧ ਵਿੱਚ ਮੇਨ ਜੀ.ਟੀ ਰੋਡ ਗੇਟ ਗੋਰਸੀਆ ਕਾਦਰ ਬਖਸ਼ ਮੌਜੂਦ ਸੀ, ਤਾਂ ਖਾਸ ਮੁਕਵਰ ਨੇ ਇਤਲਾਹ ਦਿੱਤੀ ਕਿ ਕੁਲਵੰਤ ਸਿੰਘ ਜੋ ਕਿ ਜਹਿਰੀਲੇ/ਗੈਰ-ਸਿਹਤਮੰਦ ਪਦਾਰਥਾਂ ਤੋਂ ਤਿਆਰ ਕਰਕੇ ਸ਼ਰਾਬ ਨੂੰ ਵੇਚਦਾ ਹੈ ਅਤੇ ਜਿਸ ਦੀ ਕੋਈ ਡਿਗਰੀ ਨਹੀਂ ਹੁੰਦੀ।

ਲੋਕਾਂ ਵਿੱਚ ਵੇਚਦਾ ਹੈ ਅਤੇ ਮਨੁੱਖੀ ਜ਼ਿੰਦਗੀ ਨਾਲ ਖਿਲਵਾੜ ਕਰਨ ਦੀ ਕੋਸ਼ਿਸ਼ ਕਰਦਾ ਹੈ। ਜੇਕਰ ਹੁਣੇ ਹੀ ਕੁਲਵੰਤ ਸਿੰਘ ਦੇ ਘਰੇ ਤੂੜੀ ਵਾਲੇ ਦੋ ਕਮਰਿਆਂ ਵਿੱਚ ਰੇਡ ਕੀਤੀ ਜਾਵੇ ਤਾਂ ਭਾਰੀ ਮਾਤਰਾ ਵਿੱਚ ਜ਼ਹਿਰੀਲੇ ਪਦਾਰਥਾਂ ਤੋਂ ਤਿਆਰ ਕੀਤੀ ਹੋਈ ਸ਼ਰਾਬ ਹੱਥ ਲੱਗ ਸਕਦੀ ਹੈ। ਏਐਸ ਆਈ ਦਲਜੀਤ ਸਿੰਘ ਅਤੇ ਉਨਾਂ ਦੀ ਪੁਲਿਸ ਪਾਰਟੀ ਵੱਲੋਂ ਮੁਕਵਰ ਦੀ ਭਰੋਸੇਯੋਗ ਇਤਲਾਹ ਉੱਪਰ ਕੁਲਵੰਤ ਸਿੰਘ ਦੇ ਘਰੇ ਰੇਡ ਕੀਤੀ ਗਈ। ਜਿਸ ਦੀ ਚੈਕਿੰਗ ਕਰਨ ਤੋਂ 130 ਬੋਤਲਾਂ ਨਜਾਇਜ਼ ਸ਼ਰਾਬ ਦੀਆਂ ਬਰਾਮਦ ਹੋਈਆਂ। ਪੁਲਿਸ ਵੱਲੋਂ ਦੋਸ਼ੀ ਉੱਪਰ ਮੁਕੱਦਮਾ ਦਰਜ ਕੀਤਾ ਗਿਆ।

# ਜੋਤਿਸ਼ੀ ਬਾਵਾ ਦੀ ਧੀ ਨੇ ਦਸਵੀਂ 'ਚੋਂ 91 ਫ਼ੀਸਦੀ ਅੰਕ ਪ੍ਰਾਪਤ ਕੀਤੇ



ਲੁਧਿਆਣਾ, 15 ਮਈ (ਰਵਿੰਦਰ ਸਿੰਘ ਨਿੱਝਰ) : ਸਥਾਨਕ ਆਤਮ ਪਬਲਿਕ ਸੀ ਸੈ ਸਕੂਲ ਵਿੱਚ ਪੜ੍ਹਦੀ ਨਾਮਵਰ ਜੋਤਿਸ਼ੀ ਬਖਸ਼ੀਸ਼ ਸਿੰਘ ਬਾਵਾ ਦੀ ਧੀ ਲਵਪ੍ਰੀਤ ਕੌਰ ਨੇ ਸੀਬੀਐਸਈ ਦੁਆਰਾ ਲਈ ਗਈ ਦਸਵੀਂ ਜਮਾਤ ਦੀ ਪ੍ਰੀਖਿਆ ਵਿੱਚ 91 ਫੀਸਦੀ ਅੰਕ ਲੈ ਕੇ ਅਪਣਾ, ਸਕੂਲ ਦਾ ਅਤੇ ਮਾਪਿਆਂ ਦਾ ਨਾਂ ਰੋਸ਼ਨ ਕੀਤਾ ਹੈ। ਇਸ ਮੌਕੇ ਸਕੂਲ ਕਮੇਟੀ ਦੇ ਪ੍ਰਧਾਨ ਸੰਜੀਵ ਜੈਨ, ਡਾਇਰੈਕਟਰ ਬੀ ਡੀ ਬੁੱਧੀਰਾਜਾ, ਪ੍ਰਿੰਸੀਪਲ ਵੰਦਨਾ ਸੇਠੀ ਅਤੇ ਉਸ ਦੀ ਮਾਤਾ ਕੁਲਦੀਪ ਕੌਰ ਨੇ ਲਵਪ੍ਰੀਤ ਕੌਰ ਦਾ ਮੂੰਹ ਮਿੱਠਾ ਕਰਵਾਇਆ ਅਤੇ ਉਸ ਦੇ ਸ਼ਾਨਦਾਰ ਭਵਿੱਖ ਦੀ ਕਾਮਨਾ ਕੀਤੀ।

# ਸ਼ਹੀਦ ਸੁਖਦੇਵ ਦੇ ਜਨਮ ਦਿਨ ਮੌਕੇ ਸ਼ਰਧਾਂਜਲੀ ਭੇਟ



ਲੁਧਿਆਣਾ, 15 ਮਈ (ਰਵਿੰਦਰ ਸਿੰਘ ਨਿੱਝਰ) : ਅੱਜ ਲੁਧਿਆਣੇ ਸ਼ਹਿਰ ਦੇ ਜੰਮਪਲ ਸ਼ਹੀਦ ਸੁਖਦੇਵ ਦੇ ਜਨਮ ਦਿਨ ਮੌਕੇ ਸਥਾਨਕ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ, ਸੁਨੇਤ ਵਿਖੇ ਮਹਾਂ ਸਭਾ ਲੁਧਿਆਣਾ ਅਤੇ ਗਦਰੀ ਸਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਦੇ ਕਾਰਕੁੰਨਾਂ ਵੱਲੋਂ ਸ਼ਹੀਦ ਸੁਖਦੇਵ ਦੇ ਬੁੱਤ ਨੂੰ ਹਾਰ ਪਾ ਕੇ ਆਕਾਸ ਗੁੰਜਾਉ ਨਾਅਰਿਆਂ ਨਾਲ ਸਰਧਾਂਜਲੀ ਭੇਂਟ ਕੀਤੀ ਗਈ। ਉਨ੍ਹਾਂ ਨੇ ਹਰ ਵਰਗ ਦੇ ਨੌਜਵਾਨਾਂ ਨੂੰ ਚੇਤਨ ਕਰਨ ਲਈ ਨੌਜਵਾਨ ਭਾਰਤ ਸਭਾ ਵਰਗੀ ਜੱਥੇਬੰਦੀ ਬਣਾਉਣ ਵਿੱਚ ਅਹਿਮ ਰੋਲ ਅਦਾ ਕੀਤਾ। ਅੱਜ ਦੇ ਦੌਰ ਵਿੱਚ ਸਮੇਂ - ਸਮੇਂ ਦੀਆਂ ਸਰਕਾਰਾਂ ਇਨ੍ਹਾਂ ਸਹੀਦਾਂ ਦੀਆਂ ਤਸਵੀਰਾਂ ਤੇ ਹਾਰ ਪਾਉਣ ਤੋਂ ਇਲਾਵਾ ਹੋਰ ਕੁਝ ਨਹੀਂ ਕੀਤਾ, ਸਗੋਂ ਲੋਕਾਂ ਨੂੰ ਇਨ੍ਹਾਂ ਦੇ ਵਿਚਾਰਾਂ ਦੇ ਉਲਟ ਧਰਮਾਂ-ਜਾਤਾਂ ਦੇ ਨਾਮ 'ਤੇ ਲੜਾ ਕੇ ਵੱਡੇ ਕਾਰਪੋਰੇਟ ਘਰਾਣਿਆਂ ਅਤੇ ਸਾਮਰਾਜੀ ਮੁਲਕਾਂ ਦੀ ਸੇਵਾ ਕਰ ਰਹੀਆਂ ਹਨ। ਇਸ ਦੌਰਾਨ ਭਾਰਤ ਵਰਗੇ ਧਰਮ ਨਿਰਪੱਖ ਦੇਸ ਦੀ ਫੌਜੀ ਸੇਵਾ ਵਿੱਚ ਕਰਨਲ ਵਜੋਂ ਸੇਵਾਵਾਂ ਨਿਭਾਉਣ ਵਾਲੀ ਅਤੇ ਅਪਰੇਸਨ ਸਿੰਦੂਰ ਦੀ ਅਗਵਾਈ ਕਰਨ ਵਾਲੀ ਸੋਫੀਆ ਕੁਰੈਸੀ ਨੂੰ ਅੱਤਵਾਦੀਆਂ ਦੀ ਭੈਣ ਕਹਿ ਕੇ ਸੰਬੋਧਨ ਕਰਨ ਵਾਲੇ ਮੱਧ ਪ੍ਰਦੇਸ ਦੀ ਭਾਜਪਾ ਸਰਕਾਰ ਦੇ ਮੰਤਰੀ ਵਿਜੈ ਸਾਹ ਦੇ ਬਿਆਨ ਦੀ ਨਿਖੇਧੀ ਕਰਦਿਆਂ ਉਸ 'ਤੇ ਦੇਸ-ਧ੍ਰੋਹ ਦਾ ਕੇਸ ਦਰਜ ਕਰਨ ਦੀ ਮੰਗ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਫੌਜੀ ਸੁਬੇਗ ਸਿੰਘ, ਪ੍ਰਤਾਪ ਸਿੰਘ, ਮਾਸਟਰ ਅਜਮੇਰ ਦਾਖਾ, ਜਗਜੀਤ ਸਿੰਘ, ਮਾਨ ਸਿੰਘ, ਮਾਸਟਰ ਸੁਰਜੀਤ ਦੁੱਗਰੀ ਅਤੇ ਮਹੇਸ ਕੁਮਾਰ ਆਦਿ ਹਾਜ਼ਰ ਸਨ।

# ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ 'ਫਰੈਸ਼ਰ ਪਾਰਟੀ' ਮਨਾਈ




ਜਗਰਾਓਂ, 15 ਮਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਬਲੌਜ਼ਮਜ ਕਾਨਵੈਂਟ ਸਕੂਲ ਦੇ ਵਿਹੜੇ ਨਿੱਕੇ ਕਦਮੀਂ ਦਾਖਲ ਹੋਏ ਨਰਸਰੀ ਜਮਾਤ ਦੇ ਵਿਦਿਆਰਥੀਆਂ ਨੂੰ ਜੀ ਆਇਆਂ ਆਖਦੀ ਇਕ ਫਰੈਸ਼ਰ ਪਾਰਟੀ ਅਯੋਜਿਤ ਕਰਵਾਈ ਗਈ। ਜਿਸ ਵਿੱਚ ਇਹਨਾਂ ਵਿਦਿਆਰਥੀਆਂ ਵੱਲੋਂ ਆਪਣੇ ਅੰਦਰ ਦੀ ਤੋਤਲੀ ਜੁਬਾਨ ਦੀ ਕਲਾ ਨੂੰ ਮੰਚ ਤੇ ਸਾਰਿਆਂ ਦੇ ਸਾਹਮਣੇ ਰੱਖਿਆ। ਇਹਨਾਂ ਵਿਦਿਆਰਥੀਆਂ ਨੇ ਆਪਣੇ ਪਾਈ ਹੋਈ ਡਰੈੱਸ ਨਾਲ ਸਭ ਦਾ ਮਨ ਮੋਹ ਲਿਆ। ਇਨ੍ਹਾਂ ਵਿਚਕਾਰ ਰੱਖੇ ਛੋਟੇ ਮੁਕਾਬਲਿਆਂ ਵਿੱਚੋਂ ਮਿਸਟਰ ਫਰੈਸ਼ਰ ਤੇਗਗੁਰਸਾਂਝ ਸਿੰਘ ਅਤੇ ਮਿਸ ਫਰੈਸ਼ਰ ਹਰਸੀਰਤ ਕੌਰ ਨੂੰ ਐਲਾਨਿਆ ਗਿਆ। ਇਸ ਦੇ ਨਾਲ ਹੀ ਫਸਟ ਰਨਰਅੱਪ ਗੁਰਸਾਂਝ ਕੌਰ ਸੈਕਿੰਡ ਰਨਰਅੱਪ ਮੌਲਿਕ ਕਥੂਰੀਆ ਅਤੇ ਥਰਡ ਰਨਰਅੱਪ ਮਨਰੂਪ ਸਿੰਘ ਸਿੰਘ ਥਿੰਦ ਰਹੇ। ਇਸ ਦੇ ਨਾਲ ਹੀ ਸਕੂਲ ਦੇ ਪ੍ਰਿੰਸੀਪਲ. ਡਾ. ਨਵਨੀਤ ਕੌਰ ਨੇ ਇਹਨਾਂ ਛੋਟੇ ਛੋਟੇ ਵਿਦਿਆਰਥੀਆਂ ਨੂੰ ਸਕੂਲ ਦਾ ਹਿੱਸਾ ਬਣਨ 'ਤੇ ਜੀ ਆਇਆਂ ਆਖਿਆ ਅਤੇ ਇਹਨਾਂ ਦੇ ਅਧਿਆਪਕਾਂ ਨੂੰ ਮਾਪਿਆਂ ਦੇ ਵਿਸ਼ਵਾਸ 'ਤੇ ਪੂਰਾ ਉਤਰਨ ਦੀ ਹਰ ਸੰਭਵ ਕੋਸ਼ਿਸ ਕਰਨ ਦੀ ਨਸੀਹਤ ਦਿੱਤੀ । ਉਹਨਾਂ ਕਿਹਾ ਕਿ ਮਾਪਿਆਂ ਨੂੰ ਯਕੀਨ ਦਵਾਉਂਦੇ ਹਾਂ ਕਿ ਅਸੀਂ ਇਹਨਾਂ ਦੇ ਸੁਪਨਿਆਂ ਦੇ ਭਵਿੱਖ ਨੂੰ ਸੁਨਹਿਰੀ ਕਰਾਂਗੇ ਅਤੇ ਸਰਵਪੱਖੀ ਵਿਕਾਸ ਕਰਦੇ ਹੋਏ ਬੁਲੰਦ ਉਚਾਈਆਂ 'ਤੇ ਪਹੁੰਚਦੇ ਕਰਾਂਗੇ। ਉਹਨਾਂ ਹੈੱਡ ਮਿਸਟਰਿਸ ਪਰੀਤ ਕਮਲ ਨੂੰ ਇਸ ਕਾਰਜ ਦੀ ਵਾਗਡੋਰ ਸੰਭਾਲੀ। ਉਹਨਾਂ ਕਿਹਾ ਕਿ ਅਸੀਂ ਨੀਹਾਂ ਮਜ਼ਬੂਤ ਰੱਖਾਂਗੇ ਤਾਂ ਜੋ ਇਹ ਵਿਦਿਆਰਥੀ ਆਉਣ ਵਾਲੇ ਸਮੇਂ ਵਿੱਚ ਸੂਝਵਾਨ ਨਾਗਰਿਕ ਬਣ ਸਕਣ। ਇਸ ਮੌਕੇ ਸਕੂਲ ਦੇ ਪ੍ਰੈਜੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਵੀ ਇਹਨਾਂ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੱਤਾ।

# ਰਾਜਾ ਵੜਿੰਗ ਖਿਲਾਫ਼ ਟਕਸਾਲੀ ਕਾਂਗਰਸੀ ਆਗੂਆਂ ਨੇ ਛੇੜੀ ਮੁਹਿੰਮ



ਲੁਧਿਆਣਾ, 15 ਮਈ (ਵਿਸ਼ਾਲ ਸ਼ਰਮਾ/ਕਰਨੈਲ ਸਿੰਘ ਐੱਮ.ਏ.) : ਪੰਜਾਬ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਅਗਾਮੀ ਹੋਣ ਜਾ ਰਹੀ ਜ਼ਿਮਨੀ ਚੋਣ ਇਸ ਵਾਰ ਇਤਿਹਾਸਕ ਤੇ ਫੈਸਲਾਕੁੰਨ ਚੋਣ ਹੋਵੇਗੀ। ਜੋ ਕਿ ਕਾਂਗਰਸ ਪਾਰਟੀ ਦੇ ਅਸਲ ਵਾਰਸਾਂ ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਤੇ ਜੱਫਾ ਮਾਰਕੇ ਬੈਠੇ ਰਾਜਾ ਵੜਿੰਗ ਦੇ ਭਵਿੱਖ ਦਾ ਫੈਸਲਾ ਕਰੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪ੍ਰਮੁੱਖ ਟਕਸਾਲੀ ਕਾਂਗਰਸੀ ਆਗੂ ਸਰਪੰਚ ਗੁਰਚਰਨ ਸਿੰਘ ਖੁਰਾਣਾ ਨੇ ਅੱਜ ਆਪਣੇ ਗ੍ਰਹਿ ਵਿਖੇ ਲੁਧਿਆਣਾ ਸ਼ਹਿਰ ਦੇ ਪ੍ਰਮੁੱਖ ਟਕਸਾਲੀ ਕਾਂਗਰਸੀ ਆਗੂਆਂ ਸਾਬਕਾ ਕਾਂਗਰਸੀ ਵਿਧਾਇਕਾਂ ਦੀ ਹੋਈ ਅਹਿਮ ਮੀਟਿੰਗ ਉਪਰੰਤ ਪ੍ਰੈਸ ਨਾਲ ਗੱਲਬਾਤ ਕਰਦਿਆਂ ਹੋਇਆ ਕੀਤਾ। ਖੁਰਾਣਾ ਨੇ ਆਪਣੀ ਗੱਲਬਾਤ ਦੌਰਾਨ ਦੱਸਿਆ ਕਿ ਪਾਰਟੀ ਹਾਈਕਮਾਂਡ ਵੱਲੋਂ ਉਚਿਤ ਫੈਸਲਾ ਕਰਦਿਆਂ ਹੋਇਆ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਵਕਾਰੀ ਸੀਟ ਨੂੰ ਜਿੱਤਣ ਲਈ ਜੋ ਪੰਜਾਬ ਦੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਚੋਣ ਮੈਦਾਨ ਵਿੱਚ ਉਤਾਰਕੇ ਸੱਤਾਧਾਰੀ ਪਾਰਟੀ ਦੇ ਉਮੀਦਵਾਰ ਨੂੰ ਵੱਡੀ ਚਣੌਤੀ ਦੇਣ ਦੀ ਕੋਸ਼ਿਸ਼ ਕੀਤੀ ਹੈ।

ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਤੋਂ ਜ਼ਿਮਨੀ ਚੋਣ ਲੜ ਰਹੇ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਦੇ ਸਾਇਨ ਬੋਰਡਾਂ ਵਿੱਚੋਂ ਪਾਰਟੀ ਦੇ ਸੂਬਾ ਪ੍ਰਧਾਨ ਦੀ ਤਸਵੀਰ ਗਾਇਬ ਹੋਣ ਸਬੰਧੀ ਪੁੱਛੇ ਗਏ ਸਵਾਲ ਸਬੰਧੀ ਉਨ੍ਹਾਂ ਨੇ ਸ਼ਪੱਸ਼ਟ ਰੂਪ ਵਿੱਚ ਕਿਹਾ ਕਿ ਇਹ ਗੱਲ ਪ੍ਰਤੱਖ ਰੂਪ ਵਿੱਚ ਗਵਾਹੀ ਭਰਦੀ ਹੈ ਕਿ ਟਕਸਾਲੀ ਕਾਂਗਰਸੀਆਂ ਨੂੰ ਰਾਜਾ ਵੜਿੰਗ ਦੀ ਸਰਪ੍ਰਸਤੀ ਮਨਜ਼ੂਰ ਨਹੀਂ ਹੈ ਅਤੇ ਕਾਂਗਰਸ ਪਾਰਟੀ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਵੱਲੋਂ ਆਪਣੀ ਅਰੰਭੀ ਚੋਣ ਪ੍ਰਚਾਰ ਮੁਹਿੰਮ ਨੂੰ ਆਪਣੇ ਬਲਬੂਤੇ ਉੱਪਰ ਪਾਰਟੀ ਹਾਈਕਮਾਂਡ ਦੇ ਪ੍ਰਮੁੱਖ ਸੀਨੀਅਰ ਆਗੂਆਂ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਸਿਆਸੀ ਹਲਕਿਆਂ ਵਿੱਚ ਟਕਸਾਲੀ ਕਾਂਗਰਸੀ ਆਗੂ ਸਰਪੰਚ ਗੁਰਚਰਨ ਸਿੰਘ ਖੁਰਾਣਾ ਦੇ ਗ੍ਰਹਿ ਵਿਖੇ ਟਕਸਾਲੀ ਕਾਂਗਰਸੀ ਆਗੂਆਂ ਤੇ ਸਾਬਕਾ ਵਿਧਾਇਕਾਂ ਦੀ ਭਾਰਤ ਭੂਸ਼ਣ ਆਸ਼ੂ ਦੇ ਹੱਕ ਵਿੱਚ ਹੋਈ ਭਰਵੀਂ ਮੀਟਿੰਗ ਸਿੱਧੇ ਰੂਪ ਵਿੱਚ ਰਾਜਾ ਵੜਿੰਗ ਦੇ ਖਿਲਾਫ਼ ਵੱਡੀ ਬਗਾਵਤ ਦੇ ਰੂਪ ਵੱਜੋਂ ਦੇਖੀ ਜਾ ਰਹੀ ਹੈ। ਜੋ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਹਟਾਉਣ ਲਈ ਕਾਂਗਰਸ ਪਾਰਟੀ ਅੰਦਰ ਚੱਲ ਰਹੀ ਜੋੜ ਤੋੜ ਦੀ ਮੁਹਿੰਮ ਨੂੰ ਹੋਰ ਪ੍ਰਚੰਡ ਕਰ ਸਕਦੀ ਹੈ।

# ਐਮ.ਪੀ. ਅਰੋੜਾ ਨੇ ਹੈਬੋਵਾਲ ਖ਼ੁਰਦ ਦੇ 121 ਲਾਭਪਾਤਰੀਆਂ ਨੂੰ ਮਾਲਕੀ ਅਧਿਕਾਰ ਪ੍ਰਦਾਨ ਕੀਤੇ




ਲੁਧਿਆਣਾ, 15 ਮਈ (ਵਿਸ਼ਾਲ ਸ਼ਰਮਾ) : ਲਾਲ ਲਕੀਰ ਦੇ ਅੰਦਰ ਰਹਿਣ ਵਾਲੇ ਵਸਨੀਕਾਂ ਨੂੰ ਸਸ਼ਕਤ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਅੱਜ ਮੇਰਾ ਘਰ ਮੇਰੇ ਨਾਮ ਸਕੀਮ ਤਹਿਤ 121 ਪਰਿਵਾਰਾਂ ਨੂੰ ਮਾਲਕੀ ਅਧਿਕਾਰ ਦਿੱਤੇ। ਵੀਰਵਾਰ ਨੂੰ ਲੁਧਿਆਣਾ ਦੇ ਹੈਬੋਵਾਲ ਖੁਰਦ ਸਥਿਤ ਸ਼੍ਰੀ ਗੁਰੂ ਰਵਿਦਾਸ ਧਰਮਸ਼ਾਲਾ ਵਿਖੇ ਆਯੋਜਿਤ ਇੱਕ ਵਿਸ਼ੇਸ਼ ਸਮਾਗਮ ਵਿੱਚ ਜਾਇਦਾਦ ਸਰਟੀਫਿਕੇਟ ਵੰਡੇ ਗਏ। ਇਕੱਠ ਨੂੰ ਸੰਬੋਧਨ ਕਰਦਿਆਂ ਐਮਪੀ ਅਰੋੜਾ ਨੇ ਇਸ ਪਹਿਲਕਦਮੀ ਨੂੰ ਹੈਬੋਵਾਲ ਖੁਰਦ (ਵਾਰਡ ਨੰਬਰ 63) ਵਿੱਚ ਲੰਬੇ ਸਮੇਂ ਤੋਂ ਚੱਲ ਰਹੇ ਜਾਇਦਾਦ ਮਾਲਕੀ ਮੁੱਦਿਆਂ ਨੂੰ ਹੱਲ ਕਰਨ ਦੇ ਉਦੇਸ਼ ਨਾਲ ਇੱਕ ਇਤਿਹਾਸਕ ਕਦਮ ਦੱਸਿਆ। ਵਸਨੀਕ 35 ਸਾਲਾਂ ਤੋਂ ਵੱਧ ਸਮੇਂ ਤੋਂ ਆਪਣੇ ਘਰਾਂ ਦੀ ਕਾਨੂੰਨੀ ਮਾਲਕੀ ਦੀ ਮੰਗ ਕਰ ਰਹੇ ਸਨ। ਅਰੋੜਾ ਨੇ ਕਿਹਾ ਕਿ ਉਹ ਪ੍ਰੋਗਰਾਮ ਦੌਰਾਨ ਇਹ ਜਾਣ ਕੇ ਹੈਰਾਨ ਹੋਏ ਕਿ ਇਲਾਕਾ ਕੌਂਸਲਰ ਮਨਿੰਦਰ ਕੌਰ ਘੁੰਮਣ ਦਾ ਪਰਿਵਾਰ ਵੀ ਲਾਭਪਾਤਰੀਆਂ ਵਿੱਚ ਸ਼ਾਮਲ ਸੀ। ਇਸ ਯੋਜਨਾ ਦੇ ਵਿਆਪਕ ਪ੍ਰਭਾਵ ਨੂੰ ਉਜਾਗਰ ਕਰਦੇ ਹੋਏ ਅਰੋੜਾ ਨੇ ਕਿਹਾ ਇਹ ਪਹਿਲਕਦਮੀ ਨਾ ਸਿਰਫ਼ ਦਹਾਕਿਆਂ ਪੁਰਾਣੀਆਂ ਚੁਣੌਤੀਆਂ ਨੂੰ ਹੱਲ ਕਰਦੀ ਹੈ ਬਲਕਿ ਨਿਵਾਸੀਆਂ ਲਈ ਮਾਣ-ਸਨਮਾਨ ਨੂੰ ਵੀ ਬਹਾਲ ਕਰਦੀ ਹੈ ਅਤੇ ਨਵੇਂ ਆਰਥਿਕ ਮੌਕੇ ਖੋਲ੍ਹਦੀ ਹੈ। ਕਾਨੂੰਨੀ ਮਾਨਤਾ ਪ੍ਰਦਾਨ ਕਰਕੇ, ਇਹ ਨਿਵਾਸੀਆਂ ਨੂੰ ਵਿੱਤੀ ਵਿਕਾਸ ਲਈ ਆਪਣੀਆਂ ਜਾਇਦਾਦਾਂ ਦੀ ਵਰਤੋਂ ਕਰਨ ਦੀ ਆਗਿਆ ਦਿੰਦੀ ਹੈ ਭਾਵੇਂ ਇਹ ਕਰਜ਼ਿਆਂ ਰਾਹੀਂ ਹੋਵੇ ਜਾਂ ਭਵਿੱਖ ਵਿੱਚ ਪਰਿਵਾਰ ਨਿਯੋਜਨ ਰਾਹੀਂ। ਇਸ ਕਦਮ ਦੀ ਵਸਨੀਕਾਂ ਵੱਲੋਂ ਭਾਰੀ ਪ੍ਰਸ਼ੰਸਾ ਕੀਤੀ ਗਈ, ਜਿਨ੍ਹਾਂ ਨੇ ਇਸ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਨੂੰ ਪੂਰਾ ਕਰਨ ਲਈ ਆਪਣਾ ਦਿਲੋਂ ਧੰਨਵਾਦ ਕੀਤਾ। ਇਸ ਮਹੀਨੇ ਦੇ ਸ਼ੁਰੂ ਵਿੱਚ 6 ਮਈ ਨੂੰ ਗੁਰੂ ਨਾਨਕ ਦੇਵ ਭਵਨ ਵਿਖੇ ਹੋਏ ਇੱਕ ਸਮਾਗਮ ਵਿੱਚ ਸੁਨੇਤ ਅਤੇ ਬਾੜੇਵਾਲ ਵਿੱਚ 990 ਲਾਭਪਾਤਰੀਆਂ ਨੂੰ ਇਸੇ ਤਰ੍ਹਾਂ ਦੇ ਮਾਲਕੀ ਅਧਿਕਾਰ ਦਿੱਤੇ ਗਏ ਸਨ।

# ਜਵੱਦੀ ਟਕਸਾਲ ਵਿਖੇ ਜੇਠ ਮਹੀਨੇ ਦੀ ਸੰਗਰਾਂਦ ਦੇ ਦਿਹਾੜੇ ਮਹੀਨਾਵਾਰੀ ਸਮਾਗਮ ਕਰਵਾਏ




ਲੁਧਿਆਣਾ, 15 ਮਈ (ਕਰਨੈਲ ਸਿੰਘ ਐੱਮ.ਏ.) : ਜਵੱਦੀ ਟਕਸਾਲ ਵਿਖੇ ਅੱਜ ਜੇਠ ਮਹੀਨੇ ਦੀ ਸੰਗਰਾਂਦ ਦੇ ਸ਼ੁਭ ਦਿਹਾੜੇ ਮਹੀਨਾਵਾਰੀ ਸਮਾਗਮ ਕਰਵਾਏ ਗਏ। ਸੰਤ ਬਾਬਾ ਅਮੀਰ ਸਿੰਘ ਜੀ ਨੇ ਬਾਰਹ ਮਾਹਾ ਤੁਖਾਰੀ ਅਤੇ ਮਾਂਝ ਦੇ ਹਵਾਲਿਆਂ ਨਾਲ ਗੁਰਬਾਣੀ ਸ਼ਬਦਾਂ ਦੀ ਜੀਵਨ ਵਿੱਚ ਅਹਿਮੀਅਤ ਨੂੰ ਸਮਝਾਉਂਦਿਆਂ ਫ਼ੁਰਮਾਇਆ ਕਿ ਪਰਮਾਤਮਾ ਦਾ ਪਵਿੱਤਰ ਨਾਮ ਸੱਚੇ ਗੁਰੂ ਗਿਆਨ ਅਤੇ ਗੁਰੂ ਦੀ ਸੰਗਤ ਕਰਦਿਆਂ, ਦੁਰਲਭ ਮਨੁੱਖਾ ਜਨਮ ਸਫਲ ਕਰਨ ਦਾ ਸਬੱਬ ਬਣਦਾ ਹੈ। ਅਕਾਲ ਪੁਰਖ ਵਾਹਿਗੁਰੂ ਜੀ ਦੇ ਪਵਿੱਤਰ ਨਾਮ ਨਾਲ ਜੁੜ ਕੇ, ਉਸਦੀ ਸ਼ਰਨ ਪਿਆਂ ਦੀ ਉਹ ਰੱਖਿਆ ਕਰਦਾ ਹੈ। ਮਨੁੱਖ ਪ੍ਰਭੂ ਨਾਮ ਨਾਲ ਜੁੜ ਕੇ ਜਮਾਂ ਦੀ ਫਾਹੀ ਤੋਂ ਬਚਿਆ ਰਹਿੰਦਾ ਹੈ। ਬਾਬਾ ਜੀ ਨੇ ਜ਼ੋਰ ਦਿੰਦਿਆਂ ਸਮਝਾਇਆ ਕਿ ਅਕਾਲ ਪੁਰਖ ਵਾਹਿਗੁਰੂ ਦਾ ਨਾਮ ਅਜਿਹਾ ਕੀਮਤੀ ਮੋਤੀ ਹੈ। ਜਿਸ ਨੂੰ ਪ੍ਰਾਪਤ ਕਰਨ ਵਾਲੇ ਜੀਵ ਤੋਂ ਕੋਈ ਨਾਮ ਖੋਹ ਨਹੀਂ ਸਕਦਾ, ਨਾ ਕੋਈ ਚੋਰੀ ਕਰ ਸਕਦਾ ਹੈ। ਨਾਮ ਸਿਮਰਨ ਕਰਨ ਵਾਲੇ ਨੂੰ ਹਰ ਰੰਗ ਚੰਗੇ ਲੱਗਦੇ ਨੇ, ਹਰ ਘਟਨਾ ਸਹਿਜ ਰੂਪ ਜਾਪਦੀ ਹੈ, ਕੋਈ ਪ੍ਰੇਸ਼ਾਨੀ ਨਹੀਂ ਰਹਿੰਦੀ।

ਦਰਅਸਲ ਪਰਮਾਤਮਾ ਜੋ ਚਾਹੁੰਦਾ ਹੈ ਉਹੀ ਕਰਦਾ ਹੈ, ਉਹੀ ਜੀਵਾਂ ਤੋਂ ਕਰਾਉਂਦਾ ਹੈ, ਜੀਵ ਉਸੇ ਤਰ੍ਹਾਂ ਕਰਦੇ ਨੇ। ਪਰ, ਉਹ ਸੁਭਾਗੇ ਜਨ ਹੀ ਹੁੰਦੇ ਨੇ, ਜਿਨਾਂ ਨੂੰ ਮਾਲਕ ਆਪਣਾ ਬਣਾ ਲੈਂਦਾ ਹੈ। ਉਨ੍ਹਾਂ ਦੀ ਸ਼ੋਭਾ, ਉਨ੍ਹਾਂ ਨੂੰ ਧੰਨਤਾ ਦੇ ਯੋਗ ਬਣਾ ਦਿੰਦਾ ਹੈ। ਬਾਬਾ ਜੀ ਨੇ ਸੁਚੇਤ ਕੀਤਾ ਕਿ ਜੇਕਰ ਮਨੁੱਖ ਦੇ ਆਪਣੇ ਯਤਨ ਫਲਦਾਇਕ ਹੋ ਸਕਦੇ ਹੋਣ ਤਾਂ ਉਹ ਮਾਲਕ ਤੋਂ ਕਿਉਂ ਵਿੱਛੜੇ ਤੇ ਕਿਉਂ ਰੋਏ ? ਇਸ ਕਰਕੇ ਜੇਕਰ ਸੱਚੇ ਗੁਰੂ ਦਾ ਸਾਥ ਮਿਲ ਜਾਵੇ ਤਾਂ ਹੀ ਰੂਹਾਨੀ ਜੀਵਨ ਮਿਲ ਸਕਦਾ ਹੈ। ਜਿਸ ਵਿੱਚ ਅਸਲ ਆਨੰਦ ਹੈ, ਜਿਸ ਮਨੁੱਖ ਦੇ ਮੱਥੇ ਦੇ ਭਾਗ ਪ੍ਰਗਟ ਹੋਣ ਉਸਨੂੰ ਮਨੁੱਖਾ ਜੀਵਨ ਰੂਪੀ ਜੇਠ ਦਾ ਮਹੀਨਾ ਦੁਖਦਾਇਕ ਨਹੀਂ ਬਲਕਿ ਰੰਗਲਾ ਤੇ ਆਨੰਦਦਾਇਕ ਬਣਿਆ ਰਹਿੰਦਾ ਹੈ।

# ਵਿਧਾਇਕ ਪਰਾਸ਼ਰ ਨੇ ਵਾਰਡ ਨੰਬਰ 76 'ਚ ਸਫ਼ਾਈ ਮੁਹਿੰਮ ਦੀ ਅਗਵਾਈ ਕੀਤੀ




ਲੁਧਿਆਣਾ, 15 ਮਈ (ਵਿਸ਼ਾਲ ਸ਼ਰਮਾ) : ਸਫਾਈ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਲੁਧਿਆਣਾ ਕੇਂਦਰੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਵੀਰਵਾਰ ਨੂੰ ਵਾਰਡ ਨੰਬਰ 76 ਵਿੱਚ ਵਿਸ਼ੇਸ਼ ਸਫਾਈ ਮੁਹਿੰਮ ਦੀ ਅਗਵਾਈ ਕੀਤੀ। ਇਹ ਮੁਹਿੰਮ ਫੀਲਡ ਗੰਜ ਕੂਚਾ ਨੰਬਰ 16 ਤੋਂ ਗੁਰਦੁਆਰਾ ਦੁਖਨਿਵਾਰਨ ਸਾਹਿਬ ਤੱਕ ਚੱਲੀ। ਵਿਧਾਇਕ ਪਰਾਸ਼ਰ ਅਤੇ ਇਲਾਕਾ ਨਿਵਾਸੀਆਂ ਨੇ ਸਫਾਈ ਮੁਹਿੰਮ ਵਿੱਚ ਹਿੱਸਾ ਲਿਆ। ਵਿਧਾਇਕ ਪਰਾਸ਼ਰ ਨੇ ਨਿਵਾਸੀਆਂ ਨਾਲ ਗੱਲਬਾਤ ਵੀ ਕੀਤੀ ਅਤੇ ਜਨਤਾ ਨੂੰ ਆਪਣੇ ਆਲੇ-ਦੁਆਲੇ ਨੂੰ ਸਾਫ਼ ਰੱਖਣ ਦੀ ਅਪੀਲ ਕੀਤੀ। ਇਹ ਸਫਾਈ ਮੁਹਿੰਮ ਪਿਛਲੇ ਸਮੇਂ ਵਿੱਚ ਸ਼ਹਿਰ ਭਰ ਵਿੱਚ ਸ਼ੁਰੂ ਕੀਤੀ ਗਈ ਮੈਗਾ ਸਫਾਈ ਮੁਹਿੰਮ ਦਾ ਹਿੱਸਾ ਸੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸ਼ਹਿਰ ਵਿੱਚ ਸਫਾਈ ਨੂੰ ਯਕੀਨੀ ਬਣਾਉਣ ਦੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ, ਵਿਧਾਇਕ ਪਰਾਸ਼ਰ ਨੇ ਕਿਹਾ ਕਿ ਹਲਕੇ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਸ਼ੇਸ਼ ਸਫਾਈ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ ਅਤੇ ਸਫਾਈ ਨੂੰ ਯਕੀਨੀ ਬਣਾਉਣ ਲਈ ਹਰ ਕਦਮ ਚੁੱਕਿਆ ਜਾ ਰਿਹਾ ਹੈ। ਵਿਧਾਇਕ ਪਰਾਸ਼ਰ ਨੇ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ-ਦੁਆਲੇ ਨੂੰ ਸਾਫ਼ ਰੱਖ ਕੇ ਸ਼ਹਿਰ ਭਰ ਵਿੱਚ ਸਫਾਈ ਨੂੰ ਯਕੀਨੀ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ।

# ਲੁਧਿਆਣਾ 'ਚ ਸੰਯੁਕਤ ਕਿਸਾਨ ਮੋਰਚੇ ਨੇ ਜੰਗ ਦੇ ਵਿਰੁੱਧ ਕੀਤਾ ਅਮਨ ਮਾਰਚ



ਡੇਹਲੋਂ, 15 ਮਈ (ਅਮਰਜੀਤ ਸਿੰਘ ਸੰਧੂ/ਰਣਬੀਰ ਸਿੰਘ ਮਹਿਮੀ) : ਭਾਰਤ ਅਤੇ ਪਾਕਿਸਤਾਨ ਦੇ ਹਾਕਮਾਂ ਵੱਲੋਂ ਅਮਨ ਪਸੰਦ ਲੋਕਾਂ ਉੱਤੇ ਬੇਲੋੜੀ ਥੋਪੀ ਜਾ ਰਹੀ ਜੰਗ ਦੇ ਵਿਰੋਧ ਵਿੱਚ ਅੱਜ ਲੁਧਿਆਣਾ ਸ਼ਹਿਰ ਦੇ ਵਿੱਚ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਿਲ ਜਥੇਬੰਦੀਆਂ ਵੱਲੋਂ ਅਮਨ ਮਾਰਚ ਕੱਢਿਆ ਗਿਆ। ਡਿਪਟੀ ਕਮਿਸ਼ਨਰ ਲੁਧਿਆਣਾ ਦੇ ਦਫਤਰ ਦੇ ਸਾਹਮਣੇ ਇਕੱਠੇ ਹੋਏ ਅਮਨ ਪਸੰਦ ਲੋਕਾਂ ਵੱਲੋਂ ਕੀਤੀ ਗਈ ਰੈਲੀ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਜਥੇਬੰਦੀਆ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਰਘਵੀਰ ਸਿੰਘ ਬੈਨੀਪਾਲ, ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਸੁਦਾਗਰ ਸਿੰਘ ਘੁਡਾਣੀ, ਆਲ ਇੰਡੀਆ ਕਿਸਾਨ ਸਭਾ (ਹੰਨਨ ਮੁੱਲਾ) ਦੇ ਬਲਦੇਵ ਸਿੰਘ ਲਤਾਲਾ, ਆਲ ਇੰਡੀਆ ਕਿਸਾਨ ਸਭਾ (1936) ਦੇ ਜਸਵੀਰ ਸਿੰਘ ਝੱਜ, ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਧਨੇਰ) ਦੇ ਜਗਰੂਪ ਸਿੰਘ ਹਸਨਪੁਰ, ਪੰਜਾਬ ਕਿਸਾਨ ਯੂਨੀਅਨ ਦੇ ਭਾਈ ਸ਼ਮਸ਼ੇਰ ਸਿੰਘ ਆਸੀ ਕਲਾਂ, ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਮਨਜੀਤ ਸਿੰਘ ਢੀਂਡਸਾ, ਆਲ ਇੰਡੀਆ ਕਿਸਾਨ ਫੈਡਰੇਸ਼ਨ ਦੇ ਕੁਲਦੀਪ ਸਿੰਘ ਗਰੇਵਾਲ, ਕਿਰਤੀ ਕਿਸਾਨ ਯੂਨੀਅਨ ਦੇ ਸਾਧੂ ਸਿੰਘ ਅੱਚਰਵਾਲ, ਨੌਜਵਾਨ ਆਗੂ [illegible] ਸਿੰਘ ਘੁਡਾਣੀ, ਸੀ ਟੀ ਯੂ ਪੰਜਾਬ ਦੇ ਜਗਦੀਸ਼ ਚੰਦ, ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਐਮ ਐਸ ਭਾਟੀਆ, ਬਾਇਓ ਗੈਸ ਫੈਕਟਰੀ ਵਿਰੋਧੀ ਤਾਲਮੇਲ ਐਕਸ਼ਨ ਕਮੇਟੀ ਦੇ ਡਾ. ਸੁਖਦੇਵ ਸਿੰਘ ਭੂੰਦੜੀ, ਮੋਲਡਰ ਐਂਡ ਸਟੀਲ ਵਰਕਰਜ਼ ਦੇ ਹਰਜਿੰਦਰ ਸਿੰਘ, ਜਮਹੂਰੀ ਅਧਿਕਾਰ ਸਭਾ ਦੇ ਜਸਵੰਤ ਸਿੰਘ ਜੀਰਖ, ਮਹਿਲਾ ਆਗੂ ਹਰਜਿੰਦਰ ਕੌਰ ਨੇ ਆਖਿਆ ਕਿ ਭਾਰਤ ਤੇ ਪਾਕਿਸਤਾਨ ਦੇ ਹਾਕਮ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰਨ ਕਰਕੇ ਕਾਫ਼ੀ ਘਿਰੇ ਹੋਏ ਹਨ। ਉਹ ਲੋਕਾਂ ਦੀਆਂ ਮੁੱਢਲੀਆਂ ਸਹੂਲਤਾਂ ਸਿਹਤ ਸਿੱਖਿਆ ਅਤੇ ਰੁਜ਼ਗਾਰ ਦੇਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਏ ਹਨ। ਜਿਸ ਕਰਕੇ ਉਹ ਆਪਣੀ ਰਾਜ ਸੱਤਾ ਕਾਇਮ ਰੱਖਣ ਲਈ ਲੋਕਾਂ ਲੋਕਾਂ ਦਾ ਧਿਆਨ ਭਟਕਾਉਣਾ ਚਾਹੁੰਦੇ ਹਨ।

# ਸੀਡ ਫ਼ਾਰਮ ਅਬੋਹਰ ਦੇ ਆਬਾਦਕਾਰਾਂ ਦੀ ਗ੍ਰਿਫ਼ਤਾਰੀ ਦੀ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਨਿਖੇਧੀ



ਮੁੱਲਾਂਪੁਰ ਦਾਖਾ, 15 ਮਈ (ਦਵਿੰਦਰ ਸਿੰਘ ਲੰਮੇਂ) : ਕੁੱਲ ਹਿੰਦ ਕਿਸਾਨ ਸਭਾ ਵੱਲੋਂ ਅਬੋਹਰ ਦੇ ਸੀਡ ਫਾਰਮ ਦੀ ਜ਼ਮੀਨ ਬਿਨਾਂ ਮੁਆਵਜਾ ਦਿੱਤੇ ਐਕਵਾਇਰ ਕਰਨ ਵਿਰੁਧ ਸੰਘਰਸ਼ ਕਰ ਰਹੇ ਆਬਾਦਕਾਰਾਂ ਦੀ ਪੰਜਾਬ ਪੁਲਿਸ ਵੱਲੋਂ ਕੀਤੀ ਗਈ ਗ੍ਰਿਫਤਾਰੀ ਦੀ ਸਖਤ ਨਿਖੇਧੀ ਕੀਤੀ ਗਈ ਹੈ। ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਰੂਪ ਬਸੰਤ ਸਿੰਘ ਬੜੈਚ, ਜਨਰਲ ਸਕੱਤਰ ਪੰਜਾਬ ਬਲਜੀਤ ਸਿੰਘ ਗਰੇਵਾਲ ਅਤੇ ਸੂਬਾ ਸਕੱਤਰ ਸਤਿਨਾਮ ਸਿੰਘ ਬੜੈਚ ਨੇ ਅੱਜ ਇੱਥੇ ਪ੍ਰੈਸ ਦੇ ਨਾਂ ਜਾਰੀ ਇੱਕ ਸਾਂਝੇ ਬਿਆਨ ਰਾਹੀਂ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਆਬਾਦਕਾਰਾਂ ਵੱਲੋਂ ਲੱਗਭਗ ਪਿਛਲੇ ਡੇਢ ਸਾਲ ਤੋਂ ਕੀਤੇ ਜਾ ਰਹੇ ਸ਼ਾਂਤ ਮਈ ਅੰਦੋਲਨ ਨੂੰ ਪੁਲਿਸ ਦੇ ਜ਼ੋਰ ਨਾਲ ਦਬਾਇਆ ਜਾ ਰਿਹਾ ਹੈ। ਪਰ ਅਜਿਹਾ ਹਰਗਿਜ ਨਹੀਂ ਹੋਣ ਦਿੱਤਾ ਜਾਵੇਗਾ, ਕਿਉਂਕਿ ਕਰੀਬ 25 ਹਜਾਰ ਦੀ ਅਬਾਦੀ ਵਾਲੇ ਇਸ ਇਲਾਕੇ ਅੰਦਰ 4 ਸਰਕਾਰੀ ਪ੍ਰਾਇਮਰੀ ਸਕੂਲ, ਇੱਕ ਸਰਕਾਰੀ ਹਾਈ ਸਕੂਲ, 6 ਗੁਰਦੁਆਰਾ ਸਾਹਿਬ ਅਤੇ 4 ਮੰਦਰ ਹਨ, ਜਿਹੜੇ ਕਿ ਲੋਕਾਂ ਦੀ ਆਸਥਾ ਦਾ ਪ੍ਰਤੀਕ ਹਨ। ਆਗੂਆਂ ਨੇ ਕਿਹਾ ਕਿ ਅਬੋਹਰ ਦੇ ਕੱਚਾ ਅਤੇ ਪੱਕਾ ਸੀਡ ਫਾਰਮਾਂ ਨੂੰ ਆਬਾਦਕਾਰਾਂ ਨੇ ਬੜੀ ਮਿਹਨਤ ਨਾਲ ਆਬਾਦ ਕੀਤਾ ਸੀ। ਹੁਣ ਉਨ੍ਹਾਂ ਨੂੰ ਬਿਨਾਂ ਕੋਈ ਮੁਆਵਜ਼ਾ ਦਿੱਤਿਆਂ ਉਸ ਜਮੀਨ ਵਿੱਚੋਂ ਬੇਦਖਲ ਕੀਤਾ ਜਾ ਰਿਹਾ ਹੈ। ਜੋ ਕਿ ਇਹਨਾਂ ਮਿਹਨਤੀ ਲੋਕਾਂ ਨਾਲ ਸਰਾਸਰ ਬੇਇਨਸਾਫੀ ਹੈ। ਉਕਤ ਆਗੂਆਂ ਕਿਹਾ ਕਿ ਇਸ ਪ੍ਰਾਜੈਕਟ ਵਿੱਚ ਆਉਂਦੀ ਜ਼ਮੀਨ ਦੇ ਮਾਲਕਾਂ ਨੂੰ ਕੇਂਦਰ ਸਰਕਾਰ ਵੱਲੋਂ 78 ਲੱਖ ਰੁਪਏ ਪ੍ਰਤੀ ਏਕੜ ਅਤੇ ਪੰਜਾਬ ਸਰਕਾਰ ਵੱਲੋਂ 4 ਲੱਖ ਰੁਪਏ ਪ੍ਰਤੀ ਏਕੜ ਵੱਖਰਾ ਕੁੱਲ 82 ਲੱਖ ਰੁਪਏ ਪ੍ਰਤੀ ਏਕੜ ਦਿੱਤਾ ਜਾ ਰਿਹਾ ਹੈ। ਪਰ ਸੀਡ ਫਾਰਮ ਅਬੋਹਰ ਦੇ ਆਬਾਦਕਾਰਾਂ ਨੂੰ ਮੁਆਵਜਾ ਅਤੇ ਉਜਾੜਾ ਭੱਤਾ ਆਦਿ ਕੁੱਝ ਵੀ ਨਹੀਂ ਦਿੱਤਾ ਜਾ ਰਿਹਾ।

# ਗੈਰੀ ਬੜਿੰਗ ਵੱਲੋਂ 4 ਸਰਕਾਰੀ ਸਕੂਲਾਂ 'ਚ 59.76 ਲੱਖ ਰੁਪਏ ਦੀ ਲਾਗਤ ਦੇ ਵਿਕਾਸ ਕਾਰਜਾਂ ਦਾ ਉਦਘਾਟਨ



ਫਤਹਿਗੜ੍ਹ ਸਾਹਿਬ, 15 ਮਈ (ਨਰਿੰਦਰ ਸਿੰਘ): ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਨੂੰ ਨਵੀਆਂ ਪੈੜਾਂ 'ਤੇ ਅੱਗੇ ਲਿਜਾਣ ਦੇ ਵਾਸਤੇ ਤਨਦੇਹੀ ਨਾਲ ਕੰਮ ਕੀਤਾ ਜਾ ਰਿਹਾ ਹੈ ਅਤੇ ਹਰ ਬੱਚੇ ਨੂੰ ਉੱਚ ਮਿਆਰੀ ਸਿੱਖਿਆ ਮੁਹੱਈਆ ਕਰਵਾਉਣਾ ਹੀ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਅਧੀਨ ਹਲਕੇ ਦੇ 4 ਸਕੂਲਾਂ ਵਿੱਚ 59.76 ਲੱਖ ਦੀ ਲਾਗਤ ਨਾਲ ਮੁਕੰਮਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ ਸਵਾ ਤਿੰਨਾਂ ਸਾਲਾਂ ਵਿੱਚ ਪੰਜਾਬ ਦੇ ਸਰਕਾਰੀ ਸਕੂਲਾਂ ਤੇ ਸਿੱਖਿਆ ਸੁਧਾਰਾਂ ਵਿੱਚ ਸ਼ਾਨਦਾਰ ਕੰਮ ਕੀਤਾ ਹੈ, ਜੋ ਅੰਤਰਰਾਸ਼ਟਰੀ ਪੱਧਰ 'ਤੇ ਵੀ ਸਰਾਹਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਵਿੱਚ ਹਰ ਬੱਚੇ ਨੂੰ ਮਿਆਰੀ ਸਿੱਖਿਆ ਮਿਲਦੀ ਹੈ ਤਾਂ ਉਸ ਨਾਲ ਬੱਚੇ ਅੱਗੇ ਵੱਧਣਗੇ ਤੇ ਪੰਜਾਬ ਵੀ ਬੁਲੰਦੀਆਂ 'ਤੇ ਪਹੁੰਚੇਗਾ। ਵਿਧਾਇਕ ਗੈਰੀ ਬੜਿੰਗ ਨੇ ਕਿਹਾ ਕਿ ਸਾਡੀ ਸਰਕਾਰ ਨੂੰ ਸੱਤਾ ਸੰਭਾਲਣ ਮੌਕੇ ਸੂਬੇ ਦੇ 20 ਹਜ਼ਾਰ ਸਰਕਾਰੀ ਸਕੂਲ ਅਜਿਹੇ ਮਿਲੇ ਸਨ ਜਿਨ੍ਹਾਂ ਵਿੱਚੋਂ ਬਹੁਤਿਆਂ ਵਿੱਚ ਚਾਰ ਦੀਵਾਰੀ ਨਹੀਂ ਸੀ, ਢੁੱਕਵੇਂ ਪਖਾਨੇ ਨਹੀਂ ਸਨ ਅਤੇ ਵਿਦਿਅਕ ਸਹੂਲਤਾਂ ਦੀ ਵੀ ਬਹੁਤ ਮਾੜੀ ਹਾਲਤ ਸੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸ਼ੁਰੂ ਕੀਤੀ ਗਈ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਅੱਜ ਪੰਜਾਬ ਦੇ ਲਗਭਗ ਹਰੇਕ ਸਰਕਾਰੀ ਸਕੂਲ ਵਿੱਚ ਚਾਰਦੀਵਾਰੀ ਹੈ, ਕੁੜੀਆਂ ਅਤੇ ਮੁੰਡਿਆਂ ਲਈ ਵੱਖਰੇ ਪਖਾਨੇ ਹਨ। ਵਿਧਾਇਕ ਗੈਰੀ ਬੜਿੰਗ ਨੇ ਸਰਕਾਰੀ ਪ੍ਰਾਇਮਰੀ ਸਕੂਲ ਅੰਬੇ ਮਾਜਰਾ ਵਿਖੇ 10.48 ਲੱਖ, ਸਰਕਾਰੀ ਮਿਡਲ ਸਕੂਲ ਅਜਨਾਲੀ ਵਿਖੇ 7.51 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਤਰਲੋਕਪੁਰੀ ਵਿਖੇ 35.73 ਲੱਖ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਬਡਗੁੱਜਰਾਂ ਵਿਖੇ 6.04 ਲੱਖ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸ਼ਿੰਗਾਰਾ ਸਿੰਘ ਸਲਾਣਾ, ਹਰਜੀਤ ਸਿੰਘ ਗਰੇਵਾਲ, ਜਗਜੀਵਨ ਸਿੰਘ ਔਲਖ, ਲਖਵਿੰਦਰ ਸਿੰਘ, ਅਵਤਾਰ ਸਿੰਘ ਤੇ ਸਰਪੰਚ ਸੁਰਿੰਦਰ ਸਿੰਘ ਆਦਿ ਹਾਜ਼ਰ ਸਨ।

# ਜ਼ੀਰਾ 'ਚ ਚੋਰੀਆਂ ਦਾ ਸਿਲਸਿਲਾ ਲਗਾਤਾਰ ਜਾਰੀ, ਨਹੀਂ ਕੀਤੀ ਜਾ ਰਹੀ ਪੁਲਿਸ ਵੱਲੋਂ ਕੋਈ ਕਾਰਵਾਈ

ਜ਼ੀਰਾ, 15 ਮਈ (ਦੀਪਕ ਭਾਰਗੋ): ਜ਼ੀਰਾ ਪੁਲਿਸ ਸਟੇਸ਼ਨ ਦੇ ਨਜ਼ਦੀਕ



ਲਗਾਤਾਰ ਚੋਰੀਆਂ ਦਾ ਮਾਮਲਾ ਸਾਹਮਣੇ ਆ ਰਿਹਾ ਹੈ। ਪਿਛਲੇ ਦਿਨੀਂ ਚਾਰ ਤੋਂ ਪੰਜ ਦੁਕਾਨਾਂ ਦੇ ਤਾਲੇ ਤੋੜ ਕੇ ਚੋਰਾਂ ਵੱਲੋਂ ਚੋਰੀ ਕੀਤੀ ਗਈ, ਜਿਸ 'ਤੇ ਪੁਲਿਸ ਵੱਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ ਤੇ ਨਾ ਹੀ ਉਹਨਾਂ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸੇ ਤਰ੍ਹਾਂ ਅੱਜ ਥਾਣਾ ਸਿਟੀ ਤੋਂ 150 ਮੀਟਰ ਦੀ ਦੂਰੀ 'ਤੇ ਰੇਡੀਮੇਡ ਦੀ ਦੁਕਾਨ 'ਤੇ ਰਾਤ 1 ਵਜੇ ਦੇ ਕਰੀਬ ਕਾਰ 'ਤੇ ਆਏ ਚੋਰਾਂ ਵੱਲੋਂ 7 ਤੋਂ 8 ਲੱਖ ਰੁਪਏ ਦਾ ਰੇਡੀਮੇਡ ਤੇ ਹੋਰ ਸਮਾਨ ਚੋਰੀ ਕਰ ਲਿਆ ਗਿਆ। ਜਿਸ ਦੀ ਜਾਣਕਾਰੀ ਦੁਕਾਨ ਦੇ ਮਾਲਕ ਜਗਜੀਤ ਸਿੰਘ ਵੱਲੋਂ ਦਿੱਤੀ ਗਈ। ਇਸ ਮੌਕੇ ਰੇਡੀਮੇਡ ਯੂਨੀਅਨ ਦੇ ਪ੍ਰਧਾਨ ਲੱਕੀ ਵੱਲੋਂ ਦੱਸਿਆ ਗਿਆ ਕਿ ਲਗਾਤਾਰ ਚੋਰੀਆਂ ਜ਼ੀਰੇ ਵਿੱਚ ਹੋ ਰਹੀਆਂ ਹਨ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਇਸ 'ਤੇ ਕੋਈ ਵੀ ਨਕੇਲ ਨਹੀਂ ਕੱਸੀ ਜਾ ਰਹੀ ਤੇ ਨਾ ਹੀ ਪੁਲਿਸ ਵੱਲੋਂ ਪੀਸੀਆਰ ਰਾਹੀਂ ਰਾਤ ਨੂੰ ਗਸ਼ਤ ਕੀਤੀ ਜਾਂਦੀ ਹੈ ਜਦ ਕਿ ਇਕ ਛੋਟਾ ਦੁਕਾਨਦਾਰ ਵੀ ਟੈਕਸ ਭਰ ਕੇ ਸਮਾਨ ਲੈਂਦਾ ਹੈ ਤੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਦਾ ਹੈ ਪਰ ਉਸ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਪੁਲਿਸ ਪ੍ਰਸ਼ਾਸਨ ਦੀ ਬਣਦੀ ਹੈ ਤੇ ਪੁਲਿਸ ਪ੍ਰਸ਼ਾਸਨ ਮੂਕ ਦਰਸ਼ਕ ਬਣ ਕੇ ਰਹਿ ਜਾਂਦਾ ਹੈ। ਇਸ ਮੌਕੇ ਜਦ ਐਸਐਚਓ ਸਿਟੀ ਬਲਜਿੰਦਰ ਸਿੰਘ ਨਾਲ ਗੱਲ ਕੀਤੀ ਤਾਂ ਉਹਨਾਂ ਰਟਿਆ ਰਟਾਇਆ ਜਵਾਬ ਦਿੱਤਾ ਕਿ ਸਾਨੂੰ ਸਵੇਰੇ ਹੀ ਇਸ ਦੀ ਜਾਣਕਾਰੀ ਮਿਲੀ ਹੈ ਤੇ ਜਲਦ ਹੀ ਚੋਰਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ ਤੇ ਉਨ੍ਹਾਂ ਦੀ ਪੜਤਾਲ ਕਰਨੀ ਸ਼ੁਰੂ ਕਰ ਦਿੱਤੀ ਹੈ।

# ਵਿਧਾਇਕ ਭੁੱਲਰ ਨੇ ਨਵੀਂ ਫਾਇਰ ਬ੍ਰਿਗੇਡ ਦੀ ਗੱਡੀ ਨੂੰ ਦਿੱਤੀ ਹਰੀ ਝੰਡੀ

ਫਿਰੋਜ਼ਪੁਰ, 15 ਮਈ (ਤਿਵਾੜੀ): ਕਿਸੇ ਵੀ ਅਣਸੁਖਾਵੀਂ ਸਥਿਤੀ ਨਾਲ ਨਜਿੱਠਣ ਲਈ ਤਿਆਰੀਆਂ ਦੇ ਹਿੱਸੇ ਵਜੋਂ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 1.5 ਕਰੋੜ ਰੁਪਏ ਦੀ ਲਾਗਤ ਨਾਲ ਫਿਰੋਜ਼ਪੁਰ ਦੇ ਫਾਇਰ ਬ੍ਰਿਗੇਡ ਵਿਭਾਗ ਨੂੰ ਦਿੱਤੀ ਗਈ ਐਡਵਾਂਸ ਤਕਨਾਲੋਜੀ ਵਾਲੀ ਫਾਇਰ ਬ੍ਰਿਗੇਡ ਦੀ ਗੱਡੀ ਨੂੰ ਅੱਜ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਸ. ਰਣਬੀਰ ਸਿੰਘ ਭੁੱਲਰ ਨੇ ਹਰੀ ਝੰਡੀ ਦੇ ਕੇ ਲੋਕਾਂ ਨੂੰ ਸਮਰਪਿਤ ਕੀਤਾ। ਇਸ ਮੌਕੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਦੱਸਿਆ ਕਿ ਫਾਇਰ ਬ੍ਰਿਗੇਡ ਦੇ ਨਾਲ ਨਾਲ ਪੰਜਾਬ ਸਰਕਾਰ ਵੱਲੋਂ ਫਾਇਰ ਬ੍ਰਿਗੇਡ ਵਿਭਾਗ ਫਿਰੋਜ਼ਪੁਰ ਨੂੰ ਅਤਿ-ਆਧੁਨਿਕ ਅੱਗ ਬੁਝਾਊ ਯੰਤਰ ਹੀ ਮੁਹੱਈਆ ਕਰਵਾਏ ਗਏ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀ ਜਾਨ-ਮਾਲ ਦੀ ਰਾਖੀ ਲਈ ਸੇਵਾਵਾਂ ਹੋਰ ਕਾਰਗਰ ਢੰਗ ਨਾਲ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਇਹ ਫਾਇਰ ਬ੍ਰਿਗੇਡ ਦੀ ਗੱਡੀ



ਅਤੇ ਉਪਕਰਨ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਐਡਵਾਂਸ ਤਕਨਾਲੋਜੀ ਵਾਲੀ ਫਾਇਰ ਬ੍ਰਿਗੇਡ ਅੱਗ 'ਤੇ ਜਲਦੀ ਕਾਬੂ ਪਾਉਣ ਵਿੱਚ ਸਹਾਈ ਸਿੱਧ ਹੋਵੇਗੀ ਅਤੇ ਆਧੁਨਿਕ ਉਪਕਰਨ ਇਮਾਰਤ ਡਿੱਗਣ, ਵਾਹਨਾਂ ਦੇ ਨੁਕਸਾਨ ਜਾਣ ਅਤੇ ਹੋਰ ਚੁਣੌਤੀਆਂ ਸਮੇਂ ਜਿਉਂਦੇ ਵਿਅਕਤੀਆਂ ਨੂੰ ਸਮੇਂ ਸਿਰ ਸੁਰੱਖਿਅਤ ਬਾਹਰ ਕੱਢਣ ਲਈ ਸਹਾਈ ਸਿੱਧ ਹੋਣਗੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਨਾਗਰਿਕਾਂ ਦੀ ਸੁਰੱਖਿਆ ਸਾਡੀ ਮੁੱਖ ਤਰਜੀਹ ਹੈ ਅਤੇ ਪੰਜਾਬ ਸਰਕਾਰ ਐਮਰਜੈਂਸੀ ਹਾਲਾਤਾਂ 'ਚ ਬੁਨਿਆਦੀ ਸਹੂਲਤਾਂ ਲਈ ਪੂਰਾ ਪ੍ਰਬੰਧ ਕਰ ਰਹੀ ਹੈ। ਇਸ ਮੌਕੇ ਕਾਰਜਸਾਧਕ ਅਫਸਰ ਪੂਨਮ ਭਟਨਾਗਰ, ਏ.ਐਮ.ਈ ਲਵਪ੍ਰੀਤ ਸਿੰਘ, ਸੁਖਦੇਵ ਸੁਖਪਾਲ ਸਿੰਘ, ਹਿਮਾਂਸ਼ੂ ਠੱਕਰ, ਨੰਦ ਪ੍ਰਤਾਪ ਸਿੰਘ, ਬਲਰਾਜ ਸਿੰਘ ਕਟੋਰਾ, ਮਨਜੀਤ ਨਿੱਕੂ, ਗੰਗਨ ਕੱਕੜ, ਸਲਵਿੰਦਰ ਸਿੰਘ ਐਮ.ਸੀ, ਗੁਲਸ਼ਨ ਗੱਖੜ, ਰਜਨੀਸ਼ ਸ਼ਰਮਾ, ਸ਼ਹਿਬਾਜ਼ ਸਿੰਘ, ਮੇਜਰ ਸਿੰਘ, ਅਮਰੀਕ ਸਿੰਘ ਆਦਿ ਤੋਂ ਇਲਾਵਾ ਫਾਇਰ ਬ੍ਰਿਗੇਡ ਦੇ ਕਰਮਚਾਰੀ ਹਾਜ਼ਰ ਸਨ।

# 91% ਨੰਬਰ ਪ੍ਰਾਪਤ ਕਰਕੇ ਮਾਨਵੀ ਖੰਨਾ ਨੇ ਸਕੂਲ ਤੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ

ਭੋਗਪੁਰ, 15 ਮਈ (ਜੰਡੀਰ ਸੈਣੀ): ਦਸਵੀਂ ਜਮਾਤ ਦੇ ਨਤੀਜਿਆਂ 'ਚੋਂ 91%



ਨੰਬਰ ਪ੍ਰਾਪਤ ਕਰਕੇ ਮਾਨਵੀ ਖੰਨਾ ਪਿਤਾ ਸੰਜੀਵ ਖੰਨਾ ਤੇ ਮਾਤਾ ਸੋਨੀਆ ਖੰਨਾ ਨੇ ਮਾਤਾ ਪਿਤਾ ਦਾ ਹੀ ਨਹੀਂ ਅਧਿਆਪਕਾਂ ਤੇ ਆਪਣੇ ਸਕੂਲ ਕੰਵਰੀ ਵਿਦਿਆਲਿਆ ਸੁਰਾਨਸੀ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਅਧਿਕਾਰੀਆਂ ਨੇ ਦੱਸਿਆ ਕਿ ਦਸਵੀਂ ਦੇ ਨਤੀਜਿਆਂ ਵਿੱਚ 91% ਨੰਬਰ ਪ੍ਰਾਪਤ ਕਰਨ ਵਾਲੀ ਮਾਨਵੀ ਖੰਨਾ ਬਹੁਤ ਹੀ ਸੂਝਵਾਨ ਤੇ ਸਕੂਲ ਦੀ ਹੋਣਹਾਰ ਹੁਸ਼ਿਆਰ ਲੜਕੀ ਹੈ। ਉਹਨਾਂ ਕਿਹਾ ਮਾਨਵੀ ਖੰਨਾ ਹਮੇਸ਼ਾ ਲਿਖਾ ਪੜ੍ਹਾਈ ਵਿੱਚ ਰੁਚੀ ਲਗਾਈ ਰੱਖਦੀ ਹੈ। 91% ਨੰਬਰ ਪ੍ਰਾਪਤ ਕਰਕੇ ਘਰ ਪਹੁੰਚੀ ਮਾਨਵੀ ਖੰਨਾ ਦੇ ਪਿਤਾ ਸੰਜੀਵ ਖੰਨਾ ਨੇ ਆਪਣੀ ਬੇਟੀ ਦਾ ਮੂੰਹ ਮਿੱਠਾ ਕਰਵਾਇਆ ਤੇ ਅਸ਼ੀਰਵਾਦ ਦਿੱਤਾ। ਸੰਜੀਵ ਖੰਨਾ ਨੇ ਚੜ੍ਹਦੀਕਲਾ ਟਾਈਮ ਟੀਵੀ ਦੇ ਪੱਤਰਕਾਰ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਉਹ ਅੱਜ ਬਹੁਤ ਖੁਸ਼ ਹਨ ਤੇ ਉਹ ਆਪਣੀ ਬੇਟੀ ਨੂੰ ਬਹੁਤ ਪਿਆਰ ਕਰਦੇ ਹਨ। ਉਹਨਾਂ ਕਿਹਾ ਬੇਟੀ ਸੀ ਤੇ ਅੱਜ ਉਸ ਦੀ ਕੀਤੀ ਹੋਈ ਮਿਹਨਤ ਦਾ ਫਲ ਬੇਟੀ ਨੂੰ ਮਿਲਿਆ ਹੈ।

# ਪਿੰਡਾਂ 'ਚ ਜੀਵਨ ਹੋਇਆ ਆਮ ਵਾਂਗ, ਸਰਹੱਦੀ ਪਿੰਡਾਂ ਦੇ ਲੋਕਾਂ ਨੇ ਢਾਲ ਬਣੀ ਫੌਜ ਦਾ ਕੀਤਾ ਧੰਨਵਾਦ

ਫਾਜ਼ਿਲਕਾ, 15 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪਾਕਿਸਤਾਨ ਨਾਲ ਤਣਾਅ ਉਪਰੰਤ ਦੋਹਾਂ ਮੁਲਕਾਂ ਵਿਚ ਸੀਜ਼ਫਾਇਰ ਹੋਣ ਤੋਂ ਬਾਅਦ ਸਰਹੱਦ ਦੇ ਨਾਲ ਲੱਗਦੇ ਪਿੰਡਾਂ ਵਿਚ ਜੀਵਨ ਮੁੜ ਪਟੜੀ 'ਤੇ ਮੁੜ ਆਇਆ ਹੈ। ਲੋਕ ਜੰਗ ਦਾ ਡਰ ਭੁਲਾ ਕੇ ਆਮ ਵਾਂਗ ਆਪਣੇ ਕੰਮ ਧੰਦੇ ਲੱਗ ਗਏ ਹਨ। ਪਰ ਇਸ ਸਾਰੇ ਸਮੇਂ ਦੌਰਾਨ ਜਿੱਥੇ ਫਾਜ਼ਿਲਕਾ ਦੇ ਸਰਹੱਦੀ ਪਿੰਡਾਂ ਦੇ ਲੋਕਾਂ ਦੀ ਬਹਾਦਰੀ ਅਤੇ ਦੇਸ਼ ਪ੍ਰੇਮ ਦੀ ਮਿਸਾਲ ਵੇਖਣ ਨੂੰ ਮਿਲੀ, ਉੱਥੇ ਹੀ ਲੋਕ ਸਾਡੀ ਬਹਾਦਰ ਸੈਨਾ ਦਾ ਵੀ ਧੰਨਵਾਦ ਕਰ ਰਹੇ ਹਨ, ਜਿਨ੍ਹਾਂ ਨੇ ਇਸ ਪਾਸੇ ਆਏ ਡਰੋਨ ਹਮਲੇ ਨੂੰ ਨਾਕਾਮ ਕੀਤਾ। ਸਰਹੱਦੀ ਪਿੰਡਾਂ ਦੇ ਲੋਕ ਇਕ ਜ਼ੁਬਾਨ ਫੌਜ ਦਾ ਸ਼ੁਕਰਾਨਾ ਕਰਦੇ ਵਿਖਾਈ ਦਿੱਤੇ, ਜਿਨ੍ਹਾਂ ਵੱਲੋਂ ਲੋਕਾਂ ਨੂੰ ਆਂਚ ਨਹੀਂ ਆਉਣ ਦਿੱਤੀ ਗਈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਤਾਰ ਲੋਕਾਂ



ਨਾਲ ਸੰਪਰਕ ਰੱਖਿਆ ਗਿਆ ਅਤੇ ਹਰੇਕ ਤਰ੍ਹਾਂ ਦੀ ਸੂਚਨਾ ਉਨ੍ਹਾਂ ਤੱਕ ਪੁੱਜਦੀ ਕਰਨ ਦੇ ਨਾਲ ਇਸ ਵਾਰ ਲੋਕਾਂ ਨੂੰ ਘਰ ਖਾਲੀ ਕਰਨ ਲਈ ਨਹੀਂ ਕਿਹਾ ਗਿਆ ਸੀ ਕਿਉਂਕਿ ਸਾਡੀ ਫੌਜ ਦੀ ਕਾਬਲੀਅਤ ਕਿਸੇ ਤੋਂ ਲੁਕੀ ਹੋਈ ਨਹੀਂ ਹੈ। ਪਿੰਡ ਜੋਧਾ ਭੈਣੀ ਦਾ ਨੌਜਵਾਨ ਬੱਬੂ ਸਿੰਘ ਆਖਦਾ ਹੈ ਕਿ ਸਾਡਾ ਪਿੰਡ ਬਿਲਕੁਲ ਜ਼ੀਰੋ ਲਾਇਨ ਦੇ ਨਾਲ ਪੈਂਦਾ ਹੈ ਅਤੇ ਸਾਨੂੰ ਆਪਣੀ ਫੌਜ 'ਤੇ ਦ੍ਰਿੜ ਭਰੋਸਾ ਸੀ। ਅਸੀਂ ਪਿੰਡ ਵਿਚ ਹੀ ਡਟੇ ਰਹੇ। ਜਦ ਕਿ ਸਾਡੀ ਆਰਮੀ ਬਾਰਡਰ 'ਤੇ ਹੋਵੇ ਤਾਂ ਸਾਨੂੰ ਕਿਸ ਗੱਲ ਦਾ ਡਰ। ਜ਼ਿਲ੍ਹਾ ਪ੍ਰਸ਼ਾਸਨ ਤੋਂ ਵੀ ਸਾਨੂੰ ਹਰ ਪ੍ਰਕਾਰ ਦੇ ਜ਼ਰੂਰੀ ਦਿਸ਼ਾ ਨਿਰਦੇਸ਼ ਸਮੇਂ ਸਮੇਂ 'ਤੇ ਮਿਲਦੇ ਰਹਿੰਦੇ ਹਨ। ਜ਼ਿਕਰਯੋਗ ਹੈ ਕਿ ਇਸ ਤਣਾਅ ਵਾਲੇ ਸਮੇਂ ਦੌਰਾਨ ਫਾਜ਼ਿਲਕਾ ਵੱਲ ਵੀ ਦੁਸ਼ਮਣ ਵੱਲੋਂ ਡਰੋਨ ਹਮਲਾ ਕੀਤਾ ਗਿਆ ਸੀ ਪਰ ਸਾਡੀ ਫੌਜ ਨੇ ਇਸ ਨੂੰ ਹਵਾ ਵਿਚ ਹੀ ਨਾਕਾਮ ਕਰ ਦਿੱਤਾ ਤੇ ਕੋਈ ਨੁਕਸਾਨ ਨਹੀਂ ਹੋਣ ਦਿੱਤਾ ਗਿਆ।

# ਮਹਿਲਾ ਵਿੰਗ ਆਗੂ ਪੂਜਾ ਲੂਥਰਾ ਸਚਦੇਵਾ ਨੇ ਸੰਜੀਵ ਅਰੋੜਾ ਦੇ ਹੱਕ 'ਚ ਘਰ-ਘਰ ਜਾ ਕੇ ਕੀਤਾ ਪ੍ਰਚਾਰ

ਫਾਜ਼ਿਲਕਾ, 15 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਆਮ ਆਦਮੀ ਪਾਰਟੀ ਦੀ ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਅਤੇ ਕੌਂਸਲਰ ਪੂਜਾ ਲੂਥਰਾ ਸਚਦੇਵਾ ਨੇ ਆਪਣੀ ਟੀਮ ਸਮੇਤ ਲੁਧਿਆਣਾ ਵੈਸਟ ਹਲਕੇ ਵਿਚ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੇ ਹੱਕ ਵਿਚ ਘਰ-ਘਰ ਜਾ ਕੇ ਚੋਣ ਪ੍ਰਚਾਰ ਕੀਤਾ। ਇਸ ਮੌਕੇ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੀਆਂ ਪ੍ਰਮੁੱਖ ਪ੍ਰਾਪਤੀਆਂ ਅਤੇ ਵਿਕਾਸ ਕਾਰਜਾਂ ਬਾਰੇ ਵੋਟਰਾਂ ਨੂੰ ਜਾਣਕਾਰੀ ਦਿੱਤੀ। ਪੂਜਾ ਲੂਥਰਾ ਸਚਦੇਵਾ ਦੀ ਅਗਵਾਈ ਹੇਠ ਚੋਣ ਪ੍ਰਚਾਰ ਮੁਹਿੰਮ ਨੂੰ ਤੇਜ਼ ਕਰਦਿਆਂ ਵੱਖ-ਵੱਖ ਇਲਾਕਿਆਂ ਵਿਚ ਲੋਕਾਂ ਨਾਲ ਸਿੱਧਾ ਸੰਪਰਕ ਕੀਤਾ ਗਿਆ ਅਤੇ ਪਾਰਟੀ ਦਾ ਸੁਨੇਹਾ ਘਰ-ਘਰ ਤੱਕ ਪਹੁੰਚਾਇਆ ਗਿਆ। ਇਸ ਚੋਣ ਪ੍ਰਚਾਰ ਮੁਹਿੰਮ ਵਿਚ ਪੂਜਾ ਲੂਥਰਾ ਸਚਦੇਵਾ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਵਿਚ ਸੱਤਾ ਸੰਭਾਲਣ ਤੋਂ ਬਾਅਦ ਸਿੱਖਿਆ, ਸਿਹਤ, ਬਿਜਲੀ, ਪਾਣੀ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਵਿਚ ਅਹਿਮ



ਕਦਮ ਚੁੱਕੇ ਹਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸੰਜੀਵ ਅਰੋੜਾ ਇਕ ਇਮਾਨਦਾਰ ਅਤੇ ਸਮਰਪਿਤ ਨੇਤਾ ਹਨ, ਜੋ ਲੁਧਿਆਣਾ ਦੇ ਵਿਕਾਸ ਨੂੰ ਨਵੀਆਂ ਉਚਾਈਆਂ ਤੱਕ ਲੈ ਜਾਣਗੇ। ਉਨ੍ਹਾਂ ਨੇ ਪੰਜਾਬ ਸਰਕਾਰ ਦੀਆਂ ਨੀਤੀਆਂ ਅਤੇ ਯੋਜਨਾਵਾਂ, ਜਿਵੇਂ ਕਿ ਮੁਫ਼ਤ ਬਿਜਲੀ, ਸਕੂਲਾਂ ਦੀ ਬਿਹਤਰੀ, ਆਮ ਆਦਮੀ ਕਲੀਨਿਕ, ਅਤੇ ਮਹਿਲਾਵਾਂ ਲਈ ਸੁਰੱਖਿਆ ਅਤੇ ਸਸ਼ਕਤੀਕਰਨ ਦੀਆਂ ਪਹਿਲਕਦਮੀਆਂ ਬਾਰੇ ਵਿਸਥਾਰ ਵਿਚ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਪੂਜਾ ਲੂਥਰਾ ਸਚਦੇਵਾ ਦੇ ਪਤੀ ਅਤੇ ਸੀਨੀਅਰ ਆਪ ਆਗੂ ਅਜੇ ਸਚਦੇਵਾ, ਪਾਰਟੀ ਵਰਕਰ ਪਵਨ, ਮਾਨਵ ਅਤੇ ਹੋਰ ਟੀਮ ਮੈਂਬਰਾਂ ਨੇ ਵੀ ਇਸ ਪ੍ਰਚਾਰ ਮੁਹਿੰਮ ਵਿਚ ਸਰਗਰਮ ਹਿੱਸਾ ਲਿਆ। ਉਨ੍ਹਾਂ ਨੇ ਵੋਟਰਾਂ ਨੂੰ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਸੰਜੀਵ ਅਰੋੜਾ ਦੇ ਵਿਜ਼ਨ ਨੂੰ ਸਮਝਾਉਣ ਲਈ ਘਰ-ਘਰ ਜਾ ਕੇ ਲੋਕਾਂ ਨਾਲ ਗੱਲਬਾਤ ਕੀਤੀ।

# ਹਰਸ਼ਿਤਾ ਗਰੋਵਰ ਨੂੰ ਅਸ਼ੀਰਵਾਦ ਦੇਣ ਪਹੁੰਚੇ ਵਿਧਾਇਕ ਨਰੇਸ਼ ਕਟਾਰੀਆ

ਜ਼ੀਰਾ, 15 ਮਈ (ਦੀਪਕ ਭਾਰਗੋ): ਜਿਵੇਂ ਕਿ ਸਭ ਨੂੰ ਪਤਾ ਹੈ ਕਿ ਪੰਜਾਬ ਭਰ ਵਿੱਚ ਬਾਰਵੀਂ ਦਾ ਨਤੀਜਾ ਆਉਣ ਮਗਰੋਂ ਪਰਿਵਾਰਾਂ ਵਿੱਚ ਖੁਸ਼ੀ ਦੀ ਲਹਿਰ ਦੇਖੀ ਜਾ ਰਹੀ ਹੈ ਜਿਨ੍ਹਾਂ ਦੇ ਬੱਚਿਆਂ ਵੱਲੋਂ ਸਖਤ ਮਿਹਨਤ ਕਰਕੇ ਆਪਣੇ ਇਲਾਕੇ ਦੇ ਨਾਲ ਨਾਲ ਆਪਣੇ ਮਾਂ ਬਾਪ ਆਪਣੇ ਸਕੂਲ ਦਾ ਨਾਮ ਵੀ



ਰੌਸ਼ਨ ਕੀਤਾ। ਇਹਨਾਂ ਨਤੀਜਿਆਂ ਵਿੱਚ ਕੁੜੀਆਂ ਵੱਲੋਂ ਬਾਜ਼ੀ ਮਾਰੀ ਗਈ। ਪਹਿਲੇ ਦੂਜੇ ਤੀਜੇ ਸਥਾਨ 'ਤੇ ਲੜਕੀਆਂ ਹੀ ਆਈਆਂ। ਇਸੇ ਤਰ੍ਹਾਂ ਜ਼ੀਰਾ ਦੇ ਗਰੋਵਰ ਪਰਿਵਾਰ ਦੀ ਬੇਟੀ ਹਰ ਹਰਸ਼ਿਤਾ ਗਰੋਵਰ ਵੱਲੋਂ ਜ਼ੀਰਾ ਬਲਾਕ ਵਿੱਚ ਦੂਸਰਾ ਸਥਾਨ ਹਾਸਲ ਕਰਕੇ ਆਪਣੇ ਮਾਂ ਬਾਪ ਦਾ ਜਿੱਥੇ ਨਾਮ ਰੌਸ਼ਨ ਕੀਤਾ ਉੱਥੇ ਸਕੂਲ ਦਾ ਨਾਮ ਵੀ ਰੌਸ਼ਨ ਕੀਤਾ ਜੋ ਜ਼ੀਰਾ ਦੇ ਸ਼ਹੀਦ ਗੁਰਦਾਸ ਰਾਮ ਮੈਮੋਰੀਅਲ ਕੰਨਿਆ ਸਕੂਲ ਵਿੱਚ ਪੜ੍ਹ ਰਹੀ ਸੀ। ਉਸ ਨੂੰ ਵਧਾਈ ਦੇਣ ਵਾਸਤੇ ਇਲਾਕੇ ਦੇ ਵਿਧਾਇਕ ਨਰੇਸ਼ ਕਟਾਰੀਆ ਉਹਨਾਂ ਦੇ ਗ੍ਰਹਿ ਵਿਖੇ ਪੁੱਜੇ ਜਿਨ੍ਹਾਂ ਵੱਲੋਂ ਬੇਟੀ ਹਰਸ਼ਿਤਾ ਗਰੋਵਰ ਨੂੰ ਫੁੱਲਾਂ ਦਾ ਬੁੱਕੇ ਦੇ ਕੇ ਉਸ ਨੂੰ ਵਧਾਈ ਦਿੱਤੀ ਤੇ ਉਸ ਦਾ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਵਿਧਾਇਕ ਨਰੇਸ਼ ਕਟਾਰੀਆ ਨੇ ਕਿਹਾ ਕਿ ਇਲਾਕੇ ਵਾਸਤੇ ਬੜੇ ਮਾਣ ਦੀ ਗੱਲ ਹੈ ਕਿ ਕਸੋਵਾਨਾ ਦੇ ਸਕੂਲ ਵਿੱਚ ਪੜ੍ਹਨ ਵਾਲੀ ਮਨਵੀਰ ਕੌਰ ਜੋ ਸੂਬੇ ਭਰ ਵਿੱਚ ਦੂਜੇ ਸਥਾਨ 'ਤੇ ਰਹੀ ਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ। ਉਹਨਾਂ ਕਿਹਾ ਕਿ ਸਰਕਾਰ ਦਾ ਉਦੇਸ਼ ਬੱਚਿਆਂ ਨੂੰ ਸਿੱਖਿਆ ਦੇਣਾ ਸੀ ਜੋ ਸਾਰਥਕ ਹੋ ਰਿਹਾ ਹੈ ਤੇ ਬੱਚੇ ਪੜ੍ਹ ਲਿਖ ਕੇ ਆਪਣੇ ਪੈਰਾਂ 'ਤੇ ਖੜੇ ਹੋਣਗੇ ਤੇ ਚੰਗੀਆਂ ਨੌਕਰੀਆਂ ਹਾਸਲ ਕਰਨਗੇ। ਇਸ ਮੌਕੇ ਉਹਨਾਂ ਨੇ ਹਰਸ਼ਿਤਾ ਗਰੋਵਰ ਦੀ ਦਾਦੀ ਊਸ਼ਾ ਗਰੋਵਰ ਤੇ ਮਾਤਾ ਪਿਤਾ ਸੁਨੀਲ ਗਰੋਵਰ ਤੇ ਅਵੰਤੀਕਾ ਗਰੋਵਰ ਤੋਂ ਇਲਾਵਾ ਸਕੂਲ ਦੇ ਪ੍ਰਿੰਸੀਪਲ ਨੂੰ ਵੀ ਵਧਾਈ ਦਿੱਤੀ। ਇਸ ਮੌਕੇ ਉਹਨਾਂ ਨਾਲ ਪੀਐਸਓ ਦਰਬਾਰਾ ਸਿੰਘ, ਸੋਨੂੰ ਡਰਾਈਵਰ, ਲੱਕੀ ਪਾਸੀ ਤੇ ਹੋਰ ਵੀ ਸਾਥੀ ਹਾਜ਼ਰ ਸਨ।

# ਦੇਸ਼ ਭਗਤ ਗਲੋਬਲ ਸਕੂਲ ਦੇ ਵਿਦਿਆਰਥੀਆਂ ਨੇ ਕੀਤਾ ਬੋਰਡ ਪ੍ਰੀਖਿਆਵਾਂ 'ਚ ਸ਼ਾਨਦਾਰ ਪ੍ਰਦਰਸ਼ਨ



ਮੰਡੀ ਗੋਬਿੰਦਗੜ੍ਹ, 15 ਮਈ (ਸੂਦ): ਦੇਸ਼ ਭਗਤ ਗਲੋਬਲ ਸਕੂਲ, ਮੰਡੀ ਗੋਬਿੰਦਗੜ੍ਹ ਦਾ ਸੀਬੀਐਸਈ ਬੋਰਡ ਪ੍ਰੀਖਿਆਵਾਂ ਦਾ ਨਤੀਜਾ ਸ਼ਾਨਦਾਰ ਰਿਹਾ। ਬਾਰ੍ਹਵੀਂ ਜਮਾਤ ਵਿੱਚ ਸੀਪ ਸੈਣੀ, ਤਨਮਯ ਅਰੋੜਾ, ਦਮਨਜੀਤ ਸਿੰਘ, ਰਿਸ਼ਵ ਜੈਨ ਅਤੇ ਐਸ਼ਪ੍ਰੀਤ ਕੌਰ ਪਹਿਲੇ ਸਥਾਨਾਂ 'ਤੇ ਰਹੇ, ਦਸਵੀਂ ਵਿੱਚ ਜਸਮੀਤ ਸਿੰਘ ਨੇ ਪਹਿਲਾ, ਗੁਰਸੀਰਤ ਕੌਰ ਰਤੀਆ ਨੇ ਦੂਜਾ ਅਤੇ ਪ੍ਰਣਵ ਅਰੋੜਾ ਨੇ ਤੀਜਾ ਸਥਾਨ ਹਾਸਲ ਕੀਤਾ। ਵਿਸ਼ਾ ਟੌਪਰ - ਬਾਰ੍ਹਵੀਂ ਜਮਾਤ ਵਿੱਚ ਸੀਪ ਸੈਣੀ (ਪੰਜਾਬੀ, ਇਤਿਹਾਸ, ਸਰੀਰਕ ਸਿੱਖਿਆ, ਅੰਗਰੇਜ਼ੀ ਅਤੇ ਅਰਥ ਸ਼ਾਸਤਰ), ਰਵਨੀਤ (ਪੰਜਾਬੀ, ਅੰਗਰੇਜ਼ੀ ਅਤੇ ਅਰਥ ਸ਼ਾਸਤਰ), ਦਮਨਜੀਤ ਸਿੰਘ (ਰਾਜਨੀਤੀ ਵਿਗਿਆਨ, ਪੰਜਾਬੀ, ਅੰਗਰੇਜ਼ੀ, ਇਤਿਹਾਸ ਅਤੇ ਸਰੀਰਕ ਸਿੱਖਿਆ), ਤਨਮਯ ਅਰੋੜਾ (ਗਣਿਤ, ਰਸਾਇਣ ਵਿਗਿਆਨ, ਕੰਪਿਊਟਰ ਵਿਗਿਆਨ ਅਤੇ ਭੌਤਿਕ ਵਿਗਿਆਨ), ਰਿਸ਼ਵ ਜੈਨ (ਲੇਖਾ, ਵਪਾਰ ਅਧਿਐਨ, ਅਰਥ ਸ਼ਾਸਤਰ ਅਤੇ ਅੰਗਰੇਜ਼ੀ), ਐਸ਼ਪ੍ਰੀਤ ਕੌਰ (ਅੰਗਰੇਜ਼ੀ, ਸਰੀਰਕ ਸਿੱਖਿਆ, ਰਸਾਇਣ ਵਿਗਿਆਨ, ਜੀਵ ਵਿਗਿਆਨ), ਅਸ਼ਵਨੀ (ਭੌਤਿਕ ਸਿੱਖਿਆ) ਅਤੇ ਸ਼ਰਨਜੀਤ ਕੌਰ (ਭੌਤਿਕ ਸਿੱਖਿਆ ਅਤੇ ਰਸਾਇਣ ਵਿਗਿਆਨ) ਹਨ। ਦਸਵੀਂ ਜਮਾਤ ਵਿੱਚ ਅੰਗਰੇਜ਼ੀ ਵਿਸ਼ੇ ਦੇ ਟੌਪਰ ਵਿਚ ਜਸਮੀਤ ਸਿੰਘ, ਗੁਰਸੀਰਤ ਕੌਰ ਰਤੀਆ, ਸਰਗੁਣ ਕੌਰ, ਯਤੀਸ਼ ਸ਼ਰਮਾ, ਹਰਸ਼ ਸ਼ਿਸ਼ੋਦੀਆ, ਇੰਦਰਪ੍ਰੀਤ ਕੌਰ, ਗਣਿਤ: ਪ੍ਰਣਵ ਅਰੋੜਾ, ਜਸਮੀਤ ਸਿੰਘ, ਕਿਰਨਜੀਤ ਕੌਰ, ਪੰਜਾਬੀ: ਅਮਨਦੀਪ ਸਿੰਘ, ਸਾਨੀਆ, ਆਂਚਲਪ੍ਰੀਤ ਕੌਰ, ਹਰਮਨਜੀਤ ਸਿੰਘ, ਹਰਮਨਪ੍ਰੀਤ ਸਿੰਘ, ਹਰਮਨਜੀਤ ਕੌਰ, ਗਣਿਤ। ਜਸਮੀਤ, ਸਰਗੁਣ, ਗੁਰਸੀਰਤ, ਸਮਾਜਿਕ ਵਿਗਿਆਨ: ਕਿਰਨਜੀਤ ਕੌਰ, ਜਸਮੀਤ, ਗੁਰਸੀਰਤ, ਪ੍ਰਣਵ ਅਰੋੜਾ, ਹਰਸ਼ ਸਿਸ਼ੋਦੀਆ, ਵਿਗਿਆਨ: ਜਸਮੀਤ, ਪ੍ਰਣਵ, ਹਰਸ਼ ਸਿਸ਼ੋਦੀਆ ਸੂਚਨਾ ਤਕਨਾਲੋਜੀ: ਜਸਮੀਤ ਸਿੰਘ, ਗੁਰਸੀਰਤ ਕੌਰ, ਪ੍ਰਣਵ ਅਰੋੜਾ, ਆਂਚਲਪ੍ਰੀਤ ਕੌਰ, ਹਿੰਦੀ, ਗੁਰਸਿਰਤ ਸਿੰਘ, ਜਸਮੀਤ ਕੌਰ ਨੇ ਚੋਟੀ ਦੇ ਅੰਕ ਹਾਸਲ ਕੀਤੇ ਹਨ। ਇਨ੍ਹਾਂ ਪ੍ਰਾਪਤੀਆਂ ਲਈ ਸਾਰੇ ਵਿਦਿਆਰਥੀਆਂ ਨੇ ਆਪਣੀ ਸਫਲਤਾ ਦਾ ਸਿਹਰਾ ਸਕੂਲ ਪ੍ਰਬੰਧਕਾਂ, ਪ੍ਰਿੰਸੀਪਲ ਅਤੇ ਅਧਿਆਪਕਾਂ ਦੇ ਅਟੁੱਟ ਸਹਿਯੋਗ ਅਤੇ ਮਾਰਗ ਦਰਸ਼ਨ ਨੂੰ ਦਿੱਤਾ। ਪ੍ਰਿੰਸੀਪਲ ਇੰਦੂ ਸ਼ਰਮਾ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਮਰਪਿਤ ਯਤਨਾਂ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਲਈ ਅਸ਼ੀਰਵਾਦ ਦਿੱਤਾ। ਸਕੂਲ ਦੇ ਚੇਅਰਮੈਨ ਡਾ. ਜ਼ੋਰਾ ਸਿੰਘ ਤੇ ਜਨਰਲ ਸਕੱਤਰ ਡਾ. ਤਜਿੰਦਰ ਕੌਰ ਨੇ ਵੀ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀ, ਉਨ੍ਹਾਂ ਦੇ ਪਰਿਵਾਰਾਂ ਤੇ ਅਧਿਆਪਕ ਸਟਾਫ਼ ਨੂੰ ਵਧਾਈ ਦਿੱਤੀ।

# ਅੱਜ ਤੋਂ ਹੋਣਗੀਆਂ ਨਸ਼ਾ ਮੁਕਤੀ ਯਾਤਰਾਵਾਂ : ਏ.ਡੀ.ਸੀ.

## ☛ਸ਼ਾਮ 4 ਤੋਂ 6 ਵਜੇ ਤੱਕ ਕਰਵਾਏ ਜਾਣਗੇ ਪਿੰਡਾਂ 'ਚ ਸਮਾਗਮ



ਫ਼ਿਰੋਜ਼ਪੁਰ, 15 ਮਈ (ਤਿਵਾੜੀ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ। ਜਿਸ ਤਹਿਤ ਰਾਜ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਚਲਾਈ ਗਈ ਹੈ ਤੇ 16 ਮਈ ਤੋਂ ਜ਼ਿਲ੍ਹੇ ਦੇ ਹਰੇਕ ਹਲਕੇ ਦੇ ਤਿੰਨ-ਤਿੰਨ ਪਿੰਡਾਂ ਵਿਚ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ, ਨਸ਼ਾ ਛੱਡ ਚੁੱਕੇ ਲੋਕਾਂ ਦੇ ਪੁਨਰਵਾਸ ਅਤੇ ਲੋਕਾਂ ਨੂੰ ਨਸ਼ਿਆਂ ਦਾ ਵਪਾਰ ਕਰਨ ਵਾਲੇ ਲੋਕਾਂ ਖਿਲਾਫ਼ ਅਵਾਜ਼ ਉਠਾਉਣ ਲਈ ਜਾਗਰੂਕ ਕਰਨ ਦੇ ਮਕਸਦ ਨਾਲ ਪਿੰਡਾਂ ਵਿਚ ਨਸ਼ਾ ਮੁਕਤੀ ਯਾਤਰਾਵਾਂ ਸ਼ੁਰੂ ਹੋ ਰਹੀਆਂ ਹਨ। ਇਸ ਮੁਹਿੰਮ ਤਹਿਤ ਜ਼ਿਲ੍ਹੇ ਦੇ ਪਿੰਡਾਂ ਵਿੱਚ ਗ੍ਰਾਮ ਸਭਾਵਾਂ ਦਾ ਵੀ ਆਯੋਜਨ ਕੀਤਾ ਜਾਵੇਗਾ। ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ (ਜ) ਦਮਨਦੀਪ ਸਿੰਘ ਮਾਨ ਨੇ ਅੱਜ ਵੱਖ-ਵੱਖ ਵਿਭਾਗਾਂ ਨਾਲ 'ਨਸ਼ਾ ਮੁਕਤੀ ਯਾਤਰਾ' ਸਬੰਧੀ ਕੀਤੀ ਮੀਟਿੰਗ ਦੌਰਾਨ ਦਿੱਤੀ। ਵਧੀਕ ਡਿਪਟੀ ਕਮਿਸ਼ਨਰ (ਜ) ਨੇ ਦੱਸਿਆ ਕਿ ਇਨ੍ਹਾਂ ਨਸ਼ਾ ਮੁਕਤੀ ਯਾਤਰਾਵਾਂ ਵਿੱਚ ਜ਼ਿਲ੍ਹੇ ਦੇ 4 ਵਿਧਾਨ ਸਭਾ ਹਲਕਿਆਂ ਅੰਦਰ ਪੈਂਦੇ 3-3 ਪਿੰਡਾਂ ਵਿੱਚ ਰੋਜ਼ਾਨਾ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕੀਤਾ ਜਾਵੇਗਾ, ਜਿਸ ਤਹਿਤ ਹਰੇਕ ਪਿੰਡ ਵਿੱਚ ਗ੍ਰਾਮ ਸਭਾ ਬੁਲਾ ਕੇ ਤੇ ਗ੍ਰਾਮ ਸੁਰੱਖਿਆ ਕਮੇਟੀਆਂ ਅਤੇ ਵਾਰਡ ਸੁਰੱਖਿਆ ਕਮੇਟੀਆਂ ਤੋਂ ਇਲਾਵਾ ਸਮੂਹ ਪਿੰਡ ਵਾਸੀਆਂ ਨੂੰ ਇਸ ਮੁਹਿੰਮ ਦਾ ਹਿੱਸਾ ਬਣਾਇਆ ਜਾਵੇਗਾ ਤੇ ਸਬੰਧਤ ਹਲਕਾ ਵਿਧਾਇਕ, ਸਿਹਤ ਵਿਭਾਗ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਵਿਭਾਗ, ਸਹਿਕਾਰਤਾ ਵਿਭਾਗ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮਾਹਿਰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਸਬੰਧੀ ਪਿੰਡ ਵਾਸੀਆਂ ਨੂੰ ਜਾਗਰੂਕ ਕਰਨਗੇ। ਉਨ੍ਹਾਂ ਦੱਸਿਆ ਕਿ ਸੂਬੇ ਨੂੰ ਨਸ਼ਾ ਮੁਕਤ ਕਰਨ ਅਤੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਕੱਢਣ ਲਈ ਪੰਜਾਬ ਸਰਕਾਰ ਵੱਲੋਂ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਵਿਚ ਨਸ਼ਿਆਂ ਨੂੰ ਠੱਲ੍ਹ ਪਈ ਹੈ ਤੇ ਜਲਦੀ ਹੀ ਇਸ ਨੂੰ ਜੜ੍ਹ ਤੋਂ ਖ਼ਤਮ ਕਰ ਦਿੱਤਾ ਜਾਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਸਮਾਗਮਾਂ ਵਿੱਚ ਵੱਧ ਤੋਂ ਵੱਧ ਸ਼ਿਰਕਤ ਕਰਕੇ ਇਸ ਮੁਹਿੰਮ ਨੂੰ ਸਫਲ ਬਣਾਉਣ। ਇਸ ਮੌਕੇ ਐੱਸ.ਡੀ. ਐੱਮ ਫਿਰੋਜ਼ਪੁਰ ਅਨਿਲ ਗੁਪਤਾ, ਐੱਸ.ਡੀ.ਐੱਮ. ਜ਼ੀਰਾ ਗੁਰਮੀਤ ਸਿੰਘ ਮਾਨ, ਐੱਸ.ਡੀ.ਐੱਮ. ਗੁਰੂਹਰਸਹਾਏ ਉਦੇਦੀਪ ਸਿੰਘ ਸਿੱਧੂ, ਡੀ.ਡੀ.ਪੀ.ਓ. ਹਰਜਿੰਦਰ ਸਿੰਘ, ਐਸ.ਪੀ. ਮੰਜੀਤ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਸ੍ਰੀ ਮਾਤਾ ਨੈਣਾ ਦੇਵੀ ਲੰਗਰ ਕਮੇਟੀ ਪੰਜਾਬ, ਹਰਿਆਣਾ ਤੇ ਹਿਮਾਚਲ ਦੀ ਮੀਟਿੰਗ 18 ਨੂੰ

ਅਮਲੋਹ, 15 ਮਈ (ਜਸਵੰਤ ਸਿੰਘ): ਸ਼੍ਰੀ ਨੈਣਾ ਦੇਵੀ ਲੰਗਰ ਕਮੇਟੀ ਪੰਜਾਬ, ਹਰਿਆਣਾ ਅਤੇ ਹਿਮਾਚਲ ਰਜਿ. ਦੀ ਆਮ ਮੀਟਿੰਗ 18 ਮਈ ਨੂੰ ਸਵੇਰੇ 10.30 ਵਜੇ ਸ਼੍ਰੀ ਨਵ ਦੁਰਗਾ ਮਾਤਾ ਮੰਦਰ ਸਰਾਭਾ ਨਗਰ ਲੁਧਿਆਣਾ ਵਿਖੇ ਹੋ ਰਹੀ ਹੈ। ਡਾ. ਸੱਤਪਾਲ ਅਗਰਵਾਲ ਨੇ ਇਥੇ ਪੱਤਰਕਾਰਾਂ ਨਾਲ ਗਲਬਾਤ



ਕਰਦਿਆਂ ਦੱਸਿਆ ਕਿ ਮੀਟਿੰਗ ਵਿਚ ਮੇਲਾ ਮਾਤਾ ਸ਼੍ਰੀ ਨੈਣਾ ਦੇਵੀ ਜੀ ਅਸ਼ਟਮੀ 2024 ਦੇ ਲੇਖੇ ਜਨਰਲ ਹਾਊਸ ਵਿੱਚ ਪੇਸ਼ ਕੀਤੇ ਜਾਣਗੇ, ਸੰਗਠਨ ਚੋਣਾਂ ਇਸ ਸਾਲ ਹੋਣਗੀਆਂ, ਕਿਉਂਕਿ ਪੁਰਾਣਾ ਕਾਰਜਕਾਲ ਖਤਮ ਹੋ ਗਿਆ ਹੈ। ਉਨ੍ਹਾਂ ਮੇਲੇ ਮੌਕੇ ਲੰਗਰ ਲਗਾਉਣ ਲਈ ਸਾਰੀਆਂ ਲੰਗਰ ਕਮੇਟੀਆਂ ਨੂੰ ਬੇਨਤੀ ਕੀਤੀ ਕਿ ਉਹ ਲੰਗਰ ਦੀ ਇਜਾਜ਼ਤ ਲਈ ਆਪਣੇ-ਆਪਣੇ ਲੈਟਰ ਪੈਡਾਂ 'ਤੇ ਅਰਜ਼ੀ ਲਿਆਉਣ, ਉਸ ਵਿਅਕਤੀ ਦਾ ਨਾਮ, ਪੂਰਾ ਪਤਾ, ਮੋਬਾਇਲ ਨੰਬਰ, ਜਗ੍ਹਾਂ ਦੇ ਮਾਲਕ ਜਾਂ ਪੰਡਤ ਦਾ ਨਾਮ ਜਿਥੇ ਲੰਗਰ ਲਗਾਇਆ ਜਾਣਾ ਹੈ ਵਿਚ ਦਰਜ ਕੀਤਾ ਜਾਵੇ ਅਤੇ ਮੰਦਰ ਟਰੱਸਟ ਸ਼੍ਰੀ ਨੈਣਾ ਦੇਵੀ ਜੀ ਦੇ ਨਾਮ 'ਤੇ 10 ਹਜ਼ਾਰ ਰੁਪਏ ਦਾ ਚੈਕ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਮੀਟਿੰਗ ਸਬੰਧੀ ਕੌਂਸਲਰ ਹੰਸਰਾਜ ਜੀ ਜੱਸਾ ਜਾਂ ਟਹਿਲ ਸਿੰਘ ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਵਿਧਾਇਕ ਅਮੋਲਕ ਸਿੰਘ ਵੱਲੋਂ ਹਲਕਾ ਜੈਤੋਂ ਦੇ ਵੱਖ-ਵੱਖ ਸਕੂਲਾਂ ਦੇ ਵਿਕਾਸ ਕਾਰਜਾਂ ਦਾ ਉਦਘਾਟਨ



ਬਾਜਾਖਾਨਾ, 15 ਮਈ (ਅਵਤਾਰ ਸਿੰਘ ਮੱਲਾ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਿੱਖਿਆ ਦੇ ਖੇਤਰ ਵਿੱਚ ਨਵੀਆਂ ਪੁਲਾਂਘਾਂ ਪੁੱਟ ਰਿਹਾ ਹੈ ਅਤੇ ਵਿਦਿਆਰਥੀਆਂ ਨੂੰ ਵਧੀਆ ਮਾਹੌਲ ਦੇ ਨਾਲ-ਨਾਲ ਮਿਆਰੀ ਸਿੱਖਿਆ ਦਿੱਤੀ ਜਾ ਰਹੀ ਹੈ। ਇਹ ਪ੍ਰਗਟਾਵਾ ਹਲਕਾ ਜੈਤੋ ਦੇ ਵਿਧਾਇਕ ਸ. ਅਮੋਲਕ ਸਿੰਘ ਨੇ ਅੱਜ ਹਲਕੇ ਦੇ ਵੱਖ ਵੱਖ ਸਕੂਲਾਂ ਵਿੱਚ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ। ਵਿਧਾਇਕ ਅਮੋਲਕ ਸਿੰਘ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਸੇਢਾ ਸਿੰਘ ਵਾਲਾ ਵਿਖੇ 15 ਲੱਖ 2 ਹਜ਼ਾਰ ਦੀ ਲਾਗਤ ਨਾਲ 2 ਸਮਾਰਟ ਕਲਾਸ ਰੂਮ, ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਮੱਲਾ ਵਿਖੇ 4 ਲੱਖ 40 ਹਜ਼ਾਰ ਰੁਪਏ ਅਤੇ ਸਰਕਾਰੀ ਹਾਈ ਸਕੂਲ ਪਿੰਡ ਮੱਲਾ 1 ਲੱਖ 60 ਹਜ਼ਾਰ ਰੁਪਏ ਦੀ ਲਾਗਤ ਨਾਲ ਚਾਰ ਦੀਵਾਰੀ ਦੇ ਕੰਮਾਂ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਕਿਹਾ ਕਿ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਸਰਕਾਰੀ ਸਕੂਲਾਂ ਵਿਚ ਮਾਡਲ ਕਲਾਸ ਰੂਮਾਂ ਸਮੇਂ ਮੁਤਾਬਕ ਬੁਨਿਆਦੀ ਢਾਂਚੇ ਦੀ ਸਥਾਪਤੀ ਅਤੇ ਵਿਦਿਆਰਥੀਆਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਜੋ ਅਧਿਆਪਕਾਂ-ਵਿਦਿਆਰਥੀਆਂ ਲਈ ਲਾਹੇਵੰਦ ਹਨ। ਉਨ੍ਹਾਂ ਕਿਹਾ ਕਿ ਵਿੱਦਿਆ ਦੇ ਪੱਧਰ ਵਿੱਚ ਸੁਧਾਰ ਹੋਇਆ ਹੈ, ਜਿਸ ਕਰਕੇ ਲੋਕ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾ ਰਹੇ ਹਨ। ਵਿਧਾਇਕ ਅਮੋਲਕ ਨੇ ਕਿਹਾ ਕਿ ਸਿਰਫ਼ ਸਿੱਖਿਆ ਹੀ ਨਹੀਂ ਪੰਜਾਬ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ ਅਤੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਯਤਨਸ਼ੀਲ ਹੈ। ਉਨ੍ਹਾਂ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਦਿੰਦਿਆਂ ਕਿਹਾ ਕਿ ਉਹ ਆਪਣੇ ਆਸ-ਪਾਸ ਨਸ਼ਾ ਕਰਨ ਵਾਲੇ ਨੂੰ ਵੀ ਰੋਕਣਗੇ ਤਾਂ ਜੋ ਇੱਕ ਚੰਗੇ ਸਮਾਜ ਦੇ ਸਿਰਜਣਾ ਕੀਤੀ ਜਾ ਸਕੇ। ਇਸ ਮੌਕੇ ਸੁਸ਼ੀਲ ਕੁਮਾਰ ਬੀ.ਪੀ.ਈ.ਓ, ਜਸਵੰਤ ਸਿੰਘ ਹਰਜੀਤ ਸਿੰਘ, ਕੁਲਵਿੰਦਰ ਸਿੰਘ ਤੋਂ ਇਲਾਵਾ ਸਕੂਲਾਂ ਦਾ ਸਟਾਫ ਹਾਜ਼ਰ ਸੀ।

# ਪ੍ਰਧਾਨ ਨਿਰਭੈਅ ਸਿੰਘ ਮਾਲੋਵਾਲ ਦੇ ਪੁੱਤਰ ਨੇ ਦਸਵੀਂ 'ਚ ਲਿਆ ਪਹਿਲਾ ਸਥਾਨ

ਅਮਲੋਹ, 15 ਮਈ (ਜਸਵੰਤ ਸਿੰਘ): ਸੀਬੀਐਸਈ ਬੋਰਡ ਵਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜੇ ਦੌਰਾਨ ਈਟੀਟੀ ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਮਾਲੋਵਾਲ ਅਤੇ ਹਰਪ੍ਰੀਤ ਕੌਰ ਮਾਲੋਵਾਲ ਦੇ ਹੋਣਹਾਰ ਸਪੁੱਤਰ ਹਰਪ੍ਰਤਾਪ ਸਿੰਘ ਗਿੱਲ ਨੇ 96 ਪ੍ਰਤੀਸ਼ਤ ਅੰਕ ਲੈ ਕੇ ਲੜਕਿਆਂ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ। ਪ੍ਰੀਵਾਰਕ ਮੈਂਬਰਾਂ ਨੇ ਖੁਸ਼ੀ ਜਾਹਰ ਕਰਦੇ ਹੋਏ ਉਸ ਦਾ ਮੂੰਹ ਮਿੱਠਾ ਕਰਵਾਇਆ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਥੇ ਇਹ ਵਰਨਣਯੋਗ ਹੈ ਕਿ ਇਹ ਹੋਣਹਾਰ ਵਿਦਿਆਰਥੀ ਹਰਪ੍ਰਤਾਪ ਸਿੰਘ ਗਿੱਲ ਜੀਬੀ ਇੰਟਰਨੈਸ਼ਨਲ ਸਕੂਲ ਨਾਭਾ ਦਾ ਵਿਦਿਆਰਥੀ ਹੈ। ਪੱਤਰਕਾਰਾਂ ਨਾਲ ਮੀਡੀਆ ਨਾਲ ਗੱਲਬਾਤ ਕਰਦਿਆਂ ਉਸ ਨੇ ਦੱਸਿਆ ਕਿ ਉਹ ਡਾਕਟਰ ਬਣ ਕੇ ਆਪਣੀ ਜ਼ਿੰਦਗੀ ਲੋਕਾਂ ਦੀ ਸੇਵਾ ਕਰਨਾ ਚਾਹੁੰਦਾ ਹੈ। ਉਸ ਨੇ ਦੱਸਿਆ ਕਿ ਉਸ ਨੂੰ ਪੜ੍ਹਾਈ ਨਾਲ ਬਹੁਤ ਪਿਆਰ ਹੈ, ਜਿਸ ਲਈ ਉਸ ਦੇ ਪਰਿਵਾਰ ਵੱਲੋਂ ਉਸ ਦਾ ਪੂਰਾ ਸਾਥ ਦਿੱਤਾ ਜਾ ਰਿਹਾ ਹੈ। ਅਧਿਆਪਕ ਆਗੂ ਨਿਰਭੈ ਸਿੰਘ ਮਾਲੋਵਾਲ ਨੇ ਪ੍ਰਮਾਤਮਾ ਦਾ ਸ਼ੁਕਰਾਨਾ



ਕਰਦਿਆਂ ਕਿਹਾ ਕਿ ਪ੍ਰਮਾਤਮਾ ਦੇ ਅਸ਼ੀਰਵਾਦ ਸੱਦਕਾ ਹੀ ਇਸ ਬੱਚੇ ਨੇ ਸਖਤ ਮਿਹਨਤ ਕਰਕੇ ਆਪਣੇ ਮਾਪਿਆਂ, ਪਿੰਡ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਇਸ ਦੀ ਮਾਤਾ ਹਰਪ੍ਰੀਤ ਕੌਰ ਨੇ ਕਿਹਾ ਕਿ ਉਸ ਨੂੰ ਆਪਣੇ ਹੋਣਹਾਰ ਪੁੱਤਰ 'ਤੇ ਪੂਰਾ ਮਾਣ ਹੈ ਅਤੇ ਉਸ ਦਾ ਡਾਕਟਰ ਬਣਨ ਦਾ ਸੁਪਨਾ ਜ਼ਰੂਰ ਪੂਰਾ ਹੋਵੇਗਾ। ਇਸ ਮੌਕੇ ਪਰਿਵਾਰ ਨੂੰ ਵਧਾਈ ਦੇਣ ਵਾਲੇ ਸੱਜਣਾਂ ਵਿਚ ਮਨਪ੍ਰੀਤ ਸਿੰਘ ਧਾਰੋਂਕੀ ਪ੍ਰਧਾਨ ਟਰੱਕ ਯੂਨੀਅਨ ਨਾਭਾ, ਰਣਧੀਰ ਸਿੰਘ ਨੂਰਪੁਰਾ, ਹਰਪ੍ਰੀਤ ਸਿੰਘ ਅਮਲੋਹ, ਅਨਿਲ ਬਾਂਸਲ ਸੀ ਐਚ ਟੀ ਕਪੂਰਗੜ੍ਹ, ਆਤਮਾ ਸਿੰਘ ਰਾਈਏਵਾਲ, ਮਨਦੀਪ ਸਿੰਘ ਕਲੌੜ, ਕੁਲਵਿੰਦਰ ਸਿੰਘ ਕਲੌੜ, ਹੀਰਾ ਸਿੰਘ ਗੁਰਦਾਸਪੁਰ, ਸਤਨਾਮ ਸਿੰਘ ਪਾਲੀਆ, ਵੀਰਇੰਦਰ ਸਿੰਘ ਖਹਿਰਾ, ਬਲਜਿੰਦਰ ਸਿੰਘ ਬੇਰਕਲਾਂ, ਰਜੀਵ ਕੁਮਾਰ ਮਲੌਦ, ਰਕੇਸ਼ ਕੁਮਾਰ ਰੋੜੀ ਨਵਾਂਸ਼ਹਿਰ ਅਤੇ ਜਸਪ੍ਰੀਤ ਸਿੰਘ ਅੱਚਲ ਆਦਿ ਸ਼ਾਮਲ ਸਨ।

# ਦਸਮੇਸ਼ ਗਰਲਜ਼ ਕਾਲਜ ਵਿਖੇ 'ਰਾਸ਼ਟਰੀ ਤਕਨਾਲੋਜੀ ਦਿਵਸ' ਮੌਕੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ

ਮੁਕੇਰੀਆਂ, 15 ਮਈ (ਧਰਮ ਚੰਦ): ਅੱਜ ਦੇ ਦਿਨ ਨੂੰ ਰਾਸ਼ਟਰੀ ਤਕਨਾਲੋਜੀ ਦਿਵਸ ਮਨਾਇਆ ਜਾਂਦਾ ਹੈ, ਜਿਸ ਦਾ ਉਦੇਸ਼ ਭਾਰਤ ਵਿੱਚ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਹੋ ਰਹੀ ਤਰੱਕੀ ਨੂੰ ਮਾਨਤਾ ਦੇਣਾ ਅਤੇ ਨਵੀਂ ਪੀੜ੍ਹੀ ਨੂੰ ਇਸ ਖੇਤਰ ਵੱਲ ਪ੍ਰੇਰਿਤ ਕਰਨਾ ਹੈ। ਇਸੇ ਲੜੀ ਦੇ ਅੰਤਰਗਤ ਦਸਮੇਸ਼ ਗਰਲਜ਼ ਕਾਲਜ ਚੱਕ, ਅੱਲਾ ਬਖਸ਼ ਮੁਕੇਰੀਆਂ ਵਿਖੇ ਚਲਾਏ ਜਾ ਰਹੇ ਐਡ-ਆਨ-ਕੋਰਸਾਂ ਵਿੱਚ ਹਿੱਸਾ ਲੈ ਰਹੀਆਂ ਜਥੇਦਾਰ ਭਾਈ ਕੁਲਦੀਪ ਸਿੰਘ ਚੱਕ ਮੈਮੋਰੀਅਲ ਸੀਨੀਅਰ ਸਕੈਂਡਰੀ ਸਕੂਲ ਮੁਕੇਰੀਆਂ, ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਮੁਕੇਰੀਆਂ, ਦਸਮੇਸ਼ ਪਬਲਿਕ ਸਕੂਲ ਮੁਕੇਰੀਆਂ ਆਦਿ ਦੀਆਂ ਵਿਦਿਆਰਥਣਾਂ ਲਈ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 'ਤੇ ਮਾਹਿਰਾਂ ਵੱਲੋਂ ਭਵਿੱਖ ਵਿੱਚ ਆਰਟੀਫੀਸ਼ਅਲ ਇੰਟੈਲੀਜੈਂਸ, ਡਿਜੀਟਲ ਇੰਡੀਆ ਅਤੇ ਤਕਨੀਕੀ ਵਿਕਾਸ ਲਈ



ਤਕਨਾਲੋਜੀ ਦੀ ਭੂਮਿਕਾ ਬਾਰੇ ਵਿਚਾਰ ਸਾਂਝੇ ਕੀਤੇ। ਇਹ ਤਕਨਾਲੋਜੀ ਸਾਡੇ ਜੀਵਨ ਨੂੰ ਸੌਖੇ ਰਾਹ ਉੱਤੇ ਹੀ ਨਹੀਂ ਤੋਰਦੀ ਸਗੋਂ ਰਾਸ਼ਟਰ ਨਿਰਮਾਣ ਵਿੱਚ ਇੱਕ ਮਜ਼ਬੂਤ ਆਧਾਰ ਵਜੋਂ ਕੰਮ ਕਰਦੀ ਹੈ। ਇਸ ਮੌਕੇ 'ਤੇ ਆਈ.ਟੀ ਕਲੱਬ ਅਤੇ ਕੰਪਿਊਟਰ ਵਿਭਾਗ ਵੱਲੋਂ ਵਿਦਿਆਰਥਣਾਂ ਦੇ ਚਾਰਟ ਮੇਕਿੰਗ ਅਤੇ ਮਾਡਲ ਮੇਕਿੰਗ ਮੁਕਾਬਲੇ ਆਯੋਜਿਤ ਕੀਤੇ ਗਏ। ਜਿਸ ਵਿੱਚ ਏਂਜਲ ਰੂਪ ਨੇ ਪਹਿਲਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਖੁਸ਼ੀ ਮੌਰਿਆ ਨੇ ਦੂਜਾ ਅਤੇ ਤਜਿੰਦਰ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ। ਜੇਤੂ ਰਹਿਣ ਵਾਲੀਆਂ ਵਿਦਿਆਰਥਣਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਪ੍ਰੋਗਰਾਮ ਦੇ ਸਫਲ ਆਯੋਜਨ ਲਈ ਸ਼੍ਰੀ ਗੁਰੂ ਗੋਬਿੰਦ ਸਿੰਘ ਐਜੂਕੇਸ਼ਨਲ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਰਵਿੰਦਰ ਸਿੰਘ ਚੱਕ ਅਤੇ ਸਮੂਹ ਮੈਂਬਰਾਂ ਨੇ ਪ੍ਰੋਗਰਾਮ ਦੀ ਸਫਲਤਾ ਲਈ ਆਈ ਟੀ. ਕਲੱਬ ਦੇ ਮੁਖੀ ਸਹਾਇਕ ਪ੍ਰੋ.ਪੂਜਾ, ਸਹਾਇਕ ਪ੍ਰੋ. ਸ਼ਿਵਾਨੀ, ਸਹਾਇਕ ਪ੍ਰੋ. ਨੇਹਾ, ਸਹਾਇਕ ਪ੍ਰੋ. ਪਰਮਿੰਦਰ ਕੌਰ ਨੂੰ ਪ੍ਰੋਗਰਾਮ ਦੇ ਸਫਲ ਆਯੋਜਨ ਲਈ ਮੁਬਾਰਕ ਦਿੱਤੀ ਤੇ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਆਯੋਜਿਤ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ।

# ਨਗਰ ਕੌਂਸਲ ਨੇ ਮੋਬਾਇਲ ਟਾਵਰ ਕੀਤਾ ਸੀਲ




ਭੋਗਪੁਰ, 15 ਮਈ (ਜੰਡੀਰ ਸੈਣੀ): ਨਗਰ ਕੌਂਸਲ ਭੋਗਪੁਰ ਵੱਲੋਂ ਲਾਈਸੈਂਸ ਫੀਸ ਦਾ ਬਕਾਇਆ ਰਾਸ਼ੀ ਜਮ੍ਹਾਂ ਨਾ ਕਰਵਾਉਣ ਕਰਕੇ ਭੋਗਪੁਰ ਸ਼ਹਿਰ ਵਿਖੇ ਰਿਲਾਇੰਸ ਜੀਓ ਦਾ ਲੱਗਾ ਹੋਇਆ ਮੋਬਾਈਲ ਟਾਵਰ ਸੀਲ ਕਰ ਦਿੱਤਾ ਗਿਆ ਹੈ। ਨਗਰ ਕੌਂਸਲ ਭੋਗਪੁਰ ਦੇ ਕਾਰਜ ਸਾਧਕ ਅਫਸਰ ਸ੍ਰੀ ਰਾਜੀਵ ਕੁਮਾਰ ਉਬਰਾਏ ਨੇ ਦੱਸਿਆ ਕਿ ਮੋਬਾਇਲ ਟਾਵਰ ਕੰਪਨੀ ਨੂੰ ਬਕਾਇਆ ਲਾਈਸੈਂਸ ਫੀਸ ਦੀ ਰਾਸ਼ੀ ਜਮਾਂ ਕਰਵਾਉਣ ਵਾਸਤੇ ਕਈ ਵਾਰ ਨੋਟਿਸ ਜਾਰੀ ਕੀਤਾ ਗਿਆ ਸੀ। ਲੇਕਿਨ ਕੰਪਨੀ ਵੱਲੋਂ ਫਿਰ ਵੀ ਲਾਈਸੈਂਸ ਫੀਸ ਜਮਾਂ ਨਹੀਂ ਕਰਵਾਈ ਗਈ। ਜਿਸ ਕਰਕੇ ਨਗਰ ਕੌਂਸਲ ਭੋਗਪੁਰ ਨੇ ਅਗਲੇਰੀ ਕਾਰਵਾਈ ਕਰਦਿਆਂ ਲਾਈਸੈਂਸ ਫੀਸ ਦੀ ਰਾਸ਼ੀ ਜਮਾਂ ਨਾ ਕਰਵਾਉਣ ਵਾਲੇ ਮੋਬਾਇਲ ਟਾਵਰ ਨੂੰ ਸੀਲ ਕਰ ਦਿੱਤਾ ਗਿਆ ਹੈ। ਇਸ ਮੌਕੇ 'ਤੇ ਕਾਰਜ ਸਾਧਕ ਅਫਸਰ ਸ੍ਰੀ ਰਾਜੀਵ ਕੁਮਾਰ ਓਬਰਾਏ ਦੇ ਨਾਲ ਨਗਰ ਕੌਂਸਲ ਭੋਗਪੁਰ ਦੇ ਜ਼ਿੰਮੇਵਾਰ ਸਾਰੇ ਅਧਿਕਾਰੀ ਹਾਜ਼ਰ ਸਨ।

# ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਦਾ 12ਵੀਂ ਦਾ ਨਤੀਜਾ ਰਿਹਾ ਸ਼ਾਨਦਾਰ

ਮੰਡੀ ਗੋਬਿੰਦਗੜ੍ਹ, 15 ਮਈ (ਸੂਦ): ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਮੰਡੀ ਗੋਬਿੰਦਗੜ੍ਹ ਨੇ ਸੀਬੀਐਸਈ 12ਵੀਂ ਜਮਾਤ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਇੱਕ ਵਾਰ ਫਿਰ ਆਪਣੀ ਅਕਾਦਮਿਕ ਉੱਤਮਤਾ ਸਾਬਤ ਕੀਤੀ। ਵਿਦਿਆਰਥੀਆਂ ਨੇ ਸਾਰੀਆਂ ਸਟਰੀਮਾਂ-ਹਿਊਮੈਨਿਟੀਜ਼, ਕਾਮਰਸ, ਮੈਡੀਕਲ ਅਤੇ ਨਾਨ-ਮੈਡੀਕਲ-ਵਿੱਚ ਉੱਚ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਹਿਊਮੈਨਿਟੀਜ਼ ਫੈਕਲਟੀ ਵਿੱਚ ਕੁਸੁਮ ਪ੍ਰੀਤ ਕੌਰ ਨੇ 95.8% ਅੰਕ ਪ੍ਰਾਪਤ ਕਰਕੇ ਪਹਿਲਾ, ਦੀਆ ਸਿੰਗਲਾ ਨੇ 94.8% ਅੰਕਾਂ ਨਾਲ ਦੂਜਾ ਅਤੇ ਪ੍ਰਾਂਜਲ ਕਵਾਤਰਾ ਨੇ 93.8% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਕਮਰਸ ਸਟਰੀਮ ਵਿੱਚ ਮੇਹੁਲ ਜਿੰਦਲ ਨੇ 98.8% ਅੰਕ ਪ੍ਰਾਪਤ ਕਰਕੇ ਪਹਿਲਾ,



ਸਾਨਵੀ ਮਿੱਤਲ ਨੇ 96.8% ਅੰਕਾਂ ਨਾਲ ਦੂਜਾ ਅਤੇ ਮੈਤਰੀ ਸਿੰਘ ਨੇ 96.2% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਮੈਡੀਕਲ ਫੈਕਲਟੀ ਵਿੱਚ ਅੰਸ਼ ਭੱਲਾ ਨੇ 93.2% ਅੰਕਾਂ ਨਾਲ ਪਹਿਲਾ, ਅਪੂਰਵਾ ਸ਼ਰਮਾ ਨੇ 92.6% ਅੰਕਾਂ ਨਾਲ ਦੂਜਾ ਅਤੇ ਨਿਸ਼ਠਾ ਅਰੋੜਾ ਨੇ 90% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਨਾਨ-ਮੈਡੀਕਲ ਫੈਕਲਟੀ ਵਿੱਚ ਸੰਗੀਤਾ ਵਰਮਾ ਨੇ 95.2% ਅੰਕ ਪ੍ਰਾਪਤ ਕਰਕੇ ਪਹਿਲਾ, ਐਡੇ ਜਿੰਦਲ ਨੇ 94.2% ਅੰਕ ਪ੍ਰਾਪਤ ਕਰਕੇ ਦੂਜਾ ਅਤੇ ਨੈਕਿਨ ਸਿੰਗਲਾ ਨੇ 93.6% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਸੰਗੀਤਾ ਸ਼ਰਮਾ ਨੇ ਵਿਦਿਆਰਥੀ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸਾਨੂੰ ਆਪਣੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ 'ਤੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਇਹ ਸਫਲਤਾ ਨਾ ਸਿਰਫ਼ ਉਨ੍ਹਾਂ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ ਸਗੋਂ ਸਾਡੇ ਸਮਰਪਿਤ ਅਧਿਆਪਕਾਂ ਤੇ ਸਹਿਯੋਗੀ ਮਾਪਿਆਂ ਦੀ ਪ੍ਰੇਰਨਾ ਤੇ ਮਾਰਗਦਰਸ਼ਨ ਦਾ ਵੀ ਪ੍ਰਮਾਣ ਹੈ।

## ਅਰਲੀ ਚਾਈਲਡ ਐਂਡ ਐਜੂਕੇਸ਼ਨ ਦੇ ਖੇਤਰ 'ਚ ਕੰਮ ਕਰ ਰਹੇ ਸਕੂਲਾਂ ਨੂੰ ਰਜਿਸਟਰਡ ਕਰਵਾਉਣਾ ਲਾਜ਼ਮੀ



ਗੁਰਦਾਸਪੁਰ, 15 ਮਈ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਬੱਚਿਆਂ ਦੇ ਸਰਵ-ਪੱਖੀ ਵਿਕਾਸ ਲਈ ਪ੍ਰਾਈਵੇਟ ਸੰਸਥਾਵਾਂ ਜੋ ਕਿ ਅਰਲੀ ਚਾਈਲਡ ਐਂਡ ਐਜੂਕੇਸ਼ਨ ਦੇ ਖੇਤਰ ਵਿੱਚ ਕੰਮ ਕਰ ਰਹੀਆਂ ਹਨ, ਨੂੰ ਰਜਿਸਟਰਡ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਨ੍ਹਾਂ ਹਦਾਇਤਾਂ ਦੇ ਸਨਮੁੱਖ ਪੰਜਾਬ ਰਾਜ ਵਿੱਚ 3 ਤੋਂ 6 ਸਾਲ ਦੇ ਬੱਚਿਆਂ ਲਈ ਈ.ਸੀ.ਸੀ.ਈ. ਖੇਤਰ ਵਿੱਚ ਕੰਮ ਕਰ ਰਹੀਆਂ ਸੰਸਥਾਵਾਂ ਦੀ ਵਿਭਾਗ ਵੱਲੋਂ ਰਜਿਸਟ੍ਰੇਸ਼ਨ ਕਰਨੀਆਂ ਲਾਜ਼ਮੀ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਜਸਮੀਤ ਕੌਰ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ, ਗੁਰਦਾਸਪੁਰ ਨੇ ਦੱਸਿਆ ਕਿ ਜਿਨ੍ਹਾਂ ਸਕੂਲਾਂ ਵੱਲੋਂ ਹਾਲੇ ਤੱਕ ਆਪਣੇ ਸਕੂਲ ਦੀ ਰਜਿਸਟ੍ਰੇਸ਼ਨ ਨਹੀਂ ਕਰਵਾਈ, ਉਨ੍ਹਾਂ ਲਈ 25 ਮਈ 2025 ਤੱਕ ਆਪਣੇ ਸਕੂਲ ਦੀ ਰਜਿਸਟ੍ਰੇਸ਼ਨ ਕਰਵਾਉਣਾ ਲਾਜ਼ਮੀ ਹੈ। ਇਸ ਸਬੰਧੀ ਵਿਭਾਗ ਦੀ ਵੈੱਬਸਾਈਟ 'ਤੇ ਵਧੇਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇਹ ਰਜਿਸਟ੍ਰੇਸ਼ਨ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ, ਗੁਰਦਾਸਪੁਰ ਦੇ ਕਮਰਾ ਨੰਬਰ 218-220, ਪਹਿਲੀ ਮੰਜ਼ਿਲ, ਬਲਾਕ-ਏ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਗੁਰਦਾਸਪੁਰ ਵਿਖੇ ਹੋਵੇਗੀ। ਉਨ੍ਹਾਂ ਕਿਹਾ ਕਿ ਜੇਕਰ ਪ੍ਰਾਈਵੇਟ ਸਕੂਲਾਂ ਵੱਲੋਂ ਨਿਸ਼ਚਿਤ ਸਮੇਂ ਵਿੱਚ ਰਜਿਸਟ੍ਰੇਸ਼ਨ ਨਹੀਂ ਕਰਵਾਈ ਗਈ ਤਾਂ ਉਨ੍ਹਾਂ ਖ਼ਿਲਾਫ਼ ਵਿਭਾਗੀ ਹਦਾਇਤਾਂ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਨਹਿਰੀ ਵਿਭਾਗ ਦੀ ਜ਼ਮੀਨ 'ਤੇ ਨਸ਼ਾ ਤਸਕਰਾਂ ਵੱਲੋਂ ਨਾਜਾਇਜ਼ ਬਣਾਏ ਘਰਾਂ 'ਤੇ ਚੱਲਿਆ ਪੀਲਾ ਪੰਜਾ

### ☛ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਨਿਰੰਤਰ ਜਾਰੀ ਰਹੇਗੀ: ਐੱਸ.ਐੱਸ.ਪੀ. ਆਦਿੱਤਯ



ਦੀਨਾਨਗਰ/ਗੁਰਦਾਸਪੁਰ, 15 ਮਈ (ਡਾ.ਰਮੇਸ਼ ਸਰੰਗਲ): ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਗੁਰਦਾਸਪੁਰ ਪੁਲਿਸ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡ ਡੀਡਾ ਸਾਂਸੀਆਂ ਦੇ ਨਸ਼ਾ ਵੇਚਣ ਵਾਲੇ ਤਸਕਰਾਂ ਉੱਪਰ ਵੱਡਾ ਬੁਲਡੋਜ਼ਰ ਐਕਸ਼ਨ ਕਰਦਿਆਂ 2 ਨਸ਼ਾ ਤਸਕਰਾਂ ਦੇ ਘਰ ਢਾਹ ਦਿੱਤੇ ਹਨ। ਪਿੰਡ ਡੀਡਾ ਸਾਂਸੀਆਂ ਦੇ ਇਨ੍ਹਾਂ ਨਸ਼ਾ ਤਸਕਰਾਂ ਉੱਪਰ ਨਸ਼ਾ ਵੇਚਣ ਦੇ ਕਈ ਕੇਸ ਦਰਜ ਸਨ ਤੇ ਇਨ੍ਹਾਂ ਨੇ ਆਪਣੇ ਘਰ ਨਹਿਰੀ ਵਿਭਾਗ ਦੀ ਸਰਕਾਰੀ ਜ਼ਮੀਨ ਉੱਪਰ ਕਬਜ਼ਾ ਕਰਕੇ ਬਣਾਏ ਹੋਏ ਸਨ। ਗੁਰਦਾਸਪੁਰ ਪੁਲਿਸ ਵੱਲੋਂ ਅੱਜ ਸਵੇਰੇ 11:00 ਵਜੇ ਪਿੰਡ ਡੀਡਾ ਸਾਂਸੀਆਂ ਵਿਖੇ ਨਸ਼ਾ ਤਸਕਰਾਂ ਵੱਲੋਂ ਨਹਿਰੀ ਵਿਭਾਗ ਦੀ ਜ਼ਮੀਨ ਉੱਪਰ ਬਣਾਏ ਨਾਜਾਇਜ਼ ਘਰਾਂ ਨੂੰ ਬੁਲਡੋਜ਼ਰ ਨਾਲ ਢਾਹੁਣ ਦੀ ਕਾਰਵਾਈ ਸ਼ੁਰੂ ਕੀਤੀ। ਇਸ ਕਾਰਵਾਈ ਦੀ ਅਗਵਾਈ ਐੱਸ.ਐੱਸ.ਪੀ. ਗੁਰਦਾਸਪੁਰ ਆਦਿੱਤਯ, ਐੱਸ.ਡੀ.ਐੱਮ. ਦੀਨਾਨਗਰ ਜਸਪਿੰਦਰ ਸਿੰਘ ਭੁੱਲਰ ਤੇ ਐੱਸ.ਪੀ. ਜੁਗਰਾਜ ਸਿੰਘ ਵੱਲੋਂ ਕੀਤੀ ਗਈ, ਜਦਕਿ ਇਸ ਮੌਕੇ ਡਿਊਟੀ ਮੈਜਿਸਟਰੇਟ ਨਾਇਬ ਤਹਿਸੀਲਦਾਰ ਦਲਵਿੰਦਰ ਸਿੰਘ ਤੇ ਨਹਿਰੀ ਵਿਭਾਗ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ। ਇਸ ਬੁਲਡੋਜ਼ਰ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ. ਗੁਰਦਾਸਪੁਰ ਆਦਿੱਤਯ ਨੇ ਦੱਸਿਆ ਕਿ ਜਲ ਸਰੋਤ ਵਿਭਾਗ ਨੇ ਪੁਲਿਸ ਨੂੰ ਲਿਖਤੀ ਰੂਪ ਵਿੱਚ ਰਿਪੋਰਟ ਦਿੱਤੀ ਸੀ ਕਿ ਪਿੰਡ ਡੀਡਾ ਸਾਂਸੀਆਂ ਵਿਖੇ ਬਲਜਿੰਦਰ ਤੇ ਲਖਵਿੰਦਰ ਨੇ ਨਹਿਰੀ ਵਿਭਾਗ ਦੀ ਜ਼ਮੀਨ ਉੱਪਰ ਕਬਜ਼ੇ ਕਰਕੇ ਆਪਣੇ ਘਰਾਂ ਦੀ ਨਾਜਾਇਜ਼ ਉਸਾਰੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜਲ ਸਰੋਤ ਵਿਭਾਗ ਵੱਲੋਂ ਮਿਲੀ ਰਿਪੋਰਟ ਦੇ ਆਧਾਰ 'ਤੇ ਪੁਲਿਸ ਵੱਲੋਂ ਸਾਰੇ ਮਾਮਲੇ ਦੀ ਜਾਂਚ ਕੀਤੀ ਗਈ ਤੇ ਇਹ ਵੀ ਪਾਇਆ ਗਿਆ ਕਿ ਇਹ ਦੋਵੇਂ ਵਿਅਕਤੀ ਨਸ਼ਾ ਤਸਕਰੀ ਵਿੱਚ ਵੀ ਸ਼ਾਮਲ ਹਨ ਤੇ ਗੁਰਦਾਸਪੁਰ ਪੁਲਿਸ ਵੱਲੋਂ ਪਹਿਲਾਂ ਹੀ ਬਲਜਿੰਦਰ ਖ਼ਿਲਾਫ਼ ਐੱਨ.ਡੀ.ਪੀ.ਐੱਸ. ਐਕਟ ਤੇ ਐਕਸਾਈਜ਼ ਐਕਟ ਦੇ 10 ਪਰਚੇ ਜਦਕਿ ਲਖਵਿੰਦਰ ਖ਼ਿਲਾਫ਼ ਐੱਨ.ਡੀ.ਪੀ.ਐੱਸ. ਐਕਟ ਤੇ ਐਕਸਾਈਜ਼ ਐਕਟ ਦੇ 12 ਪਰਚੇ ਦਰਜ ਸਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨਿਰੰਤਰ ਜਾਰੀ ਰਹੇਗੀ ਤੇ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਤਸਕਰਾਂ ਨੂੰ ਕਿਸੇ ਵੀ ਸੂਰਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ। ਇਸ ਮੌਕੇ ਡੀ.ਐੱਸ.ਪੀ. ਦੀਨਾਨਗਰ ਰਜਿੰਦਰ ਮਨਹਾਸ, ਡੀ.ਐੱਸ.ਪੀ. ਗੁਰਦਾਸਪੁਰ ਸੁਖਰਾਜ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੁਲਿਸ ਮੁਲਾਜ਼ਮ ਹਾਜ਼ਰ ਸਨ।

## ਸੁਖਜੀਤ ਸਿੰਘ ਬਾਜਵਾ ਨੇ ਬੀਡੀਪੀਓ ਵਜੋਂ ਕਾਰਜ ਭਾਰ ਸੰਭਾਲਿਆ



ਕਾਹਨੂੰਵਾਨ, 15 ਮਈ (ਕੁਲਜੀਤ ਸਿੰਘ ਖੋਖਰ): ਬਲਾਕ ਕਾਹਨੂੰਵਾਨ ਦੇ ਵਿੱਚ ਨਵੇਂ ਆਏ ਬਲਾਕ ਵਿਕਾਸ ਤੇ ਪੰਚਾਇਤ ਅਧਿਕਾਰੀ ਸੁਖਜੀਤ ਸਿੰਘ ਬਾਜਵਾ ਨੇ ਅੱਜ ਪੰਚਾਇਤ ਅਧਿਕਾਰੀਆਂ ਦੀ ਹਾਜ਼ਰੀ ਦੇ ਵਿੱਚ ਆਪਣਾ ਚਾਰਜ ਸੰਭਾਲ ਲਿਆ ਹੈ। ਚਾਰਜ ਸੰਭਾਲਣ ਉਪਰੰਤ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਹੈ ਕਿ ਬੀ.ਡੀ.ਪੀ.ਓ. ਸੁਖਜੀਤ ਸਿੰਘ ਬਾਜਵਾ ਅਜਨਾਲਾ ਤੋਂ ਬਦਲ ਕੇ ਕਾਹਨੂੰਵਾਨ ਵਿਖੇ ਨਿਯੁਕਤ ਹੋਏ ਹਨ। ਉਨ੍ਹਾਂ ਤੋਂ ਪਹਿਲਾਂ ਇੱਥੇ ਤੈਨਾਤ ਬੀ.ਡੀ.ਪੀ.ਓ. ਅਸ਼ੋਕ ਕੁਮਾਰ ਦੀ ਬਦਲੀ ਦੀਨਾਨਗਰ ਵਿਖੇ ਹੋ ਗਈ ਹੈ। ਚਾਰਜ ਸੰਭਾਲਣ ਮੌਕੇ ਬੀ.ਡੀ.ਪੀ.ਓ. ਸੁਖਜੀਤ ਸਿੰਘ ਬਾਜਵਾ ਨੇ ਕਿਹਾ ਕਿ ਉਹ ਬਲਾਕ ਅਧੀਨ ਪੈਂਦੇ ਹਰੇਕ ਪਿੰਡਾਂ ਨੂੰ ਵਿਕਾਸ ਪੱਖੋਂ ਅਧੂਰਾ ਨਹੀਂ ਰਹਿਣ ਦੇਣਗੇ ਤੇ ਪੰਜਾਬ ਵਿੱਚੋਂ ਹਲਕੇ ਦੇ ਪਿੰਡਾਂ ਨੂੰ ਮੋਹਰੀ ਬਣਾਉਣਗੇ। ਅੱਗੇ ਉਨ੍ਹਾਂ ਨੇ ਬਲਾਕ ਅਧੀਨ ਪੈਂਦੇ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਪਿੰਡਾਂ ਵਿਚਲੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਉਹ ਉਨ੍ਹਾਂ ਤੱਕ ਖੁਦ ਪਹੁੰਚ ਕਰ ਸਕਦੇ ਹਨ ਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਤੁਰੰਤ ਹੱਲ ਕੀਤਾ ਜਾਵੇਗਾ।

## ਸ਼ਮਸ਼ਾਨਘਾਟ ਦੇ ਖਸਤਾ ਹਾਲ ਸ਼ੈੱਡ ਨੂੰ ਤੋੜ ਕੇ ਨਵਾਂ ਬਣਾਉਣ ਦੀ ਪ੍ਰਕਿਰਿਆ ਸ਼ੁਰੂ



ਬਟਾਲਾ, 15 ਮਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਸਿੰਘ ਕਲਸੀ): ਨਜ਼ਦੀਕੀ ਪਿੰਡ ਪੰਜਗਰਾਈਆਂ ਵਿਖੇ ਸ਼ਮਸ਼ਾਨਘਾਟ ਦੇ ਖਸਤਾ ਹਾਲ ਸ਼ੈੱਡ ਨੂੰ ਤੋੜ ਕੇ ਨਵਾਂ ਬਣਾਉਣ ਦੀ ਪ੍ਰਕਿਰਿਆ ਆਰੰਭ ਕਰ ਦਿੱਤੀ ਗਈ ਹੈ। ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਨਗਰ ਦੇ ਸਰਪੰਚ ਗੁਰਦੀਪ ਸਿੰਘ ਹੇਅਰ ਨੇ ਦੱਸਿਆ ਕਿ ਅਰਸਾ ਕਰੀਬ 30 ਕੁ ਸਾਲ ਪਹਿਲਾਂ, ਸ਼ਮਸ਼ਾਨਘਾਟ ਵਿਖੇ ਇੱਕ ਸ਼ੈੱਡ ਬਣਾਇਆ ਗਿਆ ਸੀ ਤਾਂ ਕਿ ਬਾਰਿਸ਼ ਹੋਣ ਸਮੇਂ ਸਸਕਾਰ ਕਰਨ ਵਿੱਚ ਕੋਈ ਦਿੱਕਤ ਪੇਸ਼ ਨਾ ਆਵੇ, ਪਰ ਹੁਣ ਉਸ ਸ਼ੈੱਡ ਦੀ ਹਾਲਤ ਕਾਫੀ ਖਸਤਾ ਹੋ ਚੁੱਕੀ ਸੀ। ਕੋਈ ਹਾਦਸਾ ਨਾ ਵਾਪਰ ਜਾਵੇ, ਇਸ ਲਈ ਨਗਰ ਦੀ ਪੰਚਾਇਤ ਤੇ ਮੋਹਤਬਰਾਂ ਨੇ ਇਹ ਫੈਸਲਾ ਕੀਤਾ ਕਿ ਇਸ ਸ਼ੈੱਡ ਨੂੰ ਗਿਰਾ ਕੇ ਇੱਕ ਨਵੇਂ ਸ਼ੈੱਡ ਦੀ ਤਿਆਰੀ ਕੀਤੀ ਜਾਵੇ, ਜਿਸ ਵਿੱਚ ਕਿ ਬਾਰਿਸ਼ ਦੇ ਮੌਸਮ ਵਿੱਚ ਇੱਕ ਸ਼ੈੱਡ ਦੇ ਹੇਠਾਂ ਤਿੰਨ ਦੇਹਾਂ ਦਾ ਸਸਕਾਰ ਕਰਨ ਦੀ ਜਗ੍ਹਾ ਬਣਾਈ ਜਾ ਸਕੇ। ਸਰਪੰਚ ਗੁਰਦੀਪ ਸਿੰਘ ਤੇ ਪੰਚ ਸਤਨਾਮ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਦੇ ਸੁਹਿਰਦ ਯਤਨਾਂ ਸਦਕਾ ਪਿੰਡ ਦੇ ਪਹਿਲਾਂ ਵੀ ਕਾਫੀ ਕਾਰਜ ਕੀਤੇ ਗਏ ਹਨ ਤੇ ਹੁਣ ਇਹ ਕਾਰਜ ਵੀ ਛੇਤੀ ਹੀ ਨੇਪਰੇ ਚਾੜ੍ਹ ਦਿੱਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਸ਼ੈੱਡ ਦੀ ਤਿਆਰੀ ਦੇ ਨਾਲ ਹੀ ਇੱਥੇ ਕੁਝ ਬਾਥਰੂਮ ਬਣਾਉਣ ਦਾ ਵੀ ਵਿਚਾਰ ਕੀਤਾ ਗਿਆ ਹੈ, ਤਾਂ ਕਿ ਸਸਕਾਰ ਸਮੇਂ ਦੂਰੋਂ-ਨੇੜਿਓਂ ਆਈ ਸੰਗਤ ਨੂੰ ਬਿਹਤਰ ਸੇਵਾਵਾਂ ਦਿੱਤੀਆਂ ਜਾ ਸਕਣ। ਇਸ ਮੌਕੇ ਸਰਪੰਚ ਗੁਰਦੀਪ ਸਿੰਘ ਹੇਅਰ ਤੋਂ ਇਲਾਵਾ ਪੰਚ ਸਤਨਾਮ ਸਿੰਘ, ਜਗਦੀਸ਼ ਸਿੰਘ ਸਾਹਨੀ, ਸਰਤਾਜ ਸਿੰਘ ਬਾਜਵਾ, ਸਤਨਾਮ ਸਿੰਘ ਦੌਲਤਪੁਰ ਪੰਚ ਸੁਖਦੀਪ ਸਿੰਘ, ਚਾਚਾ ਸਿੰਦੋ, ਜਾਨਾ, ਠੇਕੇਦਾਰ ਤੇ ਕੰਮ ਕਰਨ ਵਾਲੇ ਵਰਕਰ ਮੌਜੂਦ ਸਨ।

## ਗੁਰਮੇਲ ਮੀਲੂ ਰਾਹੋਂ ਟ੍ਰੈਫ਼ਿਕ ਪੁਲਿਸ ਦੇ ਇੰਚਾਰਜ ਨਿਯੁਕਤ

### ☛ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ 'ਤੇ ਚੱਲੇਗਾ ਪੁਲਿਸ ਦਾ ਡੰਡਾ



ਰਾਹੋਂ, 15 ਮਈ (ਸੰਜੀਵ ਕੁਮਾਰ ਬੱਬੀ): ਟ੍ਰੈਫਿਕ ਪੁਲਿਸ ਰਾਹੋਂ ਦੇ ਨਵੇਂ ਇੰਚਾਰਜ ਗੁਰਮੇਲ ਮੀਲੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ 'ਤੇ ਪੁਲਿਸ ਵੱਲੋਂ ਸਖਤੀ ਨਾਲ ਪੇਸ਼ ਆਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਉਹ ਪਹਿਲਾਂ ਵੀ ਰਾਹੋਂ ਸ਼ਹਿਰ ਵਿੱਚ ਬਤੌਰ ਟ੍ਰੈਫਿਕ ਪੁਲਿਸ ਇੰਚਾਰਜ ਸੇਵਾਵਾਂ ਦੇ ਚੁੱਕੇ ਹਨ, ਹੁਣ ਦੁਬਾਰਾ ਫਿਰ ਉਨ੍ਹਾਂ ਨੂੰ ਰਾਹੋਂ ਟ੍ਰੈਫਿਕ ਪੁਲਿਸ ਇੰਚਾਰਜ ਲਗਾਇਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਸਾਡੀ ਟ੍ਰੈਫਿਕ ਪੁਲਿਸ ਵੱਲੋਂ ਬੱਚਿਆਂ ਨੂੰ ਟ੍ਰੈਫਿਕ ਪੁਲਿਸ ਨਿਯਮਾਂ ਬਾਰੇ ਜਾਣਕਾਰੀ ਦੇਣ ਲਈ ਸਕੂਲਾਂ ਵਿੱਚ ਸੈਮੀਨਾਰ ਲਗਾਏ ਜਾਣਗੇ ਤੇ ਦੋ ਪਹੀਆ ਵਾਹਨਾਂ ਨੂੰ ਹੈਲਮਟ ਪਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ ਤੇ ਜੋ ਬਿਨਾਂ ਹੈਲਮਟ ਲਾਇਸੈਂਸ ਨੰਬਰ ਪਲੇਟ ਦੇ ਵਿਅਕਤੀ ਪਾਇਆ ਗਿਆ, ਉਸ ਦੇ ਖ਼ਿਲਾਫ਼ ਟ੍ਰੈਫਿਕ ਨਿਯਮਾਂ ਐਕਟ ਦੇ ਅਧੀਨ ਕਾਰਵਾਈ ਵੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੁਲਿਸ ਤੁਹਾਡੀ ਸਹਾਇਤਾ ਦੇ ਵਿੱਚ ਹੈ, ਇਸ ਲਈ ਪੁਲਿਸ ਨੂੰ ਪੂਰਾ ਆਪਣਾ ਸਹਿਯੋਗ ਦਿਓ।

## ਵਿਧਾਇਕ ਸ਼ੈਰੀ ਕਲਸੀ ਨੇ ਹਲਕਾ ਵਾਸੀਆਂ ਦੀਆਂ ਮੁਸ਼ਕਿਲਾਂ ਸੁਣੀਆਂ



ਬਟਾਲਾ/ਨੁਸ਼ਹਿਰਾ ਮੱਝਾ ਸਿੰਘ, 15 ਮਈ (ਬਲਵਿੰਦਰ ਸਿੰਘ ਪੰਜਗਰਾਈਂ/ ਡਾ.ਸਰਵਣ ਸਿੰਘ): ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ ਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਹਲਕਾ ਵਾਸੀਆਂ ਨੂੰ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣੀਆਂ ਤੇ ਮੌਕੇ 'ਤੇ ਸਬੰਧਤ ਵਿਭਾਗਾਂ ਰਾਹੀਂ ਹੱਲ ਕਰਵਾਇਆ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਅੰਦਰ ਵਿਕਾਸ ਕਾਰਜਾਂ ਵਿੱਚ ਹੋਰ ਤੇਜ਼ੀ ਤੇ ਲੋਕ ਭਲਾਈ ਸਕੀਮਾਂ ਨੂੰ ਲਾਗੂ ਕਰਨ ਦੇ ਨਾਲ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਦੀਆਂ ਸੰਪੰਤੀ ਕੁਰਕ ਕੀਤੀਆਂ ਜਾ ਰਹੀਆਂ ਹਨ ਤੇ ਨਸ਼ੇ ਵਿਰੁੱਧ ਸਰਕਾਰ ਦੀ ਜ਼ੀਰੋ ਟਾਲਰੈਂਸ ਨੀਤੀ ਹੈ। ਉਨ੍ਹਾਂ ਕਿਹਾ ਕਿ ਸੂਬੇ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਲੋਕਾਂ ਦੇ ਸਹਿਯੋਗ ਨਾਲ ਸਮਾਜਿਕ ਬੁਰਾਈ ਨਸ਼ੇ ਨੂੰ ਜੜ੍ਹ ਤੋਂ ਖ਼ਤਮ ਕੀਤਾ ਜਾਵੇਗਾ, ਜਿਸ ਲਈ ਸਰਕਾਰ ਵਚਨਬੱਧ ਹੈ। ਵਿਧਾਇਕ ਸ਼ੈਰੀ ਕਲਸੀ ਨੇ ਪੰਜਾਬ ਸਰਕਾਰ ਵੱਲੋਂ ਲੋਕਹਿੱਤ ਵਿੱਚ ਲਏ ਫੈਸਲਿਆਂ ਦਾ ਜ਼ਿਕਰ ਦੱਸਿਆ ਕਿ ਜੇਕਰ ਬਿਜਲੀ ਦੀ ਗੱਲ ਕਰੀਏ ਤਾਂ ਸਰਕਾਰ ਵੱਲੋਂ 600 ਯੂਨਿਟ ਬਿਜਲੀ ਮੁਆਫ਼ ਕੀਤੀ ਗਈ ਹੈ ਤੇ 90 ਫੀਸਦ ਘਰਾਂ ਦੇ ਬਿੱਲ ਜ਼ੀਰੋ ਆ ਰਹੇ ਹਨ। ਸਿੱਖਿਆ ਦਾ ਮਿਆਰ ਹੋਰ ਉੱਚਾ ਚੁੱਕਣ ਦੇ ਮੰਤਵ ਤਹਿਤ 'ਸਕੂਲ ਆਫ ਐਮੀਨੈਂਸ' ਖੋਲ੍ਹੇ ਗਏ ਹਨ ਤੇ ਲੋਕਾਂ ਨੂੰ ਹੋਰ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਮੁਹੱਲਾ ਕਲੀਨਿਕ ਸਫਲਤਾਪੂਰਵਕ ਚੱਲ ਰਹੇ ਹਨ, ਜਿਥੇ ਰੋਜ਼ਾਨਾ ਮਰੀਜ਼ ਆਪਣਾ ਇਲਾਜ ਕਰਵਾ ਰਹੇ ਹਨ। ਮੈਰਿਟ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਖੇਤਾਂ ਤੱਕ ਨਹਿਰੀ ਪਾਣੀ ਪੁੱਜਦਾ ਕੀਤਾ ਗਿਆ ਹੈ ਤੇ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਹੱਲ ਕੀਤੀਆਂ ਜਾ ਰਹੀਆਂ ਹਨ।

## ਲਾਰੈਂਸ ਇੰਟਰਨੈਸ਼ਨਲ ਸਕੂਲ ਦਾ ਬਾਰ੍ਹਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ



ਕਲਾਨੌਰ, 15 ਮਈ (ਇਕਬਾਲ ਵਾਲੀਆ/ਕਮਲਜੀਤ ਸਿੰਘ): ਲਾਰੈਂਸ ਇੰਟਰਨੈਸ਼ਨਲ ਸਕੂਲ, ਤਾਰਾਗੜ੍ਹ (ਡੇਰਾ ਬਾਬਾ ਨਾਨਕ ਰੋਡ), ਬਟਾਲਾ ਦੇ ਬਾਰ੍ਹਵੀਂ ਜਮਾਤ ਦਾ ਨਤੀਜਾ ਬਹੁਤ ਵਧੀਆ ਰਿਹਾ। ਲਾਰੈਂਸ ਇੰਟਰਨੈਸ਼ਨਲ ਸਕੂਲ ਦੀ ਬਾਰ੍ਹਵੀਂ ਜਮਾਤ ਦਾ ਇਹ ਨਤੀਜਾ ਸਕੂਲ ਦਾ ਪਹਿਲਾ ਨਤੀਜਾ ਹੈ। ਜਿਸ ਵਿੱਚ ਵਿਦਿਆਰਥੀਆਂ ਨੇ ਆਪਣੀ ਮਿਹਨਤ ਸਦਕਾ ਬਹੁਤ ਵਧੀਆ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਨ੍ਹਾਂ ਵਿਦਿਆਰਥੀਆਂ ਵਿੱਚ ਜਸਕਰਨ ਸਿੰਘ ਨੇ 85 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਜਸਕਰਨ ਸਿੰਘ ਦੇ ਨਾਲ-ਨਾਲ ਬਾਰ੍ਹਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਨੇ ਵੀ ਬਹੁਤ ਵਧੀਆ ਅੰਕ ਪ੍ਰਾਪਤ ਕੀਤੇ। ਵਿਦਿਆਰਥੀਆਂ ਦੇ ਇਸ ਨਤੀਜੇ ਨੂੰ ਲੈ ਕੇ ਪ੍ਰਿੰਸੀਪਲ ਡਾ. ਉਪਮਾ ਮਹਾਜਨ ਵੱਲੋਂ ਵਿਦਿਆਰਥੀਆਂ ਨੂੰ ਮੁਬਾਰਕਾਂ ਦਿੱਤੀਆਂ ਗਈਆਂ। ਪ੍ਰਿੰਸੀਪਲ ਤੇ ਮੈਨੇਜਮੈਂਟ ਵੱਲੋਂ ਬਾਰ੍ਹਵੀਂ ਜਮਾਤ ਤੇ ਅਧਿਆਪਕਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਚੇਅਰਮੈਨ ਬਲਜਿੰਦਰ ਸਿੰਘ (ਮੱਲਿਆਂਵਾਲ), ਸਾ. ਗੁਰਜੀਤ ਸਿੰਘ (ਮੱਲਿਆਂਵਾਲ), ਡਾਇਰੈਕਟਰ ਡਾ. ਗੁਰਿੰਦਰ ਕੌਰ ਮਾਨ, ਪ੍ਰਿੰਸੀਪਲ ਡਾ. ਉਪਮਾ ਮਹਾਜਨ ਤੇ ਸਮੂਹ ਅਧਿਆਪਕ ਵਰਗ ਵੱਲੋਂ ਵਿਦਿਆਰਥੀ ਨੂੰ ਉਨ੍ਹਾਂ ਦੀ ਇਸ ਕਾਮਯਾਬੀ ਲਈ ਮੁਬਾਰਕਾਂ ਦਿੱਤੀਆਂ ਗਈਆਂ ਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ ਗਈ।

## ਅੱਜ ਤੋਂ ਵੱਖ-ਵੱਖ ਪਿੰਡਾਂ 'ਚ 'ਨਸ਼ਾ ਮੁਕਤੀ ਯਾਤਰਾ' ਸ਼ੁਰੂ



ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ, 15 ਮਈ (ਡਾ. ਨਰਿੰਦਰ ਸਿੰਘ ਘੁਮਾਣ/ ਜਗੀਰ ਸਿੰਘ ਮੰਡ): ਪੰਜਾਬ ਸਰਕਾਰ ਵੱਲੋਂ ਬੀਤੀ 24 ਫਰਵਰੀ ਤੋਂ ਆਰੰਭੀ ਨਸ਼ਿਆਂ ਵਿਰੁੱਧ ਫੈਸਲਾਕੁੰਨ ਲੜਾਈ ਦੇ ਅਗਲੇ ਪੜਾਅ ਵਿੱਚ ਹੁਣ ਸਰਕਾਰ ਵੱਲੋਂ 16 ਮਈ ਤੋਂ ਪਿੰਡ ਪੱਧਰ ਤੇ ਵਾਰਡ ਪੱਧਰ 'ਤੇ ਜਾ ਕੇ ਰੱਖਿਆ ਕਮੇਟੀਆਂ ਤੇ ਆਮ ਲੋਕਾਂ ਨਾਲ ਜਾਗਰੂਕਤਾ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਜਾ ਰਿਹਾ ਹੈ। ਇਨ੍ਹਾਂ ਮੀਟਿੰਗਾਂ ਦਾ ਮੰਤਵ ਪਿੰਡ ਰੱਖਿਆ ਕਮੇਟੀਆਂ ਤੇ ਵਾਰਡ ਰੱਖਿਆ ਕਮੇਟੀਆਂ ਦੇ ਮੈਂਬਰਾਂ ਤੇ ਆਮ ਲੋਕਾਂ ਨੂੰ ਨਸ਼ਾ ਤਸਕਰਾਂ ਦੀਆਂ ਗਤੀਵਿਧੀਆਂ ਜ਼ਿਲ੍ਹਾ ਪ੍ਰਸ਼ਾਸਨ ਤੱਕ ਪਹੁੰਚਾਉਣ, ਨਸ਼ਾ ਪੀੜਤਾਂ ਦੇ ਇਲਾਜ ਲਈ ਉਨ੍ਹਾਂ ਨੂੰ ਪ੍ਰੇਰਿਤ ਕਰਕੇ ਨਸ਼ਾ ਮੁਕਤੀ ਕੇਂਦਰਾਂ ਤੱਕ ਲਿਆਉਣ ਲਈ ਜਾਗਰੂਕ ਕਰਨਾ ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਕਰਮਜੀਤ ਸਿੰਘ ਪਾਂਥੇ ਐੱਸ.ਡੀ.ਐੱਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ 16 ਮਈ ਤੋਂ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ 'ਨਸ਼ਾ ਮੁਕਤੀ ਯਾਤਰਾ' ਸ਼ੁਰੂ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ 16 ਮਈ ਨੂੰ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਹੇਠ ਬਟਾਲਾ ਹਲਕੇ ਦੇ ਪਿੰਡ ਲੱਖੋਵਾਲ ਵਿਖੇ ਸ਼ਾਮ 4 ਵਜੇ, ਦੀਵਾਨੀਵਾਲ ਕਲਾਂ ਵਿਖੇ ਸ਼ਾਮ 5 ਵਜੇ ਤੇ ਦੀਵਾਨੀਵਾਲ ਖੁਰਦ ਵਿਖੇ ਸ਼ਾਮ 6 ਵਜੇ 'ਨਸ਼ਾ ਮੁਕਤੀ ਯਾਤਰਾ' ਕੀਤੀ ਜਾਵੇਗੀ। ਇਸੇ ਤਰ੍ਹਾਂ ਸ੍ਰੀ ਹਰਗੋਬਿੰਦਪੁਰ ਸਾਹਿਬ ਹਲਕੇ ਦੇ ਵਿਧਾਇਕ ਅਮਰਪਾਲ ਸਿੰਘ ਕਿਸ਼ਨਕੋਟ ਦੀ ਅਗਵਾਈ ਹੇਠ ਸ਼ਾਮ 4 ਵਜੇ ਪਿੰਡ ਵੱਡਾ ਰੰਗੜ ਨੰਗਲ ਵਿਖੇ, ਸ਼ਾਮ 5 ਵਜੇ ਜੇਤੋ ਸਰਜਾ ਅਤੇ ਜਹਾਦਪੁਰ ਵਿਖੇ ਸ਼ਾਮ 6 ਵਜੇ 'ਨਸ਼ਾ ਮੁਕਤੀ ਯਾਤਰਾ' ਕੀਤੀ ਜਾਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ 'ਨਸ਼ਾ ਮੁਕਤੀ ਯਾਤਰਾ' ਨਾਲ ਜੁੜਨ ਤੇ ਨਸ਼ੇ ਨੂੰ ਜੜ੍ਹੋਂ ਖ਼ਤਮ ਕਰਨ ਲਈ ਅੱਗੇ ਆ ਕੇ ਸਹਿਯੋਗ ਕਰਨ।

## ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖ਼ਾਲਸਾ ਸੀਨੀ. ਸੈਕੰ. ਪਬਲਿਕ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ ਰਿਹਾ ਸੌ ਫ਼ੀਸਦੀ



ਧਾਰੀਵਾਲ, 15 ਮਈ (ਅਸ਼ੋਕ ਕੁਮਾਰ): ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ 12ਵੀਂ ਜਮਾਤ ਦੇ ਨਤੀਜਿਆਂ ਦੌਰਾਨ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖ਼ਾਲਸਾ ਸੀਨੀ. ਸੈਕੰ. ਪਬਲਿਕ ਸਕੂਲ ਧਾਰੀਵਾਲ ਦਾ ਨਤੀਜਾ 100% ਰਿਹਾ। ਇਸ ਨਤੀਜੇ ਸਬੰਧੀ ਪ੍ਰਿੰਸੀਪਲ ਡਾ. ਗਨਜੀਤ ਕੌਰ ਨੇ ਦੱਸਿਆ ਕਿ ਸਾਇੰਸ ਗਰੁੱਪ ਦੇ ਕੁੱਲ 125 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਜਿਨ੍ਹਾਂ ਵਿੱਚੋਂ ਐਮਰੀਨ ਕੌਰ ਨੇ 91.2%, ਨਿਮਰਤਬੀਰ ਕੌਰ ਨੇ 91%, ਧਰੁਵ ਵਰਮਾ ਨੇ 89.8, ਦੀਪਿਕਾ ਨੇ 89.2%, ਅਨਮੋਲਪ੍ਰੀਤ ਸਿੰਘ ਨੇ 89.2% ਤੇ ਨਿਮਰਤਾ ਨੇ 89% ਨੰਬਰ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸੇ ਤਰ੍ਹਾਂ 90% ਤੋਂ ਉੱਪਰ 02 ਵਿਦਿਆਰਥੀ, 80% ਤੋਂ ਉੱਪਰ 39 ਵਿਦਿਆਰਥੀ, 70% ਤੋਂ ਉੱਪਰ 62 ਵਿਦਿਆਰਥੀ ਤੇ 60 ਪ੍ਰਤੀਸ਼ਤ ਤੋਂ ਉੱਪਰ 22 ਵਿਦਿਆਰਥੀਆਂ ਨੇ ਨੰਬਰ ਪ੍ਰਾਪਤ ਕੀਤੇ। ਇਸੇ ਤਰ੍ਹਾਂ ਕਾਮਰਸ ਗਰੁੱਪ ਦੇ 42 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ। ਜਿਨ੍ਹਾਂ ਵਿੱਚੋਂ ਖੁਸ਼ੀ ਨੇ 92.4%, ਮਹਿਕਦੀਪ ਕੌਰ ਨੇ 91.6%, ਗੁਰਲੀਨ ਕੌਰ ਨੇ 86%, ਕਰਨਬੀਰ ਸਿੰਘ ਨੇ 85% ਤੇ ਪਾਰਥ ਖੋਸਲਾ ਨੇ 85% ਨੰਬਰ ਪ੍ਰਾਪਤ ਕੀਤੇ, ਜਿਨ੍ਹਾਂ ਵਿੱਚੋਂ 90% ਤੋਂ ਉੱਪਰ 02 ਵਿਦਿਆਰਥੀ 80% ਤੋਂ ਉੱਪਰ 14 ਵਿਦਿਆਰਥੀ, 70% ਤੋਂ ਉੱਪਰ 17 ਵਿਦਿਆਰਥੀ ਤੇ 60 ਪ੍ਰਤੀਸ਼ਤ ਤੋਂ ਉੱਪਰ 9 ਵਿਦਿਆਰਥੀਆਂ ਨੇ ਨੰਬਰ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸੇ ਤਰ੍ਹਾਂ ਹਿਊਮੈਨਟੀਜ਼ ਗਰੁੱਪ ਦੇ 17 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ, ਜਿਨ੍ਹਾਂ ਵਿੱਚੋਂ ਤਮੰਨਾ ਸਿੱਧੂ ਨੇ 83.4% ਨੰਬਰ ਪ੍ਰਾਪਤ ਕੀਤੇ, ਜਿਨ੍ਹਾਂ ਵਿੱਚ 80% ਤੋਂ ਉੱਪਰ 1 ਵਿਦਿਆਰਥੀ, 70% ਤੋਂ ਉੱਪਰ 06 ਵਿਦਿਆਰਥੀ, 60 ਪ੍ਰਤੀਸ਼ਤ ਤੋਂ ਉੱਪਰ 6 ਵਿਦਿਆਰਥੀ ਤੇ 50% ਤੋਂ ਉੱਪਰ 4 ਵਿਦਿਆਰਥੀਆਂ ਨੇ ਨੰਬਰ ਪ੍ਰਾਪਤ ਕੀਤੇ। ਇਸ ਮੌਕੇ 'ਤੇ ਪ੍ਰਿੰਸੀਪਲ ਡਾ. ਗਗਨਜੀਤ ਕੌਰ, ਪ੍ਰਧਾਨ ਗੁਰਦੇਵ ਸਿੰਘ ਸੋਹਲ (ਐਡਵੋਕੇਟ), ਸਕੱਤਰ ਕੁਲਦੀਪ ਸਿੰਘ ਪਟਵਾਰੀ, ਗੁਰਜੀਤ ਸਿੰਘ ਲੇਹਲ ਤੇ ਕੁਲਦੀਪ ਸਿੰਘ ਸੋਹਲ ਨੇ ਨਤੀਜੇ ਸਬੰਧੀ ਮਿਹਨਤੀ ਸਟਾਫ ਤੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ।

## ਯੂਥ ਕਾਂਗਰਸ ਦੇ ਪ੍ਰਣਵ ਕ੍ਰਿਪਾਲ ਨੇ ਸਾਥੀਆਂ ਸਮੇਤ ਕੱਢੀ ਤਿਰੰਗਾ ਯਾਤਰਾ



| 7 | ਕਰਜ਼ ਖਾਤਾ ਨੰ.:- 610239211695764 1. ਨਿੰਮੀ ਸਈਅਦ, ਪਤਨੀ ਨਕਾਸ਼ੇ ਅਲੀ 2. ਨਕਾਸ਼ੇ ਅਲੀ ਸਈਅਦ | ਵਿਕਰੀ ਡੀਡ ਵਸੀਕਾ ਨੰ. 2024-25/11/1/1764, ਮਿਤੀ 24-4-2024 ਦੇ ਅਧੀਨ ਨਿੰਮੀ ਸਈਦ ਪਤਨੀ ਨਕਾਸ਼ੇ ਅਲੀ ਸਈਦ ਦੇ ਨਾਮ 'ਤੇ ਦਰਜ ਜਾਇਦਾਦ ਵਾਲੇ ਮਕਾਨ ਨੰਬਰ-52-ਬੀ (ਐਮਸੀ ਨੰ-2017/3, ਮਾਪ 92 ਵਰਗ ਗਜ਼, ਮੁਹੱਲਾ ਤੇਲੀਵਾੜਾ, ਰਾਘੋ ਮਾਜਰਾ, ਤਹਿਸੀਲ ਅਤੇ ਜ਼ਿਲ੍ਹਾ-ਪਟਿਆਲਾ ਵਿਖੇ ਸਥਿਤ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। ਇਸ ਤਰ੍ਹਾਂ ਹੱਦਬੰਦੀ:-ਪੂਰਬ-ਘਰ ਤੇਜਾ ਸਿੰਘ, ਪੱਛਮ-ਘਰ ਚਮਨ ਲਾਲ, ਉੱਤਰ-ਘਰ ਦਿਲਬਾਗ ਸਿੰਘ, ਦੱਖਣ-ਗਲੀ। | 26.02.2025 Rs. 26,85,683.66 (ਰੁਪਏ ਛੱਬੀ ਲੱਖ ਪਚਾਸੀ ਹਜ਼ਾਰ ਛੇ ਸੌ ਤਰਾਸੀ ਅਤੇ ਛਿਆਹਠ ਪੈਸੇ ਕੇਵਲ) 13.02.2025 ਦੇ ਅਨੁਸਾਰ | 13.05.2025 |
| 8 | ਕਰਜ਼ ਖਾਤਾ ਨੰ.- 610138011536065 1. ਰਾਧਾ ਰਾਣੀ 2.ਮਿਸ ਤਮੰਨਾ | ਵਿਕਰੀ ਡੀਡ ਵਸੀਕਾ ਨੰ-2023-24/101/1/16430 ਮਿਤੀ 8-2-2024 ਦੇ ਅਧੀਨ ਰਾਧਾ ਰਾਣੀ ਪਤਨੀ ਰਾਜਿੰਦਰ ਕੁਮਾਰ ਦੇ ਨਾਮ 'ਤੇ ਦਰਜ ਪਲਾਟ ਨੰਬਰ-72 ਮਾਪ 50 ਵਰਗ ਗਜ਼, ਖਸਰਾ ਨੰਬਰ-31//1/2, 31//2/1, 31//10, 31//11, ਖਾਤਾ ਨੰਬਰ-117/131, ਜਮ੍ਹਾਂਬੰਦੀ ਵਿੱਚ ਸ਼ਾਮਲ ਸਾਲ 2013-14 ਲਈ ਹੱਦਬਸਤ ਨੰ-150, ਪਿੰਡ-ਬਾੜਨਹਾਰਾ, ਆਬਾਦੀ ਦਵਾਰਕਾ ਐਨਕਲੇਵ (ਵਲਭ ਵਿਹਾਰ), ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਵਿਖੇ ਸਥਿਤ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। ਇਸ ਤਰ੍ਹਾਂ ਹੱਦਬੰਦੀ:-ਪੂਰਬ - ਗਲੀ, ਪੱਛਮ-ਪਲਾਟ ਨੰ-88, ਉੱਤਰ-ਪਲਾਟ ਨੰ-73, ਦੱਖਣੀ-ਪਲਾਟ ਨੰ-71 | 26.02.2025 Rs. 12,66,277.36/- (ਰੁਪਏ ਬਾਰਾਂ ਲੱਖ ਛਿਆਹਠ ਹਜ਼ਾਰ ਦੋ ਸੌ ਸਤੱਤਰ ਅਤੇ ਛੱਤੀ ਪੈਸੇ ਕੇਵਲ) 13.02.2025 ਦੇ ਅਨੁਸਾਰ | 13.05.2025 |
| 9 | ਕਰਜ਼ ਖਾਤਾ ਨੰ.- 609939511375014 1. ਰਮਨ ਕੁਮਾਰ, ਪੁੱਤਰ ਸੰਜੀਵ ਕੁਮਾਰ 2. ਦਵਿੰਦਰ ਲਤਾ ਪਤਨੀ ਸੰਜੀਵ ਕੁਮਾਰ 3. ਮੋਹਿਤ ਸ਼ਰਮਾ | ਟ੍ਰਾਂਸਫਰ ਡੀਡ ਵਸੀਕਾ ਨੰ-2031 ਮਿਤੀ 22-12-2016 ਅਨੁਸਾਰ ਰਮਨ ਕੁਮਾਰ ਪੁੱਤਰ ਸਵਰਗੀ ਸੰਜੀਵ ਕੁਮਾਰ ਦੇ ਨਾਮ ਤੇ ਦਰਜ 09 ਮਰਲੇ ਮਾਪ ਵਾਲਾ 9/1367 ਹਿੱਸਾ ਜ਼ਮੀਨ ਦਾ 68 ਕਨਾਲ 07 ਮਰਲੇ, ਖੇਵਟ ਨੰ-1239, ਖਤੌਨੀ ਨੰ-1754, 1755, 1756, ਖਸਰਾ ਨੰ-291//16/1/7-7, ਵਿੱਚ ਸ਼ਾਮਲ ਹੈ। 291//17/1/3-1, 291//25/8-0, 291//27/2-13, 331//1/7-8, 331//2/6-18, 331//8/2/2-8, 331//9/8-0, 331//12/1/5-16, 331//13/1/1-15, 332//5/3/3-16, 392//4/0-11, 331//3/6-18, 331//4/3-4, 292//21/1/0-12, ਜਮ੍ਹਾਂਬੰਦੀ ਸਾਲ 2014-25 ਲਈ, ਚੈਨਾ ਰੋਡ, ਜੈਤੋ-1, ਜ਼ਿਲ੍ਹਾ-ਫਰੀਦਕੋਟ ਵਿਖੇ ਸਥਿਤ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। ਇਸ ਪ੍ਰਕਾਰ ਹੱਦਬੰਦੀ-ਪੂਰਬ-ਰਾਕੇਸ਼ ਕੁਮਾਰ, ਪੱਛਮ-ਰਾਮਗੜ੍ਹ ਰੋਡ, ਉੱਤਰ-ਰਾਸਤਾ, ਦੱਖਣ-ਓਮਪ੍ਰਕਾਸ਼। | 26.02.2025 Rs. 9,23,098.06 (ਰੁਪਏ ਨੌਂ ਲੱਖ ਤੇਈ ਹਜ਼ਾਰ ਅਠਾਨਵੇਂ ਅਤੇ ਛੇ ਪੈਸੇ ਕੇਵਲ) 13.02.2025 ਦੇ ਅਨੁਸਾਰ | 14.05.2025 |

**ਸਥਾਨ**: ਬਠਿੰਡਾ, ਪਟਿਆਲਾ, ਜਲੰਧਰ, ਮੁਕਤਸਰ ਸਾਹਿਬ, ਲੁਧਿਆਣਾ ਫਰੀਦਕੋਟ, ਪੰਜਾਬ
**ਮਿਤੀ** : 13.05.2025/14.05.2025
ਸਹੀ/- **ਅਧਿਕਾਰਤ ਅਧਿਕਾਰੀ, ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.**

# ਖੇਡ ਸੰਸਾਰ

## ਇੱਕ ਯੁੱਗ ਦਾ ਅੰਤ: ਕ੍ਰਿਕਟ ਦੇ ਮਹਾਨ ਖਿਡਾਰੀਆਂ ਨੂੰ ਸਲਾਮ



ਵਿਰਾਟ ਕੋਹਲੀ ਅਤੇ ਰੋਹਿਤ ਸ਼ਰਮਾ ਸਿਰਫ਼ ਮਹਾਨ ਬੱਲੇਬਾਜ਼ ਹੀ ਨਹੀ ਹਨ, ਸਗੋਂ ਭਾਰਤੀ ਕ੍ਰਿਕਟ ਦੇ ਦਿਲ ਅਤੇ ਧੜਕਣ ਵੀ ਹਨ। ਵਿਰਾਟ ਦੀ ਹਮਲਾਵਰਤਾ ਅਤੇ ਰੋਹਿਤ ਦੀ ਸ਼ਾਨਦਾਰ ਬੱਲੇਬਾਜ਼ੀ ਨੇ ਸਾਨੂੰ ਅਣਗਿਣਤ ਯਾਦਾਂ ਦਿੱਤੀਆਂ ਹਨ। ਇੱਕ ਯੁੱਗ ਦਾ ਅੰਤ, ਪਰ ਉਸਦੀ ਵਿਰਾਸਤ ਹਮੇਸ਼ਾ ਸਾਡੇ ਦਿਲਾਂ ਵਿੱਚ ਜ਼ਿੰਦਾ ਰਹੇਗੀ। ਜੇਤੂਆਂ ਨੂੰ ਸਲਾਮ!

ਭਾਰਤੀ ਕ੍ਰਿਕਟ ਵਿੱਚ ਵਿਰਾਟ ਕੋਹਲੀ ਅਤੇ ਰੋਹਿਤ ਸ਼ਰਮਾ ਦਾ ਯੋਗਦਾਨ ਸਿਰਫ਼ ਅੰਕੜਿਆਂ ਤੱਕ ਸੀਮਤ ਨਹੀ ਹੈ। ਇਹ ਉਨ੍ਹਾਂ ਪਲਾਂ ਵਿੱਚ ਸੀ ਜਦੋ ਉਸਨੇ ਦੇਸ਼ ਨੂੰ ਜਿੱਤ ਦਾ ਮਾਣ ਮਹਿਸੂਸ ਕਰਵਾਇਆ ਸੀ, ਇਹ ਉਨ੍ਹਾਂ ਸੰਘਰਸ਼ਾਂ ਵਿੱਚ ਸੀ ਜਦੋ ਉਸਨੇ ਮੁਸ਼ਕਲ ਹਾਲਾਤਾਂ ਵਿੱਚ ਟੀਮ ਦੀ ਅਗਵਾਈ ਕੀਤੀ ਸੀ। ਇਹ ਦੋਵੇਂ ਖਿਡਾਰੀ ਉਸ ਪੀੜ੍ਹੀ ਦੀ ਨੁਮਾਇੰਦਗੀ ਕਰਦੇ ਹਨ ਜਿਸਨੇ ਭਾਰਤੀ ਕ੍ਰਿਕਟ ਨੂੰ ਵਿਸ਼ਵ ਪੱਧਰ 'ਤੇ ਨਵੀਆਂ ਉਚਾਈਆਂ 'ਤੇ ਪਹੁੰਚਾਇਆ। ਜਦੋਂ ਵੀ ਇਤਿਹਾਸ ਦੇ ਪੰਨਿਆਂ ਵਿੱਚ ਭਾਰਤੀ ਕ੍ਰਿਕਟ ਦੀ ਗੱਲ ਹੋਵੇਗੀ, ਕੁਝ ਨਾਮ ਹਮੇਸ਼ਾ ਸੁਨਹਿਰੀ ਅੱਖਰਾਂ ਵਿੱਚ ਦਰਜ ਹੋਣਗੇ। ਇਹ ਉਹ ਨਾਮ ਹਨ ਜਿਨ੍ਹਾਂ ਨੇ ਨਾ ਸਿਰਫ਼ ਰਿਕਾਰਡ ਬਣਾਏ ਸਗੋਂ ਖੇਡ ਨੂੰ ਇੱਕ ਨਵੀ ਪਛਾਣ, ਇੱਕ ਨਵਾਂ ਜਨੂੰਨ ਵੀ ਦਿੱਤਾ। ਹਾਲ ਹੀ ਵਿੱਚ, ਭਾਰਤੀ ਟੈਸਟ ਕ੍ਰਿਕਟ ਦੇ ਦੋ ਮਹਾਨ ਹੀਰੋ - ਵਿਰਾਟ ਕੋਹਲੀ ਅਤੇ ਰੋਹਿਤ ਸ਼ਰਮਾ - ਆਖਰੀ ਵਾਰ ਆਪਣੇ ਚਿੱਟੇ ਰੰਗ ਦੇ ਕੱਪੜਿਆਂ ਵਿੱਚ ਦੇਖੇ ਗਏ। ਇਹ ਸਿਰਫ਼ ਇੱਕ ਨਿੱਜੀ ਵਿਦਾਈ ਨਹੀ ਸੀ, ਸਗੋਂ ਇੱਕ ਯੁੱਗ ਦਾ ਅੰਤ ਵੀ ਸੀ।

### ਭਾਰਤੀ ਕ੍ਰਿਕਟ ਦਾ ਦਿਲ ਅਤੇ ਨਬਜ਼

ਭਾਰਤੀ ਕ੍ਰਿਕਟ ਵਿੱਚ ਵਿਰਾਟ ਕੋਹਲੀ ਅਤੇ ਰੋਹਿਤ ਸ਼ਰਮਾ ਦਾ ਯੋਗਦਾਨ ਸਿਰਫ਼ ਅੰਕੜਿਆਂ ਤੱਕ ਸੀਮਤ ਨਹੀ ਹੈ। ਇਹ ਉਨ੍ਹਾਂ ਪਲਾਂ ਵਿੱਚ ਸੀ ਜਦੋ ਉਸਨੇ ਦੇਸ਼ ਨੂੰ ਜਿੱਤ ਦਾ ਮਾਣ ਮਹਿਸੂਸ ਕਰਵਾਇਆ ਸੀ, ਇਹ ਉਨ੍ਹਾਂ ਸੰਘਰਸ਼ਾਂ ਵਿੱਚ ਸੀ ਜਦੋ ਉਸਨੇ ਮੁਸ਼ਕਲ ਹਾਲਾਤਾਂ ਵਿੱਚ ਟੀਮ ਦੀ ਅਗਵਾਈ ਕੀਤੀ ਸੀ। ਇਹ ਦੋਵੇਂ ਖਿਡਾਰੀ ਉਸ ਪੀੜ੍ਹੀ ਦੀ ਨੁਮਾਇੰਦਗੀ ਕਰਦੇ ਹਨ ਜਿਸਨੇ ਭਾਰਤੀ ਕ੍ਰਿਕਟ ਨੂੰ ਵਿਸ਼ਵ ਪੱਧਰ 'ਤੇ ਨਵੀਆਂ ਉਚਾਈਆਂ 'ਤੇ ਪਹੁੰਚਾਇਆ।

### ਵਿਰਾਟ: ਹਮਲਾਵਰਤਾ ਦਾ ਦੂਜਾ ਨਾਮ

ਜਦੋਂ ਵੀ ਭਾਰਤੀ ਕ੍ਰਿਕਟ ਵਿੱਚ ਹਮਲਾਵਰਤਾ ਦੀ ਗੱਲ ਹੁੰਦੀ ਹੈ, ਵਿਰਾਟ ਕੋਹਲੀ ਦਾ ਨਾਮ ਸਭ ਤੋ ਪਹਿਲਾਂ ਆਉਂਦਾ ਹੈ। ਉਸਦਾ ਜਨੂੰਨ, ਮੈਦਾਨ 'ਤੇ ਉਸਦਾ ਹਮਲਾਵਰ ਸੁਭਾਅ, ਅਤੇ ਬੱਲੇ ਨਾਲ ਦੌੜਾਂ ਦੀ ਉਸਦੀ ਧਮਾਕੇਦਾਰ ਦੌੜ ਨੇ ਉਸਨੂੰ ਆਧੁਨਿਕ ਕ੍ਰਿਕਟ ਦੀ 'ਰਨ ਮਸ਼ੀਨ' ਬਣਾ ਦਿੱਤਾ। ਉਸਨੇ 100 ਤੋਂ ਵੱਧ ਟੈਸਟ ਮੈਚ ਖੇਡੇ ਹਨ, 29 ਸੈਂਕੜੇ ਅਤੇ ਕਈ ਯਾਦਗਾਰ ਪਾਰੀਆਂ ਆਪਣੇ ਨਾਮ ਕੀਤੀਆਂ ਹਨ। ਪਰ ਇਸ ਤੋਂ ਵੀ ਵੱਧ, ਉਸਨੇ ਭਾਰਤੀ ਟੀਮ ਨੂੰ ਉਹ ਆਤਮਵਿਸ਼ਵਾਸ ਦਿੱਤਾ ਜਿਸਨੇ ਉਸਨੂੰ ਹਰ ਵਿਰੋਧੀ ਟੀਮ ਨੂੰ ਚੁਣੌਤੀ ਦੇਣ ਦੀ ਆਗਿਆ ਦਿੱਤੀ। ਮੈਦਾਨ 'ਤੇ ਵਿਰਾਟ ਦਾ ਜਨੂੰਨ ਅਤੇ ਉਤਸ਼ਾਹ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ। ਉਸਦੀ ਬੱਲੇਬਾਜ਼ੀ ਵਿੱਚ ਸਿਰਫ਼ ਤਾਕਤ ਹੀ ਨਹੀ ਹੈ ਸਗੋਂ ਇੱਕ ਸ਼ਾਨਦਾਰ ਕਲਾ ਵੀ ਹੈ। ਉਸਦਾ ਹਰ ਸ਼ਾਟ ਇੱਕ ਬਿਆਨ ਹੈ, ਹਰ ਦੌੜ ਇੱਕ ਕਹਾਣੀ ਹੈ। ਉਸਨੇ ਨਾ ਸਿਰਫ਼ ਆਪਣੇ ਬੱਲੇ ਨਾਲ, ਸਗੋਂ ਆਪਣੀ ਲੀਡਰਸ਼ਿਪ ਯੋਗਤਾਵਾਂ ਨਾਲ ਵੀ ਕ੍ਰਿਕਟ ਜਗਤ ਨੂੰ ਪ੍ਰਭਾਵਿਤ

**ਪ੍ਰਿਯੰਕਾ ਸੌਰਭ**
**7015375570**

ਕੀਤਾ ਹੈ। ਉਨ੍ਹਾਂ ਦੀ ਕਪਤਾਨੀ ਹੇਠ ਭਾਰਤੀ ਟੀਮ ਨੇ ਨਾ ਸਿਰਫ਼ ਵਿਦੇਸ਼ੀ ਧਰਤੀ 'ਤੇ ਟੈਸਟ ਸੀਰੀਜ਼ ਜਿੱਤੀ ਸਗੋਂ ਇੱਕ ਨਵੀ ਪਛਾਣ ਵੀ ਬਣਾਈ।

### ਰੋਹਿਤ: ਹਿਟਮੈਨ ਦੀ ਕਲਾਸ

ਦੂਜੇ ਪਾਸੇ, ਰੋਹਿਤ ਸ਼ਰਮਾ ਦਾ ਖੇਡ ਇੱਕ ਵੱਖਰੀ ਕਲਾ ਹੈ। ਉਸਦੀ ਬੱਲੇਬਾਜ਼ੀ ਵਿੱਚ ਇੱਕ ਸ਼ਾਂਤਤਾ ਅਤੇ ਸੰਜਮ ਹੈ ਜੋ ਉਸਨੂੰ ਇੱਕ ਵਿਲੱਖਣ ਖਿਡਾਰੀ ਬਣਾਉਂਦਾ ਹੈ। ਜਿੱਥੇ ਵਿਰਾਟ ਹਮਲਾਵਰਤਾ ਨੂੰ ਦਰਸਾਉਂਦਾ ਹੈ, ਉੱਥੇ ਰੋਹਿਤ ਆਪਣੇ ਕਲਾਸਿਕ ਸਟ੍ਰੋਕਾਂ ਨਾਲ ਖੇਡ ਦੀਆਂ ਬਾਰੀਕੀਆਂ ਨੂੰ ਦਰਸਾਉਂਦਾ ਹੈ। ਉਸਦਾ ਦੋਹਰਾ ਸੈਂਕੜਾ ਅਤੇ ਸ਼ੁਰੂਆਤੀ ਓਵਰਾਂ ਵਿੱਚ ਉਸਦਾ ਹਮਲਾਵਰ ਰਵੱਈਆ ਅਜੇ ਵੀ ਹਰ ਕ੍ਰਿਕਟ ਪ੍ਰੇਮੀ ਦੇ ਦਿਲਾਂ ਵਿੱਚ ਜ਼ਿੰਦਾ ਹੈ। ਰੋਹਿਤ ਦੇ ਕਵਰ ਡਰਾਈਵ, ਪੁੱਲ ਸ਼ਾਟ ਅਤੇ ਲੰਬੀਆਂ ਪਾਰੀਆਂ ਇੱਕ ਵੱਖਰੀ ਤਰ੍ਹਾਂ ਦਾ ਆਨੰਦ ਦਿੰਦੀਆਂ ਹਨ। ਉਸਨੇ ਇੱਕ ਰੋਜ਼ਾ ਕ੍ਰਿਕਟ ਵਿੱਚ ਤਿੰਨ ਦੋਹਰੇ ਸੈਂਕੜੇ ਲਗਾਏ ਹਨ, ਜੋ ਕਿ ਕਿਸੇ ਵੀ ਬੱਲੇਬਾਜ਼ ਲਈ ਇੱਕ ਅਸਾਧਾਰਨ ਕਾਰਨਾਮਾ ਹੈ। ਉਸਦੀ ਸਮਝ, ਉਸਦੀ ਤਕਨੀਕ ਅਤੇ ਉਸਦਾ ਆਤਮਵਿਸ਼ਵਾਸ ਉਸਨੂੰ ਕ੍ਰਿਕਟ ਜਗਤ ਦਾ 'ਹਿੱਟਮੈਨ' ਬਣਾਉਂਦਾ ਹੈ।

### ਇੱਕ ਯੁੱਗ ਦਾ ਅੰਤ, ਇੱਕ ਨਵੇਂ ਸੂਰਜ ਦੀ ਸ਼ੁਰੂਆਤ

ਇਨ੍ਹਾਂ ਦੋ ਮਹਾਨ ਖਿਡਾਰੀਆਂ ਦਾ ਸੰਨਿਆਸ ਭਾਰਤੀ ਕ੍ਰਿਕਟ ਲਈ ਇੱਕ ਵੱਡਾ ਮੋੜ ਹੈ। ਇਹ ਇੱਕ ਅਜਿਹਾ ਪਲ ਹੈ ਜਦੋਂ ਸਾਨੂੰ ਨਾ ਸਿਰਫ਼ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਰੱਖਣਾ ਚਾਹੀਦਾ ਹੈ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਪ੍ਰੇਰਿਤ ਕਰਨਾ ਚਾਹੀਦਾ ਹੈ। ਇਹ ਉਹ ਸਮਾਂ ਹੈ ਜਦੋਂ ਸਾਨੂੰ ਨਵੀਆਂ ਪ੍ਰਤਿਭਾਵਾਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ ਤਾਂ ਜੋ ਉਹ ਵੀ ਇੱਕ ਸਮਾਨ ਵਿਰਾਸਤ ਛੱਡ ਸਕਣ।

### ਖੇਡ ਤੋਂ ਪਰੇ ਦੀਆਂ ਕਹਾਣੀਆਂ

ਵਿਰਾਟ ਅਤੇ ਰੋਹਿਤ ਸਿਰਫ਼ ਮੈਦਾਨ 'ਤੇ ਹੀਰੋ ਨਹੀ ਹਨ। ਉਸਨੇ ਆਪਣੇ ਨਿੱਜੀ ਜੀਵਨ ਵਿੱਚ ਕਈ ਪ੍ਰੇਰਨਾਦਾਇਕ ਕਹਾਣੀਆਂ ਵੀ ਲਿਖੀਆਂ ਹਨ। ਵਿਰਾਟ ਦੀ ਤੰਦਰੁਸਤੀ ਪ੍ਰਤੀ ਵਚਨਬੱਧਤਾ ਅਤੇ ਰੋਹਿਤ ਦਾ ਸਬਰ ਦੋਵੇ ਸਾਨੂੰ ਜ਼ਿੰਦਗੀ ਵਿੱਚ ਅਨੁਸ਼ਾਸਨ ਅਤੇ ਦ੍ਰਿੜਤਾ ਬਾਰੇ ਮਹੱਤਵਪੂਰਨ ਸਬਕ ਦਿੰਦੇ ਹਨ। ਵਿਰਾਟ ਦਾ ਸੰਘਰਸ਼ ਇੱਕ ਮੱਧ ਵਰਗੀ ਪਰਿਵਾਰ ਤੋਂ ਦੁਨੀਆ ਦੇ ਸਭ ਤੋਂ ਵਧੀਆ ਬੱਲੇਬਾਜ਼ ਬਣਨ ਤੱਕ ਦਾ ਉਸਦਾ ਸਫ਼ਰ ਹੈ, ਜਦੋਂ ਕਿ ਰੋਹਿਤ ਦੀ ਕਹਾਣੀ ਇੱਕ ਪ੍ਰਤਿਭਾ ਦੀ ਹੈ ਜਿਸਨੇ ਮੁਸ਼ਕਲ ਹਾਲਾਤਾਂ ਵਿੱਚ ਵੀ ਆਪਣੀ ਖੇਡ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾਇਆ। ਦੋਵਾਂ ਨੇ ਸਾਨੂੰ ਸਿਖਾਇਆ ਹੈ ਕਿ ਸਫਲਤਾ ਦਾ ਰਸਤਾ ਆਸਾਨ ਨਹੀ ਹੈ, ਪਰ ਜੇਕਰ ਤੁਹਾਡੇ ਵਿੱਚ ਦ੍ਰਿੜ ਇਰਾਦਾ ਅਤੇ ਸਖ਼ਤ ਮਿਹਨਤ ਹੈ, ਤਾਂ ਕੋਈ ਵੀ ਸੁਪਨਾ ਅਸੰਭਵ ਨਹੀ ਹੈ।

### ਵਿਦਾਈ ਦਾ ਪਲ

ਜਦੋਂ ਉਹ ਆਖਰੀ ਵਾਰ ਖੇਤ ਤੋਂ ਵਾਪਸ ਆਏ, ਤਾਂ ਹਰ ਅੱਖ ਨਮ ਸੀ, ਹਰ ਦਿਲ ਭਾਰੀ ਸੀ। ਇਹ ਉਸ ਵਿਰਾਸਤ ਦਾ ਅੰਤ ਸੀ ਜਿਸਨੇ ਲੱਖਾਂ ਦਿਲਾਂ ਨੂੰ ਜੋੜਿਆ ਸੀ, ਜਿਸ ਨੂੰ ਹਰ ਭਾਰਤੀ ਮਾਣ ਨਾਲ ਦੇਖਦਾ ਸੀ। ਪਰ ਜਿਵੇਂ ਕਿ ਉਹ ਕਹਿੰਦੇ ਹਨ, 'ਹਰ ਅੰਤ ਇੱਕ ਨਵੀ ਸ਼ੁਰੂਆਤ ਹੁੰਦਾ ਹੈ।' ਇਨ੍ਹਾਂ ਦੰਤਕਥਾਵਾਂ ਦਾ ਜਾਣਾ ਸਿਰਫ਼ ਇੱਕ ਯੁੱਗ ਦਾ ਅੰਤ ਨਹੀ ਹੈ, ਸਗੋਂ ਇੱਕ ਨਵੀ ਪੀੜ੍ਹੀ ਦੇ ਸੁਪਨਿਆਂ ਦੀ ਸ਼ੁਰੂਆਤ ਵੀ ਹੈ।

### ਆਖਰੀ ਸਲਾਮੀ

ਇਸ ਲਈ, ਉਨ੍ਹਾਂ ਪਲਾਂ ਨੂੰ ਸਲਾਮ ਜੋ ਸਾਨੂੰ ਮਾਣ ਨਾਲ ਭਰ ਦਿੰਦੇ ਹਨ, ਉਨ੍ਹਾਂ ਕਹਾਣੀਆਂ ਨੂੰ ਸਲਾਮ ਜੋ ਸਾਨੂੰ ਪ੍ਰੇਰਿਤ ਕਰਦੀਆਂ ਹਨ, ਅਤੇ ਉਨ੍ਹਾਂ ਨਾਇਕਾਂ ਨੂੰ ਸਲਾਮ ਜਿਨ੍ਹਾਂ ਨੇ ਸਾਨੂੰ ਸਿਖਾਇਆ ਕਿ ਜਿੱਤਣਾ ਅਤੇ ਹਾਰਨਾ ਖੇਡ ਦਾ ਹਿੱਸਾ ਹੈ, ਪਰ ਸੰਘਰਸ਼ ਹੀ ਅਸਲ ਜਿੱਤ ਹੈ। ਵਿਰਾਟ ਕੋਹਲੀ ਅਤੇ ਰੋਹਿਤ ਸ਼ਰਮਾ ਸਿਰਫ਼ ਮਹਾਨ ਬੱਲੇਬਾਜ਼ ਹੀ ਨਹੀ ਹਨ, ਸਗੋਂ ਭਾਰਤੀ ਕ੍ਰਿਕਟ ਦੇ ਦਿਲ ਅਤੇ ਧੜਕਣ ਵੀ ਹਨ। ਵਿਰਾਟ ਦੀ ਹਮਲਾਵਰਤਾ ਅਤੇ ਰੋਹਿਤ ਦੀ ਸ਼ਾਨਦਾਰ ਬੱਲੇਬਾਜ਼ੀ ਨੇ ਸਾਨੂੰ ਅਣਗਿਣਤ ਯਾਦਾਂ ਦਿੱਤੀਆਂ ਹਨ। ਇੱਕ ਯੁੱਗ ਦਾ ਅੰਤ, ਪਰ ਉਸਦੀ ਵਿਰਾਸਤ ਹਮੇਸ਼ਾ ਸਾਡੇ ਦਿਲਾਂ ਵਿੱਚ ਜ਼ਿੰਦਾ ਰਹੇਗੀ। ਜੇਤੂਆਂ ਨੂੰ ਸਲਾਮ! ਧੰਨਵਾਦ, ਚੈਂਪੀਅਨਜ਼! ਤੁਸੀ ਹਮੇਸ਼ਾ ਮੇਰਾ ਦਿਲ ਅਤੇ ਧੜਕਣ ਰਹੋਗੇ।

## ਭਾਰਤ ਬਨਾਮ ਪਾਕਿਸਤਾਨ: ਦੋਵੇਂ ਕ੍ਰਿਕਟ ਟੀਮਾਂ ਦੇ ਦਿਲਚਸਪ ਕਿੱਸੇ

ਕ੍ਰਿਕਟ ਭਾਰਤ ਵਿੱਚ ਸਭ ਤੋਂ ਮਸ਼ਹੂਰ ਖੇਡ ਹੈ। ਭਾਰਤ ਅਤੇ ਪਾਕਿਸਤਾਨ ਵਿਚਕਾਰ ਮੈਚ ਹੋਵੇ ਤਾਂ ਕ੍ਰਿਕਟ ਪ੍ਰੇਮੀਆਂ ਲਈ ਇਸ ਤੋਂ ਵੱਡਾ ਹੋਰ ਕੁਝ ਨਹੀ। ਇਸੇ ਲਈ ਇਨ੍ਹਾਂ ਦੋਵਾਂ ਟੀਮਾਂ ਦਾ ਮੈਚ ਹਮੇਸ਼ਾ ਹਰ ਕੋਈ ਦੇਖਦਾ ਹੈ। ਆਈਸੀਸੀ ਚੈਂਪੀਅਨਜ਼ ਟ੍ਰਾਫ਼ੀ ਟੂਰਨਾਮੈਂਟ ਵਿੱਚ 'ਭਾਰਤ ਬਨਾਮ ਪਾਕਿਸਤਾਨ' ਮੈਚ ਅੱਜ (23 ਫਰਵਰੀ) ਨੂੰ ਦੁਬਈ ਇੰਟਰਨੈਸ਼ਨਲ ਸਟੇਡੀਅਮ ਵਿੱਚ ਹੋਵੇਗਾ। ਭਾਰਤ ਅਤੇ ਪਾਕਿਸਤਾਨ ਦੇ ਨਾਲ-ਨਾਲ ਦੁਨੀਆਂ ਭਰ ਦੇ ਕ੍ਰਿਕਟ ਪ੍ਰਸ਼ੰਸਕ ਇਸ ਮੈਚ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ। ਦੋਵਾਂ ਦੇਸ਼ਾਂ ਵਿਚਕਾਰ ਚੱਲ ਰਹੇ ਤਣਾਅ ਦੇ ਕਾਰਨ, ਭਾਰਤ ਅਤੇ ਪਾਕਿਸਤਾਨ ਵਿਚਕਾਰ ਬਹੁਤੇ ਮੈਚ ਨਹੀ ਹੁੰਦੇ। ਹਾਲਾਂਕਿ, ਦੋਵੇਂ ਟੀਮਾਂ ਆਈਸੀਸੀ ਦੁਆਰਾ ਆਯੋਜਿਤ ਸੀਰੀਜ਼ ਅਤੇ ਏਸ਼ੀਆ ਕੱਪ ਵਰਗੇ ਕੁਝ ਟੂਰਨਾਮੈਂਟਾਂ ਵਿੱਚ ਇੱਕ-ਦੂਜੇ






ਦੇ ਸਾਹਮਣੇ ਆ ਹੀ ਜਾਂਦੀਆਂ ਹਨ। ਭਾਰਤ ਅਤੇ ਪਾਕਿਸਤਾਨ ਨੇ ਸਾਲਾਂ ਤੋਂ ਇੱਕ ਦੂਜੇ ਵਿਰੁੱਧ ਵਿਆਪਕ ਤੌਰ 'ਤੇ ਕ੍ਰਿਕਟ ਖੇਡਿਆ ਹੈ। ਉਨ੍ਹਾਂ ਮੈਚਾਂ ਵਿੱਚ ਦੋਵਾਂ ਟੀਮਾਂ ਦੇ ਇੱਕ ਦੂਜੇ ਦੇ ਵਿਰੁੱਧ ਖੇਡਣ ਦੀਆਂ ਬਹੁਤ ਸਾਰੀਆਂ ਯਾਦਾਂ ਅਤੇ ਕਿੱਸੇ ਹਨ। ਜਦੋਂ ਵੀ ਭਾਰਤ ਅਤੇ ਪਾਕਿਸਤਾਨ ਵਿਚਕਾਰ ਇਸ ਤਰ੍ਹਾਂ ਦਾ ਮੈਚ ਹੁੰਦਾ ਹੈ, ਤਾਂ ਜੰਗ ਵਰਗਾ ਮਾਹੌਲ ਹੁੰਦਾ ਹੈ। ਇਸੇ ਲਈ ਇਨ੍ਹਾਂ ਦੋਵਾਂ ਟੀਮਾਂ ਦੇ ਬਹੁਤ ਸਾਰੇ ਯਾਦਗਾਰੀ ਕਿੱਸੇ ਹਨ। ਇਸ ਰਿਪੋਰਟ ਵਿੱਚ ਅਜਿਹੇ ਹੀ ਕੁੱਝ ਕਿੱਸਿਆਂ ਅਤੇ ਯਾਦਾਂ 'ਤੇ ਝਾਤ ਮਾਰਦੇ ਹਾਂ...

### ਜਦੋਂ ਜ਼ਖਮੀ ਸਚਿਨ ਨੇ ਜਿਤਾਇਆ ਮੈਚ

ਸਚਿਨ ਦੇ ਪਾਕਿਸਤਾਨ ਵਿਰੁੱਧ ਸ਼ੁਰੂਆਤੀ ਦਿਨਾਂ ਬਾਰੇ ਇੱਕ ਮਸ਼ਹੂਰ ਕਿੱਸਾ ਹੈ। ਨਵਜੋਤ ਸਿੰਘ ਸਿੱਧੂ ਅਕਸਰ ਇਹ ਕਿੱਸਾ ਸੁਣਾ ਕੇ ਸਚਿਨ ਦੀ ਪ੍ਰਸ਼ੰਸਾ ਕਰਦੇ ਰਹੇ ਹਨ। ਸਾਲ 1989 ਵਿੱਚ, ਭਾਰਤ-ਪਾਕਿਸਤਾਨ ਸੀਰੀਜ਼ ਦਾ ਚੌਥਾ ਟੈਸਟ ਮੈਚ ਸਿਆਲਕੋਟ ਵਿੱਚ ਖੇਡਿਆ ਜਾ ਰਿਹਾ ਸੀ। ਭਾਰਤੀ ਟੀਮ ਨੇ 5 ਵਿਕਟਾਂ ਛੇਤੀ ਹੀ ਗੁਆ ਦਿੱਤੀਆਂ ਸਨ ਅਤੇ ਟੀਮ ਮੁਸੀਬਤ ਵਿੱਚ ਸੀ। ਉਸ ਸਮੇਂ ਸਚਿਨ ਬੱਲੇਬਾਜ਼ੀ ਕਰਨ ਲਈ ਉੱਤਰੇ। ਇਹ ਸਚਿਨ ਤੇਂਦੁਲਕਰ ਦਾ ਪਹਿਲਾ ਪਾਕਿਸਤਾਨ ਦੌਰਾ ਸੀ। ਉਸ ਦੌਰੇ ਦੌਰਾਨ, ਮਹਿਜ਼ 16 ਸਾਲਾਂ ਦੇ ਸਚਿਨ ਨੇ ਪਾਕਿਸਤਾਨ ਦੇ ਵਕਾਰ ਯੂਨਿਸ, ਵਸੀਮ ਅਕਰਮ, ਇਮਰਾਨ ਖਾਨ ਅਤੇ ਆਕਿਬ ਜਾਵੇਦ ਵਰਗੇ ਤੇਜ਼ ਗੇਂਦਬਾਜ਼ਾਂ ਦਾ ਸਾਹਮਣਾ ਕੀਤਾ। ਜਦੋਂ ਸਚਿਨ ਬੱਲੇਬਾਜ਼ੀ ਕਰਨ ਲਈ ਆਏ, ਤਾਂ ਵਸੀਮ ਅਕਰਮ 150-160 ਦੀ ਬਹੁਤ ਤੇਜ਼ ਰਫ਼ਤਾਰ ਨਾਲ ਗੇਂਦਬਾਜ਼ੀ ਕਰ ਰਹੇ ਸਨ। ਅਜਿਹੇ ਹੀ ਇੱਕ ਬਾਊਂਸਰ ਨੂੰ ਹੁੱਕ ਕਰਨ ਦੀ ਕੋਸ਼ਿਸ਼ ਕਰਦੇ ਹੋਏ, ਗੇਂਦ ਬੱਲੇ 'ਤੇ ਲੱਗ ਕੇ ਸਚਿਨ ਦੇ ਨੱਕ 'ਤੇ ਜਾ ਵੱਜੀ ਅਤੇ ਸਚਿਨ ਡਿੱਗ ਪਏ। ਸਿੱਧੂ ਕਹਿੰਦੇ ਹਨ, "ਉਸ ਸਮੇਂ ਮੇਰੇ ਜ਼ਹਿਨ ਵਿੱਚ ਪਹਿਲਾ ਵਿਚਾਰ ਆਇਆ, ਕੀ ਉਹ ਮਰ ਗਏ ਹਨ?" ਸਚਿਨ ਦੇ ਨੱਕ ਵਿੱਚੋਂ ਖੂਨ ਵਗ ਰਿਹਾ ਸੀ। ਉਨ੍ਹਾਂ ਦੇ ਕੱਪੜੇ ਖੂਨ ਨਾਲ ਲੱਥ-ਪੱਥ ਸਨ ਡਾਕਟਰ ਮਦਦ ਲਈ ਭੱਜੇ, ਉਨ੍ਹਾਂ ਨੇ ਖੂਨ ਪੂੰਝਿਆ ਅਤੇ ਇਲਾਜ ਸ਼ੁਰੂ ਕੀਤਾ। ਸਿੱਧੂ ਨੇ ਸੋਚਿਆ ਕਿ ਹੁਣ ਇੱਕ ਨਵਾਂ ਬੱਲੇਬਾਜ਼ ਆਵੇਗਾ, ਇਸ ਲਈ ਸਿੱਧੂ ਪਵੇਲੀਅਨ ਵੱਲ ਦੇਖ ਰਹੇ ਸਨ, ਜਦੋਂ ਅਚਾਨਕ ਉਨ੍ਹਾਂ ਨੂੰ ਪਿੱਛੇ ਤੋਂ ਇੱਕ ਆਵਾਜ਼ ਸੁਣਾਈ ਦਿੱਤੀ, "ਮੈਂ ਖੇਡਾਂਗਾ.." ਸਚਿਨ ਦੀ ਨਾਜ਼ੁਕ ਆਵਾਜ਼ ਸੁਣ ਕੇ ਸਿੱਧੂ ਸਚਿਨ ਦੇ ਨੇੜੇ ਗਏ ਅਤੇ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ। ਸਿੱਧੂ ਕਹਿੰਦੇ ਹਨ, "ਫਿਰ ਸਚਿਨ ਨੇ ਉਸ ਓਵਰ ਵਿੱਚ ਦੋ ਚੌਕੇ ਮਾਰੇ। ਦਿਨ ਦੇ ਅੰਤ ਵਿੱਚ, ਸਚਿਨ 67 ਦੌੜਾਂ 'ਤੇ ਨਾਬਾਦ ਸਨ ਅਤੇ ਮੈਂ 97 ਦੌੜਾਂ 'ਤੇ ਨਾਬਾਦ ਸੀ। ਉਸ ਦਿਨ ਤੋਂ ਬਾਅਦ ਭਾਰਤ ਨੇ ਇੱਕ ਵੀ ਵਿਕਟ ਨਹੀ ਗੁਆਇਆ, ਅਤੇ ਅਸੀ ਮੈਚ ਬਚਾ ਲਿਆ।" ਸਿੱਧੂ ਕਹਿੰਦੇ ਹਨ ਕਿ ਉੱਥੇ ਹੀ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਸੀ ਕਿ ਸਚਿਨ ਇੱਕ ਮਹਾਨ ਬੱਲੇਬਾਜ਼ ਸਾਬਿਤ ਹੋਣਗੇ। ਇਸ ਸੀਰੀਜ਼ ਵਿੱਚ ਕਾਦਿਰ ਦੀ ਗੇਂਦਬਾਜ਼ੀ 'ਤੇ ਸਚਿਨ ਦੇ ਛੱਕੇ ਮਾਰਨ ਦਾ ਕਿੱਸਾ ਵੀ ਮਸ਼ਹੂਰ ਹੈ। ਦਰਅਸਲ, ਕਾਦਿਰ ਨੇ ਸਚਿਨ ਨੂੰ ਛੱਕਾ ਮਾਰਨ ਦੀ ਚੁਣੌਤੀ ਦਿੱਤੀ ਅਤੇ ਸਚਿਨ ਨੇ ਅਸਲ ਵਿੱਚ ਉਨ੍ਹਾਂ ਦੀ ਗੇਂਦਬਾਜ਼ੀ 'ਤੇ ਲਗਾਤਾਰ ਤਿੰਨ ਛੱਕੇ ਮਾਰੇ।

### ਸਕਲੈਨ ਦੀ ਗਾਂਗੁਲੀ ਬਾਰੇ ਗ਼ਲਤਫ਼ਹਿਮੀ

ਮੈਦਾਨ ਉੱਤੇ ਭਾਵੇਂ ਭਾਰਤੀ ਅਤੇ ਪਾਕਿਸਤਾਨੀ ਕ੍ਰਿਕਟਰਾਂ ਵਿਚਕਾਰ ਦੁਸ਼ਮਣੀ ਸਭ ਨੂੰ ਪਤਾ ਹੈ ਪਰ ਮੈਦਾਨ ਤੋਂ ਬਾਹਰ ਅਕਸਰ ਹੀ ਦੋਵਾਂ ਟੀਮਾਂ ਦੇ ਖਿਡਾਰੀਆਂ ਨੂੰ ਚੰਗੇ ਦੋਸਤਾਂ ਵਜੋਂ ਦੇਖਿਆ ਜਾਂਦਾ ਹੈ। ਪਾਕਿਸਤਾਨ ਦੇ ਮਸ਼ਹੂਰ ਸਪਿਨਰ ਸਕਲੈਨ ਮੁਸ਼ਤਾਕ ਅਤੇ ਸੌਰਵ ਗਾਂਗੁਲੀ ਦਾ ਵੀ ਇੱਕ ਕਿੱਸਾ ਹੈ। ਗਾਂਗੁਲੀ ਨੂੰ ਹਰ

**ਨਿਤਿਨ ਸੁਲਤਾਨ**

ਕੋਈ ਪਿਆਰ ਨਾਲ ਦਾਦਾ ਕਹਿੰਦਾ ਹੈ। ਜਿਸ ਵੇਲੇ ਸਕਲੈਨ ਅਤੇ ਦਾਦਾ ਇਕੱਠੇ ਖੇਡਦੇ ਸਨ ਤਾਂ ਸ਼ੁਰੂਆਤੀ ਸਮੇਂ 'ਚ ਸਕਲੈਨ ਗਾਂਗੁਲੀ ਬਾਰੇ ਸੋਚਦੇ ਸਨ ਕਿ ਜਾਂ ਤਾਂ ਉਹ ਬਹੁਤ ਗੁੱਸੇ ਵਿੱਚ ਰਹਿੰਦਾ ਹੈ ਜਾਂ ਫਿਰ ਬਹੁਤ ਹੀ ਘੱਟ ਗੱਲਬਾਤ ਕਰਦਾ ਹੈ। ਇਸੇ ਕਰਕੇ ਸਕਲੈਨ ਦਾਦਾ ਨਾਲ ਜ਼ਿਆਦਾ ਗੱਲ ਨਹੀ ਨਹੀ ਕਰਦੇ ਸਨ। ਕਈ ਸਾਲਾਂ ਤੱਕ ਇਸੇ ਤਰ੍ਹਾਂ ਚਲਦਾ ਰਿਹਾ। ਬਾਅਦ ਵਿੱਚ, ਸੱਟਾਂ ਕਾਰਨ ਸਕਲੈਨ ਨੇ ਆਪਣੇ ਗੋਡਿਆਂ ਦੀ ਸਰਜਰੀ ਕਰਵਾਈ। ਠੀਕ ਹੋਣ ਤੋਂ ਬਾਅਦ ਉਹ ਕੁਝ ਸਮੇਂ ਲਈ ਸਸੇਕਸ ਕਾਉਂਟੀ ਲਈ ਕ੍ਰਿਕਟ ਖੇਡ ਰਹੇ ਸਨ। ਉਸ ਸਮੇਂ, ਉਹ ਭਾਰਤੀ ਟੀਮ ਵਿਰੁੱਧ ਅਭਿਆਸ ਮੈਚ ਖੇਡਣ ਜਾ ਰਹੇ ਸਨ। ਉਸ ਸਮੇਂ, ਸੌਰਵ ਗਾਂਗੁਲੀ ਖੁਦ ਸਕਲੈਨ ਲਈ ਕੌਫੀ ਲੈ ਕੇ ਆਏ ਅਤੇ ਲਗਭਗ ਅੱਧੇ ਘੰਟੇ ਤੱਕ ਉਨ੍ਹਾਂ ਤੋਂ ਸੱਟ ਬਾਰੇ ਗੱਲਬਾਤ ਕੀਤੀ। ਉਸ ਤੋਂ ਬਾਅਦ, ਸਕਲੈਨ ਨੂੰ ਬੁਰਾ ਲੱਗਿਆ ਕਿ ਉਨ੍ਹਾਂ ਨੇ ਦਾਦਾ ਬਾਰੇ ਗਲਤ ਸੋਚਿਆ ਸੀ। ਕੁਝ ਹਫ਼ਤਿਆਂ ਬਾਅਦ, ਇੱਕ ਸਮਾਗਮ ਵਿੱਚ ਸਕਲੈਨ ਸੌਰਵ ਗਾਂਗੁਲੀ ਨੂੰ ਮਿਲੇ ਅਤੇ ਸਾਰੀ ਗੱਲ ਦੱਸਦੇ ਹੋਏ ਇਸ ਤਰ੍ਹਾਂ ਸੋਚਣ ਲਈ ਮੁਆਫੀ ਮੰਗੀ।

### ਜਦੋਂ ਸ਼ੋਏਬ ਅਖ਼ਤਰ ਨੇ ਮੰਗੀ ਮੁਆਫ਼ੀ

ਸਹਿਵਾਗ ਅਕਸਰ ਸ਼ੋਏਬ ਅਖ਼ਤਰ ਬਾਰੇ ਇੱਕ ਕਿੱਸਾ ਸੁਣਾਉਂਦੇ ਰਹਿੰਦੇ ਹਨ। ਇੱਕ ਵਾਰ, ਭਾਰਤ-ਪਾਕਿਸਤਾਨ ਟੀਮਾਂ ਲਈ ਲਖਨਊ ਵਿੱਚ ਇੱਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਸੀ। ਉਸ ਸਮੇਂ ਸ਼ੋਏਬ ਅਖ਼ਤਰ ਵੀ ਉੱਥੇ ਸਨ। ਸਹਿਵਾਗ ਦੱਸਦੇ ਹਨ ਕਿ ਸ਼ੋਏਬ ਨੇ ਪ੍ਰੋਗਰਾਮ ਵਿੱਚ ਥੋੜ੍ਹਾ ਜ਼ਿਆਦਾ ਸ਼ਰਾਬ ਪੀਤੀ ਹੋਵੇਗੀ। ਇਸ ਕਾਰਨ, ਸ਼ੋਏਬ ਨੇ ਮਜ਼ਾਕ ਵਿੱਚ ਸਚਿਨ ਤੇਂਦੁਲਕਰ ਨੂੰ ਆਪਣੇ ਮੋਢਿਆਂ 'ਤੇ ਚੁੱਕਣ ਦੀ ਕੋਸ਼ਿਸ਼ ਕੀਤੀ ਪਰ ਉਹ ਸਚਿਨ ਨੂੰ ਆਸਾਨੀ ਨਾਲ ਨਹੀ ਚੁੱਕ ਸਕੇ। ਉਸੇ ਸਮੇਂ, ਉਨ੍ਹਾਂ ਨੂੰ ਚੁੱਕਣ ਦੀ ਕੋਸ਼ਿਸ਼ ਕਰਦੇ ਹੋਏ ਸਚਿਨ ਅਤੇ ਸ਼ੋਏਬ ਦੋਵੇ ਹੇਠਾਂ ਡਿੱਗ ਪਏ। ਸਚਿਨ ਨੂੰ ਜ਼ਿਆਦਾ ਸੱਟ ਨਹੀ ਲੱਗੀ। ਹਾਲਾਂਕਿ, ਸਹਿਵਾਗ ਨੇ ਸੱਚਮੁੱਚ ਸ਼ੋਏਬ ਨੂੰ ਡਰਾ ਦਿੱਤਾ ਸੀ



ਕਿ ਸਚਿਨ ਨੂੰ ਕਾਫੀ ਸੱਟ ਲੱਗੀ ਹੈ। ਸਹਿਵਾਗ ਨੇ ਸ਼ੋਏਬ ਨੂੰ ਕਿਹਾ, "ਤੁਸੀ ਭਾਰਤ ਦੇ ਸਭ ਤੋਂ ਮਹਾਨ ਕ੍ਰਿਕਟਰ ਨੂੰ ਹੇਠਾਂ ਸੁੱਟ ਦਿੱਤਾ। ਹੁਣ ਸਚਿਨ ਬੀਸੀਸੀਆਈ ਨੂੰ ਦੱਸਣਗੇ ਅਤੇ ਬੀਸੀਸੀਆਈ ਪੀਸੀਬੀ ਨੂੰ ਸ਼ਿਕਾਇਤ ਕਰੇਗਾ, ਜਿਸਦਾ ਮਤਲਬ ਹੈ ਕਿ ਤੁਹਾਡਾ ਕਰੀਅਰ ਖ਼ਤਮ ਹੈ।" ਇਹ ਸਭ ਜਾਣ ਕੇ ਸ਼ੋਏਬ ਅਖ਼ਤਰ ਬਹੁਤ ਡਰ ਗਏ ਸਨ। ਉਹ ਸਚਿਨ ਨੂੰ ਮਿਲਣ ਗਏ ਅਤੇ ਮੁਆਫੀ ਮੰਗੀ ਅਤੇ ਉਨ੍ਹਾਂ ਨੂੰ ਸ਼ਿਕਾਇਤ ਨਾ ਕਰਨ ਲਈ ਕਿਹਾ। ਪਰ ਬਾਅਦ ਵਿੱਚ ਉਨ੍ਹਾਂ ਨੂੰ ਪਤਾ ਲੱਗਿਆ ਕਿ ਇਹ ਸਭ ਤਾਂ ਸਹਿਵਾਗ ਨੇ ਮਜ਼ਾਕ ਕੀਤਾ ਸੀ।

### ਯੂਨਿਸ ਨੇ ਦ੍ਰਾਵਿੜ ਤੋਂ ਸਿੱਖੇ ਬੱਲੇਬਾਜ਼ੀ ਦੇ ਗੁਰ

2004 ਵਿੱਚ, ਚੈਂਪੀਅਨਜ਼ ਟ੍ਰਾਫ਼ੀ ਇੰਗਲੈਂਡ ਵਿੱਚ ਹੋ ਰਹੀ ਸੀ। ਉਸ ਸਮੇਂ, ਪਾਕਿਸਤਾਨੀ ਬੱਲੇਬਾਜ਼ ਯੂਨਿਸ ਖਾਨ ਬੱਲੇਬਾਜ਼ੀ ਸੰਬੰਧੀ ਕੁਝ ਸੁਝਾਅ ਜਾਂ ਸਲਾਹ ਮੰਗਣ ਲਈ ਰਾਹੁਲ ਦ੍ਰਾਵਿੜ ਕੋਲ ਗਏ। ਰਾਹੁਲ ਦ੍ਰਾਵਿੜ ਉਸ ਸਮੇਂ ਯੂਨਿਸ ਖਾਨ ਦੇ ਮੁਕਾਬਲੇ ਸੀਨੀਅਰ ਕ੍ਰਿਕਟਰ ਸਨ। ਇਸ ਤੋਂ ਇਲਾਵਾ, ਯੂਨਿਸ ਪਾਕਿਸਤਾਨ ਟੀਮ ਵਿੱਚ ਸੀ। ਫਿਰ ਵੀ, ਇਸ ਬਾਰੇ ਸੋਚੇ ਬਿਨਾਂ, ਰਾਹੁਲ ਦ੍ਰਾਵਿੜ ਖੁਦ ਯੂਨਿਸ ਖਾਨ ਕੋਲ ਉਨ੍ਹਾਂ ਦੀ ਮਦਦ ਕਰਨ ਲਈ ਗਏ। ਰਾਹੁਲ ਦ੍ਰਾਵਿੜ ਨੇ ਉਸ ਸਮੇ ਯੂਨਿਸ ਨੂੰ ਬੱਲੇਬਾਜ਼ੀ ਬਾਰੇ ਕੁਝ ਸੁਝਾਅ ਦਿੱਤੇ। ਯੂਨਸ ਖਾਨ ਨੇ ਖੁਦ ਇੱਕ ਪ੍ਰੋਗਰਾਮ ਵਿੱਚ ਕਿਹਾ ਸੀ ਕਿ ਉਨ੍ਹਾਂ ਸੁਝਾਵਾਂ ਨੂੰ ਧਿਆਨ ਵਿੱਚ ਰੱਖ ਕੇ ਭਵਿੱਖ ਵਿੱਚ ਉਨ੍ਹਾਂ ਦੀ ਬੱਲੇਬਾਜ਼ੀ ਵਿੱਚ ਬਹੁਤ ਸੁਧਾਰ ਹੋਇਆ ਹੈ।

### ਮੀਆਂਦਾਦ ਦੀ ਹਾਸੋਹੀਣੀ ਸਲੈਜਿੰਗ

ਸੁਨੀਲ ਗਾਵਸਕਰ ਅਕਸਰ ਪਾਕਿਸਤਾਨੀ ਕ੍ਰਿਕਟਰ ਜਾਵੇਦ ਮੀਆਂਦਾਦ ਬਾਰੇ ਇੱਕ ਮਜ਼ਾਕੀਆ ਕਿੱਸਾ ਸੁਣਾਉਂਦੇ ਹਨ।

ਬੈਂਗਲੁਰੂ ਵਿੱਚ ਇੱਕ ਮੈਚ ਦੌਰਾਨ, ਜਾਵੇਦ ਮੀਆਂਦਾਦ ਇੱਕ ਭਾਰਤੀ ਸਪਿਨਰ ਵਿਰੁੱਧ ਬੱਲੇਬਾਜ਼ੀ ਕਰ ਰਹੇ ਸਨ। ਜਾਵੇਦ ਮੀਆਂਦਾਦ ਦੀ ਯੋਜਨਾ ਗੇਂਦਬਾਜ਼ ਨੂੰ ਪਰੇਸ਼ਾਨ ਕਰਕੇ ਉਸਦਾ ਧਿਆਨ ਭਟਕਾਉਣਾ ਸੀ। ਅਜਿਹੇ ਹੀ ਇੱਕ ਮੈਚ ਵਿੱਚ, ਜਦੋ ਗੇਂਦਬਾਜ਼ ਗੇਂਦ ਸੁੱਟਦਾ ਸੀ ਤਾਂ ਮੀਆਂਦਾਦ ਅੱਗੇ ਆ ਕੇ ਗੇਂਦਬਾਜ਼ ਨੂੰ ਪੁੱਛਦੇ ਸਨ, "ਤੁਹਾਡਾ ਕਮਰਾ ਨੰਬਰ ਕੀ ਹੈ?" ਉਨ੍ਹਾਂ ਦਾ ਮਕਸਦ ਬੱਸ ਗੇਂਦਬਾਜ਼ ਨੂੰ ਪਰੇਸ਼ਾਨ ਕਰਨਾ ਸੀ। ਅਜਿਹਾ ਵਾਰ-ਵਾਰ ਹੋ ਰਿਹਾ ਸੀ। ਮਿਆਂਦਾਦ ਗੇਂਦਬਾਜ਼ ਨੂੰ ਵਾਰ-ਵਾਰ ਉਨ੍ਹਾਂ ਦਾ ਕਮਰਾ ਨੰਬਰ ਪੁੱਛ ਰਹੇ ਸਨ ਅਤੇ ਆਖਿਰ ਗੇਂਦਬਾਜ਼ ਨੂੰ ਤੰਗ ਆ ਕੇ ਗੁੱਸੇ ਵਿੱਚ ਪੁੱਛ ਹੀ ਲਿਆ ਕਿ ਰਿਹਾ ਕਿ "ਤੁਹਾਨੂੰ ਕਮਰਾ ਨੰਬਰ ਕਿਉਂ ਚਾਹੀਦਾ ਹੈ?"

ਮਿਆਂਦਾਦ ਨੇ ਉਨ੍ਹਾਂ ਨੂੰ ਇਹ ਕਹਿ ਕੇ ਛੇੜਨ ਦੀ ਕੋਸ਼ਿਸ਼ ਕੀਤੀ, "ਮੈਂ ਤੁਹਾਡੇ ਕਮਰੇ ਵਿੱਚ ਛੱਕਾ ਮਾਰਨਾ ਚਾਹੁੰਦਾ ਹਾਂ।" ਸੁਨੀਲ ਗਾਵਸਕਰ ਨੇ ਕਿਹਾ ਹੈ ਕਿ ਮਿਆਂਦਾਦ ਹਮੇਸ਼ਾ ਉਨ੍ਹਾਂ ਨੂੰ ਇਸ ਤਰ੍ਹਾਂ ਪਰੇਸ਼ਾਨ ਕਰਦੇ ਸਨ।

### "ਬਾਪ ਬਾਪ ਹੋਤਾ ਹੈ...„

ਭਾਰਤ ਅਤੇ ਪਾਕਿਸਤਾਨ ਕ੍ਰਿਕਟ ਮੈਚਾਂ ਵਿੱਚ ਸਲੈਜਿੰਗ (ਅਪਸ਼ਬਦਾਂ ਦਾ ਇਸਤੇਮਾਲ) ਇੱਕ ਅਨਿੱਖੜਵਾਂ ਅੰਗ ਹੈ। ਅਜਿਹੇ ਹੀ ਇੱਕ ਮੈਚ ਵਿੱਚ, ਜਦੋਂ ਸਹਿਵਾਗ ਬੱਲੇਬਾਜ਼ੀ ਕਰ ਰਹੇ ਸਨ ਤਾਂ ਸ਼ੋਏਬ ਅਖਤਰ ਉਸਨੂੰ ਸਲੇਜ ਕਰ ਰਹੇ ਸਨ। 2003 ਦੇ ਵਿਸ਼ਵ ਕੱਪ ਦੌਰਾਨ, ਸ਼ੋਏਬ ਅਖਤਰ ਸਹਿਵਾਗ ਨੂੰ ਬਾਊਂਸਰ ਗੇਂਦ ਸੁੱਟ ਰਹੇ ਸਨ ਅਤੇ ਉਨ੍ਹਾਂ ਨੂੰ ਇਸ ਤਰ੍ਹਾਂ ਹੁੱਕ ਮਾਰਨ ਲਈ ਛੇੜ ਰਹੇ ਸਨ। ਕੁਝ ਸਮੇਂ ਬਾਅਦ, ਸਹਿਵਾਗ ਤੰਗ ਆ ਗਏ ਅਤੇ ਕਿਹਾ, "ਅਜਿਹੀ ਗੇਂਦ ਉਨ੍ਹਾਂ (ਸਹਿਵਾਗ) ਦੇ ਸਾਹਮਣੇ ਖੜ੍ਹੇ ਵਿਅਕਤੀ ਨੂੰ ਸੁੱਟ ਅਤੇ ਉਹ ਇਸ ਗੇਂਦ 'ਤੇ ਹਿੱਟ ਮਾਰੇਗਾ।" ਸਹਿਵਾਗ ਦੇ ਸਾਹਮਣੇ ਉਸ ਵੇਲੇ ਸਚਿਨ ਖੜ੍ਹੇ ਸਨ। ਅਗਲੇ ਹੀ ਓਵਰ ਵਿੱਚ, ਜਦੋਂ ਸ਼ੋਏਬ ਨੇ ਸਚਿਨ ਨੂੰ ਬਾਊਂਸਰ ਸੁੱਟਿਆ ਤਾਂ ਸਚਿਨ ਨੇ ਉਸ 'ਤੇ ਛੱਕਾ ਮਾਰਿਆ। ਫਿਰ ਸਹਿਵਾਗ ਨੇ ਸ਼ੋਏਬ ਨੂੰ ਇਹ ਕਹਿੰਦੇ ਹੋਏ ਛੇੜਿਆ ਕਿ 'ਬਾਪ, ਬਾਪ ਹੋਤਾ ਹੈ'। ਸਹਿਵਾਗ ਨੇ ਇਹ ਕਿੱਸਾ ਕਈ ਵਾਰ ਸੁਣਾਇਆ ਹੈ ਪਰ ਸ਼ੋਏਬ ਨੇ ਹਮੇਸ਼ਾ ਇਸ ਗੱਲ ਤੋਂ ਮਨ੍ਹਾ ਕਰਦੇ ਰਹੇ ਹਨ ਕਿ ਸਹਿਵਾਗ ਨੇ ਉਨ੍ਹਾਂ ਨੂੰ ਅਜਿਹਾ ਕੁਝ ਕਿਹਾ ਸੀ। ਸ਼ੋਏਬ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਜੇ ਅਜਿਹਾ ਹੁੰਦਾ, ਤਾਂ ਉਹ ਚੁੱਪ ਨਾ ਰਹਿੰਦੇ। (ਇਹ ਸਾਰੀਆਂ ਕਹਾਣੀਆਂ ਸਬੰਧਤ ਕ੍ਰਿਕਟਰਾਂ ਦੁਆਰਾ ਵੱਖ-ਵੱਖ ਪ੍ਰੋਗਰਾਮਾਂ ਅਤੇ ਇੰਟਰਵਿਊਆਂ ਵਿੱਚ ਦੱਸੀਆਂ ਗਈਆਂ ਹਨ।)

## ਪਹਿਲਾਂ ਖ਼ਤਰਨਾਕ 'ਗੈਂਗਸਟਰ', ਫੇਰ 'ਨਸ਼ੇੜੀ' ਅਤੇ ਹੁਣ ਮੈਰਾਥਨ ਦੌੜਾਕ ਕਿਵੇਂ ਬਣਿਆ ਰਾਹੁਲ ਜਾਧਵ

"ਮੇਰਾ ਨਾਮ ਰਾਹੁਲ ਜਾਧਵ ਹੈ। ਮੈਂ ਇੱਕ ਗੈਂਗਸਟਰ ਸੀ। ਮੈਂ ਇੱਕ ਨਸ਼ੇੜੀ ਸੀ।" ਰਾਹੁਲ ਜਾਧਵ ਨੇ ਆਪਣੇ ਬਾਰੇ ਦੱਸਦਿਆਂ ਇਹ ਤਿੰਨ ਵਾਕ ਇੱਕੋ ਲੈਅ ਵਿੱਚ ਕਹਿ ਦਿੱਤੇ। ਰਾਹੁਲ ਨੂੰ ਦੇਖ ਕੇ ਇਨ੍ਹਾਂ ਗੱਲਾਂ ਉੱਤੇ ਯਕੀਨ ਨਹੀ ਹੁੰਦਾ। ਲੇਕਿਨ ਉਨ੍ਹਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਤੁਹਾਨੂੰ ਭਰੋਸਾ ਹੋ ਜਾਂਦਾ ਹੈ ਕਿ ਸਖ਼ਤ ਮਿਹਨਤ ਦੇ ਸਦਕਾ ਰਾਹੁਲ ਨੇ ਆਪਣੇ-ਆਪ ਨੂੰ ਅਪਰਾਧ ਦੀ ਦੁਨੀਆਂ ਅਤੇ ਨਸ਼ੇ ਦੀ ਦਲਦਲ ਵਿੱਚੋਂ ਕੱਢਿਆ ਹੈ। ਕਦੇ ਮਲੇਸ਼ੀਆ ਦੇ ਇੱਕ ਡੌਨ ਲਈ ਕੰਮ ਕਰ ਚੁੱਕੇ ਰਾਹੁਲ ਹੁਣ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰ ਰਹੇ ਹਨ। ਆਓ ਉਨ੍ਹਾਂ ਦੇ ਸਫ਼ਰ ਬਾਰੇ ਜਾਣਦੇ ਹਾਂ ਉਨ੍ਹਾਂ ਦੇ ਦਿਨ ਦੀ ਸ਼ੁਰੂਆਤ ਨਸ਼ਾ-ਛੁਡਾਊ ਕੇਂਦਰ ਵਿੱਚ ਆਪਣੇ ਸਾਹਮਣੇ ਬੈਠੇ ਮਰੀਜ਼ਾਂ ਨੂੰ ਆਪਣੀ ਕਹਾਣੀ ਸੁਣਾਉਣ ਨਾਲ ਹੁੰਦੀ ਹੈ, ਜਿੱਥੇ ਕਾਊਂਸਲਰ ਹਨ।

ਰਾਹੁਲ ਦਾ ਜਨਮ ਮਹਾਰਾਸ਼ਟਰ ਦੇ ਡੋਂਬਿਵਲੀ ਵਿੱਚ ਹੋਇਆ। ਉਨ੍ਹਾਂ ਦਾ ਪਰਿਵਾਰ ਪਿਤਾ ਦੀ ਆਮਦਨ ਨਾਲ ਚਲਦਾ ਸੀ। ਰਾਹੁਲ ਉੱਚੀਆਂ ਇਮਾਰਤਾਂ ਅਤੇ ਆਪਣੇ ਦੋਸਤਾਂ ਦੇ ਰਹਿਣ-ਸਹਿਣ ਤੋਂ ਹੈਰਾਨ ਹੁੰਦੇ ਸਨ। ਉਨ੍ਹਾਂ ਦਾ ਸੁਫ਼ਨਾ ਆਦਰ ਅਤੇ ਪਛਾਣ ਹਾਸਲ ਕਰਨਾ ਸੀ। ਇਸ ਲਈ ਉਨ੍ਹਾਂ ਨੇ ਪੜ੍ਹਾਈ ਅਤੇ ਖੇਡਾਂ ਤੋਂ ਲੈ ਕੇ ਅਦਾਕਾਰੀ ਤੱਕ ਕਈ ਪਾਪੜ ਵੇਲੇ। ਫਿਰ ਨੂੰ ਲੱਗਿਆ ਕਿ ਇਨ੍ਹਾਂ ਵਿੱਚ ਉਹ ਚੰਗਾ ਨਹੀ ਕਰ ਸਕਦੇ। ਇਸ ਸੋਚ ਤੋਂ ਪਹਿਲਾਂ ਰਾਹੁਲ ਪੜ੍ਹਾਈ ਵਿੱਚ ਬਹੁਤ ਚੰਗੇ ਸਨ। ਲੇਕਿਨ ਹੁਣ ਉਹ ਉਨ੍ਹਾਂ ਬੱਚਿਆਂ ਦੇ ਨਾਲ ਰਹਿਣ ਲੱਗੇ ਜੋ ਪੜ੍ਹਾਈ ਦੀ ਪ੍ਰਵਾਹ ਨਹੀ ਕਰਦੇ ਸਨ। ਲੇਕਿਨ ਜੀਵਨ ਵਿੱਚ ਮਹਾਨ ਬਣਨ ਦੀ ਤਾਂਘ ਲਗਾਤਾਰ ਪ੍ਰਬਲ ਹੁੰਦੀ ਗਈ। ਉਸ ਮਾਹੌਲ ਵਿੱਚ ਕੋਈ ਵੀ ਇੱਜ਼ਤ ਦੀ ਉਮੀਦ ਨਹੀ ਕਰ ਸਕਦਾ। ਇੱਜ਼ਤ ਦੀ ਭਾਲ ਵਿੱਚ ਉਨ੍ਹਾਂ ਦੀ ਜ਼ਿੰਦਗੀ ਨੇ ਇੱਕ ਗ਼ਲਤ ਮੋੜ ਲੈ ਲਿਆ।

### ਅਪਰਾਧ ਦੀ ਦੁਨੀਆਂ ਵਿੱਚ ਪੈਰ ਰੱਖਣਾ

ਮੇਰਾ ਇੱਕ ਹੋਰ ਦੋਸਤ ਸੀ ਜੋ ਮੈਥੋਂ ਵੱਡਾ ਸੀ। ਉਹ ਕਿਸੇ ਫਾਰਮਾਸਿਊਟੀਕਲ ਕੰਪਨੀ ਲਈ ਕੰਮ ਕਰਦਾ ਸੀ ਅਤੇ ਇੱਕ ਫਲੈਟ ਵਿੱਚ ਰਹਿੰਦਾ ਸੀ। "ਉਹ ਟਾਈ ਲਾਉਂਦਾ ਸੀ। ਸ਼ਾਦੀ-ਸ਼ੁਦਾ ਸੀ। ਉਸਦੇ ਮੂੰਹ ਤੋਂ ਅਸੀ ਕਦੇ ਗਾਲ੍ਹ ਨਹੀ ਸੁਣੀ ਸੀ। ਇੱਕ ਦਿਨ ਉਸ ਨੂੰ ਮੁੰਬਈ ਦੀ



ਕ੍ਰਾਈਮ ਬ੍ਰਾਂਚ ਫੜ ਕੇ ਲੈ ਗਈ।" ਰਾਹੁਲ ਨੂੰ ਅਖ਼ਬਾਰ ਪੜ੍ਹ ਕੇ ਪਤਾ ਲੱਗਿਆ ਕਿ ਉਸਦੇ ਕਈ ਗੰਭੀਰ ਅਪਰਾਧ ਸਨ। ਰਾਹੁਲ ਨੇ ਆਪਣੇ ਦੋਸਤ ਦੀ ਮਦਦ ਕਰਨ ਬਾਰੇ ਸੋਚਿਆ। ਉਸਦੀ ਪਤਨੀ ਤੋਂ ਪੁੱਛ ਕੇ ਉਹ ਅਦਾਲਤ ਵਿੱਚ ਉਸ ਨੂੰ ਮਿਲਣ ਪਹੁੰਚ ਗਏ। ਦੋਸਤ ਨੇ ਇੱਕ ਨੰਬਰ ਦਿੱਤਾ ਅਤੇ ਕਿਹਾ, "ਸੇਠ ਨੂੰ ਫੋਨ ਕਰ ਅਤੇ ਪੈਸੇ ਲਈ ਕਹਿ।" "ਇਹ ਨੰਬਰ ਮੁੰਬਈ ਤੋਂ ਮਲੇਸ਼ੀਆ ਗਏ ਇੱਕ ਡੌਨ ਦਾ ਸੀ। ਡੌਨ ਨੇ ਮੇਰੇ ਨਾਲ ਬਹੁਤ ਸਤਿਕਾਰ ਨਾਲ ਗੱਲ ਕੀਤੀ ਅਤੇ ਮੁੰਬਈ ਵਿੱਚ ਜੋ ਕੁਝ ਵੀ ਹੋਇਆ ਉਸਦੀ ਜ਼ਿੰਮੇਵਾਰੀ ਲੈਂਦਿਆਂ ਕਿਹਾ ਕਿ ਉਸ ਨੂੰ ਇਸਦੀ ਉਮੀਦ ਨਹੀ ਸੀ। ਮੈਨੂੰ ਕੋਈ ਨਹੀ ਪਛਾਣਦਾ ਸੀ ਪਰ ਜਦੋਂ ਇੰਨੇ ਵੱਡੇ ਬੰਦੇ ਨੇ ਮੇਰੇ ਨਾਲ ਗੱਲ ਕੀਤੀ ਤਾਂ ਮੈਂ ਛੋਟਾ-ਆਦਮੀ ਹਵਾ ਵਿੱਚ ਉੱਡਣ ਲੱਗ ਪਿਆ। ਕੁਝ ਸਮੇਂ ਬਾਅਦ ਉਸ ਨੇ 20-25 ਲੱਖ ਰੁਪਏ ਹਵਾਲੇ ਜ਼ਰੀਏ ਭੇਜੇ।" ਜੇਲ੍ਹ ਤੋਂ ਰਿਹਾ ਹੋ ਕੇ ਉਸ ਦੋਸਤ ਨੇ ਰਾਹੁਲ ਦੀ ਮਦਦ ਬਦਲੇ ਕੁਝ ਪੈਸੇ ਦੇਣ ਦੀ ਪੇਸ਼ਕਸ਼ ਕੀਤੀ। ਰਾਹੁਲ ਲਈ ਇਹ ਅਚੰਭੇ ਵਾਲੀ ਗੱਲ ਸੀ ਜੋ ਆਮਦਨੀ ਦਾ ਇੱਕ ਜ਼ਰੀਆ ਤਲਾਸ਼ ਰਹੇ ਸਨ। ਉਨ੍ਹਾਂ ਨੂੰ ਲੱਗਿਆ ਕਿ ਇਸ ਤਰ੍ਹਾਂ ਪੈਸੇ ਕਮਾਏ ਜਾ ਸਕਦੇ ਹਨ। ਉਹ ਦੱਸਦੇ ਹਨ, "ਮੈਨੂੰ ਲੱਗਿਆ ਕਿ ਹੁਣ ਮੈਂ ਉਸ ਡੌਨ ਨੂੰ ਜਾਣਦਾ ਸੀ। ਮੈਨੂੰ ਇਹ ਕੰਮ ਕਰਨ ਦੇ ਪੈਸੇ ਵੀ ਮਿਲ ਰਹੇ ਸਨ। ਇਸ ਲਈ ਅਜਿਹਾ ਕਰਨ ਵਿੱਚ ਬੁਰਾ ਹੀ ਕੀ ਸੀ। ਬੇਸ਼ੱਕ ਡਰ ਕਾਰਨ ਹੀ ਸਹੀ ਪਰ ਲੋਕ ਇੱਜ਼ਤ ਕਰਦੇ ਸਨ। ਮੈਨੂੰ ਇੱਜ਼ਤ ਚਾਹੀਦੀ ਸੀ ਸੋ ਮੈਂ ਇਹ ਰਸਤਾ ਚੁਣ ਲਿਆ।" ਰਾਹੁਲ ਨੇ ਹਵਾਲਾ, ਫਿਰੌਤੀ ਅਤੇ ਹਥਿਆਰਾਂ ਦੀ ਵੇਚ-ਖ਼ਰੀਦ, ਵਰਗੇ ਕੰਮ ਸ਼ੁਰੂ ਕਰ ਦਿੱਤੇ। ਕੁਝ ਸਮੇਂ ਬਾਅਦ ਜਿਸ ਗੈਂਗ ਲਈ ਉਹ ਕੰਮ ਕਰ ਰਹੇ ਸਨ ਟੁੱਟ ਗਿਆ ਅਤੇ ਹੁਣ ਉਨ੍ਹਾਂ ਦੇ ਕੰਮ ਵਿੱਚ ਇੱਕ ਨਵਾਂ ਮੋੜ ਆ ਗਿਆ। ਪੁਲਿਸ ਨਵੇਂ ਗੈਂਗ ਨਾਲ ਜੁੜੇ ਲੋਕਾਂ ਨੂੰ ਗ੍ਰਿਫ਼ਤਾਰ ਕਰ ਰਹੀ ਸੀ। ਇਸ ਤੋਂ ਵਧਕੇ ਨਵੇਂ ਨੌਸਿਖੀਏ ਮੁੰਡਿਆਂ ਨੂੰ ਕੰਮ ਕਰਨਾ ਨਹੀ ਆ ਰਿਹਾ ਸੀ। ਰਾਹੁਲ ਨੇ ਕੰਮ ਬਾਹਰੋਂ ਕਰਵਾਉਣਾ ਸ਼ੁਰੂ ਕਰ ਦਿੱਤਾ। ਰਾਹੁਲ ਦੱਸਦੇ ਹਨ ਕਿ ਮੁੰਬਈ ਵਿੱਚ ਸ਼ੂਟਰਾਂ ਦੀ ਕਮੀ ਹੋਣ ਕਾਰਨ ਬਾਹਰੋਂ ਵੀ ਮੰਗਉਣੇ ਪੈ ਰਹੇ ਸਨ। ਹੁਣ




ਰਾਹੁਲ ਨੂੰ ਖੁਦ ਅੱਗੇ ਆ ਕੇ ਕੰਮ ਕਰਨਾ ਪੈ ਰਿਹਾ ਸੀ। ਜਿਸ ਕਾਰਨ ਉਨ੍ਹਾਂ ਦਾ ਤਣਾਅ ਤੇ ਡਰ ਦੋਵੇਂ ਵਧੇ। ਇਸ ਲਈ ਉਨ੍ਹਾਂ ਨੇ ਨਸ਼ੇ ਦੀ ਮਦਦ ਲਈ ਪਰ ਫਿਰ ਨਸ਼ੇ ਦੀ ਲਤ ਦਿਨ-ਬ-ਦਿਨ ਵਧਣ ਲੱਗ ਪਈ।

**ਪ੍ਰਾਚੀ ਕੁਲਕਰਨੀ**

"ਮੈਂ ਕਦੇ-ਕਦਾਈ ਤੋਂ ਲਗਾਤਾਰ ਪੀਣ ਲੱਗ ਪਿਆ ਕਿਉਂਕਿ ਹਮੇਸ਼ਾ ਡਰ ਰਹਿੰਦਾ ਸੀ ਕਿ ਪੁਲਿਸ ਨਹੀ ਤਾਂ ਵਿਰੋਧੀ ਗੈਂਗ ਵਾਲੇ ਮੈਨੂੰ ਮਾਰ ਦੇਣਗੇ। ਇਹ ਇੱਕ ਅਸੁਰੱਖਿਅਤ ਜ਼ਿੰਦਗੀ ਸੀ। ਫਿਰ ਮੈਂ ਅੰਗਰੇਜ਼ੀ ਦਾਰੂ ਛੱਡ ਕੇ ਦੇਸੀ ਪੀਣ ਲੱਗਿਆ ਅਤੇ ਜਦੋਂ ਦੇਸੀ ਚੜ੍ਹਨੋਂ ਹਟ ਗਈ ਤਾਂ ਮੈਂ ਹੋਰ ਨਸ਼ੇ ਕਰਨੇ ਸ਼ੁਰੂ ਕਰ ਦਿੱਤੇ।"

### ਬੁਰੀ ਤਰ੍ਹਾਂ ਨਸ਼ੇ ਦੀ ਲਤ ਵਿੱਚ

ਫਿਰ ਰਾਹੁਲ ਨੇ ਇੱਕ ਤੋਂ ਬਾਅਦ ਇੱਕ ਨਸ਼ਾ ਅਜ਼ਮਾ ਕੇ ਦੇਖਿਆ ਲੇਕਿਨ ਕੁਝ ਸਮੇਂ ਬਾਅਦ ਉਹ ਬੇਅਸਰ ਹੋ ਜਾਂਦੇ ਸਨ। ਉਨ੍ਹਾਂ ਨੂੰ ਖਾਣਾ ਹਜ਼ਮ ਹੋਣਾ ਬੰਦ ਹੋ ਗਿਆ ਅਤੇ ਸਿਹਤ ਕਮਜ਼ੋਰ ਹੋਣ ਲੱਗ ਪਈ। ਰਾਹੁਲ ਦਾ ਭਾਰ ਘਟ ਕੇ ਮਸਾਂ 40-42 ਕਿੱਲੋ ਰਹਿ ਗਿਆ। ਉਹ ਦੱਸਦੇ ਹਨ, "ਕਮਜ਼ੋਰੀ ਕਾਰਨ ਮੈਥੋਂ ਕੰਮ ਨਾ ਹੁੰਦਾ, ਸਿੱਟੇ ਵਜੋਂ ਮੈਂ ਚਿੜਚਿੜਾ ਹੋ ਗਿਆ।ਫਿਰ ਹੋਰ ਜਣਿਆਂ ਨੇ ਮੇਰੇ ਨਾਲ ਪੀਣੀ ਬੰਦ ਕਰ ਦਿੱਤੀ ਤਾਂ ਮੈਨੂੰ ਇਕਲਾਪਾ ਲੱਗਣ ਲੱਗ ਪਿਆ। ਕਦੇ-ਕਦੇ ਮੈਂ ਗ਼ਲਤੀਆਂ ਵੀ ਕਰ ਦਿੰਦਾ।" ਰਾਹੁਲ ਦੇ ਦੋਸਤ ਤਾਂ ਦੋਸਤ ਜਿਸ ਲਈ ਉਹ ਇਨੇਂ ਸਾਲਾਂ ਤੋਂ ਕੰਮ ਕਰ ਰਹੇ ਸਨ, ਉਸ ਡੌਨ ਨੇ ਵੀ ਭਰੋਸਾ ਕਰਨਾ ਬੰਦ ਕਰ ਦਿੱਤਾ। ਫਰਵਰੀ 2007 ਨੂੰ ਮੁੰਬਈ ਦੀ ਕ੍ਰਾਈਮ ਬ੍ਰਾਂਚ ਨੇ ਰਾਹੁਲ ਨੂੰ ਗ੍ਰਿਫ਼ਤਾਰ ਕਰ ਲਿਆ। ਉਹ ਉਦੋਂ ਵੀ ਨਸ਼ੇ ਵਿੱਚ ਧੁੱਤ ਸੀ। "ਉਸ ਸਮੇਂ ਮੈਨੂੰ ਨਹੀ ਪਤਾ ਸੀ ਕੀ ਮੈਂ ਫੜਿਆ ਗਿਆ ਹਾਂ। ਜਦੋਂ ਹੋਸ਼ ਆਈ ਤਾਂ ਮੈਂ ਲਾਕ-ਅੱਪ ਵਿੱਚ ਸੀ। ਲਾਕ-ਅੱਪ ਵਿੱਚ ਮੈਨੂੰ ਤੋਟ ਦੇ ਲੱਛਣ ਆਉਣ ਲੱਗ ਪਏ। ਮੈਂ ਪੁਲਿਸ ਤੋਂ ਸ਼ਰਾਬ ਦੀ ਮੰਗ ਕੀਤੀ। ਪੁਲਿਸ ਨੇ ਕਿਹਾ ਤੂੰ ਵਿਆਹ ਉੱਤੇ ਆਇਆ ਹੈ ਜਾਂ ਕਿਸੇ ਪਾਰਟੀ ਉੱਤੇ ਜੋ ਤੈਨੂੰ ਸ਼ਰਾਬ ਚਾਹੀਦੀ ਹੈ? ਮੈਂ ਉਨ੍ਹਾਂ ਦੀਆਂ ਮਿੰਨਤਾ ਕੀਤੀਆਂ ਪਰ ਉਹ ਮੇਰੇ ਉੱਤੇ ਹੱਸਣ ਲੱਗੇ।" ਕੁਝ ਸਮੇਂ ਬਾਅਦ ਰਾਹੁਲ ਨੂੰ ਰਿਹਾਅ ਕਰ ਦਿੱਤਾ ਗਿਆ। ਲੇਕਿਨ ਨਸ਼ੇ ਦੀ ਲਤ ਉਨ੍ਹਾਂ ਨੂੰ ਰਿਹਾਅ ਨਹੀ ਕਰ ਰਹੀ ਸੀ। ਫਿਰ ਪਰਿਵਾਰ ਅਤੇ ਰਿਸ਼ਤੇਦਾਰ ਉਨ੍ਹਾਂ ਨੂੰ ਡਾਕਟਰ ਦੇ ਲੈ ਕੇ ਗਏ। ਇਹ ਮੁਕਤ ਆਂਗਨ ਮਾਨਸਿਕ ਸਿਹਤ ਕੇਂਦਰ ਵੀ ਸੀ ਜਿੱਥੇ ਨਸ਼ਾ ਵੀ ਛੁਡਵਾਇਆ ਜਾਂਦਾ ਸੀ। ਉਹ ਮਈ 2013 ਵਿੱਚ ਇੱਥੇ ਭਰਤੀ ਹੋ ਗਏ। ਰਾਹੁਲ ਨਸ਼ਾ ਛੱਡਣ ਲਈ ਦ੍ਰਿੜ ਸੰਕਲਪ ਸਨ। ਲੇਕਿਨ ਸਾਵਧਾਨੀ ਹਟੀ ਤਾਂ ਦੁਰਘਟਨਾ ਘਟ ਗਈ। ਨਸ਼ੇ ਦੀ ਲਤ ਵਾਪਸ ਨਮੂਦਾਰ ਹੋਣ ਲੱਗੀ। ਨਸ਼ੇ ਦਾ ਚੱਕਰ ਰੁਕਿਆ ਨਹੀ। ਨਾ ਹੀ ਪੁਲਿਸ ਨੇ ਖਹਿੜਾ ਛੱਡਿਆ। ਰਾਹੁਲ ਤੋਂ ਕਤਲ ਸਮੇਤ ਕਈ ਮਾਮਲਿਆਂ ਵਿੱਚ ਪੁੱਛ-ਗਿੱਛ ਕੀਤੀ ਗਈ। ਹੁਣ ਉਨ੍ਹਾਂ ਲਈ ਕੰਮ ਮਿਲਣਾ ਵੀ ਮੁਸ਼ਕਿਲ ਹੋ ਗਿਆ। ਹੁਣ ਰਾਹੁਲ ਨੇ ਘਰੇ ਰਹਿ ਕੇ ਮਾਪਿਆਂ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ ਲੇਕਿਨ ਹੁਣ ਵੀ ਲੋਕਾਂ ਦੇ ਤਾਹਨੇ-ਮਿਹਣੇ ਜਿਉਣ ਨਹੀ ਦੇ ਰਹੇ ਸਨ। "ਬਾਹਰ ਲੋਕ ਕਹਿ ਰਹੇ ਸਨ ਕਿ ਇਹ ਸਮਾਜ ਦੀ ਸਿਉਂਕ ਹੈ। ਇੱਥੇ ਵੀ ਮੈਂ ਸੁਣ ਰਿਹਾ ਸੀ ਕਿ ਮੈਂ ਘਰ ਦਾ ਖਾ ਰਿਹਾ ਹਾਂ। ਫਿਰ ਮੈਂ ਸੋਚਿਆ ਕਿ ਜੇ ਮੈਂ ਕੀੜਾ ਹਾਂ ਤਾਂ ਮੈਂ ਇਨ੍ਹਾਂ ਲੋਕਾਂ ਨਾਲ ਕੀ ਕਰ ਰਿਹਾ ਹਾਂ? ਮੇਰੀ ਥਾਂ



ਇੱਥੇ ਨਹੀ ਹੈ। ਮੈਂ ਮੁਕਤ ਆਂਗਨ ਵਿੱਚ ਕਾਊਂਸਲਰ ਨੂੰ ਫ਼ੋਨ ਕੀਤਾ ਅਤੇ ਕਿਹਾ ਕਿ ਮੈਨੂੰ ਬਾਹਰ ਨਾ ਭੇਜੋ।" ਰਾਹੁਲ ਮੁਕਤ ਆਂਗਨ ਰਹਿਣ ਲੱਗ ਪਏ ਅਤੇ ਜਿੰਨਾ ਵੀ ਜੋ ਵੀ ਕਰ ਸਕਦੇ ਸਨ ਕਰਨ ਲੱਗੇ। ਪਹਿਲਾਂ ਉਨ੍ਹਾਂ ਨੇ ਵਾਰਡ ਸੁਪਰਵਾਈਜ਼ਰ ਵਜੋਂ ਅਤੇ ਫਿਰ ਹਾਊਸ ਕੀਪਿੰਗ ਵਿੱਚ ਕੰਮ ਕੀਤਾ। ਉਨ੍ਹਾਂ ਨੇ ਪਖਾਨੇ ਵੀ ਸਾਫ਼ ਕੀਤੇ। ਉਨ੍ਹਾਂ ਦਾ ਇਰਾਦਾ ਨਸ਼ਾ ਛੱਡਣ ਦਾ ਸੀ। ਜਦੋਂ ਉਹ ਉੱਥੇ ਰਹਿ ਰਹੇ ਸਨ ਤਾਂ ਮੁਕਤਾ ਪੁਣ ਤਾਂਬੇਕਰ ਨੇ ਪੁੱਛਿਆ ਕੀ ਕੋਈ ਮੈਰਾਥਨ ਵਿੱਚ ਹਿੱਸਾ ਲੈਣਾ ਚਾਹੇਗਾ। ਰਾਹੁਲ ਤੁਰੰਤ ਰਾਜ਼ੀ ਹੋ ਗਏ। ਉਹ ਦੱਸਦੇ ਹਨ,"ਮੁਕਤਾ ਭੈਣ ਨੇ ਪੁੱਛਿਆ ਤੈਨੂੰ ਭੱਜਣ ਦਾ ਕੋਈ ਅਨੁਭਵ ਹੈ? ਮੈਂ ਕਿਹਾ ਮੈਂ ਕਈ ਸਾਲ ਪੁਲਿਸ ਤੋਂ ਭੱਜਦਾ ਰਿਹਾ ਹਾਂ। ਇੱਕ ਵਾਰ ਮੈਂ ਲਾਕ-ਅੱਪ ਵਿੱਚੋਂ ਭੱਜਿਆ ਸੀ। ਇੱਕ ਵਾਰ ਅਦਾਲਤ ਵਿੱਚੋਂ। ਉਨ੍ਹਾਂ ਨੇ ਕਿਹਾ ਜੇ ਸਭ ਠੀਕ ਰਿਹਾ ਤਾਂ ਤੂੰ ਦੌੜ ਸਕਦਾ ਹੈਂ।" ਤਿਆਰੀ ਕੀਤੀ ਗਈ ਅਤੇ ਉਹ ਦੌੜੇ। ਮੈਰਾਥਨ ਦੌਰਾਨ ਇੱਕ ਹੋਰ ਦੌੜਾਕ ਬੇਹੋਸ਼ ਹੋ ਗਿਆ, ਰਾਹੁਲ ਉਸ ਨੂੰ ਚੱਕਣ ਲਈ ਅੱਗੇ ਆਉਣ ਵਾਲਿਆਂ ਵਿੱਚੋਂ ਪਹਿਲੇ ਸਨ। "ਮੈਂ ਉਸ ਨੂੰ ਚੁੱਕਿਆ ਅਤੇ ਐਂਬੂਲੈਂਸ ਵਿੱਚ ਲਿਟਾਇਆ ਅਤੇ ਫਿਰ ਦੌੜਨ ਲੱਗਿਆ। ਮੈਂ ਸੋਚਣ ਲੱਗਿਆ ਕਿ ਮੈਂ ਇੱਕ ਇਨਸਾਨ ਦੀ ਜਾਨ ਬਚਾਈ ਹੈ। ਮੈਂ ਤਾਂ ਲੋਕਾਂ ਨੂੰ ਧਮਕਾ ਰਿਹਾ ਸੀ ਤੇ ਮਾਰ ਰਿਹਾ ਸੀ ਮੈਂ ਕਿਸੇ ਨੂੰ ਬਚਾ ਕਿਵੇਂ ਸਕਦਾ ਹਾਂ?" ਇਹ ਉਨ੍ਹਾਂ ਦੀ ਜ਼ਿੰਦਗੀ ਦਾ ਨਵਾਂ ਮੋੜ ਸੀ। "ਮੈਨੂੰ ਇਸ ਦੌੜ ਦੀ ਆਦਤ ਤਾਂ ਲੱਗ ਰਹੀ ਸੀ ਲੇਕਿਨ ਜੀਵਨ ਵਿੱਚ ਕਰਨਾ ਕੀ ਹੈ ਇਸਦਾ ਸਵਾਲ ਦਾ ਜਵਾਬ ਨਹੀ ਮਿਲ ਰਿਹਾ ਸੀ।" ਉਹ ਦੌੜਦੇ ਰਹੇ ਅਤੇ ਇਸ ਸਵਾਲ ਦੇ ਜਵਾਬ ਬਾਰੇ ਲਗਾਤਾਰ ਸੋਚਦੇ ਰਹਿੰਦੇ। ਉਨ੍ਹਾਂ ਨੂੰ ਹਰ ਵਾਰ ਨਵਾਂ ਜਵਾਬ ਮਿਲਦਾ।

### 'ਮੇਰੀ ਖ਼ੁਸ਼ੀ ਦੀ ਪਰਿਭਾਸ਼ਾ ਬਦਲ ਗਈ ਹੈ'

ਉਹ ਕਹਿੰਦੇ ਹਨ, "ਇੱਕ ਮੈਰਾਥਨ ਲਈ ਤੁਹਾਨੂੰ 42 ਕਿੱਲੋਮੀਟਰ ਦੌੜਨ ਦਾ ਅਭਿਆਸ ਕਰਨਾ ਪੈਂਦਾ ਹੈ। ਮੈਂ 63 ਕਿੱਲੋਮੀਟਰ ਸਹਿਜੇ ਹੀ ਦੌੜਿਆ ਅਤੇ ਬਹੁਤ ਸ਼ਾਂਤ ਮਹਿਸੂਸ ਕੀਤਾ। ਇੰਨਾ ਸ਼ਾਂਤ ਮਹਿਸੂਸ ਕਰਨ ਲਈ ਮੈਂ ਨਾਈਟਰਾ ਦੀਆਂ 10 ਗੋਲੀਆਂ, ਸ਼ਰਾਬ ਅਤੇ ਚਰਸ ਪੀਦਾ ਸੀ। ਮੈਨੂੰ 63 ਕਿੱਲੋਮੀਟਰ ਦੌੜ ਕੇ ਉਨਾ ਹੀ ਅਨੰਦ ਆਇਆ। ਖ਼ੁਸ਼ੀ ਅਤੇ ਸੰਤੁਸ਼ਟੀ ਦੀ ਮੇਰੀ ਪਰਿਭਾਸ਼ਾ ਬਦਲ ਗਈ। ਮੈਨੂੰ ਬਹੁਤ ਮਜ਼ਾ ਆਇਆ।" ਇੱਕ ਪਾਸੇ ਦੌੜ ਸ਼ੁਰੂ ਹੋਈ ਤਾਂ ਦੂਜੇ ਪਾਸੇ ਜ਼ਿੰਦਗੀ ਨੇ ਰਫ਼ਤਾਰ ਫੜੀ। ਮੁਕਤ ਆਂਗਨ ਨੇ ਉਨ੍ਹਾਂ ਨੂੰ ਮਾਰਗ-ਦਰਸ਼ਨ ਦੀ ਜ਼ਿੰਮੇਵਾਰੀ ਦਿੱਤੀ। ਮੁਕਤ ਆਂਗਨ ਵਿੱਚ ਮਾਰਗ-ਦਰਸ਼ਨ ਕਰਨ ਦੇ ਨਾਲੋ-ਨਾਲ ਉਨ੍ਹਾਂ ਨੇ ਮਨੋਵਿਗਿਆਨ ਵਿੱਚ ਗਰੈਜੂਏਸ਼ਨ ਪਾਸ ਕੀਤੀ। ਹੁਣ ਉਹ ਵੱਖ-ਵੱਖ ਨੌ ਨਸ਼ਾ ਛੁਡਾਊ ਕੇਂਦਰਾਂ ਵਿੱਚ ਬਤੌਰ ਮਾਰਗ-ਦਰਸ਼ਕ ਕੰਮ ਕਰ ਰਹੇ ਸਨ। "ਮੈਂ ਜੇਲ੍ਹ ਵਿੱਚ ਸੀ ਤਾਂ ਰਿਹਾਈ ਦੀ ਕੋਈ ਉਮੀਦ ਨਹੀ ਸੀ। ਜੇਲ੍ਹ ਜਾਣ ਤੋਂ ਪਹਿਲਾਂ ਮੈਂ ਕਦੇ ਨਹੀ ਸੋਚਿਆ ਸੀ ਕਿ ਮੈਂ ਜੇਲ੍ਹ ਜਾਵਾਂਗਾ। ਮੈਂ ਸੋਚ ਲਿਆ ਸੀ ਕਿ ਮੈਂ ਮਰਨ ਵਾਲਾ ਹਾਂ। ਜੇਲ੍ਹ ਤੋਂ ਰਿਹਾ ਹੋਣ ਤੋਂ ਬਾਅਦ ਲਤ ਫਿਰ ਸ਼ੁਰੂ ਹੋ ਗਈ। ਮੈਨੂੰ ਲੱਗਿਆ ਮੇਰੀ ਜ਼ਿੰਦਗੀ ਗਟਰ ਦੇ ਇੱਕ ਕੀੜੇ ਵਰਗੀ ਹੋਵੇਗੀ। ਫਿਰ ਮੈਂ ਮੁਕਤ ਆਂਗਨ ਆਇਆ। ਫਿਰ ਮੈਂ ਸੋਚਣ ਲੱਗਿਆ ਕੀ ਮੇਰਾ ਵਿਆਹ ਹੋਵੇਗਾ। ਮੈਨੂੰ ਕੋਈ ਕੁੜੀ ਨਹੀ ਦੇਵੇਗਾ। ਹਰ ਕਦਮ ਉੱਤੇ ਮੈਂ ਅਸੁਰੱਖਿਅਤ ਮਹਿਸੂਸ ਕੀਤਾ। ਮੈਨੂੰ ਲਗਦਾ ਮੈਥੋਂ ਨਹੀ ਹੋਣਾ, ਲੇਕਿਨ ਆਖਰਕਾਰ ਸਭ ਹੋ ਗਿਆ।" ਆਪਣੇ ਹੁਣ ਤੱਕ ਦੇ ਸਫ਼ਰ ਬਾਰੇ ਗੱਲ ਕਰਦੇ ਹੋਏ ਉਹ ਕਹਿੰਦੇ ਹਨ, "ਹੁਣ ਮੇਰੀ ਪਛਾਣ ਬਦਲ ਗਈ ਹੈ। ਮੇਰਾ ਨਾਮ ਰਾਹੁਲ ਜਾਧਵ ਹੈ। ਮੈਂ ਇੱਕ ਕ੍ਰਿਕਟ ਫੈਨ ਸੀ। ਫਿਰ ਮੈਂ ਫੁੱਟਬਾਲ ਫੈਨ ਰਿਹਾ। ਮੈਂ ਇੱਕ ਚੰਗਾ ਗੋਲਕੀਪਰ ਸੀ। ਫਿਰ ਮੈਂ ਇੱਕ ਨਸ਼ੇੜੀ ਬਣ ਗਿਆ। ਲੋਕ ਮੈਨੂੰ ਇੱਕ ਨਸ਼ੇੜੀ ਅਤੇ ਇੱਕ ਗੈਂਗਸਟਰ ਵਜੋਂ ਵੀ ਜਾਣਦੇ ਹਨ। ਮੈਨੂੰ ਪੁਲਿਸ ਨੇ ਕਈ ਕੇਸਾਂ ਵਿੱਚ ਗ੍ਰਿਫ਼ਤਾਰ ਕੀਤਾ। ਉਸ ਤੋਂ ਬਾਅਦ ਮੈਂ ਮੁਕਤ ਆਂਗਨ ਵਿੱਚ ਇੱਕ ਕਾਰਕੁਨ ਵਜੋਂ ਕੰਮ ਕੀਤਾ। ਸੋਸ਼ਲ ਵਰਕਰ। ਮੈਂ ਇੱਕ ਦੌੜਾਕ ਤੇ ਇੱਕ ਚੰਗਾ ਪਤੀ ਹਾਂ। ਮੈਂ ਇੱਕ ਚੰਗਾ ਪੁੱਤਰ ਵੀ ਹਾਂ ਅਤੇ ਹੁਣ ਮੈਂ ਇੱਕ ਚੰਗਾ ਨਾਗਰਿਕ ਵੀ ਹਾਂ।"

# ਵਿਸ਼ਾਲ ਗੁਰਮਤਿ ਸਮਾਗਮ 18 ਨੂੰ



ਰੋਮ ਇਟਲੀ, 15 ਮਈ (ਗੁਰਸ਼ਰਨ ਸਿੰਘ ਸੋਨੀ) : ਲਾਸੀਓ ਸੂਬੇ ਦੇ ਤੇ ਰਾਜਧਾਨੀ ਰੋਮ ਪ੍ਰਸਿੱਧ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਦਰਬਾਰ ਵਿਲੇਤਰੀ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਖਾਲਸਾ ਸਾਜਨਾ ਦਿਵਸ ਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ 18 ਮਈ 2025 ਦਿਨ ਐਤਵਾਰ ਨੂੰ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਮੌਕੇ 16 ਮਈ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਲਿਖਾਰੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ ਤੇ 18 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਸੰਪੂਰਨਤਾ ਨਾਲ ਭੋਗ ਪਾਏ ਜਾਣਗੇ। ਭੋਗ ਉਪਰੰਤ ਲਗਭਗ 11:30 ਵਜੇ ਤੋਂ ਲੈ ਕੇ ਬਾਅਦ ਦੁਪਹਿਰ ਤੱਕ ਪੰਥ ਦੇ ਪ੍ਰਸਿੱਧ ਰਾਗੀ,ਢਾਡੀ ਤੇ ਕੀਰਤਨੀਏ ਜੱਥਿਆਂ ਵੱਲੋਂ ਸੰਗਤਾਂ ਨੂੰ ਗੁਰੂ ਇਤਿਹਾਸ ਸਰਵਣ ਕਰਵਾਇਆ ਜਾਵੇਗਾ । ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਭਾਈ ਮੰਗਲ ਸਿੰਘ ਤੇ ਭਾਈ ਗੁਰਚੇਤਨ ਸਿੰਘ ਅਨੰਦਪੁਰੀ ਦੇ ਢਾਡੀ ਜਥੇ ਵੱਲੋਂ ਹਾਜ਼ਰੀ ਭਰਕੇ ਸੰਗਤਾਂ ਨੂੰ ਢਾਡੀ ਵਾਰਾਂ ਸੁਣਾ ਕੇ ਨਾਲ ਨਿਹਾਲ ਕੀਤਾ ਜਾਵੇਗਾ । ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਲਾਸੀਓ ਸੂਬੇ ਦੇ ਸਮੂਹ ਗੁਰਦੁਆਰਾ ਸਾਹਿਬਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਸਮੇਤ ਇਲਾਕੇ ਦੀਆਂ ਸਮੂਹ ਸੰਗਤਾਂ ਨੂੰ ਅਪੀਲ ਹੈ ਕਿ ਇਸ ਸਮਾਗਮ ਵਿੱਚ ਹਾਜ਼ਰੀਆਂ ਭਰ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ । ਇਸ ਮੌਕੇ ਸੰਗਤਾਂ ਲਈ ਅਤੁੱਟ ਲੰਗਰ ਵਰਤਾਏ ਜਾਣਗੇ । ਦੱਸਣਯੋਗ ਹੈ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲਾਂ ਇਸੇ ਦਿਨ ਗੁਰਮਿਤ ਸਮਾਗਮ ਦੇ ਨਾਲ ਮੌਜੂਦਾ ਗੁਰਦੁਆਰਾ ਸਾਹਿਬ ਤੋਂ ਇਮਾਰਤ ਬਣਾਉਣ ਲਈ ਨਵੀ ਖ੍ਰੀਦੀ ਗਈ ਜ਼ਮੀਨ ਤੱਕ ਬੀਤੇ ਵਰ੍ਹੇ ਦੀ ਤਰ੍ਹਾਂ ਨਗਰ ਕੀਰਤਨ ਸਜਾਇਆ ਜਾਣਾ ਸੀ। ਪਰ ਕਿਸੇ ਕਾਰਨ ਇਸ ਨਗਰ ਕੀਰਤਨ ਨੂੰ ਪ੍ਰਸ਼ਾਸਨ ਦੀ ਮਨਜ਼ੂਰੀ ਨਾ ਮਿਲਣ ਕਾਰਨ ਰੱਦ ਕਰ ਦਿੱਤਾ ਗਿਆ ਹੈ । ਜਿਸ ਕਰਕੇ ਹੁਣ ਸਿਰਫ ਮੌਜੂਦਾ ਗੁਰਦੁਆਰਾ ਸਾਹਿਬ ਵਿਖੇ ਵਿਸ਼ਾਲ ਗੁਰਮਤਿ ਸਮਾਗਮ ਹੀ ਕਰਵਾਇਆ ਜਾ ਰਿਹਾ ਹੈ।

# ਅਕਾਲ ਅਕੈਡਮੀ ਕਮਾਲਪੁਰ ਦਾ ਨਤੀਜਾ ਸ਼ਾਨਦਾਰ ਰਿਹਾ







ਬੜੂ ਸਾਹਿਬ, 15 ਮਈ (ਅੰਮ੍ਰਿਤਪਾਲ ਸਿੰਘ) : ਕਲਗੀਧਰ ਟਰੱਸਟ ਬੜੂ ਸਾਹਿਬ ਵਿੱਦਿਅਕ ਸੰਸਥਾ ਅਧੀਨ ਚੱਲ ਰਹੀ ਅਕਾਲ ਅਕੈਡਮੀ ਕਮਾਲਪੁਰ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਾਨਦਾਰ ਰਿਹਾ ਹੈ। ਸਿੱਖਿਆ ਅਤੇ ਸੰਸਕਾਰਾਂ ਨੂੰ ਇਕਸਾਥ ਲੈ ਕੇ ਚੱਲਣ ਵਾਲੀ ਅਕਾਲ ਅਕੈਡਮੀ ਕਮਾਲਪੁਰ ਨੇ ਦਸਵੀਂ ਕਲਾਸ ਦੇ ਨਤੀਜਿਆਂ ਵਿੱਚ ਸੌ ਫੀਸਦੀ ਨਤੀਜਾ ਪ੍ਰਾਪਤ ਕਰਦਿਆਂ ਇਕ ਵਾਰ ਫਿਰ ਆਪਣੀ ਗੁਣਵੱਤਾ ਅਤੇ ਨਿਖਾਰ ਨੂੰ ਸਾਬਤ ਕੀਤਾ ਹੈ। ਸਾਰੇ ਵਿਦਿਆਰਥੀਆਂ ਨੇ ਸ਼ਾਨਦਾਰ ਅੰਕ ਹਾਸਿਲ ਕੀਤੇ, ਜਿਸ ਨਾਲ ਨਾ ਸਿਰਫ਼ ਸਕੂਲ ਦਾ, ਸਗੋਂ ਆਪਣੇ ਮਾਪਿਆਂ ਤੇ ਅਧਿਆਪਕਾਂ ਦਾ ਵੀ ਮਾਣ ਵਧਾਇਆ। ਕਈ ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਹਾਸਿਲ ਕਰਕੇ ਕਾਮਯਾਬੀ ਦੀ ਨਵੀਂ ਮਿਸਾਲ ਕਾਇਮ ਕੀਤੀ। ਦਸਵੀਂ ਕਲਾਸ ਦੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਵਿੱਚ ਸ਼ਾਮਿਲ ਵਿਦਿਆਰਥੀ ਜਿਸ ਵਿੱਚ ਤਰਨਜੋਤ ਕੌਰ 94.8% ਲੈਂਦੇ ਹੋਏ ਪਹਿਲਾ ਸਥਾਨ, ਪਵਨੀਤ ਕੌਰ ਨੇ 94.6% ਲੈ ਕੇ ਦੂਸਰਾ ਸਥਾਨ ਅਤੇ ਮਨਵੀਰ ਕੌਰ ਨੇ 91.8% ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ ਹੈ ਅਤੇ 95% ਵਿਦਿਆਰਥੀਆਂ ਨੇ ਇਹ ਪ੍ਰੀਖਿਆ ਪਹਿਲੇ ਦਰਜੇ ਵਿਚ ਪਾਸ ਕੀਤੀ। ਤਰਨਜੋਤ ਕੌਰ ਅਤੇ ਪਵਨੀਤ ਕੌਰ ਨੇ ਇੰਗਲਿਸ਼ ਵਿਸ਼ੇ ਵਿਚੋਂ ਸੌ ਵਿੱਚੋਂ ਸੌ ਅੰਕ ਹਾਸਿਲ ਕਰਕੇ ਆਪਣੇ ਮਾਤਾ-ਪਿਤਾ ਅਤੇ ਅਧਿਆਪਕ ਸਾਹਿਬਾ ਦਾ ਨਾਮ ਰੌਸ਼ਨ ਕੀਤਾ ਹੈ। ਅਕਾਲ ਅਕੈਡਮੀ ਕਮਾਲਪੁਰ ਦੇ ਪ੍ਰਿੰਸੀਪਲ ਅਮਨਦੀਪ ਕੌਰ ਨੇ ਨਤੀਜਿਆਂ ਦੀ ਘੋਸ਼ਣਾ ਕਰਦਿਆਂ ਕਿਹਾ, ਇਹ ਸਫਲਤਾ ਸਿਰਫ਼ ਵਿਦਿਆਰਥੀਆਂ ਦੀ ਲਗਨ ਅਤੇ ਅਧਿਆਪਕਾਂ ਦੀ ਮਿਹਨਤ ਦਾ ਪਰਿਣਾਮ ਹੈ ਅਤੇ ਨਾਲ ਹੀ ਮਾਪਿਆਂ ਦੇ ਸਹਿਯੋਗ ਅਤੇ ਅਕਾਲ ਅਕੈਡਮੀ ਦੀ ਸੰਸਕਾਰਮਈ ਸਿੱਖਿਆ ਦਾ ਵੀ ਨਤੀਜਾ ਹੈ। ਅਕਾਲ ਅਕੈਡਮੀ ਦਾ ਉਦੇਸ਼ ਵਿਦਿਆਰਥੀਆਂ ਨੂੰ ਗਿਆਨ ਦੇ ਨਾਲ-ਨਾਲ ਅਧਿਆਤਮ ਅਤੇ ਨੈਤਿਕਤਾ ਨਾਲ ਸੰਪੰਨ ਕਰਨਾ ਹੈ। ਵਿਦਿਆਰਥੀਆਂ ਦੀ ਉਪਲਬਧੀ ਤੋਂ ਖੁਸ਼ ਮਾਪਿਆਂ ਨੇ ਵੀ ਸਕੂਲ ਪ੍ਰਬੰਧਨ ਦਾ ਧੰਨਵਾਦ ਕੀਤਾ।

# ਵਿਧਾਇਕ ਰਣਬੀਰ ਭੁੱਲਰ ਨੇ ਨਵੀਂ ਫਾਇਰ ਬ੍ਰਿਗੇਡ ਦੀ ਗੱਡੀ ਨੂੰ ਹਰੀ ਝੰਡੀ ਦਿੱਤੀ




ਫਿਰੋਜ਼ਪੁਰ, 15 ਮਈ (ਤਿਵਾੜੀ) : ਕਿਸੇ ਵੀ ਅਣਸੁਖਾਵੀਂ ਸਥਿਤੀ ਨਾਲ ਨਜਿੱਠਣ ਲਈ ਤਿਆਰੀਆਂ ਦੇ ਹਿੱਸੇ ਵਜੋਂ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 1.5 ਕਰੋੜ ਰੁਪਏ ਦੀ ਲਾਗਤ ਨਾਲ ਫਿਰੋਜ਼ਪੁਰ ਦੇ ਫਾਇਰ ਬ੍ਰਿਗੇਡ ਵਿਭਾਗ ਨੂੰ ਦਿੱਤੀ ਗਈ ਐਡਵਾਂਸ ਤਕਨਾਲੋਜੀ ਵਾਲੀ ਫਾਇਰ ਬ੍ਰਿਗੇਡ ਦੀ ਗੱਡੀ ਨੂੰ ਅੱਜ ਵਿਧਾਇਕ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਨੇ ਹਰੀ ਝੰਡੀ ਦੇ ਕੇ ਲੋਕਾਂ ਨੂੰ ਸਮਰਪਿਤ ਕੀਤਾ। ਇਸ ਮੌਕੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਦੱਸਿਆ ਕਿ ਫਾਇਰ ਬ੍ਰਿਗੇਡ ਦੇ ਨਾਲ ਨਾਲ ਪੰਜਾਬ ਸਰਕਾਰ ਵੱਲੋਂ ਫਾਇਰ ਬ੍ਰਿਗੇਡ ਵਿਭਾਗ ਫਿਰੋਜ਼ਪੁਰ ਨੂੰ ਅਤਿ-ਆਧੁਨਿਕ ਅੱਗ ਬੁਝਾਊ ਯੰਤਰ ਹੀ ਮੁਹੱਈਆ ਕਰਵਾਏ ਗਏ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀ ਜਾਨ-ਮਾਲ ਦੀ ਰਾਖੀ ਲਈ ਸੇਵਾਵਾਂ ਹੋਰ ਕਾਰਗਰ ਢੰਗ ਨਾਲ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਇਹ ਫਾਇਰ ਬ੍ਰਿਗੇਡ ਦੀ ਗੱਡੀ ਅਤੇ ਉਪਕਰਨ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਐਡਵਾਂਸ ਤਕਨਾਲੋਜੀ ਵਾਲੀ ਫਾਇਰ ਬ੍ਰਿਗੇਡ ਅੱਗ 'ਤੇ ਜਲਦੀ ਕਾਬੂ ਪਾਉਣ ਵਿੱਚ ਸਹਾਈ ਸਿੱਧ ਹੋਵੇਗੀ ਅਤੇ ਆਧੁਨਿਕ ਉਪਕਰਨ ਇਮਾਰਤ ਡਿੱਗਣ, ਵਾਹਨਾਂ ਦੇ ਨੁਕਸਾਨੇ ਜਾਣ ਅਤੇ ਹੋਰ ਚੁਣੌਤੀਆਂ ਸਮੇਂ ਜਿਉਂਦੇ ਵਿਅਕਤੀਆਂ ਨੂੰ ਸਮੇਂ ਸਿਰ ਸੁਰੱਖਿਅਤ ਬਾਹਰ ਕੱਢਣ ਲਈ ਸਹਾਈ ਸਿੱਧ ਹੋਣਗੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਨਾਗਰਿਕਾਂ ਦੀ ਸੁਰੱਖਿਆ ਸਾਡੀ ਮੁੱਖ ਤਰਜੀਹ ਹੈ ਅਤੇ ਪੰਜਾਬ ਸਰਕਾਰ ਐਮਰਜੈਂਸੀ ਹਾਲਾਤਾਂ 'ਚ ਬੁਨਿਆਦੀ ਸਹੂਲਤਾਂ ਲਈ ਪੁਖ਼ਤਾ ਪ੍ਰਬੰਧ ਕਰ ਰਹੀ ਹੈ। ਇਸ ਮੌਕੇ ਕਾਰਜਸਾਧਕ ਅਫਸਰ ਪੂਨਮ ਭਟਨਾਗਰ, ਏ.ਐਮ.ਈ ਲਵਪ੍ਰੀਤ ਸਿੰਘ, ਸੁਰਿੰਦਰ ਸੁਖਪਾਲ ਸਿੰਘ, ਹਿਮਾਂਸ਼ੂ ਠੱਕਰ, ਨੇਕ ਪ੍ਰਤਾਪ ਸਿੰਘ, ਬਲਰਾਜ ਸਿੰਘ ਕਟੋਰਾ, ਮਨਜੀਤ ਨਿੱਕੂ, ਗੰਗਨ ਕੰਤੋੜ, ਸਲਵਿੰਦਰ ਸਿੰਘ ਐਮ.ਸੀ, ਗੁਲਸ਼ਨ ਗੱਖੜ, ਰਜਨੀਸ਼ ਸ਼ਰਮਾ, ਸ਼ਹਿਬਾਜ਼ ਸਿੰਘ, ਮੇਜਰ ਸਿੰਘ, ਅਮਰੀਕ ਸਿੰਘ ਆਦਿ ਤੋਂ ਇਲਾਵਾ ਫਾਇਰ ਬ੍ਰਿਗੇਡ ਦੇ ਕਰਮਚਾਰੀ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਬਜਟ ਵਿੱਚ ਸਿੱਖਿਆ ਲਈ 12 ਫੀਸਦੀ ਦਾ ਵਾਧਾ



ਫ਼ਤਹਿਗੜ੍ਹ ਸਾਹਿਬ, 15 ਮਈ (ਹਰਪ੍ਰੀਤ ਕੌਰ ਟਿਵਾਣਾ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਬਜਟ ਵਿੱਚ ਸਿੱਖਿਆ ਲਈ 12 ਫੀਸਦੀ ਵਾਧਾ ਕਰਕੇ ਇਤਿਹਾਸ ਸਿਰਜਿਆ ਹੈ ਜਦੋਂ ਕਿ ਪਿਛਲੀਆਂ ਸਰਕਾਰਾਂ ਨੇ ਸਿੱਖਿਆ ਲਈ 3 ਜਾਂ 4 ਫੀਸਦੀ ਤੋਂ ਵੱਧ ਬਜਟ ਨਹੀਂ ਰੱਖਿਆ। ਪੰਜਾਬ ਸਰਕਾਰ ਦਾ ਇਹ ਫੈਸਲਾ ਸਰਕਾਰ ਦੀ ਸਿੱਖਿਆ ਦੇ ਖੇਤਰ ਨੂੰ ਬੁਲੰਦੀਆਂ ਤੇ ਪਹੁੰਚਾਉਣ ਦੀ ਵਚਨਬੱਧਤਾ ਦਰਸਾਉਂਦਾ ਹੈ। ਇਹ ਪ੍ਰਗਟਾਵਾ ਵਿਧਾਇਕ ਲਖਬੀਰ ਸਿੰਘ ਰਾਏ ਨੇ ਹਲਕੇ ਦੇ 06 ਸਰਕਾਰੀ ਸਕੂਲਾਂ ਵਿੱਚ 47.08 ਲੱਖ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪੰਜਾਬ ਦੇ ਇਹਨਾਂ ਦੋਵੇਂ ਖੇਤਰਾਂ, ਸਿੱਖਿਆ ਅਤੇ ਸਿਹਤ ਨੂੰ, ਪੂਰੀ ਤਰ੍ਹਾਂ ਅਣਗੌਲੀ ਰੱਖਿਆ ਪਰ ਮਾਨ ਸਰਕਾਰ ਨੇ ਇਹਨਾਂ ਦੋਵੇਂ ਹੀ ਖੇਤਰਾਂ ਨੂੰ ਵਿਕਾਸ ਦਾ ਮੁੱਖ ਧੁਰਾ ਬਣਾਇਆ ਅਤੇ ਇਹੀ ਕਾਰਨ ਹੈ ਕਿ ਪੰਜਾਬ ਦੇ ਸਰਕਾਰੀ ਸਕੂਲ ਅੱਜ ਸਿੱਖਿਆ ਪ੍ਰਣਾਲੀ ਅਤੇ ਸੁਵਿਧਾਵਾਂ ਦੇ ਪੱਧਰ 'ਤੇ ਪ੍ਰਾਈਵੇਟ ਸਕੂਲਾਂ ਨੂੰ ਪਿੱਛੇ ਛੱਡ ਰਹੇ ਹਨ। ਵਿਧਾਇਕ ਰਾਏ ਨੇ ਕਿਹਾ ਕਿ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਸਰਵੋਤਮ ਬੁਨਿਆਦੀ ਢਾਂਚਾ ਅਤੇ ਮਿਆਰੀ ਸਿੱਖਿਆ ਦੇਣਾ ਸਰਕਾਰ ਦੀ ਵਚਨਬੱਧਤਾ ਉੱਤੇ ਪਿਛਲੇ ਸਵਾ ਤਿੰਨ ਸਾਲਾਂ ਤੋਂ ਲਗਾਤਾਰ ਪਹਿਰਾ ਦਿੱਤਾ ਜਾ ਰਿਹਾ ਹੈ। ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕੀਤੇ ਇਤਿਹਾਸਕ ਫੈਸਲਿਆਂ ਸਦਕਾ ਲੋਕ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚੋਂ ਹਟਾ ਕੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾ ਰਹੇ ਹਨ। ਉਨ੍ਹਾਂ ਕਿਹਾ ਕਿ 12ਵੀਂ ਜਮਾਤ ਦੇ ਨਤੀਜਿਆਂ ਵਿੱਚ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਵਧੀਆ ਪੁਜੀਸ਼ਨਾ ਹਾਸਲ ਕਰਕੇ ਸਰਕਾਰ ਵੱਲੋਂ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਵੇਖੇ ਸੁਪਨੇ ਨੂੰ ਸਾਕਾਰ ਕਰਨ ਵੱਲ ਅਹਿਮ ਕਦਮ ਚੁੱਕਿਆ ਹੈ।ਵਿਧਾਇਕ ਰਾਏ ਨੇ ਸਰਕਾਰੀ ਪ੍ਰਾਇਮਰੀ ਸਕੂਲ ਚੁੰਨੀ ਮਾਜਰਾ ਵਿਖੇ 6.25 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਤਿੰਬਰਪੁਰ ਵਿਖੇ 10.54 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਭੂਆ ਖੇੜੀ ਵਿਖੇ 5.61 ਲੱਖ, ਸਰਕਾਰੀ ਮਿਡਲ ਸਕੂਲ ਭਗੜਾਣਾ ਵਿਖੇ 2.65 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਭਗੜਾਣਾ ਵਿਖੇ 9.13 ਲੱਖ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾਦੂਮਾਜਰਾ ਵਿਖੇ 12.02 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਦਾਦੂਮਾਜਰਾ ਵਿਖੇ 1.60 ਲੱਖ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਹਰਨਾ ਵਿਖੇ 11.94 ਲੱਖ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਰਮੇਸ਼ ਪੁਨੀਆ, ਵਰਿੰਦਰ ਭੰਗੂ, ਜਗਜੀਤ ਚੌਲਟੀ ਖੇੜੀ, ਸਰਗੁਪ ਸਿੰਘ, ਅਜੀਤ ਸਿੰਘ ਤਿੰਬਰਪੁਰ, ਬਲਵੀਰ ਚੀਮਾ, ਹੈਪੀ ਸਰਪੰਚ ਭੈਣੀ ਕਲਾਂ, ਲੱਕੀ ਸਰਪੰਚ ਭਗੜਾਣਾ, ਸਤਵਿੰਦਰ ਕੌਰ ਸਰਪੰਚ ਭੂਆ ਖੇੜੀ, ਹਰਿੰਦਰ ਕੌਰ ਸਰਪੰਚ ਤਿੰਬਰਪੁਰ, ਮਨਜੀਤ ਸਿੰਘ ਬੇਦਵਾਣ ਸਰਪੰਚ ਦਾਦੂਮਾਜਰਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਿੱਖਿਆ ਵਿਭਾਗ ਦੇ ਅਧਿਕਾਰੀ, ਸਕੂਲਾਂ ਦੇ ਅਧਿਆਪਕ, ਵਿਦਿਆਰਥੀ ਤੇ ਮਾਪੇ ਵੱਡੀ ਗਿਣਤੀ ਵਿੱਚ ਹਾਜਰ ਸਨ।

# ਕਾਨੂੰਨ ਵਿੱਚ ਪੇਸ਼ੇਵਰ ਨੈਤਿਕਤਾ ਅਤੇ ਵਕੀਲਾਂ ਦੀ ਜ਼ਿੰਮੇਵਾਰੀ ਵਿਸ਼ੇ 'ਤੇ ਵਿਸ਼ੇਸ਼ ਭਾਸ਼ਣ ਦਾ ਆਯੋਜਨ



ਫਤਹਿਗੜ੍ਹ ਸਾਹਿਬ, 15 ਮਈ (ਹਰਪ੍ਰੀਤ ਕੌਰ ਟਿਵਾਣਾ) : ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ਼ ਲਾਅ ਨੇ ਅੱਜ ਕਾਨੂੰਨ ਵਿੱਚ ਪੇਸ਼ੇਵਰ ਨੈਤਿਕਤਾ ਅਤੇ ਵਕੀਲਾਂ ਦੀ ਜ਼ਿੰਮੇਵਾਰੀ ਵਿਸ਼ੇ 'ਤੇ ਇੱਕ ਵਿਸ਼ੇਸ਼ ਭਾਸ਼ਣ ਦਾ ਆਯੋਜਨ ਕੀਤਾ।ਜਿਸ ਵਿੱਚ ਕਾਨੂੰਨੀ ਪੇਸ਼ੇ ਵਿੱਚ ਇਮਾਨਦਾਰੀ ਅਤੇ ਜਵਾਬਦੇਹੀ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ ਗਿਆ।ਇਸ ਸਮਾਗਮ ਵਿੱਚ ਵਿਦਿਆਰਥੀਆਂ, ਫੈਕਲਟੀ ਅਤੇ ਵਕੀਲਾਂ ਨੇ ਸ਼ਿਰਕਤ ਕੀਤੀ। ਯੂਨੀਵਰਸਿਟੀ ਸਕੂਲ ਆਫ਼ ਲਾਅ ਦੇ ਮੁਖੀ ਅਤੇ ਡੀਨ, ਪ੍ਰੋਫੈਸਰ ਡਾ. ਅਮਿਤਾ ਕੌਸ਼ਲ ਨੇ ਮੁੱਖ ਮਹਿਮਾਨ, ਐਡਵੋਕੇਟ ਸ਼੍ਰੀ ਰਾਕੇਸ਼ ਗੁਪਤਾ, ਚੇਅਰਮੈਨ, ਬਾਰ ਕੌਂਸਲ ਆਫ਼ ਪੰਜਾਬ ਐਂਡ ਹਰਿਆਣਾ, ਚੰਡੀਗੜ੍ਹ, ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਡਾ. ਪਰਿਤ ਪਾਲ ਸਿੰਘ, ਡੀਨ ਅਕਾਦਮਿਕ ਮਾਮਲੇ ਪ੍ਰੋ. ਡਾ. ਸੁਖਵਿੰਦਰ ਸਿੰਘ ਬਿਲਿੰਗ, ਰਜਿਸਟਰਾਰ ਪ੍ਰੋ. ਤੇਜਬੀਰ ਸਿੰਘ, ਐਡਵੋਕੇਟ ਸਿਮਰਨਜੋਤ ਕੌਰ ਅਤੇ ਐਡਵੋਕੇਟ ਜਸਲੀਨ ਕੌਰ ਦਾ ਨਿੱਘਾ ਸਵਾਗਤ ਕੀਤਾ। ਆਪਣੇ ਉਦਘਾਟਨੀ ਭਾਸ਼ਣ ਵਿੱਚ, ਡਾ. ਕੌਸ਼ਲ ਨੇ ਯੋਗ ਕਾਨੂੰਨੀ ਪੇਸ਼ੇਵਰਾਂ ਨੂੰ ਸਹੀ ਸੇਧ ਦੇਣ ਵਿੱਚ ਨੈਤਿਕ ਅਭਿਆਸਾਂ ਦੀ ਸਾਰਥਕਤਾ 'ਤੇ ਜ਼ੋਰ ਦਿੱਤਾ। ਉਹਨਾਂ ਭਵਿੱਖ ਦੇ ਵਕੀਲਾਂ ਵਜੋਂ, ਵਿਦਿਆਰਥੀਆਂ ਨੂੰ ਕਾਨੂੰਨੀ ਪ੍ਰਣਾਲੀ ਵਿੱਚ ਜਨਤਕ ਵਿਸ਼ਵਾਸ ਨੂੰ ਬਣਾਈ ਰੱਖਣ ਲਈ ਇਨ੍ਹਾਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣਾ ਦੀ ਅਪੀਲ ਕੀਤੀ। ਸ਼੍ਰੀ ਰਾਕੇਸ਼ ਗੁਪਤਾ ਨੇ ਅਪਣੇ ਭਾਸ਼ਣ ਵਿੱਚ ਸਮਕਾਲੀ ਨੈਤਿਕ ਦੁਬਿਧਾਵਾਂ 'ਤੇ ਵਿਸਥਾਰ ਨਾਲ ਵਿਚਾਰ ਕੀਤਾ। ਉਨ੍ਹਾਂ ਨੇ ਕਾਨੂੰਨੀ ਕਠੋਰਤਾ ਅਤੇ ਨੈਤਿਕ ਜਵਾਬਦੇਹੀ ਵਿਚਕਾਰ ਸੰਤੁਲਨ 'ਤੇ ਜ਼ੋਰ ਦਿੱਤਾ। ਉਹਨਾਂ ਵਿਦਿਆਰਥੀਆਂ ਨੂੰ ਅਦਾਲਤ ਅਤੇ ਸਮਾਜ ਪ੍ਰਤੀ ਅਪਣੇ ਫਰਜ਼ ਲਈ ਨਿੱਜੀ ਲਾਭ ਨੂੰ ਛੱਡਣਾ ਦੀ ਅਪੀਲ ਕੀਤੀ। ਵਾਈਸ ਚਾਂਸਲਰ ਪ੍ਰੋ. ਡਾ. ਪ੍ਰਿਤਪਾਲ ਸਿੰਘ ਨੇ ਭਾਸ਼ਣ ਦੇ ਆਯੋਜਨ ਲਈ ਵਿਭਾਗ ਦੀ ਸ਼ਲਾਘਾ ਕੀਤੀ। ਵਿਸ਼ੇ 'ਤੇ ਵਿਚਾਰ ਕਰਦੇ ਹੋਏ, ਉਨ੍ਹਾਂ ਜ਼ੋਰ ਦਿੱਤਾ, ਕਿ ਨੈਤਿਕਤਾ ਨੂੰ ਕਾਇਮ ਰੱਖਣਾ ਪੇਸ਼ੇ ਦੀ ਸ਼ਾਨ ਨੂੰ ਯਕੀਨੀ ਬਣਾਉਂਦਾ ਹੈ ਅਤੇ ਲੋਕਤੰਤਰ ਨੂੰ ਮਜ਼ਬੂਤ ਕਰਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਨੈਤਿਕ ਸਿਧਾਂਤਾਂ ਨੂੰ ਆਪਣੇ ਕਰੀਅਰ ਦੇ ਸਿਧਾਂਤਾਂ ਵਜੋਂ ਅਪਣਾਉਣ ਲਈ ਉਤਸ਼ਾਹਿਤ ਕੀਤਾ।

## ਸੰਵਿਧਾਨ 'ਚ ਕਿਤੇ ਵੀ ਬਿੱਲਾਂ ਸਬੰਧੀ

ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵਾਂ ਰੱਖਣ ਦੀ ਸ਼ਕਤੀ ਵੀ ਦਿੰਦਾ ਹੈ। ਹਾਲਾਂਕਿ ਆਰਟੀਕਲ 200 ਰਾਜਪਾਲ ਲਈ ਇਨ੍ਹਾਂ ਸੰਵਿਧਾਨਕ ਵਿਕਲਪਾਂ ਦੀ ਵਰਤੋਂ ਕਰਨ ਲਈ ਕੋਈ ਸਮਾਂ-ਸੀਮਾ ਨਿਰਧਾਰਤ ਨਹੀਂ ਕਰਦਾ। ਇਸੇ ਤਰ੍ਹਾਂ ਆਰਟੀਕਲ 201 ਬਿੱਲਾਂ ਨੂੰ ਮਨਜ਼ੂਰੀ ਦੇਣ ਜਾਂ ਇਸ ਨੂੰ ਰੋਕਣ ਲਈ ਰਾਸ਼ਟਰਪਤੀ ਦੇ ਅਧਿਕਾਰ ਅਤੇ ਪ੍ਰਕਿਰਿਆ ਦੀ ਰੂਪਰੇਖਾ ਉਲੀਕਦਾ ਹੈ ਤੇ ਇਹ ਵੀ ਸੰਵਿਧਾਨਕ ਸ਼ਕਤੀਆਂ ਦੀ ਵਰਤੋਂ ਲਈ ਕੋਈ ਸਮਾਂ ਸੀਮਾ ਜਾਂ ਪ੍ਰਕਿਰਿਆਵਾਂ ਲਾਗੂ ਨਹੀਂ ਕਰਦਾ। ਇਸ ਤੋਂ ਪਹਿਲਾਂ ਆਪਣੀ ਤਰ੍ਹਾਂ ਦੇ ਪਹਿਲੇ ਫੈਸਲੇ ਵਿੱਚ ਸੁਪਰੀਮ ਕੋਰਟ ਨੇ 12 ਅਪ੍ਰੈਲ ਨੂੰ ਦੇਸ਼ ਦੇ ਰਾਸ਼ਟਰਪਤੀ ਲਈ ਵੀ ਸਮਾਂ ਸੀਮਾ ਨਿਰਧਾਰਤ ਕਰ ਦਿੱਤੀ ਸੀ। ਸਰਵਉੱਚ ਅਦਾਲਤ ਨੇ ਕਿਹਾ ਸੀ ਕਿ ਰਾਜਪਾਲ ਵਲੋਂ ਭੇਜੇ ਗਏ ਬਿੱਲ 'ਤੇ ਰਾਸ਼ਟਰਪਤੀ ਨੂੰ ਤਿੰਨ ਮਹੀਨਿਆਂ ਦੇ ਅੰਦਰ ਫੈਸਲਾ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਅੱਠ ਅਪਰੈਲ ਨੂੰ ਸੁਪਰੀਮ ਕੋਰਟ ਨੇ ਤਾਮਿਲਨਾਡੂ ਸਰਕਾਰ ਤੇ ਰਾਜਪਾਲ ਦੇ ਮਾਮਲੇ ਵਿਚ ਇਤਿਹਾਸਕ ਫੈਸਲਾ ਸੁਣਾਉਂਦਿਆਂ ਕਿਹਾ ਸੀ, ਕਿ ਰਾਜਪਾਲ ਨੂੰ ਵਿਧਾਨ ਸਭਾ ਵਲੋਂ ਭੇਜੇ ਗਏ ਬਿੱਲ 'ਤੇ ਇਕ ਮਹੀਨੇ ਅੰਦਰ ਫੈਸਲਾ ਲੈਣਾ ਪਵੇਗਾ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਰਾਜਪਾਲਾਂ ਵੱਲੋਂ ਭੇਜੇ ਗਏ ਬਿੱਲਾਂ ਦੇ ਮਾਮਲੇ ਵਿਚ ਰਾਸ਼ਟਰਪਤੀ ਕੋਲ ਵੀਟੋ ਦਾ ਅਧਿਕਾਰ ਨਹੀਂ ਹੈ। ਉਨ੍ਹਾਂ ਦੇ ਫੈਸਲੇ ਦੀ ਨਿਆਂਇਕ ਸਮੀਖਿਆ ਕੀਤੀ ਜਾ ਸਕਦੀ ਹੈ। ਸੁਪਰੀਮ ਕੋਰਟ ਨੇ ਨੇ ਨਿਵੇਕਲੀ ਪਹਿਲ ਕਰਦਿਆਂ ਵਿਧਾਨ ਸਭਾਵਾਂ ਵੱਲੋਂ ਪਾਸ ਕੀਤੇ ਗਏ ਬਿੱਲਾਂ ਸਬੰਧੀ ਰਾਜਪਾਲਾਂ ਦੇ ਫ਼ੈਸਲਾ ਲੈਣ ਲਈ ਇੱਕ ਮਹੀਨੇ ਤੋਂ ਤਿੰਨ ਮਹੀਨਿਆਂ ਦੀ ਸਮਾਂ-ਸੀਮਾ ਨਿਰਧਾਰਤ ਕੀਤੀ ਸੀ। ਬੈਂਚ ਨੇ ਕਿਹਾ ਇਨ੍ਹਾਂ ਬਿੱਲਾਂ ਨੂੰ ਉਸੇ ਤਰੀਕ ਤੋਂ ਮਨਜ਼ੂਰ ਮੰਨਿਆ ਜਾਵੇਗਾ। ਜਿਸ ਦਿਨ ਇਨ੍ਹਾਂ ਨੂੰ ਮੁੜ ਮਨਜ਼ੂਰੀ ਲਈ ਰਾਜਪਾਲ ਅੱਗੇ ਰੱਖਿਆ ਗਿਆ ਹੋਵੇ। ਅਦਾਲਤ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 200 ਤਹਿਤ ਰਾਜਪਾਲ ਵੱਲੋਂ ਆਪਣੇ ਕੰਮ ਸੰਪੂਰਨ ਕਰਨ ਲਈ ਕੋਈ ਸਪੱਸ਼ਟ ਸੀਮਾ ਤੈਅ ਨਹੀਂ ਹੈ। ਸਮਾਂ-ਸੀਮਾ ਤੈਅ ਕਰਦਿਆਂ ਬੈਂਚ ਨੇ ਕਿਹਾ ਕਿ ਕਿਸੇ ਬਿੱਲ 'ਤੇ ਮਨਜ਼ੂਰੀ ਰੋਕ ਕੇ ਉਸ ਨੂੰ ਮੰਤਰੀ ਪਰਿਸ਼ਦ ਦੀ ਸਹਾਇਤਾ ਤੇ ਸਲਾਹ ਨਾਲ ਰਾਸ਼ਟਰਪਤੀ ਲਈ ਰਾਖਵਾਂ ਰੱਖਣ ਦੀ ਵੱਧ ਤੋਂ ਵੱਧ ਮਿਆਦ 1 ਮਹੀਨਾ ਹੋਵੇਗੀ। ਜੇ ਰਾਜਪਾਲ ਨੇ ਮੰਤਰੀ ਪਰਿਸ਼ਦ ਦੀ ਸਹਾਇਤਾ ਤੇ ਸਲਾਹ ਤੋਂ ਬਿਨਾਂ ਸਹਿਮਤੀ ਨੂੰ ਰੋਕਣ ਦਾ ਫ਼ੈਸਲਾ ਕੀਤਾ ਹੈ ਤਾਂ ਬਿੱਲਾਂ ਨੂੰ ਤਿੰਨ ਮਹੀਨਿਆਂ ਦੇ ਅੰਦਰ ਵਿਧਾਨ ਸਭਾ ਨੂੰ ਵਾਪਸ ਕੀਤਾ ਜਾਣਾ ਚਾਹੀਦਾ ਹੈ। ਸਰਵਉਚ ਅਦਾਲਤ ਨੇ ਕਿਹਾ ਸੀ ਕਿ ਵਿਧਾਨ ਸਭਾ ਵੱਲੋਂ ਬਿੱਲ ਨੂੰ ਮੁੜ ਪਾਸ ਕਰਨ ਤੋਂ ਬਾਅਦ ਉਸ ਨੂੰ ਪੇਸ਼ ਕਰਨ 'ਤੇ ਰਾਜਪਾਲ ਨੂੰ ਇੱਕ ਮਹੀਨੇ 'ਚ ਬਿੱਲਾਂ ਨੂੰ ਮਨਜ਼ੂਰੀ ਦੇਣੀ ਹੋਵੇਗੀ।

### ਰਾਸ਼ਟਰਪਤੀ ਨੇ ਸੁਪਰੀਮ ਕੋਰਟ ਤੋਂ ਪੁੱਛੇ 14 ਸਵਾਲ

ਕ੍ਰਮਵਾਰ ਧਾਰਾ 200 ਅਤੇ 201 ਦੇ ਤਹਿਤ ਲਏ ਗਏ ਫੈਸਲਿਆਂ ਨੂੰ ਲਾਗੂ ਹੋਣ ਤੋਂ ਪਹਿਲਾਂ ਅਦਾਲਤਾਂ ਦੁਆਰਾ ਸੁਣਿਆ ਜਾ ਸਕਦਾ ਹੈ।

10. ਕੀ ਸੁਪਰੀਮ ਕੋਰਟ ਧਾਰਾ 142 ਰਾਹੀਂ ਰਾਸ਼ਟਰਪਤੀ ਅਤੇ ਰਾਜਪਾਲ ਦੀਆਂ ਸੰਵਿਧਾਨਕ ਸ਼ਕਤੀਆਂ ਨੂੰ ਬਦਲ ਸਕਦੀ ਹੈ?
11. ਕੀ ਰਾਜ ਸਰਕਾਰ ਧਾਰਾ 200 ਦੇ ਤਹਿਤ ਰਾਜਪਾਲ ਦੀ ਪ੍ਰਵਾਨਗੀ ਤੋਂ ਬਿਨਾਂ ਕਾਨੂੰਨ ਬਣਾ ਸਕਦੀ ਹੈ?
12. ਕੀ ਸੁਪਰੀਮ ਕੋਰਟ ਦਾ ਇੱਕ ਸਿੰਗਲ ਬੈਂਚ ਸੰਵਿਧਾਨ ਦੀ ਵਿਆਖਿਆ ਨਾਲ ਜੁੜੇ ਮਾਮਲਿਆਂ ਨੂੰ ਧਾਰਾ 145(3) ਦੇ ਤਹਿਤ ਸੁਪਰੀਮ ਕੋਰਟ ਦੇ ਪੰਜ ਜੱਜਾਂ ਦੇ ਬੈਂਚ ਨੂੰ ਭੇਜਣ ਦਾ ਫੈਸਲਾ ਕਰ ਸਕਦਾ ਹੈ?
13. ਕੀ ਸੁਪਰੀਮ ਕੋਰਟ ਅਜਿਹੇ ਨਿਰਦੇਸ਼/ਆਦੇਸ਼ ਦੇ ਸਕਦਾ ਹੈ ਜੋ ਸੰਵਿਧਾਨ ਜਾਂ ਮੌਜੂਦਾ ਕਾਨੂੰਨਾਂ ਨਾਲ ਅਸੰਗਤ ਹੋਣ?
14. ਕੀ ਸੰਵਿਧਾਨ ਧਾਰਾ 131 ਦੇ ਤਹਿਤ ਇਜਾਜ਼ਤ ਦਿੰਦਾ ਹੈ ਕਿ ਕੇਂਦਰ ਅਤੇ ਰਾਜ ਸਰਕਾਰਾਂ ਵਿਚਕਾਰ ਵਿਵਾਦ ਸਿਰਫ਼ ਸੁਪਰੀਮ ਕੋਰਟ ਦੁਆਰਾ ਹੀ ਹੱਲ ਕੀਤੇ ਜਾ ਸਕਦੇ ਹਨ?

### ਕੇਂਦਰ ਨੂੰ ਪਹਿਲ ਦੇ ਆਧਾਰ 'ਤੇ

ਪੋਕਸੋ ਮਾਮਲਿਆਂ ਦੀ ਜਾਂਚ ਨਾਲ ਜੁੜੇ ਅਧਿਕਾਰੀਆਂ ਨੂੰ ਸੰਵੇਦਨਸ਼ੀਲ ਬਣਾਉਣ ਲਈ ਤਰਜੀਹੀ ਆਧਾਰ 'ਤੇ ਸੁਣਵਾਈ ਲਈ ਸਮਰਪਿਤ ਅਦਾਲਤਾਂ ਬਣਾਉਣ ਲਈ ਉਚਿਤ ਕਦਮ ਚੁੱਕਣ। ਸਿਖਰਲੀ ਅਦਾਲਤ ਨੇ ਨਿਸਚਿਤ ਸਮਾਂ ਸੀਮਾ ਦੇ ਅੰਦਰ ਮੁਕੱਦਮਿਆਂ ਨੂੰ ਪੂਰਾ ਕਰਨ ਤੋਂ ਇਲਾਵਾ ਕਾਨੂੰਨ ਵਿੱਚ ਨਿਰਧਾਰਤ ਲਾਜ਼ਮੀ ਮਿਆਦ ਦੇ ਅੰਦਰ ਚਾਰਜਸ਼ੀਟ ਦਾਇਰ ਕਰਨ ਦੇ ਨਿਰਦੇਸ਼ ਦਿੱਤੇ।

### ਵਕ.ਫ ਕਾਨੂੰਨ ਨੂੰ ਚੁਣੌਤੀ ਦੇਣ ਵਾਲੀਆਂ

ਦਲੀਲਾਂ ਸੁਣਨ ਲਈ ਕੁਝ ਹੋਰ ਸਮਾਂ ਲੱਗ ਸਕਦਾ ਹੈ। ਇਸ ਤੋਂ ਪਹਿਲਾਂ ਕੇਂਦਰ ਨੇ ਭਰੋਸਾ ਦਿੱਤਾ ਸੀ ਕਿ ਵਕ.ਫ ਦੁਆਰਾ ਸਥਾਪਿਤ ਕੀਤੀਆਂ ਗਈਆਂ ਜਾਇਦਾਦਾਂ ਸਮੇਤ, ਕੋਈ ਵੀ ਵਕਫ ਜਾਇਦਾਦ ਨੂੰ ਡੀਨੋਟੀਫਾਈ ਨਹੀਂ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਕਾਨੂੰਨ ਅਧਿਕਾਰੀ ਨੇ ਇਹ ਵੀ ਭਰੋਸਾ ਦਿੱਤਾ ਸੀ ਕਿ ਨਵੇਂ ਕਾਨੂੰਨ ਤਹਿਤ ਕੇਂਦਰੀ ਵਕ.ਫ ਕੌਂਸਲ ਜਾਂ ਰਾਜ ਵਕ.ਫ ਬੋਰਡਾਂ ਵਿੱਚ ਕੋਈ ਨਿਯੁਕਤੀ ਨਹੀਂ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਸਾਬਕਾ ਚੀਫ ਜਸਟਿਸ ਸੰਜੀਵ ਖੰਨਾ ਦਾ ਬੈਂਚ ਇਸ ਮਾਮਲੇ ਦੀ ਸੁਣਵਾਈ ਕਰ ਰਿਹਾ ਸੀ, ਪਰ ਉਹ 13 ਮਈ ਨੂੰ ਸੇਵਾਮੁਕਤ ਹੋ ਗਏ ਅਤੇ ਮਾਮਲੇ ਨੂੰ ਜਸਟਿਸ ਗਵੱਈ ਦੀ ਅਗਵਾਈ ਵਾਲੇ ਬੈਂਚ ਨੂੰ ਤਬਦੀਲ ਕਰ ਦਿੱਤਾ ਗਿਆ ਸੀ।

### ਆਪ੍ਰੇਸ਼ਨ ਸਿੰਦੂਰ ਇਤਿਹਾਸ ਦੀ ਸਭ

ਹੱਦ ਤੱਕ ਜਾ ਸਕਦਾ ਹੈ। ਰੱਖਿਆ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਭਾਰਤ ਦੇ ਮੱਥੇ 'ਤੇ ਹਮਲਾ ਕੀਤਾ ਅਤੇ ਅਸੀਂ ਉਨ੍ਹਾਂ ਦੀ ਛਾਤੀ 'ਤੇ ਜ਼ਖਮੀ ਕੀਤਾ। ਰਾਜਨਾਥ ਸਿੰਘ ਨੇ ਕਿਹਾ ਹੈ ਕਿ ਪਾਕਿਸਤਾਨ ਨੇ ਭਾਰਤ ਨਾਲ ਧੋਖਾ ਕੀਤਾ ਹੈ। ਇਸ ਦੀ ਉਸ ਨੂੰ ਭਾਰੀ ਕੀਮਤ ਚੁਕਾਉਣੀ ਪਈ। ਰੱਖਿਆ ਮੰਤਰੀ

## ਸਫਾ 3 ਦੀ ਬਾਕੀ

ਰਾਜਨਾਥ ਸਿੰਘ, ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਅਤੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਬਦਾਮੀਬਾਗ ਛਾਉਣੀ ਵਿਖੇ ਸੈਨਿਕਾਂ ਨਾਲ 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਲਗਾਏ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ, ਮੈਨੂੰ ਤੁਹਾਡੀ ਊਰਜਾ ਮਹਿਸੂਸ ਹੋਈ ਹੈ, ਜਿਸ ਨੇ ਦੁਸ਼ਮਣਾਂ ਨੂੰ ਤਬਾਹ ਕਰ ਦਿੱਤਾ। ਜਿਸ ਤਰ੍ਹਾਂ ਤੁਸੀਂ ਸਰਹੱਦ ਪਾਰ ਪਾਕਿਸਤਾਨੀ ਚੌਕੀਆਂ ਅਤੇ ਬੰਕਰਾਂ ਨੂੰ ਤਬਾਹ ਕੀਤਾ, ਦੁਸ਼ਮਣ ਇਸ ਨੂੰ ਕਦੇ ਨਹੀਂ ਭੁੱਲੇਗਾ। ਆਮ ਤੌਰ 'ਤੇ ਲੋਕ ਜੋਸ਼ ਵਿੱਚ ਆਪਣੇ ਹੋਸ਼ ਗੁਆ ਦਿੰਦੇ ਹਨ। ਪਰ ਤੁਸੀਂ ਆਪਣਾ ਜੋਸ਼, ਆਪਣੀ ਹੋਸ਼ ਬਣਾਈ ਰੱਖੀ ਅਤੇ ਸਿਆਣਪ ਨਾਲ ਦੁਸ਼ਮਣ ਦੇ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ। ਰਾਜਨਾਥ ਸਿੰਘ ਨੇ ਚੇਤਾਵਨੀ ਦਿੱਤੀ ਕਿ ਪਾਕਿਸਤਾਨ ਦੇ ਜ਼ਖ਼ਮਾਂ ਨੂੰ ਭਰਨ ਦਾ ਇੱਕੋ ਇੱਕ ਤਰੀਕਾ ਹੈ ਕਿ ਉਹ ਭਾਰਤ ਵਿਰੋਧੀ ਅਤੇ ਅੱਤਵਾਦੀ ਸੰਗਠਨਾਂ ਨੂੰ ਪਨਾਹ ਦੇਣਾ ਬੰਦ ਕਰੇ ਅਤੇ ਆਪਣੀ ਜ਼ਮੀਨ ਨੂੰ ਭਾਰਤ ਵਿਰੁੱਧ ਵਰਤਣ ਦੀ ਇਜਾਜ਼ਤ ਨਾ ਦੇਵੇ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ,ਪੂਰੀ ਦੁਨੀਆ ਨੇ ਦੇਖਿਆ ਹੈ ਕਿ ਪਾਕਿਸਤਾਨ ਨੇ ਕਿਵੇਂ ਗੈਰ-ਜ਼ਿੰਮੇਵਾਰਾਨਾ ਢੰਗ ਨਾਲ ਭਾਰਤ ਨੂੰ ਕਈ ਵਾਰ ਪ੍ਰਮਾਣੂ ਧਮਕੀਆਂ ਦਿੱਤੀਆਂ ਹਨ। ਅੱਜ, ਸ਼੍ਰੀਨਗਰ ਦੀ ਧਰਤੀ ਤੋਂ, ਮੈਂ ਪੂਰੀ ਦੁਨੀਆ ਦੇ ਸਾਹਮਣੇ ਇਹ ਸਵਾਲ ਉਠਾਉਣਾ ਚਾਹੁੰਦਾ ਹਾਂ ਕੀ ਅਜਿਹੇ ਗੈਰ-ਜ਼ਿੰਮੇਵਾਰ ਅਤੇ ਚਲਾਕ ਦੇਸ਼ ਦੇ ਹੱਥਾਂ ਵਿੱਚ ਪ੍ਰਮਾਣੂ ਹਥਿਆਰ ਸੁਰੱਖਿਅਤ ਹਨ? ਮੇਰਾ ਮੰਨਣਾ ਹੈ ਕਿ ਪਾਕਿਸਤਾਨ ਦੇ ਪ੍ਰਮਾਣੂ ਹਥਿਆਰਾਂ ਨੂੰ ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ ਦੀ ਨਿਗਰਾਨੀ ਹੇਠ ਲਿਆ ਜਾਣਾ ਚਾਹੀਦਾ ਹੈ। ਰੱਖਿਆ ਮੰਤਰੀ ਨੇ ਕਿਹਾ, ਜਿੱਥੋਂ ਤੱਕ ਪਾਕਿਸਤਾਨ ਦਾ ਸਵਾਲ ਹੈ, ਉਹ ਦੇਸ਼ ਭੀਖ ਮੰਗਣ ਦੀ ਆਪਣੀ ਅਗਿਆਨਤਾ ਕਾਰਨ ਅਜਿਹੀ ਸਥਿਤੀ ਵਿੱਚ ਪਹੁੰਚ ਗਿਆ ਹੈ ਕਿ ਉਸ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਪਾਕਿਸਤਾਨ ਜਿੱਥੇ ਵੀ ਖੜ੍ਹਾ ਹੁੰਦਾ ਹੈ, ਭਿਖਾਰੀਆਂ ਦੀ ਕਤਾਰ ਉੱਥੋਂ ਸ਼ੁਰੂ ਹੁੰਦੀ ਹੈ।

### ਕਿਸਾਨਾਂ ਨੂੰ ਪ੍ਰਤੀ ਏਕੜ ਮਿਲਣਗੇ

ਗੱਲ ਹੈ ਕਿ ਸੂਬਾ ਸਰਕਾਰ ਡੀ.ਐਸ.ਆਰ. ਅਪਣਾਉਣ ਵਾਲੇ ਕਿਸਾਨਾਂ ਨੂੰ ਪ੍ਰਤੀ ਏਕੜ 1,500 ਰੁਪਏ ਦੀ ਵਿੱਤੀ ਸਹਾਇਤਾ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਵਿੱਤੀ ਸਾਲ 2025-26 ਵਿੱਚ ਇਸ ਉਦੇਸ਼ ਲਈ 40 ਕਰੋੜ ਰੁਪਏ ਦਾ ਬਜਟ ਅਲਾਟਮੈਂਟ ਵੀ ਰੱਖਿਆ ਹੈ ਅਤੇ ਇਸ ਵਿੱਚ ਦਿਲਚਸਪੀ ਰੱਖਣ ਵਾਲੇ ਕਿਸਾਨ 10 ਮਈ ਤੋਂ 30 ਜੂਨ, 2025 ਤੱਕ ਔਨਲਾਈਨ ਪੋਰਟਲ agrimachinerypb.com 'ਤੇ ਡੀ.ਐਸ.ਆਰ. ਸਕੀਮ ਲਈ ਰਜਿਸਟਰ ਕਰ ਸਕਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸਕੀਮ ਸੂਬੇ ਵਿੱਚ 15-20% ਭੂਮੀਗਤ ਪਾਣੀ ਦੀ ਬਚਤ ਕਰਨ ਦੇ ਨਾਲ-ਨਾਲ ਖੇਤੀਬਾੜੀ 'ਤੇ ਵਾਧੂ ਖਰਚਿਆਂ ਨੂੰ ਵੀ ਬਚਾਏਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਡੀ.ਐਸ.ਆਰ. ਤਕਨੀਕ ਸੂਬੇ ਲਈ ਇੱਕ ਵੱਡਾ ਵਰਦਾਨ ਹੈ ਕਿਉਂਕਿ ਇਹ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਨੂੰ ਰੋਕਣ ਵਿੱਚ ਮਦਦ ਕਰੇਗੀ ਅਤੇ ਨਾਲ ਹੀ ਪ੍ਰਤੀ ਏਕੜ ਲਗਭਗ 3,500 ਰੁਪਏ ਦੀ ਕਿਰਤ ਲਾਗਤ ਨੂੰ ਘਟਾਏਗੀ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਇਸ ਯੋਜਨਾ ਨੂੰ ਅਪਣਾਉਣਾ ਚਾਹੀਦਾ ਹੈ ਅਤੇ ਆਪਣੀ ਮਾਤ ਭੂਮੀ ਪ੍ਰਤੀ ਆਪਣਾ ਫਰਜ਼ ਢੁਕਵੇਂ ਢੰਗ ਨਾਲ ਨਿਭਾਉਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਨੂੰ ਮੌਜੂਦਾ ਖੇਤੀਬਾੜੀ ਸੰਕਟ ਵਿੱਚੋਂ ਕੱਢਣ ਅਤੇ ਸੂਬੇ ਦੇ ਕੀਮਤੀ ਭੂਮੀਗਤ ਪਾਣੀ ਨੂੰ ਬਚਾਉਣ ਲਈ ਹਮੇਸ਼ਾ ਸੰਵੇਦਨਸ਼ੀਲ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਨੇ ਦੇਸ਼ ਨੂੰ ਭੋਜਨ ਵਿੱਚ ਸਵੈ-ਨਿਰਭਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ, ਉਹ ਵੀ ਮਿੱਟੀ ਅਤੇ ਪਾਣੀ ਦੇ ਮਾਮਲੇ ਵਿੱਚ ਸੂਬੇ ਦੇ ਇੱਕੋ-ਇੱਕ ਉਪਲੱਬਧ ਕੁਦਰਤੀ ਸਰੋਤਾਂ ਦੀ ਜ਼ਿਆਦਾ ਵਰਤੋਂ ਦੀ ਕੀਮਤ 'ਤੇ। ਹਾਲਾਂਕਿ, ਭਗਵੰਤ ਸਿੰਘ ਮਾਨ ਨੇ ਦੁੱਖ ਪ੍ਰਗਟ ਕੀਤਾ ਕਿ ਅੱਜ ਖੇਤੀਬਾੜੀ ਹੁਣ ਇੱਕ ਲਾਭਦਾਇਕ ਉੱਦਮ ਨਹੀਂ ਰਿਹਾ ਕਿਉਂਕਿ ਕਿਸਾਨ ਲਗਾਤਾਰ ਵਧ ਰਹੇ ਖੇਤੀ ਲਾਗਤਾਂ ਅਤੇ ਨਾ-ਲਾਭਦਾਇਕ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਕਾਰਨ ਗੰਭੀਰ ਖੇਤੀਬਾੜੀ ਸੰਕਟ ਦਾ ਸਾਹਮਣਾ ਕਰ ਰਹੇ ਹਨ।

### ਪਾਕਿ ਨਾਲ ਪੀ.ਓ.ਕੇ. 'ਤੇ ਹੀ ਹੋਵੇਗੀ

ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਗੈਰ-ਕਾਨੂੰਨੀ ਤੌਰ 'ਤੇ ਕਬਜ਼ੇ ਵਾਲੇ ਭਾਰਤੀ ਇਲਾਕੇ ਨੂੰ ਖਾਲੀ ਕਰਨਾ ਪਵੇਗਾ, ਅਸੀਂ ਉਸ ਚਰਚਾ ਲਈ ਤਿਆਰ ਹਾਂ। ਇਸ ਤੋਂ ਬਾਅਦ ਅਮਰੀਕਾ ਨਾਲ ਵਪਾਰ ਬਾਰੇ ਵਿਦੇਸ਼ ਮੰਤਰੀ ਨੇ ਕਿਹਾ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰਕ ਗੱਲਬਾਤ ਚੱਲ ਰਹੀ ਹੈ। ਇਹ ਗੁੰਝਲਦਾਰ ਗੱਲਬਾਤਾਂ ਹਨ। ਜਦੋਂ ਤੱਕ ਸਭ ਕੁਝ ਤੈਅ ਨਹੀਂ ਹੋ ਜਾਂਦਾ, ਕੁਝ ਵੀ ਤੈਅ ਨਹੀਂ ਹੁੰਦਾ। ਕੋਈ ਵੀ ਵਪਾਰਕ ਸੌਦਾ ਆਪਸੀ ਲਾਭਦਾਇਕ ਹੋਣਾ ਚਾਹੀਦਾ ਹੈ। ਇਹ ਦੋਵਾਂ ਦੇਸ਼ਾਂ ਲਈ ਕੰਮ ਕਰਨਾ ਚਾਹੀਦਾ ਹੈ। ਇਹੀ ਅਸੀਂ ਇੱਕ ਵਪਾਰਕ ਸਮਝੌਤੇ ਤੋਂ ਉਮੀਦ ਕਰਾਂਗੇ। ਜਦੋਂ ਤੱਕ ਅਜਿਹਾ ਨਹੀਂ ਹੁੰਦਾ, ਇਸ ਬਾਰੇ ਕੋਈ ਵੀ ਫੈਸਲਾ ਲੈਣਾ ਜਲਦਬਾਜ਼ੀ ਹੋਵੇਗੀ।

### ਸ੍ਰੀਨਗਰ 'ਚ ਫਰੀਦਕੋਟ ਦਾ ਅਗਨੀਵੀਰ

ਭਾਰਤੀ ਫ਼ੌਜ ਵਿੱਚ ਬਤੌਰ ਅਗਨੀਵੀਰ ਭਰਤੀ ਹੋਇਆ ਸੀ ਅਤੇ ਕੁਝ ਸਮਾਂ ਹਿਸਾਰ ਡਿਊਟੀ 'ਤੇ ਰਹਿਣ ਮਗਰੋਂ ਉਸ ਨੂੰ ਹੁਣ ਸ੍ਰੀਨਗਰ ਡਿਊਟੀ 'ਤੇ ਭੇਜ ਦਿੱਤਾ। ਉਨ੍ਹਾਂ ਦੱਸਿਆ ਕਿ ਬੁੱਧਵਾਰ ਸ਼ਾਮ ਨੂੰ ਅਕਾਸ਼ਦੀਪ ਨਾਲ ਪਰਿਵਾਰ ਦੀ ਗੱਲ ਹੋਈ ਸੀ ਅਤੇ ਸਭ ਠੀਕ'ਠਾਕ ਸੀ ਪਰ ਅੱਜ ਸਵੇਰ ਤੋਂ ਉਸ ਨਾਲ ਸੰਪਰਕ ਨਹੀਂ ਸੀ ਹੋ ਰਿਹਾ ਸੀ। ਉਨ੍ਹਾਂ ਦੱਸਿਆ ਕਿ 12 ਅਪਰੈਲ ਨੂੰ ਅਕਾਸ਼ਦੀਪ ਛੁੱਟੀ ਆਇਆ ਸੀ ਅਤੇ 27 ਅਪਰੈਲ ਨੂੰ ਹੀ ਵਾਪਸ ਗਿਆ ਸੀ। ਉਨ੍ਹਾਂ ਦੱਸਿਆ ਕਿ ਕੰਪਨੀ ਕਮਾਂਡਰ ਨੇ ਫੋਨ 'ਤੇ ਸੂਚਨਾ ਦਿੱਤੀ ਕਿ ਅਕਾਸ਼ਦੀਪ ਦੇ ਸਿਰ ਵਿੱਚ ਗੋਲੀ ਲੱਗਣ ਕਰਕੇ ਉਸ ਦੀ ਮੌਤ ਹੋ ਗਈ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਪੀਆਰਓ ਮਨਪ੍ਰੀਤ ਸਿੰਘ ਮਨੀ ਧਾਲੀਵਾਲ ਨੇ ਸੋਸ਼ਲ ਮੀਡੀਆ ਰਾਹੀਂ ਅਗਨੀਵੀਰ ਅਕਾਸ਼ਦੀਪ ਸਿੰਘ ਦੀ ਮੌਤ 'ਤੇ ਦੁੱਖ ਦਾ ਇਜ਼ਹਾਰ ਕੀਤਾ ਹੈ ਅਤੇ ਦੱਸਿਆ ਕਿ ਸ਼ੁੱਕਰਵਾਰ ਨੂੰ ਅਕਾਸ਼ਦੀਪ ਦਾ ਅੰਤਿਮ ਸੰਸਕਾਰ ਕੀਤਾ ਜਾਵੇਗਾ।

### ਪੰਜਾਬ 'ਚ ਲਗਾਤਾਰ ਵੱਧ ਰਹੀ ਗਰਮੀ

ਅੱਜ ਵੀ ਮੌਸਮ ਵਿਭਾਗ ਵੱਲੋਂ ਕੋਈ ਅਲਰਟ ਜਾਰੀ ਨਹੀਂ ਕੀਤਾ ਗਿਆ। ਜਿਸ ਕਾਰਨ ਅੱਜ ਵੀ ਤਾਪਮਾਨ ਵਿੱਚ ਵਾਧਾ ਦੇਖਿਆ ਜਾ ਸਕਦਾ ਹੈ। ਜਿਸ ਤੋਂ ਬਾਅਦ ਸੂਬੇ ਦੇ ਜ਼ਿਆਦਾਤਰ ਸ਼ਹਿਰਾਂ ਦਾ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਪਾਰ ਪਹੁੰਚ ਸਕਦਾ ਹੈ।

### ਪੰਜਾਬ 'ਚ ਮੀਂਹ ਤੇ ਤੂਫ਼ਾਨ

ਕੀਤੀ ਹੈ। ਜਿਸ ਕਾਰਨ ਸੂਬੇ ਦੇ ਤਾਪਮਾਨ ਵਿੱਚ ਥੋੜ੍ਹੀ ਜਿਹੀ ਗਿਰਾਵਟ ਆਉਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਮੌਸਮ ਵਿਭਾਗ ਨੇ ਆਉਣ ਵਾਲੇ ਦਿਨ 18 ਤੋਂ 20 ਤਾਰੀਖ਼ ਤੱਕ ਮੀਂਹ ਅਤੇ ਹਨ੍ਹੇਰੀ ਦਾ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਇਹ ਅਲਰਟ ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਬਠਿੰਡਾ ਅਤੇ ਮਾਨਸਾ ਲਈ ਜਾਰੀ ਕੀਤਾ ਗਿਆ ਹੈ। ਇੱਥੇ ਦੱਸ ਦੇਈਏ ਫਿਲਹਾਲ 17 ਤਰੀਖ ਲਈ ਕੋਈ ਅਲਰਟ ਜਾਰੀ ਨਹੀਂ ਕੀਤਾ ਗਿਆ।

### ਪਾਕਿਸਤਾਨ 'ਚ ਕਿਸੇ ਵੀ ਪ੍ਰਮਾਣੂ ਟਿਕਾਣੇ ਤੋਂ ਕੋਈ

ਕੋਈ ਰੇਡੀਏਸ਼ਨ ਲੀਕ ਜਾਂ ਰਿਲੀਜ਼ ਨਹੀਂ ਹੋਈ ਹੈ। ਇਸ ਤੋਂ ਪਹਿਲਾਂ ਏਅਰ ਅਪਰੇਸ਼ਨਜ਼ ਦੇ ਡਾਇਰੈਕਟਰ ਜਨਰਲ, ਏਅਰ ਮਾਰਸ਼ਲ ਏਕੇ ਭਾਰਤੀ ਨੇ ਉਨ੍ਹਾਂ ਦਾਅਵਿਆਂ ਨੂੰ ਰੱਦ ਕਰ ਦਿੱਤਾ ਕਿ ਭਾਰਤ ਨੇ ਪਾਕਿਸਤਾਨ ਦੇ ਪ੍ਰਮਾਣੂ ਟਿਕਾਣਿਆਂ ਦੇ ਗੜ੍ਹ ਕਿਰਾਨਾ ਹਿੱਲਜ਼ ਨੂੰ ਨਿਸ਼ਾਨਾ ਬਣਾਇਆ ਹੈ। ਏਅਰ ਮਾਰਸ਼ਲ ਏਕੇ ਭਾਰਤੀ ਨੇ 12 ਮਈ ਨੂੰ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ, ਜੋ ਕੁੱਝ ਵੀ ਹੈ, ਅਸੀਂ ਕਿਰਾਨਾ ਹਿੱਲਜ਼ ਨੂੰ ਨਿਸ਼ਾਨਾ ਨਹੀਂ ਬਣਾਇਆ ਹੈ। ਭਾਰਤ ਨੇ ਸਰਗੋਧਾ ਵਿੱਚ ਇੱਕ ਏਅਰਬੇਸ ਨੂੰ ਨਿਸ਼ਾਨਾ ਬਣਾਇਆ ਅਤੇ ਕੁਝ ਰਿਪੋਰਟਾਂ ਸਨ ਕਿ ਇਹ ਬੇਸ ਕਿਰਾਨਾ ਹਿੱਲਜ਼ ਵਿੱਚ ਇੱਕ ਭੂਮੀਗਤ ਪ੍ਰਮਾਣੂ ਸਟੋਰੇਜ਼ ਸਹੂਲਤ ਨਾਲ ਜੁੜਿਆ ਹੋਇਆ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਵੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੋਵਾਂ ਦੇਸ਼ਾਂ ਵਿਚਕਾਰ ਪ੍ਰਮਾਣੂ ਟਕਰਾਅ ਨੂੰ ਟਾਲਣ ਦੇ ਦਾਅਵਿਆਂ ਨੂੰ ਰੱਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤ ਦੀ ਫ਼ੌਜੀ ਕਾਰਵਾਈ ਰਵਾਇਤੀ ਖੇਤਰ ਵਿੱਚ ਸੀ ਅਤੇ ਉਨ੍ਹਾਂ ਨੇ ਪ੍ਰਮਾਣੂ ਯੁੱਧ ਬਾਰੇ ਅਟਕਲਾਂ ਤੋਂ ਇਨਕਾਰ ਕੀਤਾ।

### ਮੈ ਦੋਵਾਂ ਦੇਸ਼ਾਂ ਵਿਚਾਲੇ ਨਹੀਂ

ਇੱਕ ਲੰਮੀ ਰਾਤ ਦੀ ਗੱਲਬਾਤ ਤੋਂ ਬਾਅਦ, ਮੈਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਭਾਰਤ ਅਤੇ ਪਾਕਿਸਤਾਨ ਇੱਕ ਪੂਰਨ ਅਤੇ ਤੁਰੰਤ ਜੰਗਬੰਦੀ ਲਈ ਸਹਿਮਤ ਹੋ ਗਏ ਹਨ। ਕਾਮਨ ਸੈਂਸ ਅਤੇ ਮਹਾਨ ਬੁੱਧੀ ਦੀ ਵਰਤੋਂ ਕਰਨ ਲਈ ਦੋਵਾਂ ਦੇਸ਼ਾਂ ਨੂੰ ਵਧਾਈਆਂ। ਇਸ ਮਾਮਲੇ ਵੱਲ ਤੁਹਾਡਾ ਧਿਆਨ ਦੇਣ ਲਈ ਤੁਹਾਡਾ ਧੰਨਵਾਦ!

### 'ਐਪਲ ਦੇ ਭਾਰਤ ਵਿੱਚ ਵਿਸਥਾਰ ਨਾਲ ਅਮਰੀਕਾ 'ਚ

ਕਿਹਾ ਕਿ ਉਹ ਭਾਰਤ ਵਿਚ ਵਿਸਥਾਰ ਕਰਨ ਜਾ ਰਹੇ ਹਨ ਤੇ ਅਮਰੀਕਾ ਨੂੰ ਲਗਦਾ ਹੈ ਕਿ ਇਸ ਦੀ ਕੋਈ ਲੋੜ ਨਹੀਂ। ਅਸੀਂ ਨਹੀਂ ਚਾਹੁੰਦੇ ਕਿ ਉਹ ਭਾਰਤ ਵਿਚ ਵਿਸਥਾਰ ਕਰਨ। ਟਰੰਪ ਦਾ ਇਹ ਬਿਆਨ ਉਸ ਵੇਲੇ ਆਇਆ ਹੈ ਜਦੋਂ ਐਪਲ ਦੇ ਸੀਈਓ ਟਿਮ ਕੁੱਕ ਨੇ ਹਾਲ ਹੀ ਵਿਚ ਕਿਹਾ ਸੀ ਕਿ ਹੁਣ ਅਮਰੀਕਾ ਵਿਚ ਵਿਕਣ ਵਾਲੇ ਪੰਜਾਹ ਫੀਸਦੀ ਆਈਫੋਨ ਭਾਰਤ ਵਿਚ ਬਣਾਏ ਜਾ ਰਹੇ ਹਨ।

### ਮਜੀਠਾ ਇਲਾਕੇ 'ਚ ਜ਼ਹਿਰੀਲੀ ਸ਼ਰਾਬ

ਅੰਮ੍ਰਿਤਸਰ ਵਿਖੇ ਹਸਪਤਾਲ ਵਿਚ ਆਈ.ਸੀ.ਯੂ. ਵਿਚ ਜ਼ੇਰੇ ਇਲਾਜ ਸੀ, ਜਿਸ ਨੇ ਅੱਜ ਹਸਪਤਾਲ ਵਿਚ ਦਮ ਤੋੜ ਦਿੱਤਾ। ਪੁਲਿਸ ਵੱਲੋਂ ਦੋਵਾਂ ਵਿਅਕਤੀਆਂ ਦੀਆਂ ਲਾਸ਼ਾਂ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਇਸ ਘਟਨਾ ਨਾਲ ਸਥਾਨਕ ਲੋਕਾਂ ਵਿੱਚ ਰੋਸ ਵੱਧ ਰਿਹਾ ਹੈ ਅਤੇ ਉਹ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕਰ ਰਹੇ ਹਨ। ਦੱਸ ਦੇਈਏ ਕਿ ਜ਼ਹਿਰੀਲੀ ਸ਼ਰਾਬ ਕਾਰਨ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 25 ਹੋ ਗਈ ਹੈ। ਪੁਲਿਸ ਵੱਲੋਂ 16 ਮੁਲਜ਼ਮ ਗ੍ਰਿਫ਼ਤਾਰ ਕੀਤੇ ਗਏ ਹਨ। ਇਸ ਮਾਮਲੇ ਵਿੱਚ 4 ਅਧਿਕਾਰੀ ਵੀ ਮੁਅੱਤਲ ਵੀ ਕੀਤੇ ਗਏ ਹਨ।

### ਫ਼ੌਜ ਮੁਖੀ ਵੱਲੋਂ ਸਰਹੱਦੀ ਖੇਤਰਾਂ ਦੇ ਦੌਰੇ ਦੌਰਾਨ

ਅਤੇ ਸਾਰੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਸੈਨਿਕਾਂ ਨੂੰ ਸੰਬੋਧਨ ਕਰਦੇ ਹੋਏ, ਉਨ੍ਹਾਂ ਨੇ ਆਪ੍ਰੇਸ਼ਨ ਸਿੰਦੂਰ ਦੌਰਾਨ ਕੰਟਰੋਲ ਰੇਖਾ ਦੇ ਨਾਲ ਦਬਦਬਾ ਬਣਾਈ ਰੱਖਣ ਵਿੱਚ ਉਨ੍ਹਾਂ ਦੀ ਹਿੰਮਤ, ਜੋਸ਼ ਅਤੇ ਚੌਕਸੀ ਕਾਰਵਾਈ ਦੀ ਸ਼ਲਾਘਾ ਕੀਤੀ। ਪੋਸਟ ਦੇ ਅਨੁਸਾਰ, ਫ਼ੌਜ ਮੁਖੀ ਨੇ ਪਾਕਿਸਤਾਨ ਦੇ ਕਬਜ਼ੇ ਵਾਲੇ ਜੰਮੂ ਅਤੇ ਕਸ਼ਮੀਰ ਵਿੱਚ ਅਤਿਵਾਦੀ ਕੈਂਪਾਂ ਨੂੰ ਤਬਾਹ ਕਰਨ ਵਿੱਚ ਸੈਨਿਕਾਂ ਦੀ ਭੂਮਿਕਾ ਦੀ ਪ੍ਰਸ਼ੰਸਾ ਕੀਤੀ। ਫ਼ੌਜ ਨੇ ਕਿਹਾ, ਸੈਨਾ ਮੁਖੀ ਨੇ ਕੰਟਰੋਲ ਰੇਖਾ ਦੇ ਪਾਰ ਪਾਕਿਸਤਾਨ ਵੱਲੋਂ ਕੀਤੀ ਗਈ ਕਾਇਰਤਾਪੂਰਨ ਗੋਲੀਬਾਰੀ ਤੋਂ ਪ੍ਰਭਾਵਿਤ ਨਾਗਰਿਕਾਂ ਨੂੰ ਰਾਹਤ ਪ੍ਰਦਾਨ ਕਰਨ ਵਿੱਚ ਡੈਗਰ ਡਿਵੀਜ਼ਨ ਵੱਲੋਂ ਨਿਭਾਈ ਗਈ ਭੂਮਿਕਾ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸੈਨਿਕਾਂ ਨੂੰ ਕਿਸੇ ਵੀ ਚੁਣੌਤੀ ਦਾ ਫ਼ੈਸਲਾਕੁੰਨ ਤਾਕਤ ਨਾਲ ਜਵਾਬ ਦੇਣ ਲਈ ਹਮੇਸ਼ਾ ਤਿਆਰ ਰਹਿਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

### ਮਿਸੀਸਾਗਾ 'ਚ ਪੰਜਾਬੀ ਕਾਰੋਬਾਰੀ

ਇਕ ਗੋਲੀ ਉਨ੍ਹਾਂ ਦੇ ਦਫਤਰ ਅੰਦਰ ਆਕੇ ਉਸ ਦੀ ਖਾਲੀ ਕੁਰਸੀ 'ਤੇ ਲੱਗੀ ਵੱਜੀ, ਕਿਸੇ ਕੰਮ ਲਈ ਉਹ ਕੁਰਸੀ ਤੋਂ ਉੱਠਿਆ ਸੀ, ਜਿਸ ਕਾਰਣ ਉਸਦਾ ਜਾਨੀ ਬਚਾਅ ਹੋ ਗਿਆ। ਜ਼ਿਕਰਯੋਗ ਹੈ ਕਿ ਮਿਸੀਸਾਗਾ ਵਿੱਚ ਇਸ ਸਾਲ ਦੀ ਸ਼ੁਰੂਆਤ ਵਿੱਚ ਇਹ ਛੇਵਾਂ ਕਤਲ ਹੋਇਆ ਹੈ, ਜਿਸ ਕਾਰਨ ਲੋਕ ਸਹਿਮੇ ਹੋਏ ਹਨ।ਪ੍ਰਾਪਤ ਜਾਣਕਾਰੀ ਅਨੁਸਾਰ ਉਤਰਾਖੰਡ ਦੇ ਬਾਜਪੁਰ ਜਿਲ੍ਹੇ ਤੋਂ ਕਿਸਾਨੀ ਪਿਛੋਕੜ ਨਾਲ ਸਬੰਧਤ ਹਰਜੀਤ ਸਿੰਘ ਢੱਡਾ ਕਰੀਬ 30 ਵਰ੍ਹੇ ਪਹਿਲਾਂ ਕੈਨੇਡਾ ਆਏ ਸਨ ਤੇ ਟਰੱਕਾਂ ਸਬੰਧਤ ਸਹੂਲਤਾਂ ਪ੍ਰਦਾਨ ਕਰਨ ਦੇ ਵੱਡੇ ਕਾਰੋਬਾਰੀ ਸਨ। ਨਜ਼ਦੀਕੀਆਂ ਨੇ ਦੱਸਿਆ ਕਿ ਕੁਝ ਸਮੇਂ ਤੋਂ ਉਸ ਨੂੰ ਖ਼ਤਮ ਕਰਨ ਦੀਆਂ ਧਮਕੀਆਂ ਮਿਲ ਰਹੀਆਂ ਸਨ ਤੇ ਪੀਲ ਪੁਲੀਸ ਨੇ ਵੀ ਹਰਜੀਤ ਨੂੰ ਸੁਚੇਤ ਕੀਤਾ ਹੋਇਆ ਸੀ। ਹਰਜੀਤ ਸਿੰਘ ਨੂੰ ਦੇ ਨਜ਼ੀਦੀਕੀਆਂ ਨੇ ਪਹਿਚਾਣ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਭਾਰਤੀ ਨੰਬਰਾਂ ਤੋਂ ਆਉਂਦੀਆਂ ਧਮਕੀਆਂ ਕਾਰਨ ਕੁਝ ਸਮੇਂ ਤੋਂ ਉਹ ਪ੍ਰੇਸ਼ਾਨ ਰਹਿਣ ਲੱਗਿਆ ਸੀ।

### ਭਾਰਤ-ਤੁਰਕੀ ਦੇ ਆਪਸੀ ਵਪਾਰ

ਇਸ ਤੋਂ ਇਲਾਵਾ ਖਣਿਜ ਤੇਲ, ਬਾਲਣ, ਐਲੂਮੀਨੀਅਮ ਉਤਪਾਦ ਤੇ ਆਟੋ ਕੰਪੋਨੈਂਟ ਵੀ ਭਾਰਤ ਤੋਂ ਤੁਰਕੀ ਜਾਂਦੇ ਹਨ। ਤੁਰਕੀ ਤੇਲ, ਚੌਲ, ਚਾਹ, ਮਸਾਲੇ ਅਤੇ ਕੌਫੀ ਵਰਗੀਆਂ ਖਾਣ-ਪੀਣ ਦੀਆਂ ਚੀਜ਼ਾਂ ਲਈ ਵੀ ਭਾਰਤ 'ਤੇ ਨਿਰਭਰ ਹੈ।

**ਸੈਰ-ਸਪਾਟਾ ਵੀ ਹੋਵੇਗਾ ਪ੍ਰਭਾਵਿਤ**

ਤੁਰਕੀ ਨੇ 2023 'ਚ 3.3 ਲੱਖ ਭਾਰਤੀ ਸੈਲਾਨੀਆਂ ਦਾ ਸਵਾਗਤ ਕੀਤਾ। ਇਹ ਗਿਣਤੀ 2022 ਦੇ ਮੁਕਾਬਲੇ 20.7% ਵੱਧ ਹੈ। ਭਾਰਤੀ ਸੈਲਾਨੀ ਤੁਰਕੀਏ 'ਚ ਲਗਭਗ 1.25 ਲੱਖ ਰੁਪਏ ਖਰਚ ਕਰਦੇ ਹਨ, ਜਿਸ ਨਾਲ ਤੁਰਕੀਏ ਦੇ ਸੈਰ-ਸਪਾਟਾ ਉਦਯੋਗ ਨੂੰ 4000 ਕਰੋੜ ਰੁਪਏ ਤੋਂ ਵੱਧ ਦੀ ਆਮਦਨ ਹੁੰਦੀ ਹੈ ਪਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧਦੇ ਤਣਾਅ ਅਤੇ ਤੁਰਕੀ ਵੱਲੋਂ ਪਾਕਿਸਤਾਨ ਨੂੰ ਦਿੱਤੇ ਜਾ ਰਹੇ ਸਮੱਰਥਨ ਦੇ ਕਾਰਨ, ਬਹੁਤ ਸਾਰੀਆਂ ਯਾਤਰਾ ਕੰਪਨੀਆਂ ਭਾਰਤੀਆਂ ਨੂੰ ਤੁਰਕੀ ਦੀ ਯਾਤਰਾ ਨਾ ਕਰਨ ਦੀ ਸਲਾਹ ਦੇ ਰਹੀਆਂ ਹਨ। ਕੁਝ ਕੰਪਨੀਆਂ ਨੇ ਤਾਂ ਨਵੀਂ ਬੁਕਿੰਗ ਲੈਣੀ ਵੀ ਬੰਦ ਕਰ ਦਿੱਤੀ ਹੈ। ਇਸ ਨਾਲ ਤੁਰਕੀ ਦੇ ਸੈਰ-ਸਪਾਟਾ ਉਦਯੋਗ ਨੂੰ ਨੁਕਸਾਨ ਪਹੁੰਚ ਸਕਦਾ ਹੈ।

**ਨਿਵੇਸ਼ 'ਚ ਵੀ ਸ਼ਾਮਲ ਹਨ ਦੋਵੇਂ ਦੇਸ਼**

ਤੁਰਕੀ ਨੇ ਅਪ੍ਰੈਲ 2000 ਤੋਂ ਦਸੰਬਰ 2023 ਤੱਕ ਭਾਰਤ 'ਚ ਲੱਗਭੱਗ 227.5 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਹੈ, ਜਦੋਂ ਕਿ ਭਾਰਤੀ ਕੰਪਨੀਆਂ ਨੇ ਅਗਸਤ 2000 ਤੋਂ ਮਾਰਚ 2024 ਤੱਕ ਤੁਰਕੀ 'ਚ ਲਗਭਗ 200 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਹੈ। ਇਸ ਨਿਵੇਸ਼ ਨੂੰ ਦੋਵਾਂ ਦੇਸ਼ਾਂ ਦੇ ਆਰਥਿਕ ਸਬੰਧਾਂ ਦਾ ਇੱਕ ਮਹੱਤਵਪੂਰਨ ਹਿੱਸਾ ਵੀ ਮੰਨਿਆ ਜਾਂਦਾ ਹੈ।

**ਭਾਰਤੀ ਕਬਾਇਲੀ ਸਹਿਕਾਰੀ ਮੰਡੀਕਰਨ ਵਿਕਾਸ ਸੰਘ ਲਿਮਿਟਡ**
**(ਕਬਾਇਲੀ ਮਾਮਲੇ ਮੰਤਰਾਲਾ, ਭਾਰਤ ਸਰਕਾਰ)**
ਮੁੱਖ ਦਫਤਰ : ਐਨਐੱਸਆਈਸੀ ਬਿਜ਼ਨਸ ਪਾਰਕ, ਐਨਐੱਸਆਈਸੀ ਅਸਟੇਟ, ਓਖਲਾ ਫੇਜ਼-3, ਓਖਲਾ ਉਦੋਗਿਕ ਖੇਤਰ, ਨਵੀਂ ਦਿੱਲੀ-110020

TRIFED

ਰੁਚੀ ਦਾ ਪ੍ਰਗਟਾਵਾ
**REF : TRIFOOD/O&M/2025**

ਕਬਾਇਲੀ ਮਾਮਲੇ ਮੰਤਰਾਲਾ ਦੇ ਪ੍ਰਸ਼ਾਸਨਿਕ ਕੰਟਰੋਲ ਦੇ ਤਹਿਤ ਭਾਰਤੀ ਕਬਾਇਲੀ ਸਹਿਕਾਰੀ ਮੰਡੀਕਰਨ ਵਿਕਾਸ ਸੰਘ ਲਿਮਿਟਡ (ਟਰਾਈਫੈਡ) ਨੇ "ਟਰਾਈਫੂਡ" ਇਕਾਈ, ਜੋ ਕਿ ਖੁਰਾਕ ਪ੍ਰੋਸੈਸਿੰਗ ਉਦਯੋਗ ਮੰਤਰਾਲਾ (ਐੱਮਓਐੱਫਪੀਆਈ) ਦੁਆਰਾ ਪ੍ਰਧਾਨ ਮੰਤਰੀ ਕਿਸਾਨ ਸੰਪਦਾ ਯੋਜਨਾ ਦੇ ਤਹਿਤ ਬੈਕਵਰਡ ਅਤੇ ਫਾਰਵਰਡ ਲਿੰਕੇਜ ਦੇ ਨਿਰਮਾਣ ਨਾਲ ਲਘੂ ਵਣ ਉਪਜ ਦੇ ਮੁੱਲ ਵਾਧੇ ਦੇ ਲਈ ਇੱਕ ਐੱਮਐੱਫਪੀ ਪ੍ਰੋਸੈਸਿੰਗ ਇਕਾਈ ਦੀ ਸਥਾਪਨਾ ਕੀਤੀ ਗਈ ਹੈ।
ਟਰਾਈਫੈਡ ਜਗਦਲਪੁਰ, ਛੱਤੀਸਗੜ੍ਹ ਵਿੱਚ ਟਰਾਈਫੂਡ ਇਕਾਈ ਦੇ ਸੰਚਾਲਨ ਅਤੇ ਪ੍ਰਬੰਧਨ ਦੇ ਲਈ ਆਪਰੇਟਰ ਦੇ ਰੂਪ ਵਿੱਚ ਕੰਮ ਕਰਨ ਲਈ ਉੱਘੀਆਂ ਨਿੱਜੀ/ਸਰਕਾਰੀ ਏਜੰਸੀਆਂ ਤੋਂ ਰੁਚੀ ਦੇ ਪ੍ਰਗਟਾਵੇ ਦੀ ਮੰਗ ਕਰਦਾ ਹੈ।

| ਲੜੀ ਨੰਬਰ | ਵੇਰਵੇ | ਮਿਤੀ |
|---|---|---|
| 1. | ਪ੍ਰਕਾਸ਼ਨ ਦੀ ਮਿਤੀ | 16.05.2025 |
| 2. | ਜਮਾਂ ਕਰਨ ਦੀ ਆਖਰੀ ਮਿਤੀ | 16.06.2025 (4:00 PM) |
| 3. | ਈਓਆਈ ਪ੍ਰੋਸੈਸਿੰਗ ਫੀਸ (ਅਮੋੜਵੀਂ) | Rs 5,000/- (ਕੇਵਲ ਪੰਜ ਹਜ਼ਾਰ ਰੁਪਏ) |
| 4. | ਪੂਰਵ-ਬੋਲੀ ਬੈਠਕ | 28.05.2025 |
| 5. | ਤਕਨੀਕੀ ਬੋਲੀ ਖੋਲ੍ਹਣਾ | 16.06.2025 (5:00 PM) |

ਟੈਂਡਰ ਦਸਤਾਵੇਜ਼ https://trifed.tribal.gov.in ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ।

cbc43104/12/0003/2526 GM(I/c), CAD




# ਗੁਣਾਂ ਦਾ ਭੰਡਾਰ ਹੈ ਜਾਮਣ !



ਗਰਮੀਆਂ ਦੀ ਰੁੱਤ ਆਉਂਦੇ ਹੀ ਬਾਜ਼ਾਰਾਂ 'ਚ ਇਕ ਰੰਗਦਾਰ, ਰਸੀਲਾ ਅਤੇ ਸੁਆਦਿਸ਼ਟ ਫਲ ਨਜ਼ਰ ਆਉਂਦਾ ਹੈ ਜੋ ਕਿ ਹੈ ਜਾਮੁਨ ਪਰ ਕੀ ਤੁਸੀਂ ਜਾਣਦੇ ਹੋ ਕਿ ਇਹ ਫਲ ਨਾ ਸਿਰਫ ਆਪਣੇ ਸਵਾਦ ਜਾਂ ਰੰਗ ਲਈ ਹੀ ਨਹੀਂ ਸਗੋਂ ਸਿਹਤ ਲਈ ਵੀ ਬਹੁਤ ਲਾਹੇਵੰਦ ਹੈ। ਆਯੁਰਵੇਦ ਤੋਂ ਲੈ ਕੇ ਆਧੁਨਿਕ ਵਿਗਿਆਨ ਤੱਕ, ਜਾਮੁਨ ਨੂੰ ਡਾਇਬੀਟੀਜ਼, ਹਾਜ਼ਮਾ, ਖ਼ੂਨ ਦੀ ਗੁਣਵੱਤਾ ਅਤੇ ਸਕਿਨ ਲਈ ਇਕ ਕੁਦਰਤੀ ਦਵਾਈ ਮੰਨਿਆ ਜਾਂਦਾ ਹੈ। ਇਸ ਲੇਖ ਰਾਹੀਂ ਅਸੀਂ ਜਾਣਾਂਗੇ ਕਿ ਜਾਮੁਨ ਖਾਣ ਨਾਲ ਸਰੀਰ ਨੂੰ ਕੀ-ਕੀ ਫਾਇਦੇ ਹੁੰਦੇ ਹਨ ਅਤੇ ਕਿਵੇਂ ਇਹ ਇਕ ਮੌਸਮੀ ਫਲ ਹੋਣ ਦੇ ਬਾਵਜੂਦ ਸਾਲ ਭਰ ਸਿਹਤ ਲਈ ਲਾਭਕਾਰੀ ਸਾਬਤ ਹੋ ਸਕਦਾ ਹੈ

**ਡਾਇਬੀਟੀਜ਼ ਨੂੰ ਰੱਖੇ ਕੰਟ੍ਰੋਲ**

- ਜਾਮੁਨ 'ਚ ਮੌਜੂਦ ਜੈਂਬੋਲਿਨ ਜੋ ਕਿ ਖ਼ੂਨ 'ਚ ਗਲੂਕੋਜ਼ ਦੀ ਮਾਤਰਾ ਨੂੰ ਘਟਾਉਂਦਾ ਹੈ।

**ਦਿਲ ਦੇ ਰੋਗਾਂ ਤੋਂ ਬਚਾਅ**

- ਇਸ 'ਚ ਪਾਏ ਜਾਂਦੇ ਐਂਟੀਆਕਸੀਡੈਂਟ ਅਤੇ ਪੋਟਾਸ਼ੀਅਮ ਦਿਲ ਨੂੰ ਤੰਦਰੁਸਤ ਰੱਖਦੇ ਹਨ ਅਤੇ ਹਾਈ ਬਲੱਡ ਪ੍ਰੈਸ਼ਰ ਤੋਂ ਰਾਖੀ ਕਰਦੇ ਹਨ।

**ਹਾਜ਼ਮੇ ਨੂੰ ਸੁਧਾਰੇ**

- ਜਾਮੁਨ ਹਾਜ਼ਮੇ ਦੀ ਸ਼ਕਤੀ ਵਧਾਉਂਦਾ ਹੈ ਅਤੇ ਅਮਲ (ਐਸਿਡਿਟੀ), ਗੈਸ ਤੇ ਕਬਜ਼ ਤੋਂ ਰਾਹਤ ਦਿੰਦਾ ਹੈ।

**ਖ਼ੂਨ ਦੀ ਕਰੇ ਸਫਾਈ**

- ਇਸ 'ਚ ਆਇਰਨ ਦੀ ਉਚਿਤ ਮਾਤਰਾ ਹੁੰਦੀ ਹੈ ਜੋ ਖ਼ੂਨ ਦੀ ਗੁਣਵੱਤਾ ਅਤੇ ਸਰਕੂਲੇਸ਼ਨ ਨੂੰ ਸੁਧਾਰਦਾ ਹੈ।

**ਰੋਗ-ਪ੍ਰਤੀਰੋਧਕ ਸ਼ਕਤੀ ਵਧਾਵੇ**

- ਜਾਮੁਨ 'ਚ ਭਰਪੂਰ ਐਂਟੀਆਕਸੀਡੈਂਟ ਅਤੇ ਵਿਟਾਮਿਨ 3 ਹੁੰਦੇ ਹਨ ਜੋ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ ਵਧਾਉਂਦੇ ਹਨ।

**ਸਕਿਨ ਨੂੰ ਨਿਖਾਰੇ**

- ਜਾਮੁਨ ਦਾ ਸੇਵਨ ਸਕਿਨ ਚ ਆ ਰਹੀਆਂ ਸਮੱਸਿਆਵਾਂ (ਜਿਵੇਂ ਕਿ ਪਿੰਪਲ, ਐਲਰਜੀ) ਨੂੰ ਘਟਾਉਂਦਾ ਹੈ।

**ਯਾਦਦਾਸ਼ਤ ਵਧਾਵੇ**

- ਜਾਮੁਨ 'ਚ ਆਇਰਨ ਅਤੇ ਐਂਟੀਆਕਸੀਡੈਂਟ ਦਿਮਾਗ ਨੂੰ ਤੰਦਰੁਸਤ ਰੱਖਦੇ ਹਨ ਅਤੇ ਯਾਦਦਾਸ਼ਤ ਸੁਧਾਰਦੇ ਹਨ।

**ਭੁੱਖ ਵਧਾਵੇ**

- ਹਲਕਾ ਖਟਾਸ ਵਾਲਾ ਸੁਆਦ ਭੁੱਖ ਖੋਲ੍ਹਦਾ ਹੈ, ਖਾਸ ਕਰਕੇ ਜਦੋਂ ਪੇਟ ਭਰਿਆ ਨਾ ਲੱਗੇ।

**ਮੂੰਹ ਦੀ ਬਦਬੂ ਕਰੇ ਦੂਰ**

- ਜਾਮੁਨ ਦੇ ਪੱਤੇ ਜਾਂ ਛਾਲ ਦਾ ਕਾੜ੍ਹਾ ਮੂੰਹ ਦੀ ਬਦਬੂ, ਪਾਈਰੀਆ ਅਤੇ ਦੰਦਾਂ ਦੀ ਸੂਜ ਤੋਂ ਰਾਹਤ ਦਿੰਦਾ ਹੈ।

**ਭਾਰ ਘਟਾਉਣ 'ਚ ਮਦਦਗਾਰ**

- ਲੋ-ਕੈਲੋਰੀ, ਹਾਈ ਫਾਇਬਰ ਫਲ ਹੋਣ ਕਰਕੇ ਇਹ ਭਾਰ ਘਟਾਉਣ ਵਾਲੇ ਲੋਕਾਂ ਲਈ ਵੀ ਸਹੀ ਚੋਣ ਹੈ।

# ਵਿਸ਼ਵ ਟੈਸਟ ਚੈਂਪੀਅਨਸ਼ਿਪ ਦੀ ਜੇਤੂ ਟੀਮ ਨੂੰ ਮਿਲਣਗੇ 36 ਲੱਖ ਡਾਲਰ

ਦੁਬਈ, 15 ਮਈ (ਚ.ਨ.ਸ.) : ਵਿਸ਼ਵ ਟੈਸਟ ਚੈਂਪੀਅਨਸ਼ਿਪ (ਡਬਲਯੂ.ਟੀ.ਸੀ.) 2023-25




ਐਡੀਸ਼ਨ ਦੀ ਜੇਤੂ ਟੀਮ ਨੂੰ 36 ਲੱਖ ਡਾਲਰ ਅਤੇ ਉਪ ਜੇਤੂ ਨੂੰ 21.6 ਲੱਖ ਡਾਲਰ ਮਿਲਣਗੇ। ਅੰਤਰਰਾਸ਼ਟਰੀ ਕ੍ਰਿਕਟ ਪ੍ਰੀਸ਼ਦ (933) ਨੇ ਦੱਖਣੀ ਅਫਰੀਕਾ ਅਤੇ ਆਸਟ੍ਰੇਲੀਆ ਵਿਚਾਲੇ ਲਾਰਡਸ ਵਿਖੇ ਹੋਣ ਵਾਲੇ ਵਿਸ਼ਵ ਟੈਸਟ ਚੈਂਪੀਅਨਸ਼ਿਪ 2023-25 ਮੈਚ ਲਈ ਕੁੱਲ ਇਨਾਮੀ ਰਾਸ਼ੀ ਵਧਾ ਕੇ 5.76 ਮਿਲੀਅਨ ਡਾਲਰ ਕਰ ਦਿੱਤੀ ਹੈ। ਜੋ ਕਿ ਪਿਛਲੇ ਦੋ ਸੰਸਕਰਣਾਂ ਦੇ ਮੁਕਾਬਲੇ ਦੁੱਗਣੇ ਤੋਂ ਵੀ ਵੱਧ ਹੈ। ਚੈਂਪੀਅਨ ਨੂੰ 3.6 ਮਿਲੀਅਨ ਅਮਰੀਕੀ ਡਾਲਰ ਮਿਲਣਗੇ। ਅੰਤਰਰਾਸ਼ਟਰੀ ਕ੍ਰਿਕਟ ਪ੍ਰੀਸ਼ਦ (933) ਦੇ ਪ੍ਰਧਾਨ ਜੈ ਸ਼ਾਹ ਨੇ ਕਿਹਾ, ਸਾਡੇ ਕੋਲ 933 ਵਿਸ਼ਵ ਟੈਸਟ ਚੈਂਪੀਅਨਸ਼ਿਪ ਦਾ ਤੀਜਾ ਦੌਰ ਬਹੁਤ ਹੀ ਰੋਮਾਂਚਕ ਰਿਹਾ ਹੈ ਅਤੇ ਫਾਈਨਲ ਵਿੱਚ ਖੇਡਣ ਵਾਲੀਆਂ ਟੀਮਾਂ ਦਾ ਫੈਸਲਾ ਮੁਕਾਬਲੇ ਦੇ ਅੰਤ ਵਿੱਚ ਹੀ ਕੀਤਾ ਗਿਆ ਸੀ। ਉਨ੍ਹਾਂ ਕਿਹਾ, ਮੈਨੂੰ ਯਕੀਨ ਹੈ ਕਿ ਲਾਰਡਸ ਵਿਖੇ ਆਸਟ੍ਰੇਲੀਆ ਅਤੇ ਦੱਖਣੀ ਅਫਰੀਕਾ ਵਿਚਕਾਰ ਹੋਣ ਵਾਲਾ ਮੈਚ ਦਰਸ਼ਕਾਂ ਦੇ ਨਾਲ-ਨਾਲ ਦੁਨੀਆ ਭਰ ਦੇ ਪ੍ਰਸ਼ੰਸਕਾਂ ਨੂੰ ਇਸ ਵੱਕਾਰੀ ਫਾਰਮੈਟ ਵਿੱਚ ਕੁਝ ਵਧੀਆ ਕ੍ਰਿਕਟ ਦੇਵੇਗਾ। ਸ਼੍ਰੀ ਸ਼ਾਹ ਨੇ ਕਿਹਾ, ਆਈ.ਸੀ.ਸੀ. ਵੱਲੋਂ, ਮੈਂ ਦੋਵਾਂ ਟੀਮਾਂ ਦੇ ਖਿਡਾਰੀਆਂ ਨੂੰ ਇਸ ਵੱਕਾਰੀ ਮੈਚ ਦੀਆਂ ਤਿਆਰੀਆਂ ਲਈ ਸ਼ੁਭਕਾਮਨਾਵਾਂ ਦਿੰਦਾ ਹਾਂ। ਦੱਖਣੀ ਅਫਰੀਕਾ ਦੇ ਕਪਤਾਨ ਤੇਂਬਾ ਬਾਵੁਮਾ ਨੇ ਕਿਹਾ, ਅਸੀਂ ਵਿਸ਼ਵ ਟੈਸਟ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਪਹੁੰਚ ਕੇ ਬਹੁਤ ਖੁਸ਼ ਹਾਂ, ਇਹ ਸਾਡੇ ਲਈ ਆਈਸੀਸੀ ਖਿਤਾਬ ਜਿੱਤਣ ਦਾ ਇੱਕ ਵਧੀਆ ਮੌਕਾ ਹੈ। ਅਸੀਂ ਸਾਰੇ ਆਸਟ੍ਰੇਲੀਆ ਵਿਰੁੱਧ ਆਪਣਾ ਸਭ ਤੋਂ ਵਧੀਆ ਦੇਣ ਦੀ ਕੋਸ਼ਿਸ਼ ਕਰਾਂਗੇ। ਆਸਟ੍ਰੇਲੀਆਈ ਟੀਮ ਦੇ ਕਪਤਾਨ ਪੈਟ ਕਮਿੰਸ ਨੇ ਕਿਹਾ, ਸਾਨੂੰ ਵਿਸ਼ਵ ਟੈਸਟ ਚੈਂਪੀਅਨਸ਼ਿਪ ਦਾ ਬਚਾਅ ਕਰਨ ਦਾ ਮੌਕਾ ਮਿਲਣ ਤੇ ਬਹੁਤ ਮਾਣ ਹੈ। ਅਸੀਂ ਫਾਈਨਲ ਵਿੱਚ ਪਹੁੰਚਣ ਲਈ ਬਹੁਤ ਮਿਹਨਤ ਕੀਤੀ ਹੈ ਅਤੇ ਇਹ ਸਾਡੇ ਸਾਰਿਆਂ ਲਈ ਬਹੁਤ ਵੱਡਾ ਸਨਮਾਨ ਹੈ।

# ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀ. ਸੈਕੰਡਰੀ ਸਕੂਲ ਪ੍ਰੈਸ ਰੋਡ ਪਟਿਆਲਾ ਦਾ ਬਾਰ੍ਹਵੀਂ ਜਮਾਤ ਦਾ ਨਤੀਜਾ 100 ਪ੍ਰਤੀਸ਼ਤ ਰਿਹਾ



ਪਟਿਆਲਾ, 15 ਮਈ (ਚ.ਨ.ਸ.) : ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀ. ਸੈਕੰਡਰੀ ਸਕੂਲ ਪ੍ਰੈਸ ਰੋਡ ਪਟਿਆਲਾ ਦਾ ਬਾਰ੍ਹਵੀਂ ਜਮਾਤ ਦਾ ਨਤੀਜਾ 100 ਪ੍ਰਤੀਸ਼ਤ ਰਿਹਾ।

ਸਾਰੇ ਬੱਚੇ ਪਹਿਲੀ ਪੁਜੀਸ਼ਨ ਵਿੱਚ ਪਾਸ ਹੋਏ ਸਕੂਲ ਦੇ ਪ੍ਰਿੰਸੀਪਲ/ਡਾਇਰੈਕਟਰ ਸ੍ਰੀਮਤੀ ਜਸਵਿੰਦਰ ਕੌਰ ਦਰਦੀ ਨੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਅਧਿਆਪਕਾਂ ਨੇ ਆਧੁਨਿਕ ਤਕਨੀਕਾਂ ਨਾਲ ਵਿਦਿਆਰਥੀਆਂ ਵੱਲੋਂ ਖਾਸ ਧਿਆਨ ਦਿੱਤਾ ਤੇ ਵਿਦਿਆਰਥੀਆਂ ਨੂੰ ਇਸ ਸਫਲਤਾ ਤੱਕ ਪਹੁੰਚਾਉਣ ਲਈ ਦਿਨ ਰਾਤ ਮਿਹਨਤ ਕਰਵਾਈ। ਇਸ ਲਈ ਉਹ ਵਿਸ਼ੇਸ਼ ਤੌਰ 'ਤੇ ਵਧਾਈ ਦੇ ਹੱਕਦਾਰ ਹਨ। ਉਹਨਾਂ ਨੇ ਵਿਦਿਆਰਥੀਆਂ ਨੂੰ ਉਹਨਾਂ ਦੇ ਸੁਨਹਿਰੀ ਭਵਿੱਖ ਲਈ ਅਸੀਸ ਦਿੱਤੀ।

# ਚੀਨ ਵੱਲੋਂ ਪੰਜ ਦੇਸ਼ਾਂ ਦੇ ਵਾਸੀਆਂ ਨੂੰ ਵੀਜ਼ਾ-ਮੁਕਤ ਦਾਖ਼ਲਾ ਦੇਣ ਦਾ ਐਲਾਨ

ਪੇਈਚਿੰਗ, 15 ਮਈ (ਚ.ਨ.ਸ.) : ਚੀਨ ਵੱਲੋਂ ਪਹਿਲੀ ਜੂਨ ਤੋਂ ਬ੍ਰਾਜ਼ੀਲ, ਅਰਜਨਟੀਨਾ, ਚਿਲੀ, ਪੇਰੂ ਅਤੇ ਉਰੂਗਵੇ ਵਾਸੀਆਂ ਨੂੰ ਇੱਕ ਸਾਲ ਲਈ ਵੀਜ਼ਾ ਮੁਕਤ ਦਾਖਲਾ ਦਿੱਤਾ ਜਾਵੇਗਾ। ਇਹ ਜਾਣਕਾਰੀ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲਿਨ ਜਿਆਨ ਨੇ ਅੱਜ ਪ੍ਰੈਸ ਕਾਨਫਰੰਸ ਦੌਰਾਨ ਦਿੱਤੀ। ਇਹ ਐਲਾਨ ਇਸ ਹਫਤੇ ਦੇ ਸ਼ੁਰੂ ਵਿੱਚ ਪੇਈਚਿੰਗ ਵਿੱਚ ਚੀਨੀ, ਲਾਤੀਨੀ ਅਮਰੀਕੀ ਅਤੇ ਕੈਰੇਬੀਅਨ ਅਧਿਕਾਰੀਆਂ ਦਰਮਿਆਨ ਇੱਕ ਉੱਚ-ਪੱਧਰੀ ਮੀਟਿੰਗ ਤੋਂ ਬਾਅਦ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਚੀਨ ਨੇ ਬੁਲਗਾਰੀਆ, ਰੋਮਾਨੀਆ, ਮਾਲਟਾ, ਕਰੋਸ਼ੀਆ, ਮੋਂਟੇਨੇਗਰੋ, ਉੱਤਰੀ ਮੈਸੇਡੋਨੀਆ, ਅਸਟੋਨੀਆ, ਲਾਤਵੀਆ ਅਤੇ ਜਾਪਾਨ ਦੇ ਯਾਤਰੀਆਂ ਨੂੰ 30 ਦਿਨਾਂ ਤੱਕ ਬਿਨਾਂ ਵੀਜ਼ਾ ਰਹਿਣ ਦੀ ਸਹੂਲਤ ਦਿੱਤੀ ਸੀ ।




# ਆਈ.ਸੀ.ਏ.-2025 ਦਾ ਉਦਘਾਟਨ ਆਈ.ਆਈ.ਟੀ. ਗੁਹਾਟੀ ਵਿਖੇ ਹੋਇਆ




ਰੋਪੜ / ਚੰਡੀਗੜ੍ਹ, 15 ਮਈ (ਚ.ਨ.ਸ.): ਖੇਤੀ-ਕੇਂਦ੍ਰਿਤ ਗਣਨਾ ਤੇ ਤੀਜੀ ਅੰਤਰਰਾਸ਼ਟਰੀ ਕਾਨਫਰੰਸ (931 2025) ਦਾ ਉਦਘਾਟਨ 14 ਮਈ ਨੂੰ ਭਾਰਤੀ ਤਕਨਾਲੋਜੀ ਸੰਸਥਾਨ ਗੁਹਾਟੀ ਵਿਖੇ ਕੀਤਾ ਗਿਆ। ਇਹ ਕਾਨਫਰੰਸ ਵਿਸ਼ਵਵਿਆਪੀ ਮਾਹਰਾਂ, ਖੋਜਕਰਤਾਵਾਂ ਅਤੇ ਨੀਤੀ ਨਿਰਮਾਤਾਵਾਂ ਨੂੰ ਇਕੱਠਾ ਕਰਦੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਉੱਭਰ ਰਹੀਆਂ ਕੰਪਿਊਟੇਸ਼ਨਲ ਤਕਨਾਲੋਜੀਆਂ ਖੇਤੀਬਾੜੀ ਵਿੱਚ ਕਿਵੇਂ ਕ੍ਰਾਂਤੀ ਲਿਆ ਸਕਦੀਆਂ ਹਨ। ਅਸਾਮ ਵਿਧਾਨ ਸਭਾ ਦੇ ਮਾਨਯੋਗ ਡਿਪਟੀ ਸਪੀਕਰ ਸ਼੍ਰੀ ਡਾ. ਨੁਮਲ ਮੋਮਿਨ ਨੇ ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਆਪਣੇ ਉਦਘਾਟਨੀ ਭਾਸ਼ਣ ਵਿੱਚ, ਡਾ. ਮੋਮਿਨ ਨੇ ਪੇਂਡੂ ਰੋਜ਼ੀ-ਰੋਟੀ, ਭੋਜਨ ਸੁਰੱਖਿਆ ਅਤੇ ਖੇਤਰੀ ਵਿਕਾਸ ਨੂੰ ਵਧਾਉਣ ਲਈ ਤਕਨਾਲੋਜੀ-ਅਗਵਾਈ ਵਾਲੀ ਖੇਤੀਬਾੜੀ ਦੀ ਮਹੱਤਤਾ ਤੇ ਜ਼ੋਰ ਦਿੱਤਾ। ਆਈਆਈਟੀ ਰੋਪੜ ਦੀ ਨੁਮਾਇੰਦਗੀ ਕਰਦੇ ਹੋਏ, ਸ਼੍ਰੀ ਮੁਕੇਸ਼ ਸੈਣੀ ਨੇ ਜ਼ਮੀਨੀ ਪੱਧਰ ਤੇ ਨਵੀਨਤਾਵਾਂ ਨੂੰ ਵਧਾਉਣ ਅਤੇ ਖੇਤੀਬਾੜੀ ਤਕਨਾਲੋਜੀ ਦੀ ਤਾਇਨਾਤੀ ਲਈ ਸਹਿਯੋਗੀ ਨੈੱਟਵਰਕਾਂ ਨੂੰ ਉਤਸ਼ਾਹਿਤ ਕਰਨ ਤੇ ਚਰਚਾਵਾਂ ਵਿੱਚ ਸਰਗਰਮੀ ਨਾਲ ਯੋਗਦਾਨ ਪਾਇਆ। ਇਸ ਸਮਾਗਮ ਵਿੱਚ ਖੋਜਕਰਤਾਵਾਂ, ਪ੍ਰੋਫੈਸਰਾਂ ਅਤੇ ਕਿਸਾਨਾਂ ਸਮੇਤ 65 ਤੋਂ ਵੱਧ ਹਾਜ਼ਰੀਨ ਨੇ ਭਾਗ ਲਿਆ, ਜਿਸ ਵਿੱਚ 35 ਪੇਪਰ ਅਤੇ 5 ਪੋਸਟਰ ਪੇਸ਼ਕਾਰੀਆਂ ਸ਼ਾਮਲ ਸਨ ਜੋ ਏਆਈ, ਆਈਓਟੀ, ਸ਼ੁੱਧਤਾ ਖੇਤੀ, ਅਤੇ ਟਿਕਾਊ ਖੇਤੀਬਾੜੀ-ਤਕਨੀਕੀ ਹੱਲਾਂ ਵਿੱਚ ਤਰੱਕੀ ਨੂੰ ਦਰਸਾਉਂਦੀਆਂ ਸਨ। ਡਾ. ਸਵਾਤੀ ਸ਼ੁਕਲਾ (ਵੀਆਈਟੀ-ਏਪੀ ਯੂਨੀਵਰਸਿਟੀ) ਅਤੇ ਡਾ. ਅਨਾਮਿਕਾ ਯਾਦਵ (ਆਈਆਈਟੀ ਗੁਹਾਟੀ) ਦੀ ਪ੍ਰਧਾਨਗੀ ਹੇਠ ਸੈਸ਼ਨ 1 ਵਿੱਚ, ਪ੍ਰੋ. ਟੌਮਸ ਨੌਰਟਨ (ਕੇਯੂ ਲਿਊਵੇਨ, ਬੈਲਜੀਅਮ) ਦੁਆਰਾ ਅਗਲੀ ਪੀੜ੍ਹੀ ਦੇ ਡਿਜੀਟਲ ਖੇਤੀ ਪ੍ਰਣਾਲੀਆਂ ਤੇ ਅਤੇ ਪ੍ਰੋ. ਡੈਨੀਲੋ ਡੇਮਾਰਚੀ (ਪੋਲੀਟੈਕਨਿਕੋ ਡੀ ਟੋਰੀਨੋ, ਇਟਲੀ) ਦੁਆਰਾ ਸ਼ੁੱਧਤਾ ਖੇਤੀਬਾੜੀ ਵਿੱਚ ਆਈਓਟੀ ਅਤੇ ਮਾਈਕ੍ਰੋਇਲੈਕਟ੍ਰੋਨਿਕਸ ਤੇ ਮੁੱਖ ਨੋਟ ਪੇਸ਼ ਕੀਤੇ ਗਏ।

ਪ੍ਰੋ. ਰਾਮ ਪ੍ਰਕਾਸ਼ ਸ਼ਰਮਾ (ਐਨਆਈਟੀ ਅਰੁਣਾਚਲ ਪ੍ਰਦੇਸ਼) ਦੀ ਪ੍ਰਧਾਨਗੀ ਹੇਠ ਸੈਸ਼ਨ 2 ਵਿੱਚ, ਪ੍ਰੋ. ਕਾਵਿਆ ਦਸ਼ਹੇਰਾ (ਆਈਆਈਆਈਟੀ ਦਿੱਲੀ) ਅਤੇ ਡਾ. ਬਾਲਾ ਨਟਰਾਜਨ (ਕੰਸਾਸ ਸਟੇਟ ਯੂਨੀਵਰਸਿਟੀ, ਅਮਰੀਕਾ) ਦੁਆਰਾ ਸੱਦਾ ਪੱਤਰਾਂ ਨੂੰ ਵਰਚੁਅਲੀ ਸ਼ਾਮਲ ਕੀਤਾ ਗਿਆ। ਦਿਨ ਦਾ ਸਮਾਪਨ ਲੈਬ ਤੋਂ ਜ਼ਮੀਨ ਤੱਕ: ਖੇਤੀਬਾੜੀ-ਤਕਨੀਕੀ ਨਵੀਨਤਾਵਾਂ ਦਾ ਅਨੁਵਾਦ ਵਿਸ਼ੇ ਤੇ ਇੱਕ ਪੈਨਲ ਚਰਚਾ ਨਾਲ ਹੋਇਆ, ਜਿਸਦਾ ਸੰਚਾਲਨ ਪ੍ਰੋਫੈਸਰ ਪੱਬਨ ਦੁਆਰਾ ਕੀਤਾ ਗਿਆ, ਜਿਸ ਵਿੱਚ ਮੁੱਖ ਮਾਹਰਾਂ ਅਤੇ ਸੰਸਥਾਵਾਂ ਦੀ ਭਾਗੀਦਾਰੀ ਸ਼ਾਮਲ ਸੀ। ICA 2025 ਅਗਲੇ ਦੋ ਦਿਨਾਂ ਤੱਕ ਹੋਰ ਤਕਨੀਕੀ ਸੈਸ਼ਨਾਂ ਦੇ ਨਾਲ ਜਾਰੀ ਰਹੇਗਾ। ਸਵੀਕਾਰ ਕੀਤੇ ਗਏ ਪੇਪਰ ਸਪ੍ਰਿੰਜਰ CCIS ਵਿੱਚ ਪ੍ਰਕਾਸ਼ਿਤ ਕੀਤੇ ਜਾਣਗੇ। IIT ਰੋਪੜ iHub - AWaDH, DST, ਭਾਰਤ ਸਰਕਾਰ ਦੁਆਰਾ ਸਮਰਥਤ, ਖੇਤੀਬਾੜੀ-ਕੇਂਦ੍ਰਿਤ ਡੂੰਘੀ ਤਕਨੀਕ ਵਿੱਚ ਭਾਰਤ ਦੀ ਅਗਵਾਈ ਨੂੰ ਅੱਗੇ ਵਧਾਉਣ ਵਾਲੇ ਇਸ ਇਤਿਹਾਸਕ ਸਮਾਗਮ ਦਾ ਮਾਣ ਨਾਲ ਸਹਿ-ਆਯੋਜਨ ਕਰਦਾ ਹੈ।

# ਪੰਜਾਬ ਨੈਸ਼ਨਲ ਬੈਂਕ, ਚੰਡੀਗੜ੍ਹ ਸਰਕਲ ਨੇ ਕਰਵਾਇਆ ਗਾਹਕ ਪਹੁੰਚ ਪ੍ਰੋਗਰਾਮ



ਚੰਡੀਗੜ੍ਹ, 15 ਮਈ (ਚ.ਨ.ਸ.) : ਪੰਜਾਬ ਨੈਸ਼ਨਲ ਬੈਂਕ, ਚੰਡੀਗੜ੍ਹ ਸਰਕਲ ਨੇ 15.05.2025 ਨੂੰ ਇੱਕ ਗਾਹਕ ਸੰਪਰਕ ਪ੍ਰੋਗਰਾਮ (ਰਿਟੇਲ ਆਊਟਰੀਚ) ਦਾ ਆਯੋਜਨ ਕੀਤਾ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਡਿਪਟੀ ਡਿਵੀਜ਼ਨਲ ਹੈੱਡ ਸ਼੍ਰੀ ਪਵਨ ਕੁਮਾਰ ਭਾਟੀਅਨ ਨੇ ਕੀਤੀ ਅਤੇ ਮੁੱਖ ਮਹਿਮਾਨ ਮੋਂਟਾਨਾ ਇਨ ਹੋਟਲ ਦੇ ਪ੍ਰਮੋਟਰ ਸ਼੍ਰੀ ਰਾਜੀਵ ਗੁਪਤਾ ਸਨ। ਸ਼੍ਰੀ ਪਵਨ ਕੁਮਾਰ ਭਾਟੀਆ ਨੇ ਆਪਣੇ ਸੰਬੋਧਨ ਵਿੱਚ ਗਾਹਕਾਂ ਤੋਂ ਉਨ੍ਹਾਂ ਨੂੰ ਮਿਲ ਰਹੀਆਂ ਬੈਂਕਿੰਗ ਸੇਵਾਵਾਂ ਬਾਰੇ ਫੀਡਬੈਕ ਲਿਆ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਭਵਿੱਖ ਵਿੱਚ ਵੀ ਪੀਐਨਬੀ ਉਨ੍ਹਾਂ ਨੂੰ ਵਧੀਆ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਮੌਜੂਦ ਗਾਹਕਾਂ ਨੂੰ ਲਗਭਗ 15 ਕਰੋੜ ਰੁਪਏ ਦੇ ਕਰਜ਼ੇ ਦੀ ਪ੍ਰਵਾਨਗੀ ਪੱਤਰ ਵੰਡੇ ਗਏ। ਇਸ ਮੌਕੇ ਤੇ, ਪੀਪੀਟੀ ਰਾਹੀਂ ਗਾਹਕਾਂ ਨੂੰ ਬੈਂਕ ਉਤਪਾਦ ਵੀ ਪੇਸ਼ ਕੀਤੇ ਗਏ ਤਾਂ ਜੋ ਉਹ ਬੈਂਕ ਉਤਪਾਦਾਂ ਦਾ ਵੱਧ ਤੋਂ ਵੱਧ ਲਾਭ ਲੈ ਸਕਣ।

**ਗੁਰੂ ਅਰਜਨ ਕੀਰਤਨ ਮੰਡਲ ਵਲੋਂ ਸਾਲਾਨਾ ਸ਼ਹੀਦੀ ਜੋੜ ਮੇਲ ਸਮਾਗਮ ਅੱਜ ਰਾਤ (16-05-25) ਨੂੰ 7 ਵਜੇ ਤੋਂ 9 ਵਜੇ ਤਕ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ , ਸ਼ਾਂਤੀ ਨਗਰ, ਬੈਕ ਸਾਈਡ ਅਰਬਨ ਐਸਟੇਟ ਫੇਜ਼-2 ਵਿਖੇ ਹੋਵੇਗਾ। ਸੰਗਤਾਂ ਹੁਮ-ਹੁਮਾ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨ ਜੀ ।**



ਅੱਜ ਪੀ.ਐਨ.ਬੀ. ਜਲੰਧਰ ਵਿਖੇ 179 ਜਲੰਧਰ ਤੇ ਰਿਟੇਲ ਲੋਨਾਂ ਦੇ ਆਉਟਰੀਚ ਪ੍ਰੋਗਰਾਮ ਦਾ ਆਯੋਜਨ ਕੀਤਾ। ਇਸ ਕੈਂਪ ਵਿੱਚ ਡੀਪਟੀ ਜ਼ੋਨਲ ਹੈਡ, ਅੰਮ੍ਰਿਤਸਰ ਸ਼੍ਰੀ ਬੌਬੀ ਤਵਰ ਜੀ, ਸਰਕਲ ਹੈੱਡ ਜਲੰਧਰ ਸ਼੍ਰੀ ਅਮਿਤ ਦੱਤਾ ਜੀ, ਡੀਸੀਐਚ ਸ਼੍ਰੀ ਰਾਜੀਵ ਵਰਮਾ, ਏ.ਜੀ.ਐਮ. ਸ਼੍ਰੀ ਅਭਿਸੇਕ ਵਿਆਸ ਅਤੇ 313 ਹੈੱਡ ਸ਼੍ਰੀ ਸੰਦੀਪ ਧਵਨ ਅਤੇ ਹੋਰ ਬ੍ਰਾਂਚ ਆਫੀਸਰ ਅਤੇ ਆਮ ਜਨਤਾ ਹਾਜ਼ਰ ਸਨ। ਬੈਂਕ ਦੇ ਹਾਉਸਿੰਗ ਲੋਨ, ਵਾਹਨ ਲੋਨ ਅਤੇ ਹੋਰ ਰਿਟੇਲ ਲੋਨ ਸਕੀਮਾਂ ਬਾਰੇ ਜਨਤਾ ਨੂੰ ਜਾਣਕਾਰੀ ਦਿੱਤੀ। ਸਥਾਨ ਤੇ ਕੁੱਲ 10 ਹਾਉਸਿੰਗ ਲੋਨ ਅਤੇ 10 ਵਾਹਨ ਲੋਨ ਮਨਜ਼ੂਰ ਕੀਤੇ ਗਏ ਅਤੇ ਭਵਿੱਖ ਦੇ ਫਾਲੋਅਪ ਲਈ ਬਹੁਤ ਸਾਰੀਆਂ ਲੀਡਾਂ ਉਭਾਰੀ ਗਈਆਂ।

# ਅਖੰਡ-ਪ੍ਰਚੰਡ ਪੁਰਸ਼ਾਰਥ ਆਚਾਰਿਆਕੁਲਮ ਦੇ ਵਿਦਿਆਰਥੀਆਂ ਦਾ ਸੁਭਾਅ : ਸਵਾਮੀ

ਨਵੀਂ ਦਿੱਲੀ, 15 ਮਈ (ਚ.ਨ.ਸ.) : ਕੱਲ੍ਹ ਹਾਈ ਸਕੂਲ ਅਤੇ ਇੰਟਰਮੀਡੀਏਟ ਪ੍ਰੀਖਿਆਵਾਂ ਦੇ 100% ਨਤੀਜੇ ਐਲਾਨੇ ਜਾਣ ਤੋਂ ਬਾਅਦ, ਸਭ ਤੋਂ ਸਤਿਕਾਰਯੋਗ ਸਵਾਮੀ ਰਾਮਦੇਵ ਜੀ ਮਹਾਰਾਜ ਅਤੇ ਸਭ ਤੋਂ ਸਤਿਕਾਰਯੋਗ ਆਚਾਰੀਆਸ਼੍ਰੀ ਬਾਲਕ੍ਰਿਸ਼ਨ ਜੀ ਮਹਾਰਾਜ ਦੁਆਰਾ ਸਥਾਪਿਤ ਰਿਹਾਇਸ਼ੀ ਸਕੂਲ, ਆਚਾਰੀਆਕੁਲਮ ਵਿੱਚ ਖੁਸ਼ੀ ਅਤੇ ਖੇੜੇ ਦਾ ਮਾਹੌਲ ਹੈ। ਪਿਛਲੇ ਸਾਲ ਵਾਂਗ, ਆਚਾਰੀਆਕੁਲਮ ਵਿੱਚ ਪੰਜ ਦਿਨਾਂ ਲਈ ਪ੍ਰਤਿਭਾ ਅਭਿਨੰਦਨ ਪਰਵ ਦਾ ਆਯੋਜਨ ਕੀਤਾ ਜਾ ਰਿਹਾ ਹੈ। ਅੱਜ ਪ੍ਰਾਰਥਨਾ ਸਭਾ ਵਿੱਚ, ਹਾਈ ਸਕੂਲ ਦੀ ਪ੍ਰੀਖਿਆ ਵਿੱਚ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਇਸ ਸਾਲ ਹਾਈ ਸਕੂਲ ਵਿੱਚ, ਅਥਰਵ ਨੇ 99.40 ਪ੍ਰਤੀਸ਼ਤ ਅੰਕਾਂ ਨਾਲ ਪਹਿਲਾ ਸਥਾਨ, ਧਰੁਵ ਨੇ 98 ਪ੍ਰਤੀਸ਼ਤ ਅੰਕਾਂ ਨਾਲ ਦੂਜਾ ਸਥਾਨ, ਸਾਨਿਆ ਸੇਜਲ ਨੇ 97.80 ਪ੍ਰਤੀਸ਼ਤ ਅੰਕਾਂ ਨਾਲ ਸਕੂਲ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਜਦੋਂ ਕਿ ਸਹਿਜ 97.60% ਅੰਕਾਂ ਨਾਲ ਚੌਥੇ ਸਥਾਨ ਤੇ ਅਤੇ ਅੰਸ਼ੁਮਨ ਅਤੇ ਕਨ੍ਹਈਆ ਕੁਮਾਰ 97.40% ਅੰਕਾਂ ਨਾਲ ਕ੍ਰਮਵਾਰ ਪੰਜਵੇਂ ਸਥਾਨ ਤੇ ਰਹੇ। ਕੁੱਲ ਮਿਲਾ ਕੇ, ਸਕੂਲ ਦਾ ਔਸਤ 86.30 ਰਿਹਾ ਜਿਸ ਵਿੱਚ ਸਾਰੇ 153 ਵਿਦਿਆਰਥੀ ਪਾਸ ਹੋਏ। 21 ਵਿਦਿਆਰਥੀਆਂ ਨੇ ਪੰਜਾਂ ਵਿਸ਼ਿਆਂ ਵਿੱਚ ਏ-1 ਗ੍ਰੇਡ ਪ੍ਰਾਪਤ ਕੀਤੇ ਜਦੋਂ ਕਿ 43 ਵਿਦਿਆਰਥੀਆਂ ਨੇ ਕਈ ਵਿਸ਼ਿਆਂ ਵਿੱਚ ਸੈਂਚੂਮ ਪ੍ਰਾਪਤ ਕੀਤਾ। 95 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ 25 ਸੀ। ਇਹ ਧਿਆਨ ਦੇਣ ਯੋਗ ਹੈ ਕਿ ਉਕਤ ਪ੍ਰੀਖਿਆ ਵਿੱਚ, 73 (47.7%) ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕੀਤੇ, 44 (28.7%) ਵਿਦਿਆਰਥੀਆਂ ਨੇ 80-90%, 26 (16.9%) ਵਿਦਿਆਰਥੀਆਂ ਨੇ 70-80%, 07 (04.5%) ਵਿਦਿਆਰਥੀਆਂ ਨੇ 60-70% ਅੰਕ ਪ੍ਰਾਪਤ ਕੀਤੇ। ਇਸ ਸ਼ੁਭ ਮੌਕੇ ਤੇ, ਆਚਾਰੀਆਕੁਲਮ ਪ੍ਰਬੰਧਨ ਕਮੇਟੀ ਦੇ ਉਪ ਪ੍ਰਧਾਨ, ਡਾ. ਰਿਤੰਬਰਾ ਸ਼ਾਸਤਰੀ ਬੇਹਨ ਜੀ ਨੇ ਪ੍ਰਿੰਸੀਪਲ ਸ਼੍ਰੀਮਤੀ ਸਵਾਤੀ ਮੁਨਸ਼ੀ ਜੀ ਦੇ ਨਾਲ, ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਸਮੇਤ ਸਟਾਫ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਆਪਣਾ ਆਸ਼ੀਰਵਾਦ ਦਿੱਤਾ। ਇਸ ਸ਼ੁਭ ਮੌਕੇ ਤੇ, ਸਵਾਮੀ ਅਰਜੁਨਦੇਵ ਜੀ, ਵਾਈਸ ਪ੍ਰਿੰਸੀਪਲ ਸ਼੍ਰੀ ਤਪਸ ਕੁਮਾਰ ਬੇਰਾ ਜੀ, ਕੋਆਰਡੀਨੇਟਰ ਸ਼੍ਰੀਮਤੀ ਦੀਪਾ ਜੀ, ਚੀਫ਼ ਹੋਸਟਲ ਸੁਪਰਡੈਂਟ ਅਤੇ ਸਪੋਰਟਸ ਡਾਇਰੈਕਟਰ ਸ਼੍ਰੀ ਅਮਿਤ ਜੀ ਸਮੇਤ ਸਾਰੇ ਅਧਿਆਪਕ, ਸਟਾਫ਼ ਅਤੇ ਵਿਦਿਆਰਥੀ ਮੌਜੂਦ ਸਨ।



# ਪੰਜਾਬ ਨੈਸ਼ਨਲ ਨੇ ਰਿਟੇਲ ਆਊਟਰੀਚ ਪ੍ਰੋਗਰਾਮ ਕਰਵਾਇਆ

ਲੁਧਿਆਣਾ, 15 ਮਈ (ਚ.ਨ.ਸ.) : ਪੀਐਨਬੀ ਲੁਧਿਆਣਾ ਸਰਕਲ ਨੇ ਜ਼ੋਨਲ ਮੈਨੇਜਰ ਪਰਮੇਸ਼ ਕੁਮਾਰ ਦੀ ਅਗਵਾਈ ਹੇਠ ਫਿਰੋਜ਼ਪੁਰ ਰੋਡ ਸਥਿਤ ਬੈਂਕ ਦੇ ਜ਼ੋਨਲ ਦਫ਼ਤਰ ਵਿਖੇ ਇੱਕ ਰਿਟੇਲ ਆਊਟਰੀਚ ਪ੍ਰੋਗਰਾਮ ਦਾ ਆਯੋਜਨ ਕੀਤਾ ਜਿਸ ਵਿੱਚ ਸਾਰਿਆਂ ਸਰਕਲ ਦੀਆਂ ਪ੍ਰਮੁੱਖ ਸ਼ਾਖਾਵਾਂ ਨੇ ਹਿੱਸਾ ਲਿਆ। ਲੁਧਿਆਣਾ ਦੇ ਜ਼ੋਨਲ ਮੈਨੇਜਰ ਦੁਆਰਾ ਸਰਕਲ ਹੈੱਡ, ਲੁਧਿਆਣਾ ਕਿਸ਼ੋਰ ਚਿਲਾਣਾ, ਡੀਜ਼ੈਡਐਮ ਸੰਜੀਵ ਮੱਕੜ ਅਤੇ ਸੰਜੀਵ ਕਪੂਰ ਦੀ ਮੌਜੂਦਗੀ ਵਿੱਚ ਕਰਜ਼ਦਾਰਾਂ ਨੂੰ ਪ੍ਰਵਾਨਗੀ ਪੱਤਰ ਵੰਡੇ ਗਏ ਅਤੇ ਗਾਹਕਾਂ ਨੂੰ ਬੈਂਕ ਦੀਆਂ ਵੱਖ-ਵੱਖ ਪ੍ਰਚੂਨ ਕਰਜ਼ਿਆਂ ਅਤੇ ਨਵੀਆਂ ਜਮ੍ਹਾਂ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਰਿਟੈਲ ਆਊਟਰੀਚ ਪ੍ਰੋਗਰਾਮ ਵਿੱਚ ਪ੍ਰਚੂਨ ਖੇਤਰ ਵਿੱਚ 23 ਕਰੋੜ ਰੁਪਏ ਤੋਂ ਵੱਧ ਦੇ 86 ਲੀਡ ਹਾਸਲ ਕੀਤੇ। ਸਰਕਲ ਹੈੱਡ ਕਿਸ਼ੋਰ ਚਿਲਾਣਾ ਨੇ ਸਾਰਿਆਂ ਦਾ ਧੰਨਵਾਦ ਕੀਤਾ।




**ਜਨਮ ਦਿਨ ਮੁਬਾਰਕ**



ਜਸਪ੍ਰੀਤ ਸਿੰਘ



ਅਰਸ਼ਪ੍ਰੀਤਪਾਲ ਸਿੰਘ




# ਆਤਮਾ ਰਾਮ ਮੈਮੋਰੀਅਲ ਕਾਨਵੈਂਟ ਸਕੂਲ, ਬਰੇਟਾ ਦਾ ਦਸਵੀਂ ਅਤੇ ਬਾਰਵੀਂ ਦਾ ਨਤੀਜਾ ਸ਼ਾਨਦਾਰ ਰਿਹਾ



ਬਰੇਟਾ 15 ਮਈ (ਵਿਨੋਦ ਸਿੰਗਲਾ, ਨਰਿੰਦਰ ਬਾਂਸਲ) ਸੀ.ਬੀ.ਐਸ.ਈ ਬੋਰਡ ਵੱਲੋਂ ਦਸਵੀਂ ਅਤੇ ਬਾਰਵੀਂ ਕਲਾਸ ਦਾ ਨਤੀਜਾ ਐਲਾਨਿਆ ਗਿਆ। ਇਸ ਵਿੱਚ ਆਤਮਾ ਰਾਮ ਮੈਮੋਰੀਅਲ ਕਾਨਵੈਂਟ ਸਕੂਲ, ਬਰੇਟਾ ਦੇ ਬੱਚਿਆਂ ਦਾ ਨਤੀਜਾ ਸ਼ਾਨਦਾਰ ਰਿਹਾ ਸਕੂਲ ਦੇ ਦਸਵੀਂ ਕਲਾਸ ਦੇ ਵਿਦਿਆਰਥੀ ਪਲਕ 91.4% ਰਣਵੀਰ ਕੌਰ 81.2% ਹਰੀਨਾ 80% ਅੰਕ ਪ੍ਰਾਪਤ ਕੀਤੇ ਅਤੇ ਦਸਵੀਂ ਕਲਾਸ ਦਾ ਨਤੀਜਾ 100 ਫੀਸਦੀ ਰਿਹਾ ਇਸ ਤੋਂ ਇਲਾਵਾ ਬਾਰਵੀਂ ਕਲਾਸ ਦੇ ਵਿਦਿਆਰਥੀ ਮਾਧਵ ਸਿੰਗਲਾ (ਨੌਨ ਮੈਡੀਕਲ) 95.2% ਮਨਦੀਪ ਕੌਰ (ਕਾਮਰਸ) 92.4%ਮਨਦੀਪ ਕੌਰ (ਕਾਮਰਸ) 92% ਇਸ਼ੀਤਾ (ਮੈਡੀਕਲ) 91.6% ਸੈਮਮ (ਮੈਡੀਕਲ) 89.8% ਸਮਰਿਧੀ (ਨੌਨ-ਮੈਡੀਕਲ) 89% ਵਿਸ਼ਾਲੀ (ਮੈਡੀਕਲ) 86.2% ਸਕੀਆ (ਮੈਡੀਕਲ) 83.6% ਕਮਲਜੋਤ ਕੌਰ (ਮੈਡੀਕਲ) 81.4% ਰਣਵੀਰ ਸਿੰਘ (ਆਰਟਸ) 80.6% ਲਕਸ਼ੇ (ਮੈਡੀਕਲ) 80.2% ਇਸ ਖਾਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਵਿਜੇ ਕੁਮਾਰ ਚੇਅਰਮੈਨ ਸ਼ੈਰੀਕ ਗਰਗ ਐਮ.ਡੀ ਮਨੀਕਾ ਗਰਗ ਨੇ ਸਕੂਲ ਦੇ ਬੱਚਿਆਂ ਤੇ ਮਾਪਿਆਂ ਅਤੇ ਸਟਾਫ ਨੂੰ ਵਧਾਈ ਦਿੱਤੀ। ਗੱਲਬਾਤ ਕਰਦਿਆਂ ਪ੍ਰਿੰਸੀਪਲ ਵਿਜੇ ਕੁਮਾਰ ਨੇ ਕਿਹਾ ਕਿ ਇਨ੍ਹਾਂ ਚੰਗੇ ਨਤੀਜਿਆਂ ਦਾ ਸਿਹਰਾ ਸਟਾਫ ਨੂੰ ਜਾਂਦਾ ਹੈ। ਜਿਸ ਨੇ ਜੀ ਤੋੜ ਮਿਹਨਤ ਕੀਤੀ ਤੇ ਬੱਚਿਆਂ ਨੂੰ ਇਸ ਯੋਗ ਬਣਾਇਆ। ਉਹਨਾਂ ਨੇ ਕਿਹਾ ਸਕੂਲ ਦੇ ਬੱਚੇ ਵੀ ਵਧਾਈ ਦੇ ਪਾਤਰ ਹਨ ਜਿਹਨਾਂ ਨੇ ਅਧਿਆਪਕਾਂ ਦੇ ਅਨੁਸਾਰ ਮਿਹਨਤ ਕੀਤੀ ਅਤੇ ਇਸ ਉਪਲੱਬਧੀ ਦਾ ਸਿਹਰਾ ਸਜਾਇਆ। ਉਹਨਾਂ ਨੇ ਕਿਹਾ ਕਿ ਇਹਨਾਂ ਵਿਦਿਆਰਥੀਆਂ ਨੂੰ ਸਕੂਲ ਵਲੋਂ ਖਾਸ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ।

# ਸ. ਸ. ਸ. ਸ ਕੂੜੇਕੇ ਕਲਾਂ ਦਾ ਬਾਰ੍ਹਵੀਂ ਦਾ ਨਤੀਜਾ ਰਿਹਾ 100 ਪ੍ਰਤੀਸ਼ਤ

ਬਰਨਾਲਾ, 15 ਮਈ (ਸੁਖਵਿੰਦਰ ਸਿੰਘ ਭੰਡਾਰੀ)- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਬਾਰਵੀਂ ਕਲਾਸ ਦੇ ਨਤੀਜੇ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੁੜੇਕੇ ਕਲਾਂ ਦਾ ਨਤੀਜਾ ਸੌ ਫ਼ੀਸਦੀ ਰਿਹਾ ਹੈ। ਸਕੂਲ ਦੇ ਪ੍ਰਿੰਸੀਪਲ ਜਤਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਵਿਖੇ ਬਾਰ੍ਹਵੀਂ ਕਲਾਸ ਦੇ 117 ਪ੍ਰੀਖਿਆਰਥੀਆਂ ਨੇ ਬਾਰ੍ਹਵੀਂ ਦੀ ਪ੍ਰੀਖਿਆ ਦਿੱਤੀ। ਸਾਰੇ ਦੇ ਸਾਰੇ 117 ਪ੍ਰੀਖਿਆਰਥੀ ਵਧੀਆ ਅੰਕ ਲੈ ਕੇ ਪਾਸ ਹੋਏ ਹਨ। ਪ੍ਰਾਪਤ ਹੋਏ ਨਤੀਜੇ ਅਨੁਸਾਰ ਵੋਕੇਸ਼ਨਲ (ਇੰਪੋਰਟ ਐਂਡ ਐਕਸਪੋਰਟ ਮੈਨੇਜਮੈਂਟ) ਚੋਂ ਰਵੀਨਾ ਰਾਜਪੁਰੋਹਿਤ ਨੇ 91.2 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ ਸਥਾਨ, ਹਰਮਨਦੀਪ ਕੌਰ ਨੇ 91 ਪ੍ਰਤੀਸ਼ਤ ਅੰਕ ਲੈ ਕੇ ਦੂਜਾ ਸਥਾਨ ਅਤੇ ਜਸ਼ਨਪ੍ਰੀਤ ਕੌਰ ਨੇ 86.4 ਪ੍ਰਤੀਸ਼ਤ ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਪ੍ਰਕਾਰ ਕਮਰਸ ਵਿੱਚੋਂ ਜਸਪ੍ਰੀਤ ਕੌਰ ਨੇ 86.2 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ ਸਥਾਨ, ਮਨਪ੍ਰੀਤ ਕੌਰ ਨੇ 85 ਪ੍ਰਤੀਸ਼ਤ ਅੰਕ ਲੈ ਕੇ ਦੂਜਾ ਅਤੇ ਸੁਖਪ੍ਰੀਤ ਕੌਰ ਨੇ 84.4 ਪ੍ਰਤੀਸ਼ਤ ਅੰਕ ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ। ਇਸ ਪ੍ਰਕਾਰ ਆਰਟਸ ਵਿੱਚੋਂ ਜਸਪ੍ਰੀਤ ਕੌਰ ਨੇ 85 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ, ਨਿਸ਼ਾ ਨੇ 82.8 ਪ੍ਰਤੀਸ਼ਤ ਅੰਕ ਲੈ ਕੇ ਦੂਜਾ ਤੇ ਅਰਸ਼ਪ੍ਰੀਤ ਸਿੰਘ ਨੇ 78.6% ਅੰਕ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ ਹੈ। ਇਸ ਤਰ੍ਹਾਂ ਹੀ ਵੋਕੇਸ਼ਨਲ (ਮਕੈਨੀਕਲ) ਚੋਂ ਜਸਪ੍ਰੀਤ ਕੌਰ ਨੇ 76.8 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ ਸਥਾਨ, ਲਵਪ੍ਰੀਤ ਕੌਰ ਅਤੇ ਬਲਜਿੰਦਰ ਕੌਰ ਨੇ 74% ਅੰਕ ਲੈ ਕੇ ਦੂਜਾ ਸਥਾਨ ਅਤੇ ਗੁਰਜਿੰਦਰ ਕੌਰ ਨੇ 72.8 ਪ੍ਰਤੀਸ਼ਤ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਸਕੂਲ ਪ੍ਰਿੰਸੀਪਲ ਜਤਿੰਦਰ ਸਿੰਘ ਨੇ ਬਾਰ੍ਹਵੀਂ ਕਲਾਸ ਦੇ ਸ਼ਾਨਦਾਰ ਨਤੀਜੇ ਲਈ ਵਿਦਿਆਰਥੀਆਂ ਉਹਨਾਂ ਦੇ ਮਾਪਿਆਂ ਅਤੇ ਸਮੂਹ ਸਟਾਫ ਨੂੰ ਵਧਾਈ ਦਿੰਦਿਆਂ ਅੱਗੇ ਤੋਂ ਹੋਰ ਵੀ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਸੇਂਟ ਬਚਨਪੁਰੀ ਇੰਟਰਨੈਸ਼ਨਲ ਸਕੂਲ ਪੱਖੋ ਕਲਾਂ ਵਿਖੇ ਇਨਵੇਸਚਰ ਸੈਰੇਮਨੀ ਦੌਰਾਨ ਹਾਊਸ ਮੁਖੀਆਂ ਨੂੰ ਸਹੁੰ ਚੁਕਾਈ




ਬਰਨਾਲਾ, 15 ਮਈ (ਬਘੇਲ ਸਿੰਘ ਧਾਲੀਵਾਲ)- ਸੇਂਟ ਬਚਨਪੁਰੀ ਇੰਟਰਨੈਸ਼ਨਲ ਸਕੂਲ ਪੱਖੋ ਕਲਾਂ ਵਿਖੇ ਅੱਜ ਸਕੂਲ ਕੈਬਨਿਟ ਸ਼ੈਸਨ 2025-26 ਦੀ ਚੋਣ ਲਈ ਇਨਵੇਸਚਰ ਸੈਰੇਮਨੀ ਕਰਵਾ ਕੇ ਜ਼ਿੰਮੇਵਾਰ ਮੁਖੀਆ ਨੂੰ ਆਪਣਾ ਕੰਮ ਤਨਦੇਹੀ,ਜ਼ਿੰਮੇਵਾਰੀ ਨਾਲ ਕਰਨ ਲਈ ਸਹੁੰ ਚੁਕਾਈ ਗਈ,ਅੱਜ ਗਠਿਤ ਕੀਤੇ ਗ ਏ ਐਵਰੈਸਟ,ਕੰਚਨਜੁੰਗਾਂ,ਮੈਟਰਹੋਰਨ ਅਤੇ ਓਲੰਪਿਸ ਹਾਊਸ ਦੇ ਵੱਖ♠ਵੱਖ ਹਾਊਸ ਮੁਖੀਆਂ ਦੀ ਚੋਣ ਨਿਰੋਲ ਤਰੀਕੇ ਨਾਲ ਕਰਦੇ ਹੋਏ ਹਾਊਸ ਕੈਬਨਿਟ ਲਈ ਹਾਊਸ ਹੈਡ ਬੁਆਏ ਹਰਮਨਦੀਪ ਸਿੰਘ (ਕਲਾਸ 11ਵੀਂ ਕਮਰਸ) ਅਤੇ ਹਾਊਸ ਹੈਡ ਗਰਲ ਨਵਜੋਤ ਕੌਰ(ਕਲਾਸ 11ਵੀਂ ਆਰਟਸ) ਨੂੰ ਚੁਣਿਆ ਗਿਆ। ਵੱਖ-ਵੱਖ ਹਾਊਸਾ ਦੇ ਮੈਂਬਰਾਂ ਨੂੰ ਅਹਿਮ ਜ਼ਿੰਮੇਵਾਰੀਆਂ ਸੌਂਪ ਕੇ ਐਵਰੈਸਟ ਹਾਊਸ ਦੇ ਸੁਰਖਾਬ ਸਿੰਘ (ਕੈਪਟਨ) ਅਤੇ ਸਹਿਜਪ੍ਰੀਤ ਕੌਰ ਨੂੰ (ਵਾਈਸ ਕੈਪਟਨ), ਕੰਚਨਜੁੰਗਾਂ ਹਾਊਸ ਦੀ ਜਸਕੋਮਲਪ੍ਰੀਤ ਕੌਰ (ਕੈਪਟਨ) ਅਤੇ ਹਰਸ਼ਾਨ ਸਿੰਘ ਨੂੰ (ਵਾਈਸ ਕੈਪਟਨ),ਮੈਟਰਹੋਰਨ ਹਾਊਸ ਦੇ ਗੁਰਨੂਰ ਸਿੰਘ ਔਲਖ (ਕੈਪਟਨ) ਅਤੇ ਕਨਿਸ਼ਕਾ ਨੂੰ (ਵਾਈਸ ਕੈਪਟਨ) ਅਤੇ ਓਲੰਪਿਸ ਹਾਊਸ ਦੀ ਰਵਨੀਤ ਕੌਰ(ਕੈਪਟਨ) ਅਤੇ ਮੋਕਸ਼ ਨੂੰ (ਵਾਈਸ ਕੈਪਟਨ) ਵਜੋ$ਹ ਚੁਣਿਆ ਗਿਆ। ਇਸੇ ਤਰ੍ਹਾਂ ਸਕੂਲ ਵਿਚਲੀਆ ਵੱਖ♠ਵੱਖ ਜ਼ਿੰਮੇਵਾਰੀਆਂ ਲਈ ਐਕਟੀਵਿਟੀ ਇੰਚਾਰਜ਼ ਲਈ ਗੁਰਨਾਜ਼ ਕੌਰ(11ਵੀਂ ਨਾਨ-ਮੈਡੀਕਲ),ਅਨੁਸ਼ਾਸਨ ਲਈ ਪ੍ਰਨੀਤ ਕੌਰ(11ਵੀਂ ਆਰਟਸ) ਅਤੇ ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਪ੍ਰੇਰਿਤ ਕਰਨ ਲਈ ਯਾਦਵਿੰਦਰ ਸਿੰਘ(11ਵੀਂ ਕਮਰਸ) ਦੀ ਸਪੋਰਟਸ ਕੈਪਟਨ ਵਜ$ਹੋ ਚੋਣ ਕਰਕੇ ਅਹਿਮ ਜ਼ਿੰਮੇਵਾਰੀਆਂ ਦਿੱਤੀਆਂ ਗਈਆ।ਚੁਣੀ ਗਈ ਵਿਦਿਆਰਥੀ ਕੌਂਸਲ ਅਤੇ ਹਾਊਸ ਇੰਚਾਰਜ ਦੁਆਰਾ ਆਪਣੀ ਡਿਊਟੀ ਪੂਰੀ ਇਮਾਨਦਾਰੀ,ਬਾਖੂਬੀ ਢੰਗ ਨਾਲ ਕਰਨ ਅਤੇ ਸਕੂਲ ਦੇ ਆਦਰਸ਼,ਸਨਮਾਨ ਨੂੰ ਹਮੇਸ਼ਾ ਉੱਚਾ ਰੱਖਣ ਲਈ ਸਹੁੰ ਚੁੱਕੀ ਗਈ।ਵੱਖ-ਵੱਖ ਅਹੁਦਿਆ ਲਈ ਚੁਣੇ ਗਏ ਵਿਦਿਆਰਥੀਆਂ ਨੂੰ ਸੈਸੇਜ ਪਹਿਨਾਏ ਗਏ। ਸੰਸਥਾ ਚੇਅਰਮੈਨ ਰਵਿੰਦਰਜੀਤ ਸਿੰਘ ਬਿੰਦੀ, ਸਾਗਰਜੀਤ ਸਿੰਘ ਖੀਪਲ (ਡਾਇਰੈਕਟਰ) ਨੇ ਲਈ ਚੁਣੀ ਗਈ ਸਕੂਲ ਕੈਬਨਿਟ ਅਤੇ ਹਾਊਸ ਇੰਚਾਰਜ਼ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਵਿਦਿਆਰਥੀਆਂ ਵਿੱਚ ਲੀਡਰਸ਼ਿਪ ਦੀ ਭਾਵਨਾ ਪੈਦਾ ਕਰਨਾ,ਇੱਕ ਗੁਣਵਾਨ,ਉਸਾਰੂ ਸੋਚ,ਟੀਮ ਵਰਕ ਵਾਲੇ ਲੀਡਰ ਦੇ ਗੁਣ ਪੈਦਾ ਕਰਨ ਲਈ ਹਾਊਸ ਕੈਬਨਿਟ ਦੀ ਚੋਣ ਕਰਨਾ ਅੱਜ ਦੇ ਸਮੇਂ ਦੀ ਲੋੜ ਹੈ,ਤਾਂ ਜੋ ਵਿਦਿਆਰਥੀਆਂ ਵਿੱਚ ਭਵਿੱਖ ਵਿੱਚ ਚੰਗੇ ਲੀਡਰ ਬਨਣ,ਸਵੈ ਰੋਜ਼ਗਾਰ ਪੈਦਾ ਕਰਨ ਅਤੇ ਅਨੁਸ਼ਾਸਨ ਚ ਰਹਿਣ ਜਿਹੀਆ ਖੂਬੀਆ ਪੈਦਾ ਹੋ ਸਕਣ।

# ਤਪਾ ਸ਼ਹਿਰੀਆਂ ਵੱਲੋਂ ਸੂਬਾ ਆਗੂਆਂ ਤੇ ਕੇਂਦਰੀ ਰਾਜ ਰੇਲ ਮੰਤਰੀ ਸਮੇਤ ਰੇਲ ਗੱਡੀਆ ਦੇ ਠਹਿਰਾਓ ਲਈ ਮੰਗ ਪੱਤਰ ਦਿੱਤੇ

ਤਪਾ ਮੰਡੀ, 15 ਮਈ (ਭੂਸ਼ਨ ਘੜੈਲਾ)- ਭਾਰਤ ਦੇ ਰੇਲ ਮੰਤਰਾਲੇ ਨੇ ਫ ?ਰੋਜ਼ਪੁਰ ਛਾਉਣੀ ਤੋਂ ਸ੍ਰੀ ਹਜ਼ੂਰ ਸਾਹਿਬ ਅਤੇ ਹਰਿਦੁਆਰ ਲਈ ਵਿਸ਼ੇਸ਼ ਰੇਲ ਗੱਡੀਆਂ ਦੀ ਸ਼ੁਰੂਆਤ ਕੀਤੀ ਹੈ। ਸ਼ਰਧਾਲੂਆਂ ਵਿੱਚ ਖੁਸ਼ੀ ਦੀ ਲਹਿਰ ਹੈ, ਜੋ ਲੰਬੇ ਸਮੇਂ ਤੋਂ ਇਨ੍ਹਾਂ ਰੇਲ ਸੇਵਾਵਾਂ ਦੀ ਮੰਗ ਕਰ ਰਹੇ ਸਨ।ਹਰਿਦੁਆਰ ਜਾਣ ਵਾਲੀ ਰੇਲਗੱਡੀ ਹਰ ਬੁੱਧਵਾਰ ਰਾਤ 10:40 ਵਜੇ ਫ ?ਰੋਜ਼ਪੁਰ ਛਾਉਣੀ ਤੋਂ ਰਵਾਨਾ ਹੋਵੇਗੀ, ਅਤੇ ਫ਼ਰੀਦਕੋਟ, ਕੋਟਕਪੂਰਾ, ਬਠਿੰਡਾ, ਰਾਮਪੁਰਾ ਫੂਲ, ਬਰਨਾਲਾ, ਧੂਰੀ, ਨਾਭਾ ਅਤੇ ਪਟਿਆਲਾ ਵਰਗੇ ਪ੍ਰਮੁੱਖ ਸਟੇਸ਼ਨਾਂ ਤੋਂ ਹੁੰਦੀ ਹੋਈ, ਅਗਲੇ ਦਿਨ ਸਵੇਰੇ 8:30 ਵਜੇ ਹਰਿਦੁਆਰ ਪਹੁੰਚੇਗੀ ਅਤੇ ਰੇਲਵੇ ਤਪਾ ਸਟੇਸ਼ਨ ਉਪਰ ਠਹਿਰਾਅ ਸਟਾਪੇਜ ਨਾ ਮਿਲਣ ਕਰਕੇ ਸ਼ਰਧਾਲੂਆਂ ਵਿੱਚ ਰੋਸ ਕੀਤਾ ਜਾ ਰਿਹਾ ਹੈ। ਸ੍ਰੀ ਨਾਂਦੇੜ ਸਾਹਿਬ ਲਈ ਰੇਲਗੱਡੀ ਹਰ ਸ਼ੁੱਕਰਵਾਰ ਦੁਪਹਿਰ 1:25 ਵਜੇ ਫ ?ਰੋਜ਼ਪੁਰ ਛਾਉਣੀ ਤੋਂ ਰਵਾਨਾ ਹੋਵੇਗੀ ਅਤੇ ਐਤਵਾਰ ਤੜਕੇ ਲਗਪਗ 3:00 ਵਜੇ ਨਾਂਦੇੜ ਸਾਹਿਬ ਪਹੁੰਚੇਗੀ। ਵਿਧਾਨ ਸਭਾ ਹਲਕਾ ਭਦੌੜ ਦੇ ਭਾਜਪਾ ਆਗੂਆਂ ਅਤੇ ਇਕਾਈ ਤਪਾ ਦੇ ਆਗੂਆ ਨੇ ਚੁੱਪ ਵੱਟੀ ਹੋਈ ਹੈ, ਕਿਉਂਕਿ ਮੇਲ ਗੱਡੀਆਂ ਦੇ ਠਹਿਰਾਓ ਲਈ ਸਹਿਰ ਵਾਸੀਆਂ ਨੇ ਭਾਜਪਾ ਦੇ ਸੂਬਾ ਪੱਧਰੀ ਅਤੇ ਕੇਂਦਰੀ ਆਗੂਆਂ ਤੋਂ ਪਿਛਲੀਆਂ ਚੋਣਾਂ ਵਿੱਚ ਤਪਾ ਦੇ ਰੇਲਵੇ ਸਟੇਸ਼ਨ ਉਪਰ ਗੱਡੀਆਂ ਦੇ ਠਹਿਰਾਓ ਲਈ ਮੰਗ ਪੱਤਰ ਦਿੱਤਾ ਗਿਆ ਸੀ ਜਿਸ ਤੋਂ ਬਾਅਦ ਭਾਜਪਾ ਦੇ ਆਗੂਆਂ ਨੇ ਸ਼ਹਿਰ ਦੇ ਵਪਾਰੀਆਂ ਅਤੇ ਲੋਕਾਂ ਨੂੰ ਭਰੋਸਾ ਦਿੱਤਾ ਸੀ ਕਿ ਚੋਣ ਜ਼ਾਬਤਾ ਖਤਮ ਹੋਣ ਤੋਂ ਬਾਅਦ ਤੁਹਾਡੀ ਮੰਗ ਪਹਿਲਾ ਪੂਰੀ ਹੋਵੇਗੀ ਪਰ ਅਜੇ ਤੱਕ ਗੱਡੀਆਂ ਦੇ ਠਹਿਰਾਓ ਨਹੀਂ ਕਰਵਾਏ ਗਏ । ਜਦਕਿ ਸਾਬਕਾ ਰੇਲ ਮੰਤਰੀ ਪਵਨ ਕੁਮਾਰ ਬਾਂਸਲ ਨੇ ਤਪਾ ਸਟੇਸ਼ਨ ਉਪਰ ਮੇਲ ਗੱਡੀਆਂ ਦੇ ਠਹਿਰਾਓ ਕੀਤੇ ਗਏ ਸਨ ਅਤੇ ਜਦੋਂ ਭਾਜਪ ਸਰਕਾਰ ਕੇਂਦਰ ਵਿਚ ਆਈ ਉਸ ਬਾਅਦ ਤਪਾ ਦੇ ਰੇਲਵੇ ਸਟੇਸ਼ਨ ਉਪਰ ਮੇਲ ਗੱਡੀਆਂ ਦੇ ਠਹਿਰਾਓ ਬੰਦ ਹੋ ਗਏ।ਤਪਾ ਇਕਾਈ ਭਾਜਪਾ ਆਗੂਆਂ ਦੀ ਅਗਵਾਈ ਵਿੱਚ ਸ਼ਹਿਰ ਦੀਆਂ ਵੱਖ ਵੱਖ ਸੰਸਥਾਵਾਂ ਵੱਲੋਂ ਕੇਂਦਰੀ ਰਾਜ ਰੇਲ ਮੰਤਰੀ ਨੂੰ ਕਈ ਮਹੀਨੇ ਪਹਿਲਾ ਤਪਾ ਰੇਲਵੇ ਗੱਡੀਆਂ ਦੇ ਸਟਾਪੇਜ ਲਈ ਰੇਲ ਮੰਤਰੀ ਨੂੰ ਇੱਕ ਮੰਗ ਪੱਤਰ ਸੌਂਪਿਆ ਸੀ, ਜੋ ਉਸ ਸਮੇਂ ਕੇਂਦਰੀ ਰਾਜ ਰੇਲ ਮੰਤਰੀ ਨੇ ਤਪਾ ਦੇ ਰੇਲਵੇ ਸਟੇਸ਼ਨ ਉਪਰ ਬੰਦ ਪਏ ਗੱਡੀਆਂ ਦੇ ਠਹਿਰਾਓ ਨੂੰ ਬਹਾਲ ਕਰਨ ਦਾ ਭਰੋਸਾ ਦਿੱਤਾ ਗਿਆ ਸੀ। ਪਰ ਮਹੀਨੇ ਬਾਅਦ ਵੀ ਕੇਂਦਰੀ ਰਾਜ ਰੇਲ ਮੰਤਰੀ ਨੇ ਤਪਾ ਦੇ ਭਾਜਪਾ ਦੇ ਸਿਰ ਕੱਢ ਆਗੂਆਂ ਦੀ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਸਗੋਂ ਦਿੱਤਾ ਹੋਇਆ ਮੰਗ ਪੱਤਰ ਰੱਦੀ ਵਿੱਚ ਸਿੱਟ ਦਿੱਤਾ ਗਿਆ। ਦੋਵੇਂ ਮਹੱਤਵਪੂਰਨ ਧਾਰਮਿਕ ਸਥਾਨਾਂ ਲਈ ਫ ?ਰੋਜ਼ਪੁਰ ਤੋਂ ਕੋਈ ਸਿੱਧੀ ਰੇਲ ਸੇਵਾ ਉਪਲਬਧ ਨਹੀਂ ਸੀ, ਜਿਸ ਕਾਰਨ ਸ਼ਰਧਾਲੂਆਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ, ਇਨ੍ਹਾਂ ਰੇਲ ਗੱਡੀਆਂ ਦੇ ਸ਼ੁਰੂ ਹੋਣ ਨਾਲ ਸਮੁੱਚੀ ਸੰਗਤ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ ਅਤੇ ਹੁਣ ਸ਼ਰਧਾਲੂਆਂ ਲਈ ਦੋਵਾਂ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨਾ ਬਹੁਤ ਸੁਖਾਲਾ ਹੋ ਜਾਵੇਗਾ, ਤੇ ਯਾਤਰੀਆਂ ਨੂੰ ਨਾ ਸਿਰਫ਼ ਆਰਾਮਦਾਇਕ ਸਫ਼ਰ ਮਿਲੇਗਾ ਸਗੋਂ ਉਨ੍ਹਾਂ ਦੇ ਪੈਸੇ ਦੀ ਵੀ ਬੱਚਤ ਹੋਵੇਗੀ

# ਬਰਨਾਲਾ ਦੀ ਵਿਦਿਆਰਥਣ ਹਰਸੀਰਤ ਕੌਰ ਨੇ ਸੂਬੇ ਭਰ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ



ਬਰਨਾਲਾ, 15 ਮਈ (ਬਘੇਲ ਸਿੰਘ ਧਾਲੀਵਾਲ)- ਅੱਜ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਬਾਰਵੀਂ ਜਮਾਤ ਦੇ ਆਏ ਨਤੀਜੇ 'ਚ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿਦਿਆ ਮੰਦਿਰ ਬਰਨਾਲਾ ਦੀ ਵਿਦਿਆਰਥਣ ਹਰਸੀਰਤ ਕੌਰ ਨੇ ਸੂਬੇ ਭਰ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ।ਹਰਸੀਰਤ ਨੇ ਮੈਡੀਕਲ ਗਰੁੱਪ ਵਿਚੋਂ 100 ਫੀਸਦੀ ਅੰਕ ਹਾਸਲ ਕਰਕੇ ਸੂਬੇ 'ਚੋਂ ਟੌਪ ਕਰਕੇ ਬਰਨਾਲੇ ਜ਼ਿਲ੍ਹੇ ਦਾ ਮਾਣ ਵਧਾਇਆ ਹੈ। ਇਸ ਮੌਕੇ ਲੋਕ ਸਭਾ ਮੈਂਬਰ ਸ. ਗੁਰਮੀਤ ਸਿੰਘ ਮੀਤ ਹੇਅਰ ਨੇ ਹਰਸੀਰਤ ਕੌਰ ਦੇ ਸਕੂਲ ਪੁੱਜ ਕੇ ਹਰਸੀਰਤ ਕੌਰ, ਉਸਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਹਰਸੀਰਤ ਨੇ ਸੂਬੇ ਭਰ ਵਿੱਚੋਂ ਬਾਜ਼ੀ ਮਾਰ ਕੇ ਬਰਨਾਲਾ ਜ਼ਿਲ੍ਹੇ ਦਾ ਮਾਣ ਵਧਾਇਆ ਹੈ। ਉਨ੍ਹਾਂ ਕਿਹਾ ਕਿ ਹਰਸੀਰਤ ਜਿੱਥੇ ਪੜ੍ਹਾਈ ਵਿਚ ਅੱਵਲ ਹੈ, ਓਥੇ ਖੇਡਾਂ 'ਚ ਵੀ ਉਸ ਨੇ ਜ਼ਿਲ੍ਹੇ ਦਾ ਨਾਮ ਚਮਕਾਇਆ ਹੈ। ਹਰਸੀਰਤ ਨੈੱਟਬਾਲ ਵਿਚ ਕੌਮੀ ਖੇਡਾਂ ਵਿਚ ਮੈਡਲ ਜੇਤੂ ਹੈ ਅਤੇ ਸਟੇਟ ਲੈਵਲ 'ਤੇ ਸੋਨ ਤਗਮਾ ਜੇਤੂ ਹੈ। ਉਨ੍ਹਾਂ ਕਿਹਾ ਕਿ ਹਰਸੀਰਤ ਖੇਡਾਂ ਅਤੇ ਪੜ੍ਹਾਈ ਦੋਵਾਂ 'ਚ ਮੋਹਰੀ ਹੈ ਜੋ ਕਿ ਜ਼ਿਲ੍ਹੇ ਦੇ ਹੋਰਨਾਂ ਬੱਚਿਆਂ ਲਈ ਬੜੀ ਵੱਡੀ ਮਿਸਾਲ ਹੈ। ਇਸ ਮੌਕੇ ਹਰਸੀਰਤ ਨੇ ਕਿਹਾ ਕਿ ਉਸ ਨੇ ਮੈਡੀਕਲ ਗਰੁੱਪ ਵਿਚ ਪੜ੍ਹਾਈ ਕੀਤੀ ਹੈ ਅਤੇ ਐਮਬੀਬੀਐੱਸ ਕਰਕੇ ਡਾਕਟਰ ਬਣ ਕੇ ਲੋਕਾਂ ਦੀ ਸੇਵਾ ਕਰਨੀ ਚਾਹੁੰਦੀ ਹੈ। ਓਸਨੇ ਆਪਣੀ ਸਫਲਤਾ ਦਾ ਸਿਹਰਾ ਆਪਣੇ ਮਾਪਿਆਂ, ਦਾਦੀ ਜਸਵੰਤ ਕੌਰ ਅਤੇ ਅਧਿਆਪਕਾਂ ਨੂੰ ਦਿੱਤਾ। ਹਰਸੀਰਤ ਕੌਰ ਦੇ ਪਿਤਾ ਸਿਮਰਦੀਪ ਸਿੰਘ ਸਿੱਧੂ ਵਾਸੀ ਧਨੌਲਾ ਸਿੱਖਿਆ ਵਿਭਾਗ ਵਿਚ ਡੀ ਐਮ ਸਪੋਰਟਸ ਵਜੋਂ ਸੇਵਾਵਾਂ ਨਿਭਾਅ ਰਹੇ ਹਨ, ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਆਪਣੀ ਧੀ 'ਤੇ ਮਾਣ ਹੈ ਕਿ ਉਸਨੇ ਪੂਰੇ ਪੰਜਾਬ ਦਾ ਮਾਣ ਵਧਾਇਆ ਹੈ।ਇਸ ਮੌਕੇ ਹਰਸੀਰਤ ਦੇ ਮਾਤਾ ਅਮਨਪ੍ਰੀਤ ਕੌਰ ਜੋ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾਨਗੜ੍ਹ ਵਿਚ ਅਧਿਆਪਕਾ ਹਨ, ਨੇ ਕਿਹਾ ਕਿ ਉਨ੍ਹਾਂ ਨੇ ਹਰਸੀਰਤ ਨੂੰ ਹਮੇਸ਼ਾ ਪੜ੍ਹਾਈ ਅਤੇ ਖੇਡਾਂ ਦੋਵਾਂ ਲਈ ਪ੍ਰੇਰਿਆ ਹੈ ਕਿਉਕਿ ਦੋਵੇਂ ਹੀ ਬੱਚਿਆਂ ਲਈ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ ਨੂੰ ਬੇਹੱਦ ਖੁਸ਼ੀ ਹੈ ਕਿ ਹਰਸੀਰਤ ਨੇ ਪੂਰੇ ਜ਼ਿਲ੍ਹੇ ਅਤੇ ਸਿੱਖਿਆ ਵਿਭਾਗ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।

# ਬੀਵੀਐਮ ਇੰਟਰਨੈਸ਼ਨਲ ਸਕੂਲ ਵਿਖੇ ਕਾਰਡ ਬਣਾਉਣ ਦੀ ਗਤੀਵਿਧੀ ਕਰਵਾਈ



ਬਰਨਾਲਾ, 15 ਮਈ (ਕਪਿਲ)- ਕਲਾਸਾਂ 1 ਅਤੇ 2 ਦੇ ਵਿਦਿਆਰਥੀ ਨੇ ਬੀਵੀਐਮ ਇੰਟਰਨੈਸ਼ਨਲ ਸਕੂਲ ਵਿਖੇ 'ਮਾਂ ਦਿਵਸ' ਦੀ ਯਾਦ ਕਰਨ ਲਈ ਇਕ ਵਿਸ਼ੇਸ਼ ਕਾਰਡ ਬਣਾਉਣ ਦੀ ਗਤੀਵਿਧੀ ਵਿਚ ਹਿੱਸਾ ਲਿਆ. ਇਸ ਰਚਨਾਤਮਕ ਗਤੀਵਿਧੀ ਦਾ ਉਦੇਸ਼ ਵਿਦਿਆਰਥੀਆਂ ਨੂੰ ਪਿਆਰ, ਸਤਿਕਾਰ ਅਤੇ ਧੰਨਵਾਦ ਦੀ ਭਾਵਨਾ ਨੂੰ ਪ੍ਰਗਟ ਕਰਨਾ ਸੀ.ਵਿਦਿਆਰਥੀਆਂ ਨੇ ਸੁੰਦਰ ਹੈਂਡਮੇਡ ਕਾਰਡਾਂ ਨੂੰ ਰੰਗਾਂ ਦੁਆਰਾ ਆਪਣੀਆਂ ਮਾਸੂਮ ਭਾਵਨਾਵਾਂ ਨੂੰ ਜ਼ਾਹਰ ਕੀਤਾ. ਇਨ੍ਹਾਂ ਕਾਰਡਾਂ ਬਾਰੇ ਵਿਸ਼ੇਸ਼ ਗੱਲ ਇਹ ਸੀ ਕਿ ਦੋ -ਜਾਨ ਦੇ ਅੰਕੜੇ ਉਨ੍ਹਾਂ ਨਾਲ ਜੁੜੇ ਹੋਏ ਸਨ, ਜਿਸ 'ਤੇ ਬਹੁਤ ਸਾਰੇ ਜੱਫੀ ਪਾ ਰਹੇ ਹਨ (ਬਹੁਤ ਸਾਰੇ ਜੱਫੀ ਪਾ ਰਹੇ ਹਨ) ਲਿਖੇ ਗਏ ਸਨ. ਇਹ ਕਾਰਡ ਇੱਕ ਭਾਵਨਾਤਮਕ ਦਾਤ ਸੀ ਜੋ ਬੱਚਿਆਂ ਦੁਆਰਾ ਉਨ੍ਹਾਂ ਦੀਆਂ ਮਾਵਾਂ ਤੱਕ ਦੀ ਭਾਵਨਾਤਮਕ ਦਾਤ ਸੀ, ਜਿਹੜੀਆਂ ਆਪਣੇ ਛੋਟੇ ਹੱਥਾਂ ਨਾਲ ਬਣੀਆਂ ਸਨ, ਪਿਆਰ ਅਤੇ ਧੰਨਵਾਦ ਨਾਲ ਭਰੇ ਹੋਏ ਸਨ.ਇਸ ਮੌਕੇ ਸਕੂਲ ਦੇ ਚੇਅਰਮੈਨ ਸ੍ਰੀ ਪਥਰਾਦ ਅਰੋੜਾ ਜੀ, ਡਾਇਰੈਕਟਰ ਸ੍ਰੀਮਤੀ ਗੀਤਾ ਅਰੋੜਾ ਜੀ ਅਤੇ ਸ੍ਰੀਮਤੀ ਨਹੁਲ ਅਰੋੜਾ ਜੀ ਅਤੇ ਸ੍ਰੀਮਤੀ ਨਹੁਲ ਅਰੋਰਾ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ. ਉਨ੍ਹਾਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਬੱਚਿਆਂ ਵਿੱਚ ਸੰਵੇਦਨਸ਼ੀਲ ਅਤੇ ਨੈਤਿਕ ਕਦਰਾਂ-ਕੀਮਤਾਂ ਪੈਦਾ ਹੁੰਦੀਆਂ ਹਨ. ਸਕੂਲ ਦੇ ਪ੍ਰਿੰਸੀਪਲ, ਸ੍ਰੀਮਤੀ ਮਨਿੰਦਰਜੀਤ ਕੌਰ ਧਾਲੀਵਾਲ ਜੀ ਨੇ ਵੀ ਇਸ ਰਚਨਾਤਮਕ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਉਹ ਕਲਾ ਦੁਆਰਾ ਆਪਣੀਆਂ ਭਾਵਨਾਵਾਂ ਜ਼ਾਹਰ ਕਰਨਾ ਬਹੁਤ ਮਹੱਤਵਪੂਰਨ ਹੈ.

# ਗੁਰੂ ਕਾਸ਼ੀ ਪਬਲਿਕ ਸਕੂਲ ਦਾ ਦਸਵੀਂ ਅਤੇ ਬਾਰ੍ਹਵੀਂ ਦਾ ਨਤੀਜਾ ਰਿਹਾ ਸ਼ਾਨਦਾਰ



ਭਗਤਾ ਭਾਈ ਕਾ 15 ਮਈ (ਸਵਰਨ ਸਿੰਘ ਭਗਤਾ)ਸੀ.ਬੀ.ਐੱਸ.ਈ. ਬੋਰਡ ਵੱਲੋਂ ਐਲਾਨੇ ਨਤੀਜਿਆਂ ਵਿੱਚੋਂ ਗੁਰਸਿਮਰਨਦੀਪ ਕੌਰ ਨੇ 97.2% ਅੰਕ ਪ੍ਰਾਪਤ ਕੀਤੇ ਸੀ.ਐੱਮ.ਐੱਸ ਗੁਰੂ ਕਾਸ਼ੀ ਪਬਲਿਕ ਸਕੂਲ ਭਗਤਾ ਭਾਈ ਕਾ ਦੇ ਵਿਦਿਆਰਥੀ ਹਮੇਸ਼ਾ ਹੀ ਹਰ ਖੇਤਰ ਵਿੱਚ ਸਖਤ ਮਿਹਨਤ ਕਰਨ ਅਤੇ ਵਧੀਆ ਨਤੀਜਿਆਂ ਲਈ ਜਾਣੇ ਜਾਂਦੇ ਹਨ। ਇਸੇ ਕੜੀ ਤਹਿਤ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐੱਸ.ਈ) ਵੱਲੋਂ ਐਲਾਨੇ ਗਏ ਦਸਵੀਂ ਅਤੇ ਬਾਰ੍ਹਵੀਂ ਕਲਾਸ ਦੇ ਨਤੀਜਿਆਂ ਵਿੱਚੋਂ ਆਪਣਾ ਲੋਹਾ ਮਨਵਾਉਂਦਿਆਂ ਇਹ ਵਿਦਿਆਰਥੀ ਆਪਣੀ ਕਾਮਯਾਬੀ ਦੇ ਝੰਡੇ ਗੱਡ ਕੇ ਹਰ ਪਾਸੇ ਵਾਹ-ਵਾਹ ਖੱਟ ਰਹੇ ਹਨ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਜੈ ਸਿੰਘ ਅਤੇ ਪ੍ਰਿੰਸੀਪਲ ਰਮਨ ਕੁਮਾਰ ਨੇ ਇਹਨਾਂ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਸਵੀਂ ਕਲਾਸ ਵਿੱਚੋਂ ਗੁਰਸਿਮਰਨਦੀਪ ਕੌਰ ਨੇ 97.2 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਮੈਵਿਸ਼ ਗਰਗ ਨੇ 96% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ, ਅਤੇ ਸੁਮਨਦੀਪ ਕੌਰ 95.2% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਹੀ ਬਾਰ੍ਹਵੀਂ ਕਲਾਸ ਦੇ ਆਰਟਸ ਗਰੁੱਪ ਵਿੱਚੋਂ ਗੁਰਜੀਵਨ ਸਿੰਘ ਨੇ 95% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਰੁਪਿੰਦਰ ਕੌਰ ਨੇ 94% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਜਸਪ੍ਰੀਤ ਕੌਰ ਨੇ 89.4%ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਜੇਕਰ ਗੱਲ ਕਰੀਏ ਸਾਇੰਸ ਗਰੁੱਪ ਦੀ ਤਾਂ ਜਸ਼ਨਪ੍ਰੀਤ ਸਿੰਘ ਨੇ 94.2% (ਨਾਨ-ਮੈਡੀਕਲ) ਨੇ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਨਵਨੀਤ ਕੌਰ ਨੇ 91% (ਮੈਡੀਕਲ) ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਗਗਨਪ੍ਰੀਤ ਕੌਰ ਨੇ 89.4% ਅੰਕ (ਨਾਨ-ਮੈਡੀਕਲ) ਪ੍ਰਾਪਤ ਕਰਕੇ ਤੀਜਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਕਮਰਸ ਗਰੁੱਪ ਵਿੱਚੋਂ ਸੁਦਿਕਸ਼ਾ ਰਾਣੀ ਨੇ 93% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਗੁਰਪ੍ਰੀਤ ਕੌਰ ਅਤੇ ਰਿੰਪਲਦੀਪ ਕੌਰ ਨੇ 92% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਲਵਪ੍ਰੀਤ ਕੌਰ ਬਰਾੜ ਅਤੇ ਸ਼ਰਨਜੀਤ ਕੌਰ ਨੇ 91% ਅੰਕ ਹਾਸਿਲ ਕਰਕੇ ਤੀਜਾ ਸਥਾਨ ਹਾਸਿਲ ਕਰਕੇ ਆਪਣਾ ਅਤੇ ਸਕੂਲ ਦਾ ਨਾਂ ਰੌਸ਼ਨ ਕੀਤਾ। ਉਹਨਾਂ ਅੱਗੇ ਜ਼ਿਕਰ ਕਰਦਿਆਂ ਦੱਸਿਆ ਕਿ ਸਾਡੇ ਸਕੂਲ ਦੇ 22 ਵਿਦਿਆਰਥੀਆਂ ਨੇ 90% ਤੋਂ ਵੱਧ ਅਤੇ 50 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕਰਕੇ ਸ਼ਾਨਦਾਰ ਰਿਜ਼ਲਟ ਦਿੱਤਾ ਹੈ। ਉਨਾਂ ਨੇ ਖਾਸ ਤੌਰ ਤੇ ਅਕਾਊਂਟਸ, ਬਿਜਨਸ ਸਟੱਡੀ, ਅਤੇ ਪੰਜਾਬੀ ਵਿਸ਼ੇ ਵਿੱਚੋਂ 100 ਵਿੱਚੋਂ 100 ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਜਿਨ੍ਹਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਇਲਾਕੇ ਵਿੱਚ ਆਪਣਾ ਨਾਮ ਰੋਸ਼ਨ ਕੀਤਾ। ਸਕੂਲ ਦੇ ਚੇਅਰਮੈਨ ਖੁਸ਼ਵੰਤ ਸਿੰਘ ਨੇ ਦਸਵੀਂ ਅਤੇ ਬਾਰ੍ਹਵੀਂ ਕਲਾਸ ਦੇ ਆਏ ਨਤੀਜਿਆਂ ਤੇ ਤਸੱਲੀ ਪ੍ਰਗਟਾਈ ਅਤੇ ਆਪਣੇ ਸੰਬੋਧਨ ਵਿੱਚ ਆਖਿਆ ਕਿ 97.2% ਅੰਕ ਪ੍ਰਾਪਤ ਕਰਨਾ ਕਿਸੇ ਵੀ ਸੰਸਥਾ ਅਤੇ ਇਲਾਕੇ ਲਈ ਮਾਣ ਵਾਲੀ ਗੱਲ ਹੈ। ਉਹਨਾਂ ਸਕੂਲ ਦੇ ਪ੍ਰਿੰਸੀਪਲ ਰਮਨ

# 15 ਗ੍ਰਾਮ ਨਸੀਲਾ ਪਦਾਰਥ ਬਰਾਮਦ




ਲੌਂਗੋਵਾਲ, 15 ਮਈ (ਭਗਵੰਤ ਸ਼ਰਮਾ ) ਪੰਜਾਬ ਪੁਲੀਸ ਵੱਲੋਂ ਯੁੱਧ ਨਸ਼ਿਆਂ ਵਿਰੁੱਧ' ਵਿੱਢੀ ਮੁਹਿੰਮ ਤਹਿਤ ਸ੍ਰੀ ਸਰਤਾਜ ਸਿੰਘ ਚਹਿਲ ਸੰਗਰੂਰ ਦੇ ਦਿਸ਼ਾ-ਨਿਰਦੇਸਾਂ ਤਹਿਤ ਅਤੇ ਸ਼੍ਰੀ ਹਰਵਿੰਦਰ ਸਿੰਘ ਖਹਿਰਾ ਡੀ.ਐਸ.ਪੀ ਸੁਨਾਮ ਦੀ ਸੁਪਰਵੀਜਨ ਹੇਠ ਥਾਣਾ ਲੌਂਗੋਵਾਲ ਦੀ ਪੁਲਿਸ ਵੱਲੋਂ ਇੱਕ ਹੋਰ ਕਾਮਯਾਬੀ ਦਰਜ ਕੀਤੀ ਹੈ ਮਿਤੀ: 14.05.2025 ਨੂੰ ਸ:ਥ ਦਰਸਨ ਸਿੰਘ ਨੰ: 1727/ ਸੰਗ ਥਾਣਾ ਲੌਂਗੋਵਾਲ ਸਮੇਤ ਪੁਲਿਸ ਪਾਰਟੀ ਦੇ ਬਰਾਏ ਗਸਤ ਬਾ ਚੈਕਿੰਗ ਸੱਕੀ ਪੁਰਸਾ ਦੇ ਸਬੰਧ ਵਿੱਚ ਲੋਹਾਖੇੜਾ ਮੋਜੂਦ ਸੀ ਤਾ ਮੁਖਬਰ ਖਾਸ ਰਾਹੀਂ ਸ:ਥ ਦਰਸਨ ਸਿੰਘ ਥਾਣਾ ਲੌਂਗੋਵਾਲ ਨੂੰ ਨਸੀਲਾ ਪਾਊਡਰ ਸਬੰਧੀ ਇਤਲਾਹ ਮਿਲਣ ਪਰ ਦੋਸ਼ੀਆਨ ਜਗਦੀਪ ਸਿੰਘ ਉਰਫ ਜੱਗ ਪੁੱਤਰ ਗੁਰਜੰਟ ਸਿੰਘ ਵਾਸੀ ਲੋਹਾਖੇੜਾ, ਬਲਜੀਤ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਬੁੱਗਰਾ ਅਤੇ ਸੁਖਦੀਪ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਨੇੜੇ ਹਨੂੰਮਾਨ ਮੰਦਿਰ ਲੌਂਗੋਵਾਲ ਹਾਲ ਲੋਹਾਖੇੜਾ ਦੇ ਖ਼ਿਲਾਫ਼ ਮੁਕੱਦਮਾ ਨੰਬਰ 44 ਰਜਿਸਟਰ 14.05.2023 22/61/85 13" ਰਜਿਸਟਰ ਕਰਕੇ ਥਾਣਾ ਲੌਂਗੋਵਾਲ ਵਿਖੇ ਕਾਰਵਾਈ ਕੀਤੀ ਗਈ ਸ:ਥ ਦਰਸਨ ਸਿੰਘ ਥਾਣਾ ਲੌਂਗੋਵਾਲ ਨੇ ਯੋਜਨਾ ਬੰਦ ਤਰੀਕੇ ਨਾਲ ਦੋਸ਼ੀਆਨ ਉਕਤਾਨ ਨੂੰ ਕਾਬੂ ਕਰਕੇ ਉਨ੍ਹਾ ਪਾਸੋਂ 15 ਗ੍ਰਾਮ ਨਸੀਲਾ ਪਦਾਰਥ ਬਰਾਮਦ ਕਰਕੇ ਹਸਬ ਜਾਬਤਾ ਗ੍ਰਿਫਤਾਰ ਕੀਤੇ ਗਏ। ਇਹਨਾ ਵਿੱਚੋਂ 02 ਦੋਸੀਆਨ ਸੁਖਦੀਪ ਸਿੰਘ ਅਤੇ ਬਲਜੀਤ ਸਿੰਘ ਦਾ ਅਪਰਧਿਕ ਪਿਛੋਕੜ ਹੈ, ਜਿਹਨਾ ਦੇ ਖਿਲਾਫ ਪਹਿਲਾ ਵੀ ਨਸਾ ਤਸਕਰੀ ਦੇ ਮੁਕਦਮੇ ਦਰਜ ਹਨ। ਦੋਸੀਆਨ ਉਕਤਾਨ ਨੂੰ ਅੱਜ ਨੂੰ ਮਾਨਯੋਗ ਇਲਾਕਾ ਮੈਜਿਸਟ੍ਰੇਟ ਸਾਹਿਬ ਸੰਗਰੂਰ ਜੀ ਦੀ ਅਦਾਲਤ ਪੇਸ਼ ਕੀਤਾ ਜਾ ਰਿਹਾ ਹੈ।

# ਮਦਰ ਟੀਚਰ ਸਕੂਲ ਵਿਖੇ ਅੰਤਰਰਾਸ਼ਟਰੀ ਪਰਿਵਾਰ ਦਿਵਸ 'ਤੇ 'ਧੰਨਵਾਦ ਪੱਤਰ' ਗਤੀਵਿਧੀ ਕਰਵਾਈ



ਬਰਨਾਲਾ, 15 ਮਈ (ਅਮਨਦੀਪ ਸਿੰਘ)- ਪਰਿਵਾਰ ਦੀ ਨਿੱਘ ਅਤੇ ਮਹੱਤਤਾ ਦਾ ਜਸ਼ਨ ਮਨਾਉਣ ਲਈ, ਮਦਰ ਟੀਚਰ ਸਕੂਲ ਨੇ ਅੰਤਰਰਾਸ਼ਟਰੀ ਪਰਿਵਾਰ ਦਿਵਸ ਦੇ ਮੌਕੇ 'ਤੇ 'ਧੰਨਵਾਦ ਪੱਤਰ' ਗਤੀਵਿਧੀ ਦਾ ਆਯੋਜਨ ਕੀਤਾ। ਤੀਜੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਦਿਲੋਂ ਚਿੱਠੀਆਂ ਲਿਖ ਕੇ ਪੂਰੇ ਦਿਲ ਨਾਲ ਹਿੱਸਾ ਲਿਆ। ਇਸ ਗਤੀਵਿਧੀ ਦਾ ਉਦੇਸ਼ ਬੱਚਿਆਂ ਨੂੰ ਆਪਣੇ ਮਾਪਿਆਂ, ਭੈਣਾਂ-ਭਰਾਵਾਂ ਅਤੇ ਦਾਦਾ-ਦਾਦੀ ਪ੍ਰਤੀ ਆਪਣੇ ਪਿਆਰ, ਪ੍ਰਸ਼ੰਸਾ ਅਤੇ ਸ਼ੁਕਰਗੁਜ਼ਾਰੀ ਜ਼ਾਹਰ ਕਰਨ ਲਈ ਉਤਸ਼ਾਹਤ ਕਰਨਾ ਸੀ। ਹਰੇਕ ਚਿੱਠੀ ਵਿਦਿਆਰਥੀਆਂ ਦੇ ਆਪਣੇ ਪਰਿਵਾਰਾਂ ਨਾਲ ਸਾਂਝੇ ਵਿਲੱਖਣ ਬੰਧਨ ਨੂੰ ਦਰਸਾਉਂਦੀ ਹੈ, ਜੋ ਮਿੱਠੀਆਂ ਯਾਦਾਂ, ਭਾਵਨਾਵਾਂ ਅਤੇ ਨਿੱਜੀ ਛੂਹਾਂ ਨਾਲ ਭਰੀ ਹੋਈ ਹੈ। ਇਹ ਨੌਜਵਾਨ ਦਿਲਾਂ ਨੂੰ ਯਾਦ ਦਿਵਾਉਣ ਦਾ ਇੱਕ ਖੂਬਸੂਰਤ ਤਰੀਕਾ ਸੀ ਕਿ ਪਰਿਵਾਰ ਇੱਕ ਤੋਹਫ਼ਾ ਹੈ ਜਿਸ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ।ਸਕੂਲ ਵੱਲੋਂ ਪਾਠਕ੍ਰਮ ਵਿੱਚ ਲੇਜ਼ਰ ਕਟਿੰਗ ਦੀ ਸ਼ੁਰੂਆਤ: ਵਿਦਿਆਰਥੀਆਂ ਦੇ ਪ੍ਰਯੋਗਾਤਮਕ ਕੌਸ਼ਲ ਨੂੰ ਵਧਾਉਣ ਦੀ ਕੋਸ਼ਿਸ਼ਉਤਕ੍ਰਿਸ਼ਟ ਸਿੱਖਿਆ ਲਈ ਪ੍ਰਸਿੱਧ ਵਾਹਿਗੁਰੂ ਸਕੂਲ ਨੇ ਆਪਣੇ ਪਾਠਕ੍ਰਮ ਵਿੱਚ ਲੇਜ਼ਰ ਕਟਿੰਗ ਤਕਨੀਕ ਨੂੰ ਸ਼ਾਮਲ ਕਰਕੇ ਇੱਕ ਨਵਾਂ ਮੀਲ ਪੱਥਰ ਹਾਸਲ ਕੀਤਾ ਹੈ। ਇਸਦੇ ਜ਼ਰੀਏ ਵਿਦਿਆਰਥੀਆਂ ਨੂੰ ਨਵੀਂ ਡਿਜ਼ਾਈਨ ਤਕਨੀਕ ਅਤੇ ਫੈਬਰਿਕੇਸ਼ਨ ਕੌਸ਼ਲ ਸਿਖਾਏ ਜਾ ਰਹੇ ਹਨ, ਜੋ ਆਧੁਨਿਕ ਉਦਯੋਗਕ ਮਿਆਰਾਂ ਦੇ ਅਨੁਕੂਲ ਹਨ।ਲੇਜ਼ਰ ਕਟਿੰਗ ਦੇ ਇਸ ਪ੍ਰਸ਼ਿਕਸ਼ਣ ਦੇ ਤਹਿਤ, ਵਿਦਿਆਰਥੀ ਕ੍ਰੀਏਲਿਟੀ ਫਾਲਕਨ 2 ਦੀ ਵਰਤੋਂ ਕਰਕੇ ਸਮੱਗਰੀ 'ਤੇ ਸਟੀਕ ਡਿਜ਼ਾਈਨ ਬਣਾਉਣ ਦਾ ਹਥੋ-ਹਥ ਪ੍ਰਯੋਗ ਅਨੁਭਵ ਪ੍ਰਾਪਤ ਕਰ ਰਹੇ ਹਨ। ਇਹ ਸਿਖਲਾਈ ਮਾਹਿਰ ਅਧਿਆਪਕਾਂ ਦੀ ਰਾਹਨੁਮਾਈ ਹੇਠ ਹੋ ਰਹੀ ਹੈ।ਸਕੂਲ ਦਾ ਮਕਸਦ ਆਧੁਨਿਕ ਤਕਨੀਕ ਦੀ ਵਰਤੋਂ ਦੁਆਰਾ ਵਿਦਿਆਰਥੀਆਂ ਵਿੱਚ ਨਵੀਨਤਾ ਅਤੇ ਤਕਨੀਕੀ ਯੋਗਤਾ ਨੂੰ ਪ੍ਰੋਤਸਾਹਿਤ ਕਰਨਾ ਹੈ, ਤਾਂ ਜੋ ਉਹ ਡਿਜ਼ਾਈਨ ਅਤੇ ਤਕਨੀਕ ਦੇ ਖੇਤਰ ਵਿੱਚ ਆਪਣੇ ਭਵਿੱਖ ਦੇ ਪੇਸ਼ਿਆਂ ਲਈ ਤਿਆਰ ਹੋ ਸਕਣ।

# ਨਵ-ਨਿਯੁਕਤ ਅਧਿਆਪਕਾ ਰਜਨਦੀਪ ਕੌਰ ਦਾ ਪੰਚਾਇਤ ਵੱਲੋਂ ਸਨਮਾਨ



ਬਰਨਾਲਾ, 15 ਮਈ (ਬਘੇਲ ਸਿੰਘ ਧਾਲੀਵਾ)- ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਪਾਰਦਰਸ਼ਤਾ ਨਾਲ ਯੋਗ ਉਮੀਦਵਾਰਾਂ ਨੂੰ ਬਿਨਾਂ ਰਿਸ਼ਵਤ ਨੌਕਰੀਆਂ ਦੇ ਰਹੀ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਨਗਰ ਪੰਚਾਇਤ ਹੰਡਿਆਇਆ ਦੇ ਪ੍ਰਧਾਨ ਸਰਬਜੀਤ ਕੌਰ ਦੇ ਪਤੀ ਨਿਰੰਜਣ ਸਿੰਘ ਨੇ ਹਾਲ ਹੀ 'ਚ ਕਸਬਾ ਹੰਡਿਆਇਆ ਦੇ ਲੋੜਵੰਦ ਪਰਿਵਾਰ ਦੀ ਬੇਟੀ ਰਜਨਦੀਪ ਕੌਰ ਨੂੰ ਅਧਿਆਪਕਾ ਨਿਯੁਕਤ ਹੋਣ 'ਤੇ ਸਨਮਾਨਿਤ ਕਰਨ ਮੌਕੇ ਕੀਤਾ। ਇਸ ਮੌਕੇ ਐੱਮ.ਸੀ. ਬਸਾਵਾ ਸਿੰਘ ਨੇ ਕਿਹਾ ਕਿ ਬਦਲ-ਬਦਲ ਸਰਕਾਰਾਂ ਆਉਂਦੀਆਂ-ਜਾਂਦੀਆਂ ਰਹੀਆਂ ਪਰ ਜੋ ਕੰਮ 'ਆਪ' ਸਰਕਾਰ ਵੱਲੋਂ ਕੀਤੇ ਜਾ ਰਹੇ ਹਨ, ਉਹ ਮਿਸਾਲ ਹਨ। ਉਨਾਂ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਜਿਨਾਂ ਵਿਭਾਗਾਂ ਵਿਚ ਵੀ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ, ਉਹ ਬਿਨਾਂ ਰਿਸ਼ਵਤ ਦੇ ਉਮੀਦਵਾਰਾਂ ਦੀ ਕਾਬਲੀਅਤ ਦੇ ਆਧਾਰ 'ਤੇ ਦਿੱਤੀਆਂ ਜਾ ਰਹੀਆਂ ਹਨ। ਉਨਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਐੱਮ.ਪੀ. ਗੁਰਮੀਤ ਸਿੰਘ ਮੀਤ ਹੇਅਰ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਉਨਾਂ ਦੀ ਪਾਰਦਰਸ਼ਤਾ ਕਾਰਨ ਲੋੜਵੰਦ ਪਰਿਵਾਰਾਂ ਨੂੰ ਵੀ ਸਰਕਾਰੀ ਨੌਕਰੀਆਂ ਦਾ ਸੁੱਖ ਪ੍ਰਾਪਤ ਹੋ ਰਿਹਾ ਹੈ, ਜੋ ਇਨਾਂ ਦੇ ਅਸਲੀ ਹੱਕਦਾਰ ਹਨ। ਆਪ ਆਗੂ ਅਵਤਾਰ ਸਿੰਘ ਸੋਨੀ ਨੇ ਕਿਹਾ ਕਿ ਪਹਿਲਾਂ ਪੈਸੇ ਵਾਲਿਆਂ ਦੀਆਂ ਸਰਕਾਰੀ ਨੌਕਰੀਆਂ ਹੁੰਦੀਆਂ ਸੀ ਤੇ ਹੁਣ ਜੋ ਮਿਹਨਤ ਕਰਦਾ ਹੈ, ਉਸਦੀ ਮਿਹਨਤ ਦਾ ਮੁੱਲ ਉਸਨੂੰ ਮਿਲਦਾ ਹੈ। ਇਸ ਮੌਕੇ ਨਵ-ਨਿਯੁਕਤ ਅਧਿਆਪਕਾ ਰਜਨਦੀਪ ਕੌਰ ਨੇ ਕਿਹਾ ਕਿ ਭਾਵੇਂ ਮੈਨੂੰ ਇਸ ਮੁਕਾਮ 'ਤੇ ਪਹੁੰਚਣ ਲਈ ਕਾਫ਼ੀ ਮਿਹਨਤ ਅਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਪਰ ਮੈਂ ਪੰਜਾਬ ਸਰਕਾਰ ਦੀ ਧੰਨਵਾਦੀ ਹਾਂ, ਜਿਨਾਂ ਨੇ ਮੇਰੀ ਮਿਹਨਤ ਦਾ ਮੁੱਲ ਪਾਇਆ ਹੈ। ਉਨਾਂ ਕਿਹਾ ਕਿ ਮੈਨੂੰ ਮੈਰਿਟ ਦੇ ਆਧਾਰ 'ਤੇ ਇਹ ਨੌਕਰੀ ਪ੍ਰਾਪਤ ਹੋਈ ਹੈ ਤੇ ਮੈਂ ਆਪਣੇ ਪਿਤਾ ਜੀ ਦਾ ਸੁਪਨਾ ਪੂਰਾ ਕਰਨ 'ਚ ਕਾਮਯਾਬ ਹੋਈ ਹਾਂ। ਨਗਰ ਪੰਚਾਇਤ ਵੱਲੋਂ ਰਜਨਦੀਪ ਕੌਰ ਨੂੰ ਹਾਰ ਤੇ ਸਿਰੋਪਾਇ ਬਖ਼ਸ਼ਿਸ਼ ਕਰਕੇ ਸਨਮਾਨਿਤ ਕੀਤਾ ਗਿਆ ਤੇ ਮੂੰਹ ਮਿੱਠਾ ਕਰਵਾਇਆ ਗਿਆ।

# ਪਿੰਡ ਮਾਨਵਾਲਾ 'ਚ ਸਾਉਣੀ ਦੀਆਂ ਫਸਲਾਂ ਸਬੰਧੀ ਕਿਸਾਨ ਸਿਖਲਾਈ ਕੈਂਪ ਲਗਾਇਆ



ਧੂਰੀ ( ਰਣਜੀਤ ਸਿੰਘ ਪੇਧਨੀ )-ਮੁੱਖ ਖੇਤੀਬਾੜੀ ਅਫਸਰ ਧਰਮਿੰਦਰਜੀਤ ਸਿੰਘ ਦੇ ਦਿਸਾ ਨਿਰਦੇਸਾ ਅਤੇ ਡਾਕਟਰ ਅਮਨਦੀਪ ਕੌਰ ਖੇਤੀਬਾੜੀ ਅਫਸਰ ਧੂਰੀ ਦੀ ਯੋਗ ਅਗਵਾਈ ਵਿੱਚ ਬਲਾਕ ਧੂਰੀ ਦੇ ਪਿੰਡ ਮਾਨਵਾਲਾ ਵਿਖੇ ਸਾਉਣੀ ਦੀਆਂ ਫਸਲਾਂ ਸਬੰਧੀ ਕਿਸਾਨ ਗਿਣਤੀ ਕਿਸਾਨਾਂ ਨੇ ਭਾਗ ਲਿਆ। ਇਸ ਮੌਕੇ ਸਰਬਜੀਤ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਨੇ ਕਿਸਾਨਾਂ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ । ਉਨਾ ਕਿਹਾ ਕਿ ਕਿਸਾ ਨੂੰ ਕਣਕ ਤੇ ਬੇਲੋੜੀਆਂ ਸਪਰੇਹਾਂ ਕਰਨ ਤੋਂ ਗਰੇਜ ਕਰਨ ਦੀ ਅਪੀਲ ਵੀ ਕੀਤੀ ਅਤੇ ਆਧੁਨਿਕ ਮਸ਼ੀਨਰੀ ਸਬੰਧੀ ਕਿਸਾਨਾਂ ਨਾਲ ਵਿਚਾਰ ਵੀ ਸਾਂਝੇ ਕੀਤੇ ਇਸ ਮੌਕੇ ਪਿੰਡ ਦੇ ਕਿਸਾਨਾਂ ਤੋਂ ਇਲਾਵਾ ਮੈਡਮ ਮਨਪ੍ਰੀਤ ਕੌਰ ਖੇਤੀਬਾੜੀ ਉਪ ਨਿਰੀਖਕ, ਏ,ਟੀ,ਐਮ, ਮੱਖਣ ਸਿੰਘ, ਏ.ਟੀ.ਐਮ, ਹਰਜੀਤ ਸਿੰਘ ਅਤੇ ਜਗਰਾਜ ਸਿੰਘ ਬੇਲਦਾਰ ਹਾਜ਼ਰ ਸਨ।

# ਸਭ ਤਹਿਸੀਲ ਭਦੌੜ ਨੂੰ ਤਹਿਸੀਲ ਦਾ ਦਰਜਾ ਦੇਣ ਸਬੰਧੀ ਐਸ. ਡੀ. ਐਮ. ਤਪਾ ਨੂੰ ਦਿੱਤਾ ਮੰਗ ਪੱਤਰ



ਭਦੌੜ 15 ਮਈ (ਸੁਖਵਿੰਦਰ ਪਲਾਹਾ)- ਪਿਛਲੀ 1 ਅਪ੍ਰੈਲ ਤੋਂ ਸਬ ਤਹਿਸੀਲ ਭਦੌੜ ਅੰਦਰ ਪੰਜਾਬੀ ਕਿਰਤੀ ਕਿਸਾਨ ਮਜ਼ਦੂਰ ਯੂਨੀਅਨ(ਪੰਜਾਬ) ਵੱਲੋਂ ਸਭ ਤਹਿਸੀਲ ਭਦੌੜ ਨੂੰ ਤਹਿਸੀਲ ਦਾ ਦਰਜਾ ਦੇਣ ਸਬੰਧੀ ਅਤੇ ਸਰਕਾਰੀ ਹਸਪਤਾਲ ਭਦੌੜ ਵਿਖੇ ਡਾਕਟਰਾਂ ਦੀ ਘਾਟ ਨੂੰ ਪੂਰਾ ਕਰਨ ਸਬੰਧੀ ਲਗਾਤਾਰ ਸਬ ਤਹਿਸੀਲ ਭਦੌੜ ਵਿਖੇ ਧਰਨਾ ਦਿੱਤਾ ਜਾ ਰਿਹਾ। ਜਿਸ ਦੇ ਤਹਿਤ ਪੰਜਾਬੀ ਕਿਰਤੀ ਕਿਸਾਨ ਮਜ਼ਦੂਰ ਯੂਨੀਅਨ ਦੇ ਪੰਜਾਬ ਪ੍ਰਧਾਨ ਪਰਮਜੀਤ ਸਿੰਘ ਸੇਖੋ ਵੱਲੋਂ ਲਗਾਤਾਰ ਉੱਚ ਅਧਿਕਾਰੀਆਂ ਨਾਲ ਮੀਟਿੰਗਾਂ ਵੀ ਕੀਤੀਆਂ ਜਾ ਚੁੱਕੀਆਂ ਹਨ ,ਜਿਸ ਦੇ ਤਹਿਤ ਅੱਜ ਐਸ ਡੀ ਐਮ ਤਪਾ ਸਿਮਰਪ੍ਰੀਤ ਕੌਰ ਨੇ ਸਭ ਤਹਿਸੀਲ ਭਦੌੜ ਵਿਖੇ ਪਹੁੰਚ ਕੇ ਪੰਜਾਬੀ ਕਿਰਤੀ ਕਿਸਾਨ ਮਜ਼ਦੂਰ ਯੂਨੀਅਨ ਪਾਸੋਂ ਸਭ ਤਹਿਸੀਲ ਭਦੌੜ ਨੂੰ ਤਹਿਸੀਲ ਦਾ ਦਰਜਾ ਦੇਣ ਅਤੇ ਸਰਕਾਰੀ ਹਸਪਤਾਲ ਵਿੱਚ ਡਾਕਟਰਾਂ ਦੀ ਘਾਟ ਨੂੰ ਪੂਰਾ ਕਰਨ ਸਬੰਧੀ ਮੰਗ ਪੱਤਰ ਲਿਆ। ਇਸ ਮੌਕੇ ਪਰਮਜੀਤ ਸੇਖੋਂ ਨੇ ਕਿਹਾ ਕਿ ਸਾਡੀ ਸਬ ਤਹਿਸੀਲ ਭਦੌੜ ਨੂੰ ਤਕਰੀਬਨ 28 ਤੋਂ 30 ਪਿੰਡ ਲੱਗਦੇ ਹਨ ,ਪਰ ਸਬ ਤਹਿਸੀਲ ਹੋਣ ਕਰਕੇ ਸਾਨੂੰ ਆਪਣੇ ਕੰਮ ਕਰਵਾਉਣ ਲਈ ਤਹਿਸੀਲ ਤਪਾ ਵਿਖੇ ਜਾਣਾ ਪੈਂਦਾ ਜੋ ਕਿ ਸਬ ਤਹਿਸੀਲ ਭਦੌੜ ਨੂੰ ਲੱਗਦੇ ਲੱਗਦੇ ਪਿੰਡ ਤੋਂ ਜਾਣਾ ਅਤਿ ਮੁਸ਼ਕਿਲ ਕੰਮ ਹੈ ।ਜਿਸ ਕਰਕੇ ਸਾਡੀ ਜਥੇਬੰਦੀ ਵੱਲੋਂ ਇੱਕ ਅਪ੍ਰੈਲ ਤੋਂ ਸਬ ਤਹਿਸੀਲ ਕੰਪਲੈਕਸ ਭਦੌੜ ਵਿਖੇ ਧਰਨਾ ਦਿੱਤਾ ਜਾ ਰਿਹਾ ਹੈ। ਸਭ ਤਹਿਸੀਲ ਭਦੌੜ ਕੰਪਲੈਕਸ ਵਿੱਚ ਅੱਜ ਐਸ ਡੀ ਐਮ ਤਪਾ ਸਿਮਰਪ੍ਰੀਤ ਕੌਰ ਨੇ ਮੰਗ ਪੱਤਰ ਲੈਂਦਿਆਂ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੈਂ ਇਹ ਮੰਗ ਪੱਤਰ ਡੀ ਸੀ ਸਾਹਿਬ ਬਰਨਾਲਾ ਨੂੰ ਸੌਂਪ ਦਿੱਤਾ ਜਾਵੇਗਾ ਅਤੇ ਸਬ ਤਹਿਸੀਲ ਭਦੌੜ ਦੀਆਂ ਹੋਰ ਵੀ ਜਾਇਜ਼ ਮੰਗਾਂ ਜਿਵੇਂ ਕਿ ਸਬ ਤਹਿਸੀਲ ਭਦੌੜ ਵਿੱਚ ਲੇਡੀਜ਼ ਤੇ ਜੈਂਟਸ ਲਈ ਵਾਥਰੂਮ ਦਾ ਪ੍ਰਬੰਧ ਕਰਨਾ,ਪਾਣੀ ਦੇ ਨਿਕਾਸ ਲਈ ਯੋਗ ਪ੍ਰਬੰਧ ਅਤੇ ਪਾਰਕਿੰਗ ਦੀ ਸਹੂਲਤ ਨੂੰ ਪਹਿਲ ਦੇ ਅਧਾਰ ਤੇ ਹੱਲ ਕਰਨਾ ਹੋਵੇਗਾ। ਉਹਨਾਂ ਵਿਸ਼ਵਾਸ ਦਵਾਇਆ ਕਿ ਭਦੌੜ ਦੀਆਂ ਇਹ ਸਾਰੀਆਂ ਜਾਇਜ਼ ਮੰਗਾਂ ਜਲਦੀ ਹੀ ਪੂਰੀਆਂ ਕਰਨ ਸਬੰਧੀ ਉੱਚ ਅਧਿਕਾਰੀਆਂ ਤੱਕ ਪਹੁੰਚ ਕੀਤੀ ਜਾਵੇਗੀ ਅਤੇ ਇਹ ਮਾਮਲਾ ਸੀ ਐਮ ਪੰਜਾਬ ਦੇ ਧਿਆਨ ਵਿੱਚ ਵੀ ਲਿਆਂਦਾ ਜਾਵੇਗਾ ।ਇਸ ਮੌਕੇ ਉਹਨਾਂ ਦੇ ਨਾਲ ਡੀ ਐਸ ਪੀ ਤਪਾ ਗੁਰਵਿੰਦਰ ਸਿੰਘ ਨੈਬ ਤਹਿਸੀਲਦਾਰ ਰਵਿੰਦਰ ਸਿੰਘ ਪੰਜਾਬੀ ਕਿਰਤੀ ਕਿਸਾਨ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਪਰਮਜੀਤ ਸੇਖੋਂ, ਜਿਲਾ ਪ੍ਰਧਾਨ ਧੰਨਾ ਸਿੰਘ ,ਇਕਾਈ ਪ੍ਰਧਾਨ ਕਾਲਾ ਸਿੰਘ, ਜਥੇਦਾਰ ਮਲਕੀਤ ਸਿੰਘ, ਪ੍ਰੀਤਮ ਸਿੰਘ, ਸੁਦਾਗਰ ਸਿੰਘ ,ਸੁਖਦੇਵ ਸਿੰਘ ,ਤਾਰਾ ਸਿੰਘ, ਨਛੱਤਰ ਸਿੰਘ ,ਪਵਨ ਸਿੰਘ ,ਭਰਪੂਰ ਸਿੰਘ ਜਸਪ੍ਰੀਤ ਸਿੰਘ ਆਦਿ ਹਾਜ਼ਰ ਸਨ।

# 'ਪਾਣੀ ਬਚਾਓ ਇਨਾਮ ਪਾਓ' ਤਹਿਤ ਬੱਲ੍ਹੋ ਦੀ ਪੰਚਾਇਤ ਦਾ ਨਿਵੇਕਲਾ ਉਪਰਾਲਾ

## ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਮਿਲੇਗਾ ਫ਼ਸਲ ਵਿਭਿੰਨਤਾ ਸਨਮਾਨ ਭੱਤਾ



ਰਾਮਪੁਰਾ ਫੂਲ, 15 ਮਈ (ਚ.ਨ.ਸ.): ਧਰਤੀ ਹੇਠਲੇ ਪਾਣੀ ਦੇ ਪੱਧਰ ਨੀਵਾਂ ਹੋਣ 'ਤੇ ਚਿੰਤਾ ਜਾਹਰ ਕਰਦਿਆਂ ਗ੍ਰਾਮ ਪੰਚਾਇਤ ਬੱਲ੍ਹੋ ਨੇ ਪਾਣੀ ਦੀ ਸੰਭਾਲ ਨੂੰ ਮੁੱਖ ਰੱਖਦਿਆਂ ਪਾਣੀ ਬਚਾਓ ਇਨਾਮ ਪਾਓ ਸਕੀਮ ਅਧੀਨ ਫਸਲ ਵਿਭਿੰਨਤਾ ਸਨਮਾਨ ਭੱਤਾ ਦੇਣ ਦਾ ਫੈਸਲਾ ਲਿਆ ਹੈ । ਮਹਿਲਾ ਸਰਪੰਚ ਅਮਰਜੀਤ ਕੌਰ ਨੇ ਕਿਹਾ ਕਿ ਜਦੋਂ ਅਸੀਂ ਇੱਕੋ ਤਰ੍ਹਾਂ ਦੀਆਂ ਫਸਲਾਂ ਬੀਜਣ ਦੇ ਆਦੀ ਹੋ ਗਏ ਹਾਂ ਤਾਂ ਕਿਸਾਨਾਂ ਨੂੰ ਖੇਤੀ ਦੀਆਂ ਨਵੀਆਂ ਫਸਲਾਂ ਵੱਲ ਮੋੜਨ ਦੇ ਉਦੇਸ਼ ਨਾਲ ਪੰਚਾਇਤ ਨੇ ਗੁਰਬਚਨ ਸਿੰਘ ਸੇਵਾ ਸੰਮਤੀ ਸੁਸਾਇਟੀ ਨਾਲ ਮਿਲਕੇ ਨਵੀ ਯੋਜਨਾ ਸ਼ੁਰੂ ਕੀਤੀ ਹੈ। ਗ੍ਰਾਮ ਪੰਚਾਇਤ ਦੇ ਮਤੇ ਅਨੁਸਾਰ ਜੋ ਕਿਸਾਨ ਝੋਨੇ ਦੀ ਸਿੱਧੀ ਬਿਜਾਈ ਕਰੇਗਾ ਅਤੇ ਨਰਮਾ ਕਪਾਹ ਬੀਜ ਚੁੱਕੇ ਜਾਂ ਨਰਮਾਂ ਬੀਜਣ ਵਾਲੇ ਕਿਸਾਨਾਂ ਤੋਂ ਇਲਾਵਾ ਗਵਾਰੇ ਦੀ ਫਸਲ ਬੀਜਣ ਵਾਲੇ ਕਿਸਾਨਾਂ ਨੂੰ 500 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਫਸਲ ਵਿਭਿੰਨਤਾ ਸਨਮਾਨ ਭੱਤਾ ਦਿੱਤਾ ਜਾਵੇਗਾ। ਪੰਚਾਇਤ ਵੱਲੋਂ ਪਾਣੀ ਬਚਾਉਣ ਦੀ ਮੁਹਿੰਮ ਵਿੱਚ ਯੋਗਦਾਨ ਪਾਉਣ ਵਾਲੇ ਇਨ੍ਹਾਂ ਕਿਸਾਨਾਂ ਦੇ ਨਾਮ ਦੇ ਬੋਰਡ 'ਤੇ ਲਿਖਕੇ ਨਸ਼ਰ ਕੀਤੇ ਜਾਣਗੇ । ਸੰਸਥਾ ਦੇ ਸਰਪ੍ਰਸਤ ਗਰਮੀਤ ਸਿੰਘ ਮਾਨ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋ ਝੋਨੇ ਦੀ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕਰਨ ਲਈ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੇ ਕੀਤੇ ਗਏ ਵਾਅਦੇ ਵਾਲੇ ਨਕਸ਼ੇ ਕਦਮਾਂ 'ਤੇ ਚੱਲਦਿਆ ਪੰਚਾਇਤ ਨੇ ਸੰਸਥਾ ਨਾਲ ਮਿਲਕੇ ਫਸਲ ਵਿਭਿੰਨਤਾ ਸਨਮਾਨ ਭੱਤਾ ਦੇਣ ਦੀ ਯੋਜਨਾ ਕਿਸਾਨਾਂ ਲਈ ਲਾਗੂ ਕੀਤੀ ਗਈ ਹੈ, ਜਿੱਥੇ ਫਸਲੀ ਵਿਭਿੰਨਤਾ ਨਾਲ ਧਰਤੀ ਦੀ ਸਿਹਤ ਠੀਕ ਹੋਵੇਗੀ ਤੇ ਨਾਲ ਹੀ ਪਾਣੀ ਬਚਾਉਣ ਵਿੱਚ ਵੱਡੀ ਮਦਦ ਮਿਲੇਗੀ । ਯਥੂ ਲਾਇਬਰੇਰੀ ਵਿੱਚ ਮੁੱਖ ਖੇਤੀਬਾੜੀ ਅਫਸਰ ਜਗਦੀਸ ਸਿੰਘ ਨੂੰ ਪਾਣੀ ਬਚਾਉਣ ਵਾਲੀ ਸਕੀਮ ਦੀ ਜਾਣਕਾਰੀ ਦੀ ਕਾਪੀ ਪੰਚਾਇਤ ਨੇ ਭੇਟ ਕੀਤੀ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਜਗਦੀਸ਼ ਸਿੰਘ ਨੇ ਪੰਚਾਇਤ ਦੇ ਇਸ ਨੇਕ ਕਾਰਜ ਦੀ ਸਲਾਘਾਂ ਕਰਦਿਆ ਕਿਹਾ ਕਿ ਪੰਜਾਬ ਸਰਕਾਰ ਵੱਲੋ ਝੋਨੇ ਹੇਠੋ ਰਕਬਾ ਕੱਢਕੇ ਮੱਕੀ ਦੀ ਕਾਸਤ ਕਰਵਾਉਣ ਦਾ ਪਾਇਲਟ ਪ੍ਰੋਜੈਕਟ ਜਿਲ੍ਹੇ ਅੰਦਰ ਸੁਰੂ ਕੀਤਾ ਗਿਆ ਹੈ, ਜੋ ਕਿਸਾਨ ਝੋਨੇ ਵਾਲੀ ਜਮੀਨ ਵਿੱਚ ਮੱਕੀ ਦੀ ਕਾਸਤ ਕਰਨਗੇ ਸਰਕਾਰ ਤਰਫੋਂ 7 ਹਜਾਰ ਰੁਪਏ ਮਾਲੀ ਸਹਾਇਤਾ ਦਿੱਤੀ ਜਾਵੇਗੀ। ਪ੍ਰਧਾਨ ਕਰਮਜੀਤ ਸਿੰਘ ਨੇ ਦੱਸਿਆ ਕਿ ਪੰਚਾਇਤ ਵੱਲੋਂ ਲਏ ਗਏ ਫੈਸਲੇ ਮੁਤਾਬਿਕ ਜੋ ਕਿਸਾਨਾਂ ਨੂੰ ਸਨਮਾਨ ਭੱਤੇ ਦੇਣ 'ਤੇ ਖਰਚ ਹੋਵੇਗਾ ਲੂਓਸ ਦੀ ਰਾਸੀ ਦੀ ਪ੍ਰਬੰਧ ਸੰਸਥਾ ਤਰਫੋਂ ਕੀਤਾ ਜਾਵੇਗਾ। ਇਸ ਮੌਕੇ ਬਲਾਕ ਖੇਤੀਬਾੜੀ ਅਫਸਰ ਮੌੜ ਗੁਰਵਿੰਦਰ ਸਿੰਘ, ਇਸਪੈਕਟਰ ਅਰੁਣਦੀਪ ਸਿੰਘ, ਰਮਨਦੀਪ ਸਿੰਘ ਤੋਂ ਇਲਾਵਾ ਸੰਸਥਾ ਦੇ ਮੀਤ ਪ੍ਰਧਾਨ ਪਰਮਜੀਤ ਸਿੰਘ ਗੁੱਗੂ, ਅਵਤਾਰ ਸਿੰਘ ਨੰਬਰਦਾਰ, ਗੁਲਾਬ ਸਿੰਘ, ਰੇਸ਼ਮ ਸਿੰਘ, ਬਾਬਾ ਗੁਰਪ੍ਰੀਤ ਸਿੰਘ, ਮੰਗਲ ਸਿੰਘ, ਜਗਤਾਰ ਸਿੰਘਲੂ ਪੰਚ ਹਾਕਮ ਸਿੰਘ, ਜਗਸੀਰ ਸਿੰਘ, ਕਰਮਜੀਤ ਕੌਸੀ, ਹਰਵਿੰਦਰ ਕੌਰ, ਪਰਮਜੀਤ ਕੌਰ, ਰਾਜਵੀਰ ਕੌਰ, ਪਰਮਜੀਤ ਭੁੱਲਰ ਗ੍ਰਾਮ ਸੇਵਕ ਅਤੇ ਰਾਜਵਿੰਦਰ ਕੌਰ ਲਾਇਬ੍ਰੇਰੀਅਨ ਹਾਜ਼ਰ ਸਨ।

# ਝੋਨੇ ਦੀਆਂ ਘੱਟ ਸਮੇਂ ਦੀਆਂ ਕਿਸਮਾਂ ਬੀਜ ਕੇ ਬਚਾਇਆ ਜਾ ਸਕਦੈ ਵਧੇਰੀ ਮਿਕਦਾਰ ਵਿੱਚ ਪਾਣੀ : ਖੇਤੀ ਮਾਹਿਰ




ਸੰਗਰੂਰ, 15 ਮਈ (ਹਰਕੰਵਲ ਸਿੰਘ ਹੈਪੀ): ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਫਾਰਮ ਸਲਾਹਕਾਰ ਸੇਵਾ ਕੇਂਦਰ ਸੰਗਰੂਰ ਵੱਲੋਂ ਝੋਨੇ ਦੀਆਂ ਘੱਟ ਸਮੇਂ ਦੀਆਂ ਕਿਸਮਾਂ ਬੀਜਣ ਅਤੇ ਪਾਣੀ ਬਚਾਉਣ ਸਬੰਧੀ ਪਿੰਡ ਸ਼ੇਰੋਂ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ 70 ਤੋਂ ਵੱਧ ਕਿਸਾਨਾਂ ਨੇ ਭਾਗ ਲਿਆ। ਕੈਂਪ ਦੀ ਪ੍ਰਧਾਨਗੀ ਕਰਦੇ ਹੋਏ ਡਾ. ਅਸ਼ੋਕ ਕੁਮਾਰ ਗਰਗ, ਜਿਲ੍ਹਾ ਪਸਾਰ ਮਾਹਿਰ ਨੇ ਕਿਸਾਨਾਂ ਨੂੰ ਪੀ.ਏ.ਯੂ. ਵੱਲੋਂ ਸਿਫਾਰਸ਼ ਕਿਸਮਾਂ ਜਿਵੇਂ ਕਿ ਪੀ ਆਰ 131, ਪੀ ਆਰ 128, ਪੀ ਆਰ 126 ਆਦਿ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ।ਉਹਨਾਂ ਨੇ ਨਵੀਂ ਕਿਸਮ ਪੀ ਆਰ 132 ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ ਕਿਸਮ ਕੇਵਲ 67.5 ਕਿਲੋ ਯੂਰੀਆ ਪ੍ਰਤੀ ਏਕੜ ਪਾ ਕੇ ਉਗਾਈ ਜਾ ਸਕਦੀ ਹੈ, ਇਸ ਤੋਂ ਇਲਾਵਾ ਪੀ ਆਰ 131, ਪੀ ਆਰ 128 ਕਿਸਮਾਂ ਜੋ ਕਿ ਕ੍ਰਮਵਾਰ 31 ਅਤੇ 30.5 ਕੁਇੰਟਲ ਔਸਤਨ ਝਾੜ ਪ੍ਰਤੀ ਏਕੜ ਦਿੰਦੀਆਂ ਹਨ ਅਤੇ ਲੁਆਈ ਤੋਂ ਬਾਅਦ ਕ੍ਰਮਵਾਰ 110 ਅਤੇ 111 ਦਿਨਾਂ ਦਾ ਸਮਾਂ ਲੈਂਦੀਆਂ ਹਨ। ਬਾਸਮਤੀ ਵਿੱਚ ਪੂਸਾ ਬਾਸਮਤੀ 1509 ਅਤੇ ਪੰਜਾਬ ਬਾਸਮਤੀ 7 ਵਿੱਚ ਖਾਦਾਂ ਦੀ ਲੋੜ ਅਤੇ ਝੰਡਾ ਰੋਗ ਦੀ ਰੋਕਥਾਮ ਲਈ ਬੀਜ ਸੋਧ ਬਾਰੇ ਵਿਸਥਾਰਪੂਰਵਕ ਚਰਚਾ ਹੋਈ ।ਡਾ. ਅਸ਼ੋਕ ਨੇ ਕਿਸਾਨਾਂ ਨੂੰ ਮਿੱਟੀ ਪਰਖ ਦੇ ਆਧਾਰ ਉਤੇ ਹੀ ਖਾਦਾਂ ਪਾਉਣ ਲਈ ਪ੍ਰੇਰਦੇ ਹੋਏ ਕਿਹਾ ਕਿ ਖਾਦਾਂ ਦੀ ਸੰਤੁਲਿਤ ਵਰਤੋਂ ਨਾਲ ਜਿੱਥੇ ਖੇਤੀ ਖਰਚੇ ਘਟਣਗੇ ਉੱਥੇ ਝਾੜ ਵਿੱਚ ਵੀ ਵਾਧਾ ਹੋਵੇਗਾ। ਉਨ੍ਹਾਂ ਆਖਿਆ ਕਿ ਕਿਸਾਨ ਵੀਰ ਝੋਨੇ ਵਿੱਚ ਜ਼ਿੰਕ ਦੀ ਘਾਟ ਨੂੰ ਪੂਰਾ ਕਰਨ ਲਈ ਸਿਫਾਰਿਸ਼ ਕੀਤੀ ਪੂਰੀ ਮਾਤਰਾ ਹੀ ਪਾਉਣ। ਜੈਵਿਕ ਖਾਦਾਂ ਬਾਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਝੋਨੇ ਦੀ ਪੌਦ ਨੂੰ ਲੱਗਣ ਵਾਲਾ ਐਜ਼ੋਸਪਾਇਰਲਮ ਦਾ ਟੀਕਾ ਜਿੱਥੇ ਝਾੜ ਵਧਾਉਣ ਵਿੱਚ ਸਹਾਈ ਹੁੰਦਾ ਹੈ ਉੱਥੇ ਜ਼ਮੀਨ ਦੀ ਜੈਵਿਕ ਸਿਹਤ ਨੂੰ ਵੀ ਸੁਧਾਰਦਾ ਹੈ ।ਡਾ. ਦੁਸ਼ਯੰਤ ਕੁਮਾਰ, ਵੈਟਨਰੀ ਅਫਸਰ ਸ਼ੇਰੋਂ ਨੇ ਕਿਸਾਨਾਂ ਨੂੰ ਪਸ਼ੂਆਂ ਦੀ ਸਿਹਤ ਸੁਧਾਰ ਸਬੰਧੀ ਨੁਕਤੇ ਸਾਂਝੇ ਕਰਦੇ ਹੋਏ ਦੱਸਿਆ ਕਿ ਧਾਤਾਂ ਦਾ ਚੂਰਾ, ਬਾਈਪਾਸ ਫੈਟ ਅਤੇ ਪਸ਼ੂ ਚਾਟ ਆਦਿ ਦੀ ਵਰਤੋਂ ਕਰਕੇ ਪਸ਼ੂ ਪਾਲਕ ਆਪਣੇ ਪਸ਼ੂਆਂ ਨੂੰ ਤੰਦਰੁਸਤ ਰੱਖਣ ਦੇ ਨਾਲ-ਨਾਲ ਦੁੱਧ ਦੀ ਪੈਦਾਵਾਰ ਵੀ ਵਧਾ ਸਕਦੇ ਹਨ। ਉਹਨਾਂ ਕਿਸਾਨਾਂ ਨੂੰ ਪਸ਼ੂ ਬੀਮੇ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਵਿਭਾਗ ਵਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਵੀ ਚਾਨਣਾ ਪਾਇਆ ।ਪਿੰਡ ਦੇ ਸਰਪੰਚ ਸ. ਸਤਿਗੁਰ ਸਿੰਘ, ਸ. ਅਮ੍ਰਿਤਪਾਲ ਅਤੇ ਹੋਰ ਕਿਸਾਨ ਵੀਰਾਂ ਨੇ ਕੈਂਪ ਨੂੰ ਆਯੋਜਿਤ ਕਰਨ ਵਿੱਚ ਪੂਰਾ ਯੋਗਦਾਨ ਪਾਇਆ। ਅੰਤ ਵਿੱਚ ਕਿਸਾਨ ਵੀਰਾਂ ਲਈ ਪੀ.ਏ.ਯੂ. ਲੁਧਿਆਣਾ ਵਲੋਂ ਸਿਫਾਰਿਸ਼ ਬੀਜਾਂ ਜਿਵੇਂ ਕਿ ਪੀ ਆਰ 131, ਪੀ ਆਰ 132, ਪੂਸਾ ਬਾਸਮਤੀ 1509, ਪੰਜਾਬ ਬਾਸਮਤੀ 7, ਪੀ.ਏ.ਯੂ. ਖੇਤੀ ਸਾਹਿਤ ਅਤੇ ਜੀਵਾਣੂੰ ਖਾਦ ਦੇ ਟੀਕਿਆਂ ਦੀ ਵਿਕਰੀ ਵੀ ਕੀਤੀ ਗਈ। ਕਿਸਾਨਾਂ ਦੁਆਰਾ ਉਠਾਏ ਗਏ ਬਹੁਤ ਸਾਰੇ ਸਵਾਲਾਂ ਦੇ ਜਵਾਬ ਬਾਖੂਬੀ ਤਰਤੀਬਬੱਧ ਤਰੀਕੇ ਨਾਲ ਦਿੱਤੇ ਗਏ।

# ਸਰਸਵਤੀ ਕਾਨਵੈਂਟ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ



ਮੌੜ ਮੰਡੀ, 15 ਮਈ (ਭੋਲਾ ਸਿੰਘ ਮਾਨ) : ਸਰਸਵਤੀ ਕਾਨਵੈਂਟ ਸਕੂਲ, ਮੌੜ ਮੰਡੀ ਨੇ ਸੀਬੀਐਸਈ 2024-25 ਦੇ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਮਾਣ ਹਾਸਲ ਕੀਤਾ। ਸਕੂਲ ਦੇ ਵਿਦਿਆਰਥੀਆਂ ਨੇ ਚੰਗੇ ਅੰਕ ਲੈ ਕੇ ਨਾ ਸਿਰਫ ਸਕੂਲ ਦਾ, ਸਗੋਂ ਪੂਰੇ ਮੌੜ ਖੇਤਰ ਦਾ ਨਾਮ ਰੋਸ਼ਨ ਕੀਤਾ। ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਤੇਜਿੰਦਰ ਸ਼ਰਮਾ (94.6%), ਮੋਹਿਤ (87.6%) ਅਤੇ ਕੁਸ਼ਪ੍ਰੀਤ ਸਿੰਘ (85.6%) ਨੇ ਸਾਇੰਸ ਸਟਰੀਮ ਵਿੱਚ ਸਭ ਤੋਂ ਉੱਚੇ ਅੰਕ ਪ੍ਰਾਪਤ ਕਰਕੇ ਆਪਣੀ ਮਿਹਨਤ ਅਤੇ ਲਗਨ ਦਾ ਪ੍ਰਮਾਣ ਦਿੱਤਾ। ਆਇਨਾ (88.4%), ਜਸਮੀਨ (87.8%) ਅਤੇ ਜਸ਼ਮਨ (86.6%) ਨੇ ਕਾਮਰਸ ਵਿਭਾਗ ਵਿੱਚ ਸ਼ਾਨਦਾਰ ਨਤੀਜੇ ਹਾਸਲ ਕਰਕੇ ਸਕੂਲ ਦੀ ਤਾਲੀਮ ਨੂੰ ਦਰਸਾਇਆ। ਇਸ ਤੋਂ ਇਲਾਵਾ ਸਤਵੀਰ ਕੌਰ (83.6%), ਸਿਮਰਨ (82.6%), ਗੁਰਸ਼ਰਨ (82%) ਅਤੇ ਗਗਨਦੀਪ (82%) ਨੇ ਆਰਟਸ ਵਿੱਚ ਉੱਚ ਅੰਕ ਲੈ ਕੇ ਸਿੱਖਿਆ ਵਿੱਚ ਬਦਲ ਦਿੱਤਾ ਦਸਵੀਂ ਜਮਾਤ ਦੇ ਨਤੀਜੇ ਵੀ ਵਧੀਆ ਰਹੇ, ਜਿਸ ਵਿੱਚ ਕਈ ਵਿਦਿਆਰਥੀਆਂ ਨੇ 90% ਤੋਂ ਉੱਪਰ ਅੰਕ ਲੈ ਕੇ ਸਕੂਲ ਦੇ ਉੱਚ ਸਿੱਖਿਆ ਪੱਧਰ ਨੂੰ ਸਾਬਤ ਕੀਤਾ। ਹਰਗੁਣਤਾਸ (93.4%), ਭਾਗਿਆ (92.4%) ਅਤੇ ਹੁਸਨਪ੍ਰੀਤ ਕੌਰ (92.2%) ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਇਸ ਖਾਸ ਮੌਕੇ ਨੂੰ ਮਨਾਉਣ ਲਈ ਸਕੂਲ ਵਿੱਚ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪੇ ਸ਼ਾਮਿਲ ਹੋਏ। ਉਨ੍ਹਾਂ ਨੇ ਆਪਣੀ ਖੁਸ਼ੀ ਦਾ ਇਜ਼ਹਾਰ ਕਰਦੇ ਹੋਏ ਸਕੂਲ ਪ੍ਰਬੰਧਨ ਅਤੇ ਅਧਿਆਪਕਾਂ ਦਾ ਧੰਨਵਾਦ ਕੀਤਾ। ਸਕੂਲ ਦੇ ਚੇਅਰਮੈਨ ਸ਼ਿਵ ਕੁਮਾਰ ਜਿੰਦਲ ਅਤੇ ਪ੍ਰਿੰਸੀਪਲ ਸੀਮਾ ਜਿੰਦਲ ਵੱਲੋਂ ਇਨਾਮ ਵਜੋਂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਹੋਰ ਵਿਦਿਆਰਥੀਆਂ ਨੂੰ ਵੀ ਮਿਹਨਤ ਅਤੇ ਦ੍ਰਿੜ੍ਹ ਨਿਸ਼ਚੇ ਨਾਲ ਮਿਹਨਤ ਕਰਨ ਦੀ ਪ੍ਰੇਰਣਾ ਦਿੱਤੀ। ਇਹ ਦਿਨ ਮੌੜ ਖੇਤਰ ਲਈ ਮਾਣ ਵਾਲਾ ਪਲ ਸਾਬਤ ਹੋਇਆ, ਜੋ ਸਿੱਖਿਆ ਖੇਤਰ ਵਿੱਚ ਉਚਾਈਆਂ ਨੂੰ ਛੂਹਣ ਵਾਲੇ ਵਿਦਿਆਰਥੀਆਂ ਦੀ ਸਖਤ ਮਿਹਨਤ ਦਾ ਨਤੀਜਾ ਹੈ।

# 12ਵੀ ਦੇ ਨਤੀਜਿਆਂ 'ਚ ਛਾਹੜ ਸਕੂਲ ਦੇ ਵਿਦਿਆਰਥੀਆਂ ਨੇ ਕਰਵਾਈ ਬੱਲੇ-ਬੱਲੇ



ਕੌਹਰੀਆਂ, 15 ਮਈ (ਅਵਤਾਰ ਸਿੰਘ ਜਟਾਣਾ):ਸੀ.ਬੀ.ਐਸ.ਈ ਵੱਲੋਂ ਬਾਰ੍ਹਵੀਂ ਕਲਾਸ ਦੇ ਨਤੀਜੇ ਐਲਾਨੇ ਗਏ ਜਿਨ੍ਹਾਂ 'ਚੋਂ ਹਰ ਸਾਲ ਦੀ ਤਰ੍ਹਾਂ ਸੰਤ ਈਸ਼ਰ ਸਿੰਘ ਪਬਲਿਕ ਸਕੂਲ ਛਾਹੜ ਦਾ ਨਤੀਜਾ ਇਸ ਵਾਰ ਵੀ ਬਹੁਤ ਸ਼ਾਨਦਾਰ ਰਿਹਾ। ਸੰਤ ਈਸ਼ਰ ਸਿੰਘ ਪਬਲਿਕ ਸਕੂਲ ਇਲਾਕੇ ਦੀ ਸਿਰਮੌਰ ਸੰਸਥਾ ਹੈ ਇਸ ਸੰਸਥਾ ਦੇ ਵਿਦਿਆਰਥੀ ਡਾਕਟਰ, ਇੰਜੀਨੀਅਰ ਤੇ ਹੋਰ ਵੱਡੇ ਅਹੁਦਿਆਂ ਤੇ ਪੁੱਜ ਕੇ ਵਿਦੇਸ਼ਾਂ 'ਚ ਵੀ ਚੰਗਾ ਨਾਮ ਕਮਾ ਰਹੇ ਹਨ। ਐਲਾਨੇ ਬਾਰਵੀਂ ਕਲਾਸ ਦੇ ਨਤੀਜਿਆਂ 'ਚੋਂ ਸਾਇੰਸ, ਆਰਟਸ, ਕਮਾਰਸ ਗਰੁੱਪਾਂ ਦਾ ਸ਼ਾਨਦਾਰ ਨਤੀਜਾ ਰਿਹਾ ਹੈ। ਨਵਕਿਰਨ ਕੌਰ(94.2%) ਲਕਸ਼ਦੀਪ ਕੌਰ (93.2) ਸੰਜਨਾ(92.4)ਹਰਮਨਦੀਪ ਕੌਰ(90.4) ਹਰਮਨ ਸਿੰਘ (89.8)ਜਸ਼ਨਪ੍ਰੀਤ ਕੌਰ(89.2)ਖੁਸ਼ਮੀਨ ਕੌਰ(87)ਮਨਜੋਤ ਕੌਰ (86.8)ਹੁਸਨਪ੍ਰੀਤ ਕੌਰ (86.2)ਅੰਮ੍ਰਿਤਪਾਲ ਕੌਰ(85.6%) ਹਰਵਿੰਦਰ ਸਿੰਘ (85.6)ਸਹਿਜਪ੍ਰੀਤ ਸਿੰਘ (85%)ਮਨਿੰਦਰਜੀਤ ਕੌਰ(84.6) ਹਰਮਨਦੀਪ ਕੌਰ (83.4)ਮਨਪ੍ਰੀਤ ਕੌਰ (83)ਸੰਦੀਪ ਕੌਰ (82.4)ਤਰਨਵੀਰ ਸਿੰਘ (82.2)ਮਨਦੀਪ ਕੌਰ (80.4)ਅਰਸ਼ਦੀਪ ਕੌਰ (78.6)ਜਸਪ੍ਰੀਤ ਸਿੰਘ (78.6)ਦਵਿੰਦਰ ਸਿੰਘ (78)ਜਸ਼ਨਦੀਪ ਸਿੰਘ(77.8) ਗਗਨਦੀਪ ਰਾਣੀ (77.6)ਅਕਾਸ਼ਦੀਪ ਸਿੰਘ(77.6) ਬਿਧਨਦੀਪ ਸਿੰਘ (77.4)ਰੁਪਿੰਦਰ ਕੌਰ(77.2)ਅੰਸ਼ਪ੍ਰੀਤ ਸਿੰਘ (76.6)ਅਮਨਦੀਪ ਸਿੰਘ (75.6)ਜਸਪ੍ਰੀਤ ਸਿੰਘ (75.2)ਅਮਨਜੋਤ ਕੌਰ (74.8)ਇਸ ਮੌਕੇ ਸਕੂਲ ਦੇ ਚੇਅਰਮੈਨ ਸੰਤ ਬਾਬਾ ਸਾਧੂ ਸਿੰਘ ਜੀ ਨੇ ਖੁਸ਼ੀ ਜ਼ਾਹਿਰ ਕਰਦਿਆਂ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ। ਸਕੂਲ ਦੇ ਪ੍ਰਿੰਸੀਪਲ ਮਨਜੀਤਪਾਲ ਸਿੰਘ ਤੇ ਮੈਨੇਜਰ ਗੁਰਮੀਤ ਕੌਰ ਤੇ ਵਾਈਸ ਪ੍ਰਿੰਸੀਪਲ ਸੁਧਾਂਸ਼ੂ ਸ਼ਰਮਾ, ਮਾਸਟਰ ਨਿਰਭੈ ਸਿੰਘ ਨੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

# 12 ਵੀਂ ਦੇ ਨਤੀਜਿਆਂ 'ਚ ਰੁਪਿੰਦਰ ਕੌਰ ਨੇ 91 ਪ੍ਰਤੀਸ਼ਤ ਅੰਕ ਕੀਤੇ ਪ੍ਰਾਪਤ



ਸੰਗਰੂਰ, 15 ਮਈ (ਹਰਕੰਵਲ ਸਿੰਘ ਹੈਪੀ) :ਸੀ.ਬੀ.ਐਸ.ਈ ਦੇ ਬਾਰਵੀਂ ਵੀ ਜਮਾਤ ਦੇ ਐਲਾਨੇ ਨਤੀਜਿਆਂ 'ਚ ਗੋਲਡਨ ਅਰਥ ਗਲੋਬਲ ਸਕੂਲ ਸੰਗਰੂਰ ਦੀ ਕਾਮਰਸ ਵਿਸ਼ੇ ਦੀ ਹੋਣਹਾਰ ਵਿਦਿਆਰਥਣ ਰੁਪਿੰਦਰਜੀਤ ਕੌਰ ਨੇ 91 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਆਪਣੇ ਸਕੂਲ, ਅਧਿਆਪਕਾਂ ਅਤੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ ਹੈ। ਬਿਜ਼ਨਸ ਵਿਸੇ 'ਚ 100 ਵਿੱਚੋਂ 100 ਅੰਕ ਲੈ ਕੇ ਰੁਪਿੰਦਰਜੀਤ ਕੌਰ ਨੇ ਸੰਗਰੂਰ ਜ਼ਿਲੇ ਦਾ ਨਾਂ ਰੋਸ਼ਨ ਕੀਤਾ ਹੈ। ਇਸ ਸ਼ਾਨਦਾਰ ਪ੍ਰਾਪਤੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਰੁਪਿੰਦਰ ਕੌਰ ਨੇ ਕਿਹਾ ਕਿ ਉਸ ਦਾ ਅਗਲਾ ਟੀਚਾ ਚਾਰਟਰਡ ਅਕਾਊਂਟੈਂਟ ਬਣਨ ਦਾ ਹੈ। ਉਸ ਨੇ ਆਪਣੀ ਇਸ ਸਫਲਤਾ ਦਾ ਸਿਹਰਾ ਆਪਣੇ ਅਧਿਆਪਕਾਂ ਅਤੇ ਮਾਪਿਆਂ ਨੂੰ ਦਿੱਤਾ ਜਿਨ੍ਹਾਂ ਦੀ ਸਖ਼ਤ ਮਿਹਨਤ ਸਦਕਾ ਉਸਨੇ ਇੰਨੇ ਵਧੀਆ ਅੰਕ ਪ੍ਰਾਪਤ ਕੀਤੇ ਹਨ। ਇਸ ਮੌਕੇ ਉੱਕਤ ਵਿਦਿਆਰਥਣ ਦੇ ਪਿਤਾ ਯਾਦਵਿੰਦਰ ਸਿੰਘ ਤੇ ਮਾਤਾ ਅਮਨਦੀਪ ਕੌਰ ਨੇ ਦੱਸਿਆ ਕਿ ਉਹਨਾਂ ਦੀ ਬੇਟੀ ਦੀ ਸਖ਼ਤ ਮਿਹਨਤ, ਸਮਾਂ ਪ੍ਰਬੰਧਨ, ਅਤੇ ਅਨੁਸ਼ਾਸਨ ਹੀ ਇਸ ਪ੍ਰਾਪਤੀ ਦਾ ਜਿਥੇ ਮੁੱਖ ਅਧਾਰ ਰਹੇ ਹਨ, ਕਿਉਂਕਿ ਉਹ ਹਰ ਵਿਸੇ ਨੂੰ ਪੂਰਾ ਸਮਾਂ ਦੇ ਕੇ ਨਿਯਮਿਤ ਪੜ੍ਹਾਈ ਕਰਨ ਵਿੱਚ ਰੂਚੀ ਰੱਖਦੀ ਸੀ। ਇਸ ਮੌਕੇ ਖ਼ੂਸ਼ੀ ਦਾ ਪ੍ਰਗਟਾਵਾ ਕਰਦਿਆਂ ਰੁਪਿੰਦਰਜੀਤ ਦੀ ਅਧਿਆਪਕ ਨਿਸ਼ਕਾਮ ਜੌਹਰ, ਰੂਚੀ ਜਿੰਦਲ ਅਤੇ ਮੈਡਮ ਈਸ਼ਾ ਨੇ ਕਿਹਾ ਕਿ ਜੇਕਰ ਮਿਹਨਤ ਦੀ ਆਦਤ ਬਣ ਜਾਵੇ ਤਾਂ ਕਾਮਯਾਬੀ ਮੁਕੱਦਰ ਜ਼ਰੂਰ ਬਣਾਉਂਦੀ ਹੈ।

# ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਆਊਟਸੋਰਸ ਮੁਲਾਜ਼ਮਾਂ ਵੱਲੋਂ ਅਣਮਿੱਥੇ ਸਮੇਂ ਲਈ ਲਗਾਇਆ ਧਰਨਾ



ਮੌੜ ਮੰਡੀ, 15 ਮਈ (ਭੋਲਾ ਸਿੰਘ ਮਾਨ ): ਵਾਟਰ ਸਪਲਾਈ ਤੇ ਸੀਵਰੇਜ ਬੋਰਡ ਆਊਟਸੋਰਸ ਵਰਕਰਜ਼ ਯੂਨੀਅਨ ਦੇ ਮੁਲਾਜ਼ਮਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਅੱਜ ਵਾਟਰ ਵਰਕਸ ਮੌੜ ਮੰਡੀ ਵਿਖੇ ਅਣਮਿੱਥੇ ਸਮੇਂ ਲਈ ਧਰਨਾ ਲਗਾ ਦਿੱਤਾ ਹੈ ।ਇਸ ਮੌਕੇ ਸੂਬਾ ਪ੍ਰਧਾਨ ਗੁਰਦੇਵ ਸਿੰਘ ਨਿਹੰਗ ਅਤੇ ਪ੍ਰਧਾਨ ਕਰਮਚੰਦ ਮੌੜ ਮੰਡੀ ਨੇ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਜਥੇਬੰਦੀ ਦੀ 21 ਅਪ੍ਰੈਲ ਦੀ ਅਣਮਿੱਥੇ ਸਮੇਂ ਦੀ ਹੜਤਾਲ ਕੀਤੀ ਗਈ ਸੀ ਜਿਸ ਤੋਂ ਬਾਅਦ 23 ਅਪ੍ਰੈਲ ਨੂੰ ਮੰਤਰੀ ਡਾ.ਰਵਜੋਤ ਸਿੰਘ ਨਾਲ ਚੰਡੀਗੜ੍ਹ ਵਿਖੇ ਮੀਟਿੰਗ ਹੋਈ ਸੀ, ਜਿਸ ਵਿੱਚ ਸੀਵਰੇਜ਼ ਬੋਰਡ ਵਿੱਚ ਕੰਮ ਕਰਦੇ ਕੱਚੇ ਮੁਲਾਜ਼ਮਾਂ ਦੀਆਂ ਪੰਜਾਬ ਭਰ ਵਿਚੋਂ ਲਿਸਟਾਂ ਮੰਗੀਆਂ ਗਈਆਂ ਸਨ,ਪਰ ਅਜੇ ਤੱਕ ਪੰਜਾਬ ਦੇ ਕਿਸੇ ਵੀ ਜ਼ਿਲ੍ਹੇ ਵਿਚੋਂ ਸੀਵਰੇਜ਼ ਬੋਰਡ ਦੇ ਕੱਚੇ ਮੁਲਾਜ਼ਮਾਂ ਦੀਆਂ ਲਿਸਟਾਂ ਚੰਡੀਗੜ੍ਹ ਹੈੱਡ ਆਫ਼ਸ ਅਫ਼ਸਰਸ਼ਾਹੀ ਵੱਲੋਂ ਨਹੀਂ ਭੇਜੀਆਂ ਗਈਆਂ ਜੇਕਰ ਇਸ ਦੇ ਸਬੰਧ ਵਿੱਚ ਜਥੇਬੰਦੀ ਵੱਲੋਂ ਐਸ.ਸੀ ਬਠਿੰਡਾ ਸੀਵਰੇਜ਼ ਬੋਰਡ ਦਫ਼ਤਰ ਅਫਸਰਾਂ ਨਾਲ ਮੀਟਿੰਗ ਕੀਤੀ ਗਈ। ਜਿਸ ਤੋਂ ਬਾਅਦ ਮੰਗਾਂ ਸਬੰਧੀ ਹੱਲ ਨਾ ਨਿਕਲਆ, ਜਥੇਬੰਦੀ ਵੱਲੋਂ ਮੀਟਿੰਗ ਵਿੱਚੋਂ ਵਾਕ ਆਊਟ ਕੀਤਾ ਗਿਆ। ਜਿਸ ਤੋਂ ਬਾਅਦ ਵਿਰੋਧ ਵਿੱਚ ਬਠਿੰਡਾ ਅਤੇ ਮਾਨਸਾ ਜ਼ਿਲ੍ਹੇ ਦੇ ਕੱਚੇ ਕਾਮੇ ਧਰਨੇ ਤੇ ਬੈਠੇ ਹਨ। ਆਉਣ ਵਾਲੇ ਦਿਨਾਂ ਵਿੱਚ ਸੀਵਰੇਜ਼ ਬੋਰਡ ਦੇ ਕਰਮਚਾਰੀਆਂ ਦੀ ਸੂਬਾ ਪੱਧਰੀ ਮੀਟਿੰਗ ਕੀਤੀ ਜਾਵੇਗੀ ਅਤੇ ਉਸ ਤੋਂ ਬਾਅਦ ਜਥੇਬੰਦੀ ਵੱਲੋਂ ਪੰਜਾਬ ਪੱਧਰੀ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਹੈਪੀ ਸਿੰਘ, ਜੋਨੀ ਕੁਮਾਰ, ਰਾਮ ਭਾਜਨ, ਪਰਮਿੰਦਰ ਸਿੰਘ, ਗੁਰਸੇਵਕ ਸਿੰਘ,ਗਗਨਦੀਪ ਸਿੰਘ, ਲਖਵਿੰਦਰ ਸਿੰਘ ਨਿਰਮਲ ਸਿੰਘ, ਸੂਰਜ, ਹੈਪੀ, ਗੁਰਦਿੱਤ ਸਿੰਘ ਆਦਿ ਤੋਂ ਇਲਾਵਾ ਜਥੇਬੰਦੀ ਦੇ ਵਰਕਰ ਮੌਜੂਦ ਸਨ।

# ਅਲਪਾਈਨ ਪਬਲਿਕ ਸਕੂਲ ਦਾ 10 ਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ



ਭਵਾਨੀਗੜ੍ਹ, 15 ਮਈ (ਅਮਨਦੀਪ ਸਿੰਘ ਮਾਝਾ) ਸੀ.ਬੀ.ਐੱਸ.ਈ. ਵੱਲੋਂ ਐਲਾਨੇ ਗਏ 10ਵੀਂ ਜਮਾਤ ਦੇ ਨਤੀਜਿਆਂ ਵਿੱਚ ਅਲਪਾਈਨ ਪਬਲਿਕ ਸਕੂਲ, ਭਵਾਨੀਗੜ੍ਹ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਾਨਦਾਰ ਰਿਹਾ । ਦਸਵੀਂ ਜਮਾਤ ਦੇ ਵਿਦਿਆਰਥੀ ਅਮਰਿੰਦਰ ਸਿੰਘ ਨੇ 96.4% ਅੰਕਾਂ ਨਾਲ ਪਹਿਲਾ, ਵੰਸ਼ਿਤਾ ਧਵਨ ਨੇ 96.2% ਨਾਲ ਦੂਜਾ, ਆਂਚਲ ਪਪੋਲਾ ਨੇ 94.6% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਦਸਵੀਂ ਜਮਾਤ ਦੇ 29 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕਰਕੇ ਮਾਪਿਆਂ ਅਤੇ ਸਕੂਲ ਦਾ ਨਾਂ ਰੌਸ਼ਨ ਕੀਤਾ। ਪ੍ਰਿੰ. ਰੋਮਾ ਅਰੋੜਾ ਨੇ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ ।

ਸਕੂਲ ਮੈਨੇਜਰ ਹਰਮੀਤ ਸਿੰਘ ਗਰੇਵਾਲ ਨੇ ਸ਼ਾਨਦਾਰ ਨਤੀਜੇ ਲਈ ਸਕੂਲ ਦੇ ਮਿਹਨਤੀ ਸਟਾਫ਼ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ

# ਐੱਨ. ਐੱਸ. ਮੈਮੋਰੀਅਲ ਸਕੂਲ ਦਾ ਬਾਰ੍ਹਵੀਂ ਜਮਾਤ ਦਾ ਨਤੀਜਾ ਰਿਹਾ 100ਫ਼ੀਸਦੀ




ਭੁੱਚੋ ਮੰਡੀ /ਨਥਾਣਾ, 15 ਮਈ( ਹਰਬੰਸ ਸਿੰਘ ਭੋਲਾ): ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਵੱਲੋਂ ਐਲਾਨੇ ਗਏ ਨਤੀਜੇ ਵਿੱਚ ਐੱਨ ਐੱਸ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਭੁੱਚੋ ਮੰਡੀ ਬਠਿੰਡਾ ਦਾ ਬਾਰ੍ਹਵੀਂ (ਨਾਨ ਮੈਡੀਕਲ, ਮੈਡੀਕਲ ਅਤੇ ਹਿਊਮੈਨਟੀਜ਼ ਗਰੁੱਪ) ਜਮਾਤ ਦਾ ਨਤੀਜਾ 100% ਰਿਹਾ। ਅਨਮੋਲਦੀਪ ਸਿੰਘ ਨੇ ਸਾਇੰਸ ਗਰੁੱਪ ਵਿੱਚ ਆਪਣੀ ਪੜ੍ਹਾਈ ਵਿੱਚ ਲਗਨ ਤੇ ਮੇਹਨਤ ਸਦਕਾ 94 % ਲੈਕੇ ਪਹਿਲਾ ਸਥਾਨ ਪ੍ਰਾਪਤ ਕੀਤਾ, ਅਜੈ ਗੁਪਤਾ ਨੇ 89% ਲੈਕੇ ਦੂਸਰਾ ਸਥਾਨ ਪ੍ਰਾਪਤ ਕੀਤਾ ਅਤੇ ਸਹਿਬਪ੍ਰੀਤ ਕੌਰ ਨੇ 85 % ਲੈਕੇ ਤੀਸਰਾ ਸਥਾਨ ਪ੍ਰਾਪਤ ਕੀਤਾ । ਦੂਸਰੇ ਪਾਸੇ ਹਿਊਮੈਨਟੀਜ਼ ਗਰੁੱਪ ਦੀ ਹੁਸਨਦੀਪ ਕੌਰ ਨੇ ਵੀ ਸਾਬਤ ਕਰ ਦਿੱਤਾ ਕਿ ਹਮ ਕਿਸੀ ਸੇ ਕਮ ਨਹੀਂ ਨੇ 93 % ਲੈਕੇ ਪਹਿਲਾ ਸਥਾਨ ਪ੍ਰਾਪਤ ਕੀਤਾ, ਗਗਨਦੀਪ ਕੌਰ ਨੇ 91% ਲੈਕੇ ਦੂਸਰਾ ਸਥਾਨ ਅਤੇ ਅਮਨਦੀਪ ਕੌਰ ਨੇ 90 % ਲੈਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ।ਸਕੂਲ ਦੇ ਪ੍ਰਿੰਸੀਪਲ ਕੁਲਦੀਪ ਕੌਰ ਗਿੱਲ ਅਤੇ ਐੱਮ ,ਡੀ ਅੰਗਰੇਜ਼ ਸਿੰਘ ਗਿੱਲ ਨੇ ਬੱਚਿਆ ਨੂੰ ਮੁਬਾਰਕਾ ਦਿੱਤੀਆ ਅਤੇ ਆਉਣ ਵਾਲੇ ਭਵਿੱਖ ਵਿੱਚ ਕਾਮਯਾਬ ਹੋਣ ਦੀ ਕਾਮਨਾ ਕੀਤੀ।

# ਗੁਰੂਕੁਲ ਉੱਭਾ ਦੇ ਨਤੀਜੇ ਸ਼ਾਨਦਾਰ ਰਹੇ

ਜੋਗਾ, 15 ਮਈ (ਵਿਰੈਦਰਪਾਲ ਮੰਤਰੋ):ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਦੁਆਰਾ ਐਲਾਨੇ ਗਏ ਬਾਰਵੀਂ ਜਮਾਤ ਦੇ ਨਤੀਜਿਆਂ 'ਚੋਂ ਗੁਰੂਕੁਲ ਉੱਭਾ ਦੇ ਨਤੀਜੇ ਬਹੁਤ ਸ਼ਾਨਦਾਰ ਰਹੇ। ਗੁਰੂਕੁਲ ਉੱਭਾ ਦੇ ਸਾਇੰ ਸ ਗਰੁੱਪ 'ਚ ਇਲਾਕੇ ਚੋਂ ਸਭ ਤੋਂ ਵੱ ਧ ਅੰ ਕ 479/500ਸਾਕਸੀ ਪੁੱਤਰੀ ਰਾਜਿੰ ਦਰ ਪਾਲ ਸਿੰ ਘ ਦੇ ਰਹੇ। ਦੂਜੇ ਸਥਾਨ 'ਤੇ 469/500 ਸਹਨਾ ਗੋਇਲ ਪੁੱਤਰੀ ਸੰ ਦੀਪ ਗੋਇਲ,ਤੀਜੇ ਸਥਾਨ ਤੇ 442/500 ਮਨਪਰੀਤ ਕੌਰ ਪੁੱਤਰੀ ਜੀਵਨ ਸਸੰਘ ਦੇ। ਆਰਟਸ ਗਰੁੱਪ ਚੋਂ ਪਸਹਲੇ ਸਥਾਨ 'ਤੇ ਰਹੇ470/500 ਅਰਸਦੀਪ ਕੌਰ ਪੁੱਤਰੀ ਸਵਿੰਦਰ ਸਿੰਘ, ਜੈਸਮੀਨ ਕੌਰ ਪੁੱਤਰੀ ਭੁੱਚਰ ਸਸੰਘ 466/500ਸਥਾਨ 'ਤੇਜੂਜਅਤੇ ਤੀਜੇ ਸਥਾਨ 'ਤੇ 456/ 500 ਅੰਕਾਂ ਨਾਲ ਕਮਲਦੀਪ ਕੌਰ ਪੁੱਤਰੀ ਨਰਿੰਦਰ ਸਿੰਘ ਰਹੇ। ਇਸ ਮੌਕੇ ਸਕੂਲ ਮੁਖੀ ਸ. ਹਰਪਰੀਤ ਸਿੰ ਘ ਪੁਰਬਾ ਨੇ ਖੁਸ਼ੀ ਜਾਹਿਰ ਕਰਦਿਆਂ ਜਾਣਕਾਰੀ ਦਿੱ ਤੀ ਕਿ ਸਕੂਲ ਦਾ ਨਤੀਜਾ ਬੇਹਦ ਸ਼ਾਨਦਾਰ ਰਿਹਾ। ਉਹਨਾਂ ਬੱਚਿਆਂ, ਅਧਿਆਪਕਾਂ ਤੇ ਮਾਤਾ ਪਿਤਾ ਦੀ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਵਧਾਈਆਂ ਦਿੱਤੀਆਂ। ਇਸ ਮੌਕੇ ਸੁਰਿੰ ਦਰ ਕੁਮਾਰ, ਸੁਭਾਸ਼ ਗਰਗ, ਹਰਪਰੀਤ ਕੌਰ, ਜਸਸਵੰਦਰ ਕੌਰ, ਰੀਤੂ, ਅਨੀਤਾ ਰਾਣੀ, ਜੋਤੀ ਰਾਣੀਹਾਜ਼ਰ ਸਨ।

# ਸਵੀਟ ਬਲੌਸਮਸ ਸਕੂਲ ਦੇ ਵਿਦਿਆਰਥੀਆਂ ਨੇ ਮਾਪਿਆਂ ਦਾ ਨਾਂ ਰੋਸ਼ਨ ਕੀਤਾ




ਸਰਦੂਲਗੜ੍ਹ, 15 ਮਈ (ਲਛਮਣ ਸਿੱਧੂ) : ਸਥਾਨਕ ਸ਼ਹਿਰ ਦੇ ਸਵੀਟ ਬਲੌਸਮਸ ਸਕੂਲ, ਸਰਦੂਲਗੜ੍ਹ ਦੇ ਦਸਵੀਂ ਅਤੇ ਬਾਰਵੀਂ ਦੇ ਨਤੀਜੇ ਬਹੁਤ ਹੀ ਸ਼ਾਨਦਾਰ ਰਹੇ, ਜਿਸ ਕਾਰਨ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਵਿਚ ਖੁਸ਼ੀ ਦੀ ਲਹਿਰ ਹੈ। ਦਸਵੀਂ ਅਤੇ ਬਾਰਵੀਂ ਜਮਾਤ ਦੇ 90% ਤੋਂ ਵੱਧ ਅੰਕ ਲੈਣ ਵਾਲੇ ਵਿਦਿਆਰਥੀਆਂ ਵਿੱਚ ਕਾਹੀਨਾ ਗਰਗ 96.8%, ਪਲਕਿਨ 96.2%, ਜਸ਼ਨਦੀਪ ਕੌਰ 96.2%, ਮਾਨਵ 95.4%, ਮਾਨਿਆ 94.8%, ਰਣਵੀਰ ਉੱਪਲ 94.6%, ਇਸ਼ਿਤਾ 94.6%, ਮੋਹਿਤ 94.6%, ਨਾਜ਼ੀਆ 94.2%, ਭਵਨਦੀਪ 93.4%, ਪ੍ਰਭਨੂਰ ਕੌਰ 93.2%, ਵੰਸ਼ ਸਿੰਗਲਾ 92% ਅਤੇ ਬਾਰਵੀਂ ਜਮਾਤ ਦੇ ਰੁਪੇਸ਼ ਗਰਗ ਮੈਡੀਕਲ ਸਟੂਡੈਂਟ 93.8%, ਸੁਨੇਹਲ ਮੈਡੀਕਲ ਸਟੂਡੈਂਟ 91%, ਯਾਸ਼ਿਕਾ ਜੈਨ ਹਿਊਮੈਨਿਟੀਜ 90.8% ਅੰਕ ਲੈਣ ਵਾਲੇ ਵਿਦਿਆਰਥੀ ਸ਼ਾਮਿਲ ਹਨ । ਦਸਵੀਂ ਜਮਾਤ ਦੇ ਕੁੱਲ 62 ਵਿਦਿਆਰਥੀਆਂ ਵਿੱਚੋਂ 90% ਅੰਕ ਲੈਣ ਵਾਲੇ 12 ਵਿਦਿਆਰਥੀ ਅਤੇ 80% ਤੋਂ ਉੱਪਰ ਅੰਕ ਲੈਣ ਵਾਲੇ 18 ਵਿਦਿਆਰਥੀ ਹਨ ।ਉਸੀ ਤਰ੍ਹਾਂ ਬਾਰਵੀਂ ਦੇ 47 ਵਿਦਿਆਰਥੀਆਂ ਵਿੱਚੋਂ 90% ਤੋਂ ਵੱਧ ਅੰਕ ਲੈਣ ਵਾਲੇ 03 ਵਿਦਿਆਰਥੀ ਹਨ ਅਤੇ 80% ਤੋਂ ਵੱਧ ਅੰਕ ਲੈਣ ਵਾਲੇ 12 ਵਿਦਿਆਰਥੀ ਹਨ । ਸਕੂਲ ਦੀ ਪ੍ਰਬੰਧਕ ਕਮੇਟੀ ਅਤੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਅਤੇ ਉਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਪ੍ਰਬੰਧਕ ਕਮੇਟੀ ਨੇ ਅਧਿਆਪਕਾਂ ਦੀ ਸ਼ਲਾਘਾ ਕਰਦੇ ਕਿਹਾ ਕਿ ਇਹ ਜਿੱਤ ਤੁਹਾਡੀ ਮਿਹਨਤ ਸਦਕਾ ਹੀ ਹੈ । ਪ੍ਰਿੰਸੀਪਲ ਸਾਹਿਬਾਨ ਨੇ ਮਾਪਿਆਂ ਨੂੰ ਆਖਿਆ ਕਿ ਇਸੇ ਤਰ੍ਹਾਂ ਸਵੀਟ ਬਲੌਸਮਸ ਸਕੂਲ ਆਪਣੇ ਵਿਦਿਆਰਥੀਆਂ ਦੀ ਤਰੱਕੀ ਲਈ ਕੰਮ ਕਰਦਾ ਰਹੇਗਾ ਤਾਂ ਕਿ ਸਾਡੇ ਵਿਦਿਆਰਥੀ ਭਵਿੱਖ ਵਿੱਚ ਕਾਮਯਾਬੀ ਨੂੰ ਛੂ ਸਕਣ। ਉਨਾ ਨੇ ਆਖਿਆ ਕਿ ਇਹ ਨਤੀਜੇ ਸਿਰਫ਼ ਵਿਦਿਆਰਥੀਆਂ ਦੀ ਮਿਹਨਤ ਹੀ ਨਹੀਂ, ਸਗੋਂ ਉਹਨਾਂ ਦੇ ਮਾਪਿਆਂ ਅਤੇ ਅਧਿਆਪਕਾਂ ਦੀ ਸਮਰਪਿਤ ਸੇਵਾ ਦਾ ਨਤੀਜਾ ਹਨ ।

# ਡਾ: ਦਰਸ਼ਨ ਸਿੰਘ ਖੋਖਰ ਉੱਘੇ ਸਿੱਖਿਆ ਸ਼ਾਸ਼ਤਰੀ ਤੇ ਸਮਾਜ ਸੇਵਕ ਸਨ



ਲਹਿਰਾਗਾਗਾ, 15 ਮਈ (ਗੁਰਦੀਪ ਸਿੰਘ): ਮਾ. ਦਰਸ਼ਨ ਕੁਮਾਰ (ਡਾ.) ਨੇ ਬੀ.ਐਸ.ਸੀ., ਬੀ.ਐਡ. ਕਰਨ ਉਪਰੰਤ ਹਰਿਆਣਾ ਦੇ ਪਿੰਡ ਤਲਵਾੜਾ (ਜਾਖ਼ਲ) ਵਿਖੇ ਬਤੌਰ ਸਾਇੰਸ ਅਧਿਆਪਕ ਦੀ ਨੌਕਰੀ ਦਾ ਸਫ਼ਰ ਸ਼ੁਰੂ ਕਰਨ ਉਪਰੰਤ ਪਿੰਡ ਰਾਮਗੜ੍ਹ ਸੰਧੂਆਂ ਅਤੇ ਲਹਿਰਾਗਾਗਾ ਦੇ ਸਰਕਾਰੀ ਸਕੂਲਾਂ ਵਿੱਚ ਬਤੌਰ ਸਾਇੰਸ ਅਧਿਆਪਕ ਸੇਵਾਵਾਂ ਦਿੱਤੀਆਂ । ਆਪਣੇ ਵਿਸ਼ੇ 'ਤੇ ਜਿੱਥੇ ਉਨ੍ਹਾਂ ਦੀ ਮਜ਼ਬੂਤ ਪਕੜ ਸੀ, ਉੱਥੇ ਉਨ੍ਹਾਂ ਆਪਣੇ ਸਕੂਲ ਦੇ ਵਿਦਿਆਰਥੀਆਂ ਨੂੰ ਸਾਇੰਸ ਵਿਸ਼ੇ ਵੱਲ ਪ੍ਰੇਰਿਤ ਕਰਦਿਆਂ ਵਾਰ-2 ਸਾਇੰਸ ਮੇਲਿਆਂ 'ਤੇ ਵਿਗਿਆਨ ਪ੍ਰਦਰਸ਼ਨੀਆਂ ਵਿੱਚ ਭਾਗ ਦਿਵਾ ਕੇ ਰਾਜ ਪੱਧਰੀ ਪੁਜ਼ੀਸ਼ਨਾਂ ਹਾਸਿਲ ਕਰਨ ਦੇ ਯੋਗ ਬਣਾ ਦਿੱਤਾ, ਕਿਉਂਕਿ ਉਨ੍ਹਾਂ ਨੇ ਉੱਚ ਵਿੱਦਿਆ ਹਾਸਿਲ ਕਰਦਿਆਂ ਐੱਮ.ਏ. ਰਾਜਨੀਤਿਕ ਸ਼ਾਸ਼ਤਰ ਤੇ ਗਣਿਤ ਵਿਸ਼ੇ ਵਿੱਚ ਪੀ.ਐੱਚ.ਡੀ. ਦੀ ਡਿਗਰੀ ਹਾਸਿਲ ਕੀਤੀ ।ਉਨ੍ਹਾਂ ਨੇ ਆਪਣੇ ਗ੍ਰਹਿਸਥੀ ਜੀਵਨ ਲਈ ਉੱਚ ਸਿੱਖਿਆ ਪ੍ਰਾਪਤ ਉਗਮਲਾ ਰਾਣੀ ਐੱਮ.ਏ., ਬੀ.ਐਡ, ਨੂੰ ਆਪਣਾ ਜੀਵਨ ਸਾਥੀ ਬਣਾਇਆ ਜੋ ਕਿ 06 ਜੁਲਾਈ 2023 ਨੂੰ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ ।ਮਾ. ਦਰਸ਼ਨ ਕੁਮਾਰ ਨੇ ਆਪਣੇ ਪਿਤਾ ਡਾ. ਦੇਵ ਰਾਜ ਖੋਖਰ ਵੱਲੋਂ ਸਮਾਜਿਕ, ਧਾਰਮਿਕ, ਰਾਜਨੀਤਿਕ ਚੇਤਨਾ ਤੇ ਸਮਾਜ ਦੇ ਲੋੜਵੰਦਾਂ ਦੀ ਮੱਦਦ ਕਰਨ ਦੀ ਸੇਧ ਤੇ ਪ੍ਰੇਰਨਾ ਲਈ ਹੋਈ ਸੀ, ਜਿਸ ਕਰਕੇ ਉਹ ਵੱਖ-ਵੱਖ ਸਕੂਲਾਂ ਦੇ ਆਰਥਿਕ ਤੇ ਸਮਾਜਿਕ ਤੌਰ 'ਤੇ ਕਮਜ਼ੋਰ ਬੱਚਿਆਂ ਦੀ ਹਮੇਸ਼ਾਂ ਹੀ ਆਰਥਿਕ ਮੱਦਦ ਕਰਦੇ ਰਹਿੰਦੇ, ਉੱਥੇ ਉਹ ਅਜਿਹਾ ਕਰਨ ਲਈ ਆਪਣੇ ਸਾਥੀ ਅਧਿਆਪਕਾਂ ਨੂੰ ਵੀ ਪ੍ਰੇਰਿਤ ਕਰਦੇ ਰਹਿੰਦੇ । ਇਸ ਦੇ ਨਾਲ ਹੀ ਉਹ ਅਧਿਆਪਕ ਵਰਗ ਦੇ ਹਿੱਤਾਂ ਲਈ ਵੀ ਸਮੇਂ-2 ਸਾਰਥਕ ਭੂਮਿਕਾ ਨਿਭਾਉਂਦੇ ਰਹੇ ਅਤੇ ਕਈ ਵਾਰ ਉਹ ਇਸ ਮਨੋਰਥ ਲਈ ਜੇਲ ਵੀ ਗਏ ।ਉਹ ਇਲਾਕੇ ਵਿੱਚ ਚੱਲ ਰਹੀਆਂ ਵਿੱਦਿਅਕ, ਧਾਰਮਿਕ ਤੇ ਸਮਾਜਿਕ ਗਤੀਵਿਧੀਆਂ ਦੀ ਭਲੀ-ਭਾਂਤ ਜਾਣਕਾਰੀ ਰੱਖਦੇ ਸਨ ਤਾਂ ਕਿ ਕੰਮ ਹੋਰ ਵੱਧ ਚੰਗਾ ਕੀਤਾ ਜਾ ਸਕੇ ।ਉਨ੍ਹਾਂ ਨੇ ਆਪਣੇ ਜੀਵਨ ਦਾ ਸਫ਼ਰ ਅਜੇ ਹੋਰ ਲੰਮਾ ਹੰਢਾਉਣਾ ਸੀ, ਪਰ ਕੁਦਰਤ ਨੂੰ ਸ਼ਾਇਦ ਕੁੱਝ ਹੋਰ ਹੀ ਮਨਜ਼ੂਰ ਸੀ ਕਿ ਮਾਸਟਰ ਦਰਸ਼ਨ ਕੁਮਾਰ 16 ਮਈ 2013 ਨੂੰ ਆਪਣੇ ਪਰਿਵਾਰਕ ਮੈਂਬਰਾਂ, ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਆਦਿ ਨੂੰ ਸਾਜਰੇ ਹੀ ਅਲਵਿਦਾ ਕਹਿ ਗਏ । ਜਾਂਦੇ-ਜਾਂਦੇ ਹੋਏ ਉਹ ਵੀ ਆਪਣੇ ਪਿਤਾ ਡਾ. ਦੇਵ ਰਾਜ ਖੋਖਰ ਜੀ ਵਾਂਗ ਨੇਤਰਦਾਨ ਕਰ ਗਏ ਤਾਂ ਜੋ ਕੋਈ ਲੋੜਵੰਦ ਸੱਜਣ ਇਨ੍ਹਾਂ ਅੱਖਾਂ ਨਾਲ ਇਸ ਹਸੀਨ ਦੁਨੀਆਂ ਨੂੰ ਦੇਖ ਸਕੇ ।ਭਾਵੇਂ ਕਿ ਅੱਜ ਉਹ ਸਰੀਰਕ ਤੌਰ 'ਤੇ ਅੱਜ ਸਾਡੇ ਵਿੱਚ ਨਹੀਂ ਰਹੇ ਪਰ ਉਨ੍ਹਾਂ ਦੀਆਂ ਯਾਦਾਂ ਹਮੇਸ਼ਾਂ ਸਾਡੇ ਮਨਾਂ ਅੰਦਰ ਤਾਜ਼ਾ ਰਹਿਣਗੀਆਂ ।ਉਨ੍ਹਾਂ ਦੀ ਬਾਰ੍ਹਵੀਂ ਬਰਸੀ ਤੇ ਉਨ੍ਹਾਂ ਨੂੰ ਸਿਜ਼ਦਾ ਕਰਦੇ ਹੋਏ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ ।

# ਕਾਂਗਰਸ ਨੇ ਆਪਣੇ 8 ਕੌਸਲਰਾਂ ਨੂੰ ਪੰਜ ਸਾਲ ਲਈ ਪਾਰਟੀ 'ਚੋਂ ਕੱਢਿਆ



ਬਠਿੰਡਾ,15 ਮਈ (ਦੀਪਕ ਸ਼ਰਮਾ) : ਬੀਤੀ 2 ਮਈ ਨੂੰ ਕਾਂਗਰਸ ਪਾਰਟੀ ਨਾਲ ਸਬੰਧਤ ਸਾਬਕਾ ਸੀਨੀਅਰ ਡਿਪਟੀ ਮੇਅਰ ਅਸ਼ੋਕ ਪ੍ਰਧਾਨ ਦੇ ਖਿਲਾਫ ਪੇਸ਼ ਕੀਤੇ ਗਏ ਅਵਿਸ਼ਵਾਸ ਪ੍ਰਸਤਾਵ ਦੌਰਾਨ ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਵੱਲੋਂ ਮਹਾਸਚਿਵ ਕੈਪਟਨ ਸੰਦੀਪ ਸੰਧੂ ਨੂੰ ਕੀਤੀ ਅਪੀਲ ਨੂੰ ਅਣਡਿੱਠਾ ਕਰਨ ਵਾਲੇ ਪਾਰਸ਼ਦਾਂ ਵਿਰੁੱਧ ਪਾਰਟੀ ਦੀ ਅਨੁਸ਼ਾਸਨ ਕਮੇਟੀ ਵੱਲੋਂ ਵੱਡੀ ਕਾਰਵਾਈ ਕੀਤੀ ਗਈ ਹੈ। ਜ਼ਿਲ੍ਹਾ ਪ੍ਰਧਾਨ, ਸ਼ਹਿਰੀ ਸੀਨੀਅਰ ਆਗੂਆਂ ਦੀ ਸ਼ਿਕਾਇਤ 'ਤੇ ਪਾਰਟੀ ਦੀ ਅਨੁਸ਼ਾਸਨ ਕਮੇਟੀ ਦੇ ਚੇਅਰਮੈਨ ਅਵਤਾਰ ਹੈਨਰੀ ਨੇ ਅਨੁਸ਼ਾਸਨਹੀਣਤਾ ਦੇ ਦੋਸ਼ 'ਚ 8 ਪਾਰਸ਼ਦਾਂ ਨੂੰ ਪੰਜ ਸਾਲ ਲਈ ਪਾਰਟੀ 'ਚੋਂ ਕੱਢ ਦਿੱਤਾ ਹੈ। ਇਸ ਵਿਚਕਾਰ, ਬਲਾਕ ਪ੍ਰਧਾਨ ਬਲਰਾਜ ਸਿੰਘ ਪੱਕਾ, ਪੰਜਾਬ ਕਾਂਗਰਸ ਪ੍ਰਤੀਨਿਧੀ ਪਵਨ ਮਾਨੀ ਤੇ ਉਸ ਦੀ ਪਤਨੀ ਸਮੇਤ 5 ਹੋਰ ਪਾਰਸ਼ਦ ਅਜੇ ਵੀ ਅਨੁਸ਼ਾਸਨੀ ਕਾਰਵਾਈ ਦੀ ਤਲਵਾਰ ਹੇਠ ਹਨ। ਬੀਤੇ ਬੁੱਧਵਾਰ ਨੂੰ ਪਾਰਟੀ ਦੀ ਅਨੁਸ਼ਾਸਨ ਕਮੇਟੀ ਵੱਲੋਂ 13 ਪਾਰਸ਼ਦਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ। ਇਹਨਾਂ ਨੋਟਿਸਾਂ ਰਾਹੀਂ ਪਾਰਸ਼ਦਾਂ ਤੇ ਆਗੂਆਂ ਤੋਂ ਤਿੰਨ ਦਿਨਾਂ ਦੇ ਅੰਦਰ ਜਵਾਬ ਮੰਗਿਆ ਗਿਆ ਸੀ। ਪਾਰਟੀ ਨੇ 6 ਪਾਰਸ਼ਦਾਂ ਵੱਲੋਂ ਦਿੱਤੇ ਜਵਾਬ ਅਸੰਤੋਸ਼ਜਨਕ ਮੰਨੇ, ਜਦਕਿ 2 ਪਾਰਸ਼ਦਾਂ ਵੱਲੋਂ ਨੋਟਿਸਾਂ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ, ਜਿਸ ਤੋਂ ਬਾਅਦ ਪਾਰਸ਼ਦ ਕਮਲਜੀਤ ਕੌਰ ਪਤਨੀ ਚਰਨਜੀਤ ਭੋਲਾ, ਪੁਸ਼ਪਾ ਰਾਣੀ ਪਤਨੀ ਵਿੱਪਨ ਮੀਤੂ, ਮਮਤਾ ਸੈਣੀ ਪਤਨੀ ਵਿਨੋਦ ਸੈਣੀ, ਕਮਲੇਸ਼ ਮਹੇਰਾ ਪਤਨੀ ਰਾਜ ਮਹੇਰਾ, ਰਾਜ ਰਾਣੀ ਭੈਣ ਸਾਧੂ ਸਿੰਘ, ਨੇਹਾ ਜਿੰਦਲ ਪੁੱਤਵਧੂ ਮਨੋਜ ਜਿੰਦਲ, ਕੁਲਵਿੰਦਰ ਕੌਰ ਪਤਨੀ ਜਸਪਾਲ ਗੋਰਾ ਦੇ ਇਲਾਵਾ ਸਾਬਕਾ ਮੇਅਰ ਬਲਵੰਤ ਰਾਏ ਨਾਥ ਦੇ ਭਾਣਜੇ ਪਾਰਸ਼ਦ ਸੁਰੇਸ਼ ਚੌਹਾਨ ਨੂੰ ਪਾਰਟੀ 'ਚੋਂ ਪੰਜ ਸਾਲ ਲਈ ਕੱਢ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਕਾਂਗਰਸੀ ਆਗੂ ਚਰਨਜੀਤ ਭੋਲਾ ਤੇ ਕਾਰਜਕਾਰੀ ਬਲਾਕ ਪ੍ਰਧਾਨ ਵਿੱਪਨ ਮੀਤੂ 'ਤੇ ਵੀ ਪਹਿਲਾਂ ਹੀ ਕਾਰਵਾਈ ਹੋ ਚੁੱਕੀ ਹੈ ।ਦੱਸਣਾ ਬਣਦਾ ਹੈ ਕਿ 8 'ਚੋਂ 7 ਪਾਰਸ਼ਦਾਂ ਨੇ ਦੋ ਵਾਰ, 1 ਨੇ ਤਿੰਨ ਵਾਰ ਪਾਰਟੀ ਵਿਰੁੱਧ ਵੋਟਿੰਗ ਕੀਤੀ ਕਾਂਗਰਸ ਮੁਤਾਬਕ ਕੱਢੇ ਗਏ 8 ਪਾਰਸ਼ਦਾਂ 'ਚੋਂ 1 ਮਮਤਾ ਸੈਣੀ ਨੇ ਤਿੰਨ ਵਾਰ ਪਾਰਟੀ ਵਿਰੁੱਧ ਜਾ ਕੇ ਵੋਟਿੰਗ ਕੀਤੀ, ਜਦਕਿ ਬਾਕੀ 7 ਪਾਰਸ਼ਦਾਂ ਨੇ ਪਹਿਲਾਂ 5 ਫਰਵਰੀ ਨੂੰ ਕਾਂਗਰਸ ਪਾਰਟੀ ਦੇ ਮੇਅਰ ਉਮੀਦਵਾਰ ਬਲਜਿੰਦਰ ਸਿੰਘ ਠੇਕੇਦਾਰ ਦੇ ਖਿਲਾਫ ਵੋਟ ਦਿੱਤੀ ਅਤੇ ਫਿਰ 2 ਮਈ ਨੂੰ ਸੀਨੀਅਰ ਡਿਪਟੀ ਮੇਅਰ ਵਿਰੁੱਧ ਅਵਿਸ਼ਵਾਸ ਪ੍ਰਸਤਾਵ 'ਚ ਵੀ ਵਿਰੋਧੀ ਪੱਖ ਦਾ ਸਾਥ ਦਿੱਤਾ। ਜਿਸ ਤੋਂ ਬਾਅਦ ਇਹ ਸਖ਼ਤ ਕਦਮ ਚੁੱਕਿਆ ਗਿਆ ਹੈ। ਇਸ ਵਿਚਕਾਰ, ਬਾਕੀ ਰਹਿ ਗਏ ਪੰਜ ਪਾਰਸ਼ਦਾਂ ਤੇ ਆਗੂਆਂ ਖਿਲਾਫ ਅਜੇ ਵੀ ਕਾਰਵਾਈ ਲੰਬਿਤ ਹੈ, ਜਿਸ 'ਚ ਸੁਬਾਈ ਪ੍ਰਤੀਨਿਧੀ ਪਵਨ ਮਾਨੀ, ਉਨ੍ਹਾਂ ਦੀ ਪਾਰਸ਼ਦ ਪਤਨੀ ਪ੍ਰਵੀਣ ਗਰਗ, ਬਲਾਕ ਪ੍ਰਧਾਨ ਤੇ ਪਾਰਸ਼ਦ ਬਲਰਾਜ ਪੱਕਾ, ਪਾਰਸ਼ਦ ਜਸਵੀਰ ਸਿੰਘ ਜੱਸਾ ਅਤੇ ਪਾਰਸ਼ਦ ਸ਼ਾਮ ਲਾਲ ਜੈਨ ਸ਼ਾਮਲ ਹਨ। ਬਲਰਾਜ ਸਿੰਘ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਕਿ ਮੇਅਰ ਚੋਣ ਦੌਰਾਨ ਉਹ ਮੌਜੂਦ ਨਹੀਂ ਸਨ। ਇਸ ਦੇ ਨਾਲ ਉਨ੍ਹਾਂ ਨੇ ਸੀਨੀਅਰ ਡਿਪਟੀ ਕਮਿਸ਼ਨਰ ਵਿਰੁੱਧ ਅਵਿਸ਼ਵਾਸ ਪ੍ਰਸਤਾਵ ਦਾ ਵੀ ਬਹਿਸ਼ਕਾਰ ਕੀਤਾ ਸੀ। ਇਸੇ ਤਰ੍ਹਾਂ, ਪਵਨ ਮਾਣੀ ਦੀ ਪਤਨੀ ਜੋ ਕਿ ਗੈਰਹਾਜ਼ਰ ਰਹੀ ਅਤੇ ਕਾਂਗਰਸ ਵੱਲੋਂ ਬਣਾਈ ਗਈ ਆਪਣੀ ਐਫਏਡੀਸੀਸੀ ਮੈਂਬਰਸ਼ਿਪ ਛੱਡ ਦਿੱਤੀ ਤੇ ਬਾਅਦ ਵਿੱਚ ਮੇਅਰ ਗੁੱਟ ਦੀ ਮੈਂਬਰਸ਼ਿਪ ਕਬੂਲ ਕਰ ਲਈ। ਜ਼ਿਕਰ ਯੋਗ ਹੈ ਕਿ ਬਠਿੰਡਾ ਨਗਰ ਨਿਗਮ ਲਈ ਫਰਵਰੀ 2021 ਵਿੱਚ ਹੋਏ ਚੋਣਾਂ 'ਚ 50 ਮੈਂਬਰਾਂ ਵਾਲੀ ਹਾਊਸ ਵਿੱਚੋਂ 43 ਪਾਰਸ਼ਦ ਕਾਂਗਰਸ ਪਾਰਟੀ ਦੇ ਚਿਨ੍ਹ 'ਤੇ ਜਿੱਤੇ ਸਨ। ਹਾਲਾਂਕਿ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਬਾਦਲ ਵੱਲੋਂ ਕਾਂਗਰਸ ਛੱਡ ਕੇ ਭਾਜਪਾ 'ਚ ਜਾਣ ਤੋਂ ਬਾਅਦ ਕਾਂਗਰਸ ਲਗਾਤਾਰ ਕਮਜ਼ੋਰ ਹੋ ਰਹੀ ਹੈ। ਇਸ ਤੋਂ ਪਹਿਲਾਂ, 15 ਨਵੰਬਰ 2023 ਨੂੰ ਮਨਪ੍ਰੀਤ ਹਮਾਇਤੀ ਮੇਅਰ ਰਮਨ ਗੋਇਲ ਨੂੰ ਹਟਾਏ ਜਾਣ 'ਤੇ ਮਨਪ੍ਰੀਤ ਦੇ ਪੱਖ ਵਿੱਚ ਖੜ੍ਹੇ ਕਈ ਪਾਰਸ਼ਦ ਜਿੱਥੇ ਪਾਰਟੀ ਛੱਡ ਕੇ ਮਨਪ੍ਰੀਤ ਦੇ ਗੁੱਟ ਵਿੱਚ ਚਲੇ ਗਏ ਸਨ, ਉੱਥੇ ਕਈ ਹੋਰ ਨੂੰ ਕਾਂਗਰਸ ਨੇ ਕੱਢ ਦਿੱਤਾ ਸੀ ।ਇਸ ਦੇ ਬਾਵਜੂਦ ਕਾਂਗਰਸ ਕੋਲ 27-28 ਪਾਰਸ਼ਦ ਬਚੇ ਰਹਿ ਗਏ ਸਨ, ਪਰ ਉਸ ਤੋਂ ਬਾਅਦ ਹੋਈ ਮੇਅਰ ਚੋਣ ਦੌਰਾਨ ਮਹਿਤਾ ਗੁੱਟ ਵੱਲੋਂ ਆਪਣੇ ਪੱਖ 'ਚ ਲਿਆਉਣ ਤੋਂ ਬਾਅਦ ਜ਼ਿਆਦਾਤਰ ਕਾਂਗਰਸੀ ਪਾਰਸ਼ਦਾਂ ਨੇ ਆਪਣੀ ਹੀ ਪਾਰਟੀ ਦੇ ਵਿਰੋਧ 'ਚ ਵੋਟਿੰਗ ਕੀਤੀ।



# ਪਟਿਆਲਾ-ਆਸ/ਪਾਸ



# ਬਾਰ ਐਸੋਸੀਏਸ਼ਨ ਦੇ ਪ੍ਰਧਾਨ ਨਵਦੀਪ ਸਿੰਘ ਢਿੱਲੋਂ ਦੀ ਅਗਵਾਈ ਹੇਠ ਨਵੇਂ ਆਏ ਜੱਜਾਂ ਦਾ ਸਵਾਗਤ

## ਬਾਰ ਐਸੋਸੀਏਸ਼ਨ ਸਮਾਣਾ ਅਦਾਲਤੀ ਬੈਂਚ ਨੂੰ ਪੂਰਾ ਸਹਿਯੋਗ ਦੇਵੇਗੀ



ਸਮਾਣਾ, 15 ਮਈ (ਜਵੰਦਾ/ਵਿਜੇ ਕੁਮਾਰ) : ਸਮਾਣਾ ਦੀਆਂ ਜੁਡੀਸ਼ੀਅਲ ਅਦਾਲਤਾਂ ਵਿਖੇ ਆਏ ਨਵੇਂ ਜੱਜ ਸਾਹਿਬਾਨਾਂ ਦੇ ਸਵਾਗਤ ਵਿੱਚ ਬਾਰ ਐਸੋਸੀਏਸ਼ਨ ਸਮਾਣਾ ਵੱਲੋਂ ਇੱਕ ਸਾਦਾ ਸਮਾਗਮ ਕੀਤਾ ਗਿਆ, ਜਿਸ ਵਿੱਚ ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਐਡਵੋਕੇਟ ਨਵਦੀਪ ਸਿੰਘ ਢਿੱਲੋਂ ਦੀ ਅਗਵਾਈ ਹੇਠ ਵਕੀਲ ਸਾਹਿਬਾਨਾਂ ਵੱਲੋਂ ਸਮਾਣਾ ਦੀਆਂ ਅਦਾਲਤਾਂ ਵਿਖੇ ਆਏ ਨਵੇਂ ਜੱਜ ਸਾਹਿਬਾਨ ਕਪਿਲ ਦੇਵ ਸਿੰਗਲਾ ਐਡੀਸ਼ਨਲ ਪ੍ਰਿੰਸੀਪਲ ਜੱਜ ਫੈਮਿਲੀ ਕੋਰਟ ਸਮਾਣਾ, ਮਨਦੀਪ ਸਿੰਘ ਅਡੀਸ਼ਨਲ ਸਿਵਿਲ ਜੱਜ ਸੀਨੀਅਰ ਡਿਵੀਜ਼ਨ ਸਮਾਣਾ, ਮੈਡਮ ਡਾ. ਰਾਜਵਿੰਦਰ ਕੌਰ, ਮੈਡਮ ਜਸਲੀਨ ਕੌਰ ਬਵੇਜਾ, ਮੈਡਮ ਮੋਹਣੀ ਗੋਇਲ, ਮੈਡਮ ਡਿੰਪਲ ਗਰਗ ਸਾਰੇ ਸਿਵਲ ਜੂਨੀਅਰ ਡਿਵੀਜ਼ਨ ਸਮਾਣਾ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਉਹਨਾਂ ਦਾ ਸਵਾਗਤ ਕੀਤਾ। ਇਸ ਮੌਕੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਨਵਦੀਪ ਸਿੰਘ ਢਿੱਲੋਂ ਨੇ ਕਿਹਾ ਕਿ ਸਮਾਣਾ ਦੀਆਂ ਜੁਡੀਸ਼ੀਅਲ ਅਦਾਲਤਾਂ ਵਿੱਚ ਅਦਾਲਤੀ ਬੈਂਚ ਜਿਆਦਾ ਹੋਣ ਕਰਕੇ ਇਕ ਵਕੀਲ ਇੱਕੋ ਸਮੇਂ ਸਾਰੀਆਂ ਅਦਾਲਤਾਂ ਵਿੱਚ ਨਹੀਂ ਪੇਸ਼ ਨਹੀਂ ਹੋ ਸਕਦਾ ਇਸ ਲਈ ਕਿਸੇ ਵਕੀਲ ਦੀ ਕਿਸੇ ਕੇਸ ਵਿੱਚ ਗੈਰ ਹਾਜ਼ਰੀ ਨਾ ਲਗਾਈ ਜਾਵੇ। ਉਹਨਾਂ ਕਿਹਾ ਕਿ ਸਟੇਅ ਮੈਟਰ ਕੇਸਾਂ ਅਤੇ ਬੇਲ ਐਪਲੀਕੇਸ਼ਨਾਂ ਵਿੱਚ ਵਕੀਲ ਸਾਹਿਬਾਨਾਂ ਨੂੰ ਵੱਧ ਤੋਂ ਵੱਧ ਰਿਲੀਫ ਦਿੱਤਾ ਜਾਵੇ। ਉਨ੍ਹਾਂ ਅਦਾਲਤੀ ਬੈਂਚ ਨੂੰ ਵਿਸ਼ਵਾਸ ਦਵਾਇਆ ਕਿ ਬਾਰ ਐਸੋਸੀਏਸ਼ਨ ਸਮਾਣਾ ਅਦਾਲਤੀ ਬੈਂਚ ਨੂੰ ਪੂਰਾ ਸਹਿਯੋਗ ਦੇਵੇਗੀ ਤਾਂ ਜੋ ਬਾਹਰ ਅਤੇ ਬੈਂਚ ਦਾ ਆਪਸੀ ਵਧੀਆ ਤਾਲਮੇਲ ਬਣਿਆ ਰਹੇ। ਇਸ ਮੌਕੇ ਜੱਜ ਸਾਹਿਬਾਨਾਂ ਵੱਲੋਂ ਅਡੀਸ਼ਨਲ ਸਿਵਲ ਜੱਜ ਸੀਨੀਅਰ ਡਿਵੀਜ਼ਨ ਸਮਾਣਾ ਮਨਦੀਪ ਸਿੰਘ ਨੇ ਬਾਰ ਐਸੋਸੀਏਸ਼ਨ ਨੂੰ ਵਿਸ਼ਵਾਸ ਦਵਾਇਆ ਕਿ ਕਿ ਉਹ ਬਾਰ ਐਸੋਸੀਏਸ਼ਨ ਨਾਲ ਮਿਲ ਕੇ ਚੱਲਣਗੇ ਪ੍ਰੰਤੂ ਬਾਰ ਐਸੋਸੀਏਸ਼ਨ ਵੀ ਅਦਾਲਤੀ ਬੈਂਚਾਂ ਨੂੰ ਪੂਰਾ ਸਹਿਯੋਗ ਦੇਵੇ ਤਾਂ ਜੋ ਉਹ ਉੱਚ ਅਦਾਲਤਾਂ ਵੱਲੋਂ ਦਿੱਤੇ ਟਾਰਗੇਟਾਂ ਨੂੰ ਪੂਰਾ ਕਰ ਸਕਣ। ਉਹਨਾਂ ਕਿਹਾ ਕਿ ਸੀਨੀਅਰ ਅਤੇ ਜੂਨੀਅਰ ਵਕੀਲਾਂ ਨੂੰ ਬਰਾਬਰਤਾ ਦਿੱਤੀ ਜਾਵੇਗੀ ਕਿਸੇ ਨਾਲ ਭਿੰਨ ਭੇਦ ਨਹੀਂ ਕੀਤਾ ਜਾਵੇਗਾ। ਇਸ ਮੌਕੇ ਬਾਰ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਐਡਵੋਕੇਟ ਸੰਦੀਪ ਜਿੰਦਲ, ਸੈਕਟਰੀ ਐਡਵੋਕੇਟ ਕਸਮੀਰ ਸਿੰਘ ਚੂੰਬਰ, ਜੁਆਇੰਟ ਸੈਕਟਰੀ ਕੁਲਜੀਤ ਸਿੰਘ ਵਿਰਕ, ਕੈਸ਼ੀਅਰ ਐਡਵੋਕੇਟ ਬਘੇਲ ਸਿੰਘ ਸੰਧੂ , ਲਾਈਬ੍ਰੇਰੀਅਨ ਐਡਵੋਕੇਟ ਖਵਾਬ ਸੋਨੀ, ਐਗਜੈਕਟਿਵ ਮੈਂਬਰ ਐਡਵੋਕੇਟ ਅਰਨਦੀਪ ਸਿੰਘ ਸੰਧੂ, ਨੇਹਾ ਚੋਪੜਾ, ਜਸਵਿੰਦਰ ਸਿੰਘ ਗੋਲਣ ਤੋਂ ਇਲਾਵਾ ਸਾਬਕਾ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ, ਦਵਿੰਦਰ ਸਿੰਘ ਢਿੱਲੋਂ,ਗੁਰਜੀਤ ਕੌਰ ਬੱਲ, ਐਡਵੋਕੇਟ, ਅਰਮਾਨ ਸਿੰਘ, ਕਸ਼ਮੀਰ ਸਿੰਘ ਵਿਰਕ, ਕੁਲਵੰਤ ਸਿੰਘ ਢਿੱਲੋਂ, ਸੁਰੇਸ਼ ਸ਼ਰਮਾ , ਜਸਵਿੰਦਰ ਸਿੰਘ ਧਾਲੀਵਾਲ, ਰਣਜੀਤ ਸਿੰਘ ਬਰਾੜ, ਮਾਨ ਸਿੰਘ ਗਿੱਲ, ਸੁਰੇਸ਼ ਸ਼ਰਮਾ ,ਵਿਕਾਸ ਸ਼ਰਮਾ ,ਇੰਦਰਜੀਤ ਸਿੰਘ ਸਲੂਜਾ ,ਕੁਲਵਿੰਦਰ ਸਿੰਘ ਗਲੌਲੀ, ਅਮਰਜੀਤ ਸਿੰਘ ਬਾਜਵਾ, ਰਵਿੰਦਰ ਕੁਮਾਰ ਸਹੋਤਾ , ਰਿਸ਼ੀ ਚੋਪੜਾ, ਸੁਬਾਸ਼ ਠਾਕੁਰ, ਜਸਪਾਲ ਸਿੰਘ ਸੰਧੂ,ਰਾਜ ਕੁਮਾਰ ਭਾਨ, ਸੰਜੀਵ ਬਾਂਸਲ, ਭੁਪਿੰਦਰ ਸਿੰਘ ਚੀਮਾਂ, ਹਰਿੰਦਰ ਪਾਲ ਸਿੰਘ, ਗੁਰਚੈਨ ਸਿੰਘ ਔਲਖ, ਬਲਬੀਰ ਸਿੰਘ ਧਨੋਆ, ਪਰਮਿੰਦਰ ਸਿੰਘ ਕੰਡਾ, ਬਿਕਰਮਜੀਤ ਸਿੰਘ ਚਹਿਲ, ਬਲਰਾਜ ਸਿੰਘ ਨਰੈਣ, ਅਰਵਿੰਦਰ ਸਿੰਘ ਸੇਖੋਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਐਡਵੋਕੇਟਸ ਹਾਜ਼ਰ ਸਨ।

# ਮਾਲ ਵਿਭਾਗ ਦੇ ਕੰਮਾਂ ਨੂੰ ਪਾਰਦਰਸ਼ੀ ਅਤੇ ਸਮਾਂਬੱਧ ਤਰੀਕੇ ਨਾਲ ਕਰਨਾ ਯਕੀਨੀ ਬਣਾਉਣ ਅਧਿਕਾਰੀ : ਵਿਰਾਜ ਐਸ.ਤਿੜਕੇ



ਮਾਲੇਰਕੋਟਲਾ, 15 ਮਈ (ਚ.ਨ.ਸ.) : ਜ਼ਿਲ੍ਹਾ ਮਾਲੇਰਕੋਟਲਾ ਦੇ ਲੋਕਾਂ ਨੂੰ ਮਾਲ ਵਿਭਾਗ ਨਾਲ ਸਬੰਧਿਤ ਕੰਮਾਂ ਨੂੰ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਮੁਹੱਈਆ ਕਰਵਾਉਣ ਅਤੇ ਮਾਲ ਵਿਭਾਗ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਨੇ ਵਿਭਾਗੀ ਅਧਿਕਾਰੀਆਂ ਨਾਲ ਅਹਿਮ ਮੀਟਿੰਗ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ, ਐਸ.ਡੀ.ਐਮ. ਮਾਲੇਰਕੋਟਲਾ/ ਅਹਿਮਦਗੜ੍ਹ ਗੁਰਮੀਤ ਕੁਮਾਰ ਬਾਂਸਲ, ਐਸ.ਡੀ.ਐਮ. ਅਮਰਗੜ੍ਹ ਸੁਰਿੰਦਰ ਕੌਰ ,ਜ਼ਿਲ੍ਹਾ ਮਾਲ ਅਫ਼ਸਰ ਮਨਦੀਪ ਕੌਰ , ਡੀ.ਡੀ.ਪੀ.ਓ ਰਿੰਪੀ ਗਰਗ ,ਤਹਿਸੀਲਦਾਰ ਅਮਰਗੜ੍ਹ ਲਵਦੀਪ ਸਿੰਘ, ਨਾਇਬ ਤਹਿਸੀਲਦਾਰ ਮਾਲੇਰਕੋਟਲਾ ਚਰਨਜੀਤ ਸਿੰਘ, ਨਾਇਬ ਤਹਿਸੀਲਦਾਰ ਅਹਿਮਦਗੜ੍ਹ ਕਮਲਜੀਤ, ਜ਼ਿਲ੍ਹਾ ਆਈ.ਟੀ ਮੈਨੇਜਰ ਮੋਨਿਕਾ ਸਿੰਗਲਾ, ਸਦਰ ਕਾਨੂੰਗੋ ਰਣਜੀਤ ਸਿੰਘ ਤੋਂ ਇਲਾਵਾ ਦਫਤਰ ਦੀਆਂ ਵੱਖ-ਵੱਖ ਸ਼ਾਖਾਵਾਂ ਦੇ ਕਰਮਚਾਰੀ ਹਾਜ਼ਰ ਸਨ। ਬਕਾਇਆ ਕੇਸਾਂ ਦੇ ਨਿਪਟਾਰੇ ਸਬੰਧੀ ਮਾਲ ਵਿਭਾਗ ਦੇ ਅਧਿਕਾਰੀਆਂ ਨਾਲ ਰੀਵਿਊ ਮੀਟਿੰਗ ਕਰਦਿਆਂ ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਨੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਮਾਲ ਵਿਭਾਗ ਸਬੰਧੀ ਸੇਵਾਵਾਂ ਨੂੰ ਮਿਥੇ ਸਮੇਂ ਅੰਦਰ ਅਤੇ ਪਾਰਦਰਸ਼ੀ ਢੰਗ ਨਾਲ ਮੁਹੱਈਆ ਕਰਵਾਇਆਂ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਜ਼ਿਲ੍ਹੇ ਦੇ ਆਮ ਨਾਗਰਿਕਾਂ ਨੂੰ ਖੱਜਲ ਖੁਆਰ ਨਾ ਹੋਣਾ ਪਵੇ। ਲੋਕਾਂ ਦੀ ਸਹੂਲਤ ਲਈ ਮਾਲ ਵਿਭਾਗ ਨਾਲ ਸਬੰਧਤ ਸਮੂੰਚੀਆਂ ਸਹੂਲਤਾਂ ਘੱਟੋ-ਘੱਟ ਸਮੇਂ ਵਿੱਚ ਮੁਹੱਈਆ ਕਰਵਾਉਣ ਦੀ ਲੋੜ ਤੇ ਜ਼ੋਰ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਮਾਲ ਰਿਕਾਰਡ ਦੀ ਅਪਡੇਸ਼ਨ, ਰੈਵੀਨਿਊ ਕੋਰਟ ਮੈਨੇਜਮੈਂਟ ਸਿਸਟਮ ,ਜਮ੍ਹਾਂਬੰਦੀਆਂ, ਮੁਸਾਵੀਆਂ ਦੀ ਡਿਜੀਟਾਈਜ਼ੇਸ਼ਨ, ਈ-ਸੇਵਾਵਾਂ ਪੈਂਡਿੰਗ ਆਦਿ ਸਬੰਧੀ ਕਾਰਜਾਂ ਦਾ ਜਾਇਜ਼ਾ ਲਿਆ । ਉਨ੍ਹਾਂ ਜ਼ਿਲ੍ਹੇ ਦੇ ਸਮੂਹ ਐਸ.ਡੀ.ਐਮਜ਼ ਨੂੰ ਲੰਬਿਤ ਮਾਮਲਿਆਂ ਵਿੱਚ ਨਜ਼ਰਸਾਨੀ ਯਕੀਨੀ ਬਣਾਉਣ ਲਈ ਆਖਿਆ ਤਾਂ ਜੋ ਲੰਬਿਤ ਅਰਜੀਆਂ ਦੀ ਬਕਾਇਆ ਦਰ ਸਿਫ਼ਰ ਕੀਤੀ ਜਾ ਸਕੇ ।

# ਟਰੈਕਟਰ-ਟਰਾਲੀ ਦੀ ਕਾਰ ਨਾਲ ਟੱਕਰ, ਦੋ ਸਕੇ ਭਰਾ ਗੰਭੀਰ ਜ਼ਖ਼ਮੀ, ਚਾਲਕ ਫ਼ਰਾਰ

ਸਮਾਣਾ, 15 ਮਈ (ਵਿਜੇ ਕੁਮਾਰ) : ਸਮਾਣਾ-ਪਾਤੜਾਂ ਸੜਕ 'ਤੇ ਕੋਰਟ ਕੰਪਲੈਕਸ ਨੇੜੇ ਇੱਕ ਟਰੈਕਟਰ-ਟਰਾਲੀ ਵੱਲੋਂ ਕਾਰ ਨੂੰ ਮਾਰੀ ਟੱਕਰ 'ਚ ਕਾਰ ਸਵਾਰ ਦੋਵੇਂ ਭਰਾ ਗੰਭੀਰ ਜ਼ਖ਼ਮੀ ਹੋ ਗਏ। ਜਿਨ੍ਹਾਂ ਨੂੰ ਇਲਾਜ ਲਈ ਤੁਰੰਤ ਪਟਿਆਲਾ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਦਾਖਿਲ ਕਰਵਾਇਆ ਗਿਆ। ਇਸ ਹਾਦਸੇ 'ਚ ਕਾਰ ਦੇ ਪਰਖਚੇ ਉਡ ਗਏ, ਜਦੋਂਕਿ ਟਰੈਕਟਰ ਚਾਲਕ ਵਾਹਨ ਛੱਡ ਕੇ ਫਰਾਰ ਹੋ ਗਿਆ। ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਸ ਦੀ ਏ.ਐਸ.ਆਈ. ਧਰਮਿੰਦਰ ਸਿੰਘ ਨੇ ਦੱਸਿਆ ਕਿ ਨਵੀਨ ਗਰਗ ਨਿਵਾਸੀ ਨਰਵਾਣਾ ਰੋਡ ਪਾਤੜਾਂ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ 12 ਮਈ ਦੁਪਹਿਰ ਬਾਅਦ ਉਹ ਆਪਣੇ ਭਰਾ ਦਿਨੇਸ਼ ਕੁਮਾਰ ਦੇ ਨਾਲ ਕਾਰ ਰਾਹੀਂ ਪਾਤੜਾਂ ਤੋਂ ਪਟਿਆਲਾ ਵੱਲ ਜਾ ਰਹੇ ਸੀ ਕਿ ਕੋਰਟ ਕੰਪਲੈਕਸ ਨੇੜੇ ਇੱਕ ਟਰੈਕਟਰ ਦੇ ਨਾਲ ਜੋੜੀ ਗਈ ਡਬਲ ਟਰਾਲੀ ਦੇ ਚਾਲਕ ਨੇ ਲਾਪ੍ਰਵਾਹੀ ਨਾਲ ਆਪਣਾ ਵਾਹਨ ਉਹਨਾਂ ਦੀ ਕਾਰ ਵਿੱਚ ਮਾਰ ਦਿੱਤਾ। ਇਸ ਹਾਦਸੇ 'ਚ ਦੋਵੇਂ ਭਰਾ ਗੰਭੀਰ ਜ਼ਖ਼ਮੀ ਹੋ ਗਏ। ਜਿਨ੍ਹਾਂ ਨੂੰ ਲੋਕਾਂ ਵੱਲੋਂ ਨੇੜਲੇ ਪ੍ਰਾਈਵੇਟ ਹਸਪਤਾਲ ਲਿਜਾਇਆ ਗਿਆ। ਜਿੱਥੇ ਮੁੱਢਲੇ ਇਲਾਜ ਤੋਂ ਬਾਅਦ ਉਹਨਾਂ ਨੂੰ ਪਟਿਆਲਾ ਭੇਜ ਦਿੱਤਾ ਗਿਆ। ਅਧਿਕਾਰੀ ਅਨੁਸਾਰ ਪੁਲਸ ਨੇ ਹਾਦਸਾਗ੍ਰਸਤ ਟਰੈਕਟਰ-ਡਬਲ ਟਰਾਲੀ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਉਸ ਦੇ ਅਣਪਛਾਤੇ ਚਾਲਕ ਦੀ ਭਾਲ ਸ਼ੁਰੂ ਕਰ ਦਿੱਤੀ।

# ਹਲਕੇ ਦੇ ਵਿਕਾਸ ਕਾਰਜਾਂ 'ਚ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ : ਵਿਧਾਇਕ ਦੇਵ ਮਾਨ



ਨਾਭਾ, 15 ਮਈ (ਗੁਰਚਰਨ ਸਿੰਘ ਚੌਧਰੀਮਾਜਰਾ) : ਹਰ ਕੋਈ ਕਹਿੰਦਾ ਸਾਡੀ ਗਲੀ ਬਣਾ ਦਿਉ, ਸੜਕ ਬਣਾ ਦਿਉ, ਪੁਲੀਆਂ ਬਣਾ ਦਿਉ, ਬਣ ਵੀ ਗਈਆ ਹਨ, ਪਰ ਉਥੋ ਦੇ ਰਹਿਣ ਵਾਲੇ ਕਿਸੇ ਜੁਮੇਵਾਰ ਵਿਅਕਤੀ ਕੋਲ ਇਨ੍ਹਾਂ ਸਮਾਂ ਨਹੀਂ ਹੈ ਕਿ ਉਹ ਨਵੀਆਂ ਬਣੀਆ ਪੁਲੀਆ ਨੂੰ ਪਾਣੀ ਲਾ ਸਕੇ, ਜਿਸ ਨੂੰ ਲੈ ਕੇ ਹਲਕਾ ਨਾਭਾ ਤੋਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਨਵੀਂ ਬਣ ਰਹੀ ਸੜਕ ਅਤੇ ਪੁਲੀਆ ਦਾ ਜਾਇਜਾ ਲਿਆ। ਉਪਰੰਤ ਚੋਣਵੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੇਰੀ ਆਪ ਸਭ ਨੂੰ ਬੇਨਤੀ ਹੈ ਕਿ ਸਫਾਈ ਕਰਨੀ, ਰੁੱਖ ਲਾਉਣਾ ਵਰਗੀਆ ਜ਼ੁੰਮੇਵਾਰੀਆ ਸਾਂਭਣੀਆਂ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨਾਲ ਉਹਨਾਂ ਵੱਲੋਂ ਇਲਾਕੇ ਦੇ ਵੱਖ ਵੱਖ ਵਿਕਾਸ ਕਾਰਜਾਂ ਸਬੰਧੀ ਚਰਚਾ ਕੀਤੀ ਗਈ ਸੀ ਤਾਂ ਜੋ ਹਲਕੇ ਦੇ ਰਹਿੰਦੇ ਕੰਮਾਂ ਨੂੰ ਵੀ ਛੇਤੀ ਤੋਂ ਛੇਤੀ ਪੂਰਾ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਜਲਦੀ ਮੁਕੰਮਲ ਕਰ ਲਏ ਜਾਣਗੇ। ਵਿਧਾਇਕ ਦੇਵ ਮਾਨ ਨੇ ਕਿਹਾ ਹਲਕਾ ਵਾਸੀਆਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਿਲ ਨਹੀਂ ਆਵੇਗੀ, ਹਲਕੇ ਅੰਦਰ ਵਿਕਾਸ ਪੱਖੋਂ ਕਿਸੇ ਤਰ੍ਹਾਂ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ ਤੇ ਆਉਣ ਵਾਲੇ ਦਿਨਾਂ ਵਿੱਚ ਵਿਕਾਸ ਕਾਰਜਾਂ ਦੇ ਕਈ ਹੋਰ ਨਵੇਂ ਪ੍ਰਾਜੈਕਟਾਂ ਦੀ ਸ਼ੁਰੂਆਤ ਕੀਤੀ ਜਾਵੇਗੀ। ਦੇਵ ਮਾਨ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਅਗਵਾਈ ਹੇਠ ਸਰਕਾਰ ਵੱਲੋਂ ਹਲਕੇ ਦੇ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਲਈ ਪਿਛਲੇ ਸਮੇਂ ਦੌਰਾਨ ਵੱਡੇ ਪੱਧਰ 'ਤੇ ਕੰਮ ਕਰਵਾਏ ਗਏ ਹਨ, ਜਿਸ ਨਾਲ ਇਨ੍ਹਾਂ ਸਕੂਲਾਂ ਦੀ ਦਿੱਖ ਵਿੱਚ ਵੱਡਾ ਸੁਧਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਸਿੱਖਿਆ ਮਾਡਲ ਬਾਕੀ ਰਾਜਾਂ ਲਈ ਵੀ ਮਿਸਾਲ ਕਾਇਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਕੂਲਾਂ ਨੂੰ ਅਵੱਲ ਦਰਜੇ ਦਾ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਉੱਥੇ ਹੀ ਹਲਕੇ ਦੇ ਪਿੰਡਾਂ ਅਤੇ ਸ਼ਹਿਰ ਦੇ ਹਰ ਵਾਰਡ ਵਿੱਚ ਨੁਹਾਰ ਬਦਲਣ ਲਈ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਕੋਈ ਕਸਰ ਨਹੀਂ ਛੱਡੀ ਜਾ ਰਹੀ ਹੈ।

# ਹੜਤਾਲ ਦੀ ਤਿਆਰੀ ਦੇ ਸਬੰਧ 'ਚ ਬਿਜਲੀ ਕਾਮਿਆਂ ਨੇ ਕੀਤੀ ਰੈਲੀ




ਪਟਿਆਲਾ, 15 ਮਈ (ਚ.ਨ.ਸ.) : ਟੈਕਨੀਕਲ ਸਰਵਿਸ ਯੂਨੀਅਨ ਸਰਕਲ ਪਟਿਆਲਾ ਦੇ ਪ੍ਰਧਾਨ ਹਰਜੀਤ ਸਿੰਘ ਸੇਖੋਂ ਅਤੇ ਸਰਕਲ ਸਕੱਤਰ ਬਰੇਸ਼ ਕੁਮਾਰ ਨੇ ਸਾਂਝੇ ਬਿਆਨ ਰਾਹੀਂ ਦੱਸਿਆ ਕਿ ਪਟਿਆਲਾ ਸ਼ਹਿਰ ਨੂੰ ਚਾਰੇ ਡਵੀਜਨਾਂ ਦੇ ਕਾਮਿਆਂ ਨੇ ਇਕੱਠੇ ਹੋ ਕੇ ਵਿਸ਼ਾਲ ਰੈਲੀ ਸਰਕਲ ਦਫਤਰ ਵਿਖੇ ਕੀਤੀ। ਇਸ ਰੈਲੀ ਵਿੱਚ ਟੈਕਨੀਕਲ ਸਰਵਿਸ ਯੂਨੀਅਨ, ਪਾਵਰਕਾਮ ਅਤੇ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਅਤੇ ਪੀ.ਐਸ.ਪੀ.ਸੀ.ਐਲ. ਪੈਸਕੋ ਅਤੇ ਟਰਾਂਸਕੋ ਪੈਸਕੋ ਯੂਨੀਅਨ ਨੇ ਸ਼ਮੂਲੀਅਤ ਕੀਤੀ। ਇਸ ਇਕੱਠ ਵਿੱਚ 250 ਤੋਂ ਵੱਧ ਕਾਮਿਆਂ ਨੇ ਸ਼ਮੂਲੀਅਤ ਕੀਤੀ। ਇਸ ਵਿੱਚ ਬੁਲਾਰਿਆਂ ਨੇ ਸੰਬੋਧਨ ਕਰਦੇ ਹੋਏ ਮੰਗ ਕੀਤੀ ਕਿ ਕੱਚੇ ਕਾਮਿਆਂ ਨੂੰ ਪੱਕਾ ਕੀਤਾ ਜਾਵੇ, ਨਿਜੀਕਰਨ ਦੀ ਨੀਤੀ ਰੱਦ ਕੀਤੀ ਜਾਵੇ, ਬਨਾਰਸੀ ਦਾਸ ਅਤੇ ਰਾਮ ਸਿੰਘ ਨੂੰ ਕੋਰਟ ਦੇ ਫੈਸਲੇ ਅਨੁਸਾਰ ਤੁਰੰਤ ਬਹਾਲ ਕੀਤਾ ਜਾਵੇ, ਓ.ਪੀ.ਐਸ. ਸਕੀਮ ਲਾਗੂ ਕੀਤੀ ਜਾਵੇ, ਬਣਦੀਆਂ ਅਸਾਮੀਆਂ ਅਨੁਸਾਰ ਪੱਕੀ ਭਰਤੀ ਕੀਤੀ ਜਾਵੇ, ਮੁਲਾਜ਼ਮਾਂ ਦੇ ਪੇਅ ਸਕੇਲਾਂ ਦੇ ਏਰੀਅਰ ਦੀ ਅਦਾਇਗੀ ਇੱਕੋ ਕਿਸ਼ਤ ਵਿੱਚ ਕੀਤੀ ਜਾਵੇ। ਇਸ ਰੈਲੀ ਨੂੰ ਭਗਵਾਨ ਸਿੰਘ, ਇੰਦਰਜੀਤ, ਕਰਮਜੀਤ ਸਿੰਘ, ਟੇਕ ਚੰਦ, ਹੈਪੀ, ਵਿਜੇ ਦੇਵ ਸਾਬਕਾ ਮੀਤ ਪ੍ਰਧਾਨ, ਗੁਰਦੀਪ ਸਿੰਘ, ਜਤਿੰਦਰ ਸਿੰਘ ਚੱਢਾ, ਆਦਿ ਨੇ ਸੰਬੋਧਨ ਕੀਤਾ।

# ਮੈਰਿਟ ਹੋਲਡਰ ਨਿਰਜਲਾ ਯਾਦਵ ਦਾ ਸਕੂਲ ਵੱਲੋਂ ਸਨਮਾਨ




ਪਟਿਆਲਾ, 15 ਮਈ (ਚ.ਨ.ਸ.) : ਬਾਰਵੀਂ ਜਮਾਤ ਦੇ ਐਲਾਨੇ ਗਏ ਨਤੀਜੇ ਵਿੱਚ ਪਟਿਆਲਾ ਜ਼ਿਲ੍ਹੇ ਵਿੱਚੋਂ 30 ਮੈਰਿਟ ਹੋਲਡਰ ਵਿਦਿਆਰਥੀਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪਟਿਆਲਾ ਦੀ ਵਿਦਿਆਰਥਣ ਨਿਰਮਲਾ ਯਾਦਵ ਪੁੱਤਰੀ ਸ਼੍ਰੀ ਕ੍ਰਿਸ਼ਨ ਕੁਮਾਰ ਵੀ ਸ਼ਾਮਿਲ ਹੈ। ਉਸ ਨੇ 488/500 ਅੰਕ ਪ੍ਰਾਪਤ ਕਰਦਿਆਂ ਪੰਜਾਬ ਸਟੇਟ ਵਿੱਚੋਂ 12ਵਾਂ ਰੈਂਕ ਪ੍ਰਾਪਤ ਕਰਕੇ ਆਪਣਾ, ਸਕੂਲ ਦਾ ਅਤੇ ਅਧਿਆਪਕਾਂ ਦਾ ਨਾਂ ਰੁਸ਼ਨਾਇਆ ਹੈ। ਵਿਦਿਆਰਥਣ ਦਾ ਸਕੂਲ ਪਹੁੰਚਣ 'ਤੇ ਢੋਲ ਦੇ ਡੱਗੇ 'ਤੇ ਤਾੜੀਆਂ ਦੀ ਗੂੰਜ ਵਿੱਚ ਸਵਾਗਤ ਕਰਦਿਆਂ ਪ੍ਰਿੰਸੀਪਲ ਨਰੇਸ਼ ਜੈਨ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਵਿੱਚ ਮੁੱਖ ਮਹਿਮਾਨ ਵਜੋਂ ਸਕੂਲ ਦੇ ਸਾਬਕਾ ਪ੍ਰਿੰਸੀਪਲ ਬਲਵੀਰ ਸਿੰਘ ਜੌੜਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਵਿਦਿਆਰਥਣ ਨਿਰਜਲਾ ਅਤੇ ਅੱਠਵੀਂ ਦੀ ਮੈਰਿਟ ਹੋਲਡਰ ਪ੍ਰਾਚੀ ਨੂੰ ਆਪਣੇ ਵੱਲੋਂ 11000/ ਰੁਪਏ ਅਤੇ ਸਕੂਲ ਵੱਲੋਂ 5100/ ਰੁਪਏ ਦਾ ਨਕਦ ਇਨਾਮ, ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕਰਦਿਆਂ ਵਿਦਿਆਰਥੀਆਂ ਨੂੰ ਸਫਲਤਾ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਗਰੂਕ ਕੀਤਾ। ਪ੍ਰਿੰਸੀਪਲ ਸ੍ਰੀਮਤੀ ਨਰੇਸ਼ ਜੈਨ ਵੱਲੋਂ ਆਏ ਮਹਿਮਾਨਾਂ ਦਾ ਸ਼ਗਨਾਂ ਦੀ ਪ੍ਰਤੀਕ ਫੁਲਕਾਰੀ ਦੇ ਕੇ ਸਨਮਾਨ ਕਰਦਿਆਂ ਸਕੂਲ ਦੇ ਸ਼ਾਨਦਾਰ ਨਤੀਜੇ ਵਿੱਚ 160 ਤੋਂ ਵਧੇਰੇ ਵਿਦਿਆਰਥੀਆਂ ਵੱਲੋਂ 90% ਅੰਕ ਪ੍ਰਾਪਤ ਕਰਨ ਤੇ ਖੁਸ਼ੀ ਦਾ ਇਜ਼ਹਾਰ ਕੀਤਾ। ਇਸ ਮੌਕੇ 'ਤੇ ਵਾਈਸ ਪ੍ਰਿੰਸੀਪਲ ਸ੍ਰੀਪਾਲ ਸ਼ਰਮਾ, ਲੀਜਾ ਅਰੋੜਾ, ਨਵਨੀਤ ਕੌਰ, ਰਮਣੀਕ ਕੌਰ, ਅਰਾਧਨਾ ਸਿੰਗਲਾ, ਲੈਕਚਰਰ ਰਜਿੰਦਰ ਸਿੰਘ, ਨਵਦੀਪ ਕੌਰ ਜੌਗਰਫੀ, ਨਵਕਿਰਨ ਕੌਰ,ਅਮਨਦੀਪ ਕੌਰ, ਜਸਕਿਰਨ ਕੌਰ ਅਤੇ ਬਾਕੀ ਲੈਕਚਰਾਰ ਸਾਹਿਬਾਨ ਵੀ ਹਾਜ਼ਰ ਸਨ। ਮੰਚ ਸੰਚਾਲਨ ਹਰਪ੍ਰੀਤ ਕੌਰ ਵੱਲੋਂ ਬਾਖੂਬੀ ਕੀਤਾ ਗਿਆ।

# ਵਧਦੀ ਗਰਮੀ ਨੂੰ ਵੇਖਦਿਆਂ ਸੁਸਾਇਟੀ ਨੇ ਪੰਛੀਆਂ ਲਈ ਮਿੱਟੀ ਦੇ ਕਸੋਰੇ ਵੰਡੇ



ਪਟਿਆਲਾ, 15 ਮਈ (ਚ.ਨ.ਸ.) : ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗਰਮੀ ਦੇ ਮੌਸਮ ਨੂੰ ਵੇਖਦਿਆਂ ਪੰਛੀਆਂ ਲਈ ਮਿੱਟੀ ਦੇ ਕਸੋਰੇ ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਰੱਖਣ ਲਈ ਸੁਸਾਇਟੀ ਪਟਿਆਲਾ ਦੇ ਪ੍ਰਧਾਨ ਉਪਕਾਰ ਸਿੰਘ ਦੀ ਅਗਵਾਈ ਵਿੱਚ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਮੇਅਰ ਕੁੰਦਨ ਗੋਗੀਆ ਨੇ ਸ਼ਿਰਕਤ ਕੀਤੀ। ਇਸ ਮੌਕੇ ਮੇਅਰ ਗੋਗੀਆ ਨੇ ਕਿਹਾ ਗਿਆਨ ਜਯੋਤੀ ਐਜੂਕੇਸ਼ਨ ਦੇ ਪ੍ਰਧਾਨ ਉਪਕਾਰ ਸਿੰਘ ਵੱਲੋਂ ਗਰਮੀ ਦੇ ਮੌਸਮ ਨੂੰ ਵੇਖਦਿਆਂ ਪੰਛੀਆਂ ਲਈ ਮਿੱਟੀ ਦੇ ਕਸੋਰੇ ਵੰਡਣਾ ਸ਼ਲਾਘਾਯੋਗ ਉਪਰਾਲਾ ਹੈ। ਇਨ੍ਹਾਂ ਵੱਲੋਂ ਪਾਰਕਾਂ, ਚੌਕਾਂ, ਬਾਰਾਂਦਰੀ ਗਾਰਡਨ ਤੇ ਹੋਰ ਵੱਖ-ਵੱਖ ਥਾਵਾਂ 'ਤੇ ਮਿੱਟੀ ਦੇ ਕਸੋਰੇ ਰੱਖੇ ਗਏ। ਇਸ ਮੌਕੇ ਅਨੀਲ ਸ਼ਰਮਾ, ਪਵਨ ਗੋਇਲ, ਚੇਅਰਮੈਨ ਹਰੀਸ਼ ਸਾਹਨੀ, ਡਾ. ਤੀਰਥ ਗਰਗ, ਦਵਿੰਦਰ ਸਿੰਘ,ਸੰਟੀ, ਚਰਨਪਾਲ ਸਿੰਘ, ਪੂਰਨ ਸਵਾਮੀ, ਅਨਿਲ ਸ਼ਰਮਾ ਹਾਜ਼ਰ ਸਨ।

# ਸਰਕਾਰੀ ਸਕੂਲ ਕੁਲਾਰਾਂ ਦਾ ਬਾਰ੍ਹਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ

## ਨਰਿੰਦਰਪਾਲ ਕੌਰ ਨੇ ਮੈਰਿਟ ਸੂਚੀ ਵਿੱਚੋਂ ਪ੍ਰਾਪਤ ਕੀਤਾ ਦਸਵਾਂ ਸਥਾਨ



ਸਮਾਣਾ, 15 ਮਈ (ਵਿਜੇ ਕੁਮਾਰ) : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਬਾਰਵੀਂ ਜਮਾਤ ਦੇ ਨਤੀਜੇ 'ਚ ਪਿੰਡ ਕੁਲਾਰਾਂ ਸਕੂਲ ਦੇ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ ਹਨ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਪ੍ਰਦੀਪ ਕੁਮਾਰ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਰਿਟ ਸੂਚੀ ਵਿੱਚ ਇਸ ਸਕੂਲ ਦੀ ਵਿਦਿਆਰਥਣ ਨਰਿੰਦਰਪਾਲ ਕੌਰ ਪੁੱਤਰੀ ਹਰਜੀਤ ਸਿੰਘ ਨੇ ਦਸਵਾਂ ਸਥਾਨ ਹਾਸਲ ਕੀਤਾ। ਇਸ ਵਿਦਿਆਰਥਣ ਨੇ ਜ਼ਿਲਾ ਪਟਿਆਲਾ ਵਿੱਚੋ ਦੂਜਾ ਸਥਾਨ ਅਤੇ ਤਹਿਸੀਲ ਸਮਾਣਾ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ, ਪਿੰਡ ਅਤੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਦੇ ਰਿਜ਼ਲਟ ਵਿੱਚੋਂ ਸਿਮਰਨਦੀਪ ਕੌਰ ਪੁੱਤਰੀ ਮੱਖਣ ਰਾਮ ਨੇ 500 ਅੰਕਾਂ ਵਿੱਚੋਂ 484 ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਦੂਜਾ ਸਥਾਨ ਹਾਸਲ ਕੀਤਾ ਹੈ ਅਤੇ ਕੋਮਲ ਪੁੱਤਰੀ ਪ੍ਰਵੀਨ ਕੁਮਾਰ ਨੇ 500 ਵਿੱਚੋਂ 469 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਸਕੂਲ ਦੇ 37 ਵਿਦਿਆਰਥੀਆਂ ਨੇ 80 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਅਤੇ ਸਕੂਲ ਦਾ ਨਤੀਜਾ 100 ਫੀਸਦੀ ਰਿਹਾ। ਵਿਦਿਆਰਥੀਆਂ ਨਾਲ ਗੱਲ ਕਰਨ 'ਤੇ ਉਨ੍ਹਾਂ ਚੰਗੇ ਅੰਕ ਪ੍ਰਾਪਤ ਕਰਨ ਦਾ ਸੇਹਰਾ ਆਪਣੀ ਮਿਹਨਤ, ਮਾਤਾ-ਪਿਤਾ ਅਤੇ ਮਿਹਨਤੀ ਅਧਿਆਪਕਾਂ ਨੂੰ ਦਿੱਤਾ। ਇਸ ਮੌਕੇ ਸਮੂਹ ਸਟਾਫ਼ ਤੇ ਵਿਦਿਆਰਥੀਆਂ ਦੇ ਮਾਪਿਆਂ ਨੇ ਖੁਸ਼ੀ ਪ੍ਰਗਟ ਕੀਤੀ।

# ਵਣ ਵਿਭਾਗ ਨੇ ਨਾਰਦਨ ਬਾਈਪਾਸ 'ਤੇ ਹੋਏ ਨਾਜਾਇਜ਼ ਕਬਜ਼ੇ ਹਟਵਾਏ



ਪਟਿਆਲਾ, 15 ਮਈ (ਰੁਪਾਣਾ) : ਵਣ ਮੰਡਲ ਅਫ਼ਸਰ ਪਟਿਆਲਾ ਗੁਰਅਮਨਪ੍ਰੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਣ ਰੇਂਜ ਪਟਿਆਲਾ ਅਧੀਨ ਪੈਂਦੇ ਨਾਰਦਨ ਬਾਈਪਾਸ 'ਤੇ ਲੋਕਾਂ ਵੱਲੋਂ ਵਣ ਰਕਬੇ ਵਿੱਚ ਰੇਤਾ ਬਜਰੀ ਅਤੇ ਮਿੱਟੀ ਆਦਿ ਸੁੱਟ ਕੇ ਕੀਤੇ ਗਏ ਨਜਾਇਜ਼ ਕਬਜ਼ਿਆਂ ਨੂੰ ਵਣ ਰੇਂਜ ਅਫ਼ਸਰ ਸਵਰਨ ਸਿੰਘ, ਬਲਾਕ ਅਫ਼ਸਰ ਰਮਨਪ੍ਰੀਤ ਸਿੰਘ ਅਤੇ ਵਣ ਗਾਰਡ ਵਿਕਰਮਜੀਤ ਸਿੰਘ ਦੀ ਅਗਵਾਈ ਵਿੱਚ ਜੇ ਸੀ ਬੀ ਨਾਲ ਮੌਕੇ 'ਤੇ ਬੂਟੇ ਲਗਵਾਉਣ ਲਈ ਟੋਏ ਪੁੱਟ ਕੇ ਦੂਰ ਕਰਵਾਇਆ ਗਿਆ। ਆਉਣ ਵਾਲੇ ਸਮੇਂ ਵਿੱਚ ਇਸ ਜਗਾ 'ਤੇ ਵੱਖ-ਵੱਖ ਕਿਸਮਾਂ ਦੇ ਬੂਟੇ ਲਗਵਾਏ ਜਾਣਗੇ ਅਤੇ ਨਾਜਾਇਜ਼ ਕਬਜ਼ੇ ਕਰਨ ਵਾਲਿਆਂ ਖ਼ਿਲਾਫ਼ ਕੋਈ ਢਿੱਲ ਨਹੀਂ ਵਰਤੀ ਜਾਵੇਗੀ। ਇਸ ਮੌਕੇ 'ਤੇ ਰਾਜ ਕੁਮਾਰ ਬਲਾਕ ਅਫ਼ਸਰ, ਵਣ ਗਾਰਡ ਅਮਰਿੰਦਰ ਸਿੰਘ, ਅਜੀਤਪਾਲ ਸਿੰਘ, ਬਲਵਿੰਦਰ ਸਿੰਘ ਬੱਲੀ,ਜਸਪ੍ਰੀਤ ਸਿੰਘ, ਅਮਨਦੀਪ ਸਿੰਘ, ਰਿਧੀ ਸ਼ਰਮਾ, ਹੀਨਾ ਰਾਵਤ ਅਤੇ ਜਗਤਾਰ ਸਿੰਘ ਵੀ ਮੌਜੂਦ ਸਨ।

# ਹਾਈ ਸਕੂਲ ਰੱਤਾ ਖੇੜਾ ਵਿਖੇ 'ਗਾਈਡੈਂਸ ਐਂਡ ਕੌਂਸਲਿੰਗ' ਅਧੀਨ ਕਰਵਾਇਆ ਪ੍ਰੋਗਰਾਮ



ਦੇਵੀਗੜ੍ਹ, 15 ਮਈ (ਗੁਰਜੀਤ ਸਿੰਘ ਢੋਟ) : ਦੇਵੀਗੜ੍ਹ ਬਲਾਕ ਦੇ ਸਰਕਾਰੀ ਹਾਈ ਸਕੂਲ, ਰੱਤਾ ਖੇੜਾ ਵਿਖੇ ਵਿਦਿਆਰਥੀਆਂ ਲਈ 'ਗਾਈਡੈਂਸ ਐਂਡ ਕੌਂਸਲਿੰਗ' ਅਧੀਨ ਪਰਸਨੈਲਿਟੀ ਡਿਵੈਲਪਮੈਂਟ ਸਬੰਧੀ ਵਿਸ਼ੇਸ਼ ਸੈਸ਼ਨ ਆਯੋਜਿਤ ਕੀਤਾ ਗਿਆ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ 'ਕ੍ਰਿਉ ਦਾ ਹੈਲਪ' ਆਰਗਨਾਈਜੇਸ਼ਨ ਦੇ ਪੰਜਾਬ ਪ੍ਰਦੇਸ਼ ਪ੍ਰਧਾਨ ਅਤੇ ਉੱਘੇ ਸਿੱਖਿਆ ਸ਼ਾਸਤਰੀ ਅਤੇ ਰਿਟਾਇਰਡ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ ਸਿੱਖਿਆ) ਇੰਜੀ: ਅਮਰਜੀਤ ਸਿੰਘ ਨੇ ਸ਼ਿਰਕਤ ਕਰਦਿਆਂ ਆਪਣੇ ਸੰਬੋਧਨ ਰਾਹੀਂ ਵਿਦਿਆਰਥੀਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਮਾਰਗ ਦਰਸ਼ਨ ਕੀਤਾ । ਸਕੂਲ ਮੁੱਖੀ ਮਨੋਜ ਕੁਮਾਰ ਜੋਈਆ ਨੇ ਵੀ ਅਪਣੇ ਵਿਚਾਰ ਸਾਂਝੇ ਕਰਦਿਆਂ ਵਿਦਿਆਰਥੀਆਂ ਨੂੰ ਵਿਅਕਤੀਤਵ ਵਿੱਚ ਨਿਖਾਰ ਲਿਆਉਣ ਲਈ ਅਨੁਸ਼ਾਸਨਯੁਕਤ ਜੀਵਨ, ਸਤਿਕਾਰ ਅਤੇ ਮਿਹਨਤ ਦੀ ਮਹੱਤਤਾ ਬਾਰੇ ਪ੍ਰੇਰਿਤ ਕੀਤਾ। ਇਸ ਪ੍ਰੋਗਰਾਮ ਨੂੰ 'ਕ੍ਰਿਉ ਦਾ ਹੈਲਪ' ਆਰਗਨਾਈਜੇਸ਼ਨ ਦੇ ਜਨਰਲ ਸਕੱਤਰ ਸ. ਗੁਰਮੁਖ ਸਿੰਘ ਦੀ ਮੌਜੂਦਗੀ ਨੇ ਹੋਰ ਵੀ ਯਾਦਗਾਰ ਬਣਾ ਦਿੱਤਾ , ਉਨਾਂ ਵੱਲੋਂ ਵੀ ਵਿਦਿਆਰਥੀਆਂ ਨੂੰ ਚੰਗੇ ਭਵਿੱਖ ਵਾਰੇ ਅੱਜ ਤੋਂ ਹੀ ਗੰਭੀਰਤਾ ਨਾਲ ਸੋਚਣ ਲਈ ਪ੍ਰੋਤਸਾਹਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਗਾਈਡੈਂਸ ਐਂਡ ਕਾਉਂਸਲਿੰਗ ਇੰਚਾਰਜ ਗੁਰਪ੍ਰੀਤ ਸਿੰਘ ਧਾਲੀਵਾਲ ਵੱਲੋਂ ਸਟਾਫ ਮੈਂਬਰਾਂ ਦੀ ਸਹਾਇਤਾ ਨਾਲ ਵਿਦਿਆਰਥੀਆਂ ਲਈ ਵਿਭਿੰਨ ਗਤੀਵਿਧੀਆਂ ਅਤੇ ਆਪਣੇ ਸਕਾਰਾਤਮਕ ਪੱਖਾਂ 'ਤੇ ਹੋਰ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਹੈੱਡਮਾਸਟਰ ਮਨੋਜ ਕੁਮਾਰ ਜੋਈਆ ਦੀ ਯੋਗ ਰਹਿਨੁਮਾਈ ਹੇਠ, ਪੰਜਾਬੀ ਮਾਸਟਰ ਕਮਲਜੀਤ ਸਿੰਘ ਵੱਲੋਂ ਸਕੂਲ ਵਿੱਚ ਪਹੁੰਚੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਸਰੀਰਕ ਸਿੱਖਿਆ ਅਧਿਆਪਿਕਾ ਮੈਡਮ ਪਰਮਜੀਤ ਕੌਰ ਵੱਲੋਂ ਵੀ ਉਚੇਚੇ ਤੌਰ 'ਤੇ ਪ੍ਰੋਗਰਾਮ ਸਫਲ ਬਣਾਉਣ ਵਿੱਚ ਯੋਗਦਾਨ ਪਾਇਆ ਗਿਆ ।

# ਵੱਖ-ਵੱਖ ਸੜਕ ਹਾਦਸਿਆਂ 'ਚ ਦੋ ਦੀ ਮੌਤ

ਘਨੌਰ, 15 ਮਈ (ਮਦਨ ਲਾਲ) : ਥਾਣਾ ਘਨੌਰ ਪੁਲਿਸ ਕੋਲ ਸੁਰੇਸ਼ ਕੁਮਾਰ ਪੁੱਤਰ ਹਰੀ ਰਾਮ ਵਾਸੀ ਵਾਰਡ ਨੰ. 03 ਘਨੌਰ ਨੇ ਕਥਿਤ ਦੋਸ਼ੀ ਟਰਾਲਾ ਦੇ ਅਣਪਛਾਤੇ ਡਰਾਇਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਲੜਕਾ ਦਵਿੰਦਰ ਸਿੰਘ ਮੋਟਰਸਾਈਕਲ 'ਤੇ ਸਵਾਰ ਹੋ ਕੇ ਘਨੌਰ ਪਾਸ ਜਾ ਰਿਹਾ ਸੀ, ਜੋ ਰਸਤੇ ਵਿਚਕਾਰ ਉਕਤ ਟਰਾਲਾ ਬਿਨ੍ਹਾਂ ਪਾਰਕਿੰਗ ਲਾਇਟ ਤੋ ਖੜ੍ਹਾ ਸੀ, ਜਦੋਂ ਉਸ ਦਾ ਲੜਕਾ ਟਰਾਲਾ ਕਰਾਸ ਕਰਨ ਲੱਗਾ ਤਾਂ ਸਾਹਮਣੇ ਤੋ ਕੋਈ ਵਹੀਕਲ ਆ ਗਿਆ, ਜਿਸ ਕਾਰਨ ਉਸ ਦਾ ਲੜਕਾ ਉਕਤ ਟਰਾਲੇ ਨਾਲ ਜਾ ਟਕਰਾਇਆ, ਜੋ ਐਕਸੀਡੈਂਟ ਵਿੱਚ ਉਸ ਦੇ ਲੜਕੇ ਦੀ ਮੌਤ ਹੋ ਗਈ। ਪੁਲਿਸ ਨੇ ਧਾਰਾ 285,106(2), 324(4) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਇਸੇ ਤਰ੍ਹਾਂ ਥਾਣਾ ਘਨੌਰ ਪੁਲਿਸ ਕੋਲ ਮਨੀਸ਼ ਕੁਮਾਰ ਪੁੱਤਰ ਰਾਮ ਕੁਮਾਰ ਵਾਸੀ ਉਲਾਣਾ ਨੇ ਕਥਿਤ ਦੋਸ਼ੀ ਟਰਾਲਾ ਦਾ ਡਰਾਇਵਰ ਗੁਰਦੀਪ ਸਿੰਘ ਵਾਸੀ ਕਰਨਪੁਰ 47-ਐਫ ਜ਼ਿਲ੍ਹਾ ਗੰਗਾਨਗਰ ਰਾਜਸਥਾਨ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਭਰਾ ਮੋਹਨ ਲਾਲ, ਜੋ ਕਿ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਬਾ-ਹੱਦ ਪਿੰਡ ਕਾਮੀ ਕਲਾਂ ਪਾਸ ਜਾ ਰਿਹਾ ਸੀ, ਜੋ ਦੋਸ਼ੀ ਡਰਾਇਵਰ ਨੇ ਆਪਣਾ ਟਰਾਲਾ ਤੇਜ ਰਫਤਾਰ ਤੇ ਲਪ੍ਰਵਾਹੀ ਨਾਲ ਲਿਆ ਕੇ ਉਸ ਦੇ ਭਰਾ ਵਿੱਚ ਮਾਰਿਆ, ਜਿਸ ਕਾਰਨ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਿਸ ਨੇ ਧਾਰਾ 281,106(2), 324 ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਪੁਲਿਸ ਵੱਲੋਂ ਨਸ਼ੀਲਾ ਪਾਊਡਰ ਬ੍ਰਾਮਦ

ਪਟਿਆਲਾ, 15 ਮਈ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਨੇ ਕਥਿਤ ਦੋਸ਼ੀ ਸਚਿਨ ਪੁੱਤਰ ਵਿਜੈ ਕੁਮਾਰ ਵਾਸੀ ਵਾਰਡ ਨੰ. 01 ਗੁਰੂ ਨਾਨਕ ਨਗਰ ਨੇੜੇ ਨਾਨਕਸਰ ਕੁੱਟੀਆ ਤ੍ਰਿਪੜੀ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਐਸ.ਆਈ. ਪਵਿੱਤਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪੁੱਡਾ ਗਰਾਂਊਡ ਵਿਖੇ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈਕ ਕਰਨ ਪਰ 30 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ।

# ਨਸ਼ਾ ਤਸਕਰ ਕਿਸੇ ਵੀ ਕੀਮਤ 'ਤੇ ਨਹੀਂ ਬਖਸ਼ੇ ਜਾਣਗੇ : ਵਰੁਣ ਸ਼ਰਮਾ



ਪਟਿਆਲਾ, 15 ਮਈ (ਚ.ਨ.ਸ.) : ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਜੋ ਕਿ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਹਨ ਵੱਲੋਂ ਨਸ਼ਿਆਂ ਵਿਰੋਧੀ ਕੀਤੇ ਜਾ ਰਹੇ ਜਾਗਰੂਕਤਾ ਪ੍ਰੋਗਰਾਮਾਂ ਲਈ ਐਸ.ਐਸ.ਪੀ. ਪਟਿਆਲਾ ਵਰੁਣ ਸ਼ਰਮਾ ਨਾਲ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਮੁਲਾਕਾਤ ਕੀਤੀ ਅਤੇ ਉਹਨਾਂ ਨੂੰ ਦੱਸਿਆ ਗਿਆ ਕਿ ਉਹਨਾਂ ਦੀ ਟੀਮ ਵਲੋਂ ਹੁਣ ਤੱਕ ਪਟਿਆਲਾ ਜ਼ਿਲ੍ਹੇ ਵਿੱਚ 1000 ਤੋਂ ਉੱਪਰ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਆਯੋਜਨ ਕੀਤੇ ਜਾ ਚੁੱਕੇ ਹਨ ਅਤੇ ਇਹ ਪ੍ਰੋਗਰਾਮ ਲੜੀਵਾਰ ਜਾਰੀ ਹਨ। ਇਸ ਮੌਕੇ ਸੰਬੋਧਨ ਕਰਦਿਆਂ ਐਸ.ਐਸ.ਪੀ. ਵਰੁਣ ਸ਼ਰਮਾ ਨੇ ਕਿਹਾ ਕਿ ਪਟਿਆਲਾ ਪੁਲਿਸ ਨਸ਼ਿਆਂ ਦੇ ਖਾਤਮੇ ਲਈ ਵਚਨਬੱਧ ਹੈ, ਉਹਨਾਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਬਹੁਤ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮ ਪ੍ਰਸੰਸਾਯੋਗ ਹਨ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਨਹੀਂ ਬਖਸ਼ਿਆ ਜਾਵੇਗਾ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਪਬਲਿਕ ਦਾ ਸਹਿਯੋਗ ਜ਼ਰੂਰੀ ਹੈ, ਇਸ ਮੌਕੇ ਐਸ.ਐਸ.ਪੀ. ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਲਈ ਕਿਤਾਬਾਂ ਵੀ ਰਿਲੀਜ਼ ਕੀਤੀਆਂ ਗਈਆਂ। ਉਹਨਾਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਅਤੇ ਉਨ੍ਹਾਂ ਦੀ ਟੀਮ ਦੀ ਸ਼ਲਾਘਾ ਕੀਤੀ।

# ਮਨਰਾਜ ਸਿੰਘ ਨੇ 97.2 ਫੀਸਦੀ ਅੰਕ ਹਾਸਲ ਕਰਕੇ ਸਕੂਲ ਦਾ ਨਾਮ ਚਮਕਾਇਆ



ਪਟਿਆਲਾ, 15 ਮਈ (ਚ.ਨ.ਸ.) : ਮਨਰਾਜ ਸਿੰਘ ਸਪੁੱਤਰ ਜਸਵਿੰਦਰ ਸਿੰਘ ਨੇ ਬਾਰਵੀਂ ਜਮਾਤ ਮੈਡੀਕਲ ਸਟਰੀਮ ਦੇ ਵਿੱਚ 97.2% ਨੰਬਰ ਲੈ ਕੇ ਪਲੇਅ ਵੇਜ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਅਤੇ ਆਪਣੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ। ਇਸ ਦਾ ਸਿਹਰਾ ਪਲੇਅ ਵੇਜ ਸਕੂਲ ਦੇ ਚੇਅਰਮੈਨ ਡਾ.ਰਾਜਦੀਪ ਸਿੰਘ, ਹਰੀਸ਼ ਰਾਵਤ ਅਤੇ ਐਸ.ਪੀ. ਸਿੰਘ ਨੂੰ ਜਾਂਦਾ ਹੈ। ਡਾ. ਰਾਜਦੀਪ ਸਿੰਘ ਨੇ ਦੱਸਿਆ ਕਿ ਜਿੱਥੇ ਮਨਰਾਜ ਸਿੰਘ ਨੇ ਖੇਡਾਂ ਵਿੱਚ ਨੈਸ਼ਨਲ ਲੈਵਲ ਤੇ ਬੇਸਬਾਲ ਦੇ ਵਿੱਚ ਮੱਲਾਂ ਮਾਰੀਆਂ ਨੇ ਅੱਜ ਉੱਥੇ ਮੈਡੀਕਲ ਸਟਰੀਮ ਦੇ ਵਿੱਚ 97.20 ਫੀਸਦੀ ਨੰਬਰ ਲੈ ਕੇ ਸਕੂਲ ਦਾ ਨਾਮ ਮੈਰਿਟ ਲਿਸਟ ਵਿੱਚ ਆ ਕੇ ਚਮਕਾਇਆ ਹੈ।

# ਬਸੰਤ ਰਿਤੂ ਕਲੱਬ ਨੇ ਕਰਵਾਏ ਅੱਖਾਂ ਦੇ ਆਪ੍ਰੇਸ਼ਨ

## ☛ਰਾਜੇਸ਼ ਸ਼ਰਮਾ ਸੰਸਥਾਪਕ ਕਲੱਬ ਦਾ ਮਾਰਗਦਰਸ਼ਕ : ਆਕਰਸ਼ ਸ਼ਰਮਾ



ਪਟਿਆਲਾ, 15 ਮਈ (ਚ.ਨ.ਸ.) : ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਪਿਛਲੇ ਤਿੰਨ ਸਾਲਾਂ ਤੋਂ ਹਰ ਮਹੀਨੇ ਅੱਖਾਂ ਦੇ ਚੈਕਅੱਪ ਅਤੇ ਆਪ੍ਰੇਸ਼ਨ ਕੈਂਪ ਸ੍ਰੀ ਗੁਰੂ ਤੇਗ ਬਹਾਦਰ ਅੱਖਾ ਦਾ ਹਸਪਤਾਲ ਸਾਹਮਣੇ ਗੁਰਦੁਆਰਾ ਦੁਖਨਿਵਾਰਨ ਸਾਹਿਬ ਪਟਿਆਲਾ ਵਿਖੇ ਮਨਾਇਆ ਜਾਂਦਾ ਹੈ। ਇਸ ਕੈਂਪ ਦੀ ਪ੍ਰਧਾਨਗੀ ਕਲੱਬ ਦੇ ਚੇਅਰਮੈਨ ਰਾਮ ਜੀ ਦਾਸ ਵੱਲੋਂ ਕੀਤੀ ਜਾਂਦੀ ਹੈ, ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਅਤੇ ਸਕੱਤਰ ਅਮਰੀਸ਼ ਸ਼ਰਮਾ ਨੇ ਆਖਿਆ ਕਿ ਪਿਛਲੇ ਤੀਹ ਸਾਲਾਂ ਤੋਂ ਬਸੰਤ ਰਿਤੂ ਕਲੱਬ ਦੇ ਸੰਸਥਾਪਕ ਰਾਜੇਸ਼ ਸ਼ਰਮਾ ਕਲੱਬ ਦਾ ਮਾਰਗਦਰਸ਼ਕ ਦਾ ਕੰਮ ਕਰਦੇ ਆ ਰਹੇ ਹਨ ਅਤੇ ਉਹ ਸਾਰੇ ਮੈਂਬਰਾਂ ਲਈ ਸਮਾਜ ਸੇਵਾ ਦੇ ਖੇਤਰ ਵਿੱਚ ਕੰਮ ਕਰਨ ਲਈ ਉਤਸ਼ਾਹਿਤ ਕਰਦੇ ਰਹਿੰਦੇ ਹਨ ਅਤੇ ਰਾਜੇਸ਼ ਸ਼ਰਮਾ ਹੀ ਕਲੱਬ ਦੇ ਸੰਸਥਾਪਕ ਵਜੋਂ ਕਲੱਬ ਦਾ ਹਮੇਸ਼ਾ ਹੀ ਮਾਰਗ ਦਰਸ਼ਕ ਕਰਦੇ ਆ ਰਹੇ ਹਨ ਅਤੇ ਮਾਰਗ ਦਰਸ਼ਕ ਕਰਦੇ ਰਹਿਣਗੇ। ਇਸ ਮਾਸਿਕ ਕੈਂਪ ਵਿੱਚ ਕਲੱਬ ਵੱਲੋਂ ਜ਼ਰੂਰਤਮੰਦਾਂ ਦੇ ਅੱਖਾ ਦਾ ਚੈਕਅੱਪ ਕੀਤਾ ਗਿਆ ਅਤੇ ਲੈਂਜ ਵਾਲੇ ਉਪਰੇਸ਼ਨ ਮੁਫ਼ਤ ਕੀਤੇ ਗਏ ਅਤੇ ਉਹਨਾਂ ਨੂੰ ਐਨਕਾਂ ਅਤੇ ਦਵਾਈਆਂ ਵੀ ਮੁਫ਼ਤ ਦਿੱਤੀਆਂ ਗਈਆਂ। ਉਹਨਾਂ ਇਹ ਵੀ ਦੱਸਿਆ ਕਿ ਇਸ ਮਾਸਿਕ ਕੈਂਪ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਪੰਜਾਬ ਤੋਂ ਬਾਹਰਲੇ ਸੂਬਿਆਂ ਤੋਂ ਵੀ ਲੋਕ ਆ ਕੇ ਇਸ ਕੈਂਪ ਦਾ ਲਾਹਾ ਉਠਾਉਂਦੇ ਹਨ। ਬਸੰਤ ਰਿਤੂ ਕਲੱਬ ਤ੍ਰਿਪੜੀ ਦੇ ਨਾਲ ਸਮੂੰਹ ਤ੍ਰਿਪੜੀ ਬਜਾਰ ਦੇ ਦੁਕਾਨਦਾਰਾਂ ਅਤੇ ਇਲਾਕਾ ਨਿਵਾਸੀਆਂ ਦਾ ਵਡਮੁੱਲਾ ਯੋਗਦਾਨ ਪਾਇਆ ਜਾਂਦਾ ਹੈ। ਕਲੱਬ ਵੱਲੋਂ ਤਿੰਨ ਸਾਲਾਂ ਵਿੱਚ ਲਗਭਗ 300 ਤੋਂ ਵੱਧ ਅੱਖਾਂ ਦੇ ਉਪਰੇਸ਼ਨ ਕੀਤੇ ਜਾ ਚੁੱਕੇ ਹਨ। ਇਸ ਕੈਂਪ ਵਿੱਚ ਹਰਜੀਤ ਸਿੰਘ, ਮੇਹਰਵਾਨ ਸਿੰਘ ਮਾਗੋ, ਅਸ਼ੋਕ ਨਾਸਰਾ, ਧਰਮਿੰਦਰ ਕੁਮਾਰ, ਮੁਕੇਸ਼ ਸ਼ਰਮਾ, ਸੰਤੋਸ਼ ਲਾਲਵਾਨੀ, ਆਦਿ ਹਾਜ਼ਰ ਸਨ।



# ਪਟਿਆਲਾ-ਆਸ/ਪਾਸ



# ਸਿਹਤ ਮੰਤਰੀ ਵੱਲੋਂ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼, ਵਿਕਾਸ ਕਾਰਜਾਂ 'ਚ ਕੁਤਾਹੀ ਬਰਦਾਸ਼ਤ ਨਹੀਂ ਹੋਵੇਗੀ

## ਡਾ. ਬਲਬੀਰ ਸਿੰਘ ਨੇ ਪਟਿਆਲਾ ਦਿਹਾਤੀ ਹਲਕੇ ਲਈ 9 ਕਰੋੜ ਦੇ ਰੰਗਲਾ ਪੰਜਾਬ ਪ੍ਰੋਜੈਕਟਾਂ ਦੀ ਰੂਪ ਰੇਖਾ ਉਲੀਕੀ




ਪਟਿਆਲਾ, 15 ਮਈ (ਰੁਪਾਣਾ/ਵਿਨੋਦ ਸ਼ਰਮਾ) : ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਆਪਣੇ ਹਲਕੇ ਦੇ ਵਿਕਾਸ ਕਾਰਜਾਂ ਦਾ ਮੁਲੰਕਣ ਕਰਦਿਆਂ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਕਿਸੇ ਵੀ ਕੰਮ ਵਿੱਚ ਕੁਤਾਹੀ ਬਰਦਾਸ਼ਤ ਨਹੀਂ ਹੋਵੇਗੀ। ਉਨ੍ਹਾਂ ਨੇ ਅੱਜ ਆਪਣੇ ਹਲਕੇ ਵਿੱਚ ਕਰੀਬ 9 ਕਰੋੜ ਰੁਪਏ ਦੇ ਰੰਗਲਾ ਪੰਜਾਬ ਪ੍ਰੋਜੈਕਟਾਂ ਦੀ ਯੋਜਨਾਬੰਦੀ ਤਹਿਤ ਇਨ੍ਹਾਂ ਉਪਰ ਚਰਚਾ ਅਤੇ ਪ੍ਰਾਜੈਕਟਾਂ ਨੂੰ ਅੰਤਿਮ ਰੂਪ ਦੇਣ ਲਈ ਪਟਿਆਲਾ ਦਿਹਾਤੀ ਹਲਕੇ ਦੇ 2 ਦਰਜਨ ਤੋਂ ਵਧੇਰੇ ਪਿੰਡਾਂ ਦੇ ਨੁਮਾਇੰਦਿਆਂ ਨਾਲ ਮੈਰਾਥਨ ਮੀਟਿੰਗਾਂ ਕੀਤੀਆਂ। ਇਸ ਮੌਕੇ ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਜ ਸਰਕਾਰ ਰੰਗਲਾ ਪੰਜਾਬ ਤਹਿਤ ਸਿੱਖਿਆ, ਸਿਹਤ ਤੇ ਵਾਤਾਵਰਣ ਵੱਲ ਕੇਂਦਰਤ ਹੈ। ਪਟਿਆਲਾ ਹਲਕੇ ਦੇ ਵਿਕਾਸ 'ਚ ਸਾਰੇ ਲੋਕਾਂ ਦੇ ਯੋਗਦਾਨ ਨੂੰ ਦਿਸ਼ਾ ਦੇਣ ਲਈ ਸਿਹਤ ਮੰਤਰੀ ਨੇ ਅੱਜ ਸਵੇਰ ਤੋਂ ਸ਼ਾਮ ਤੱਕ ਆਪਣੇ ਹਲਕੇ ਦੇ ਪਿੰਡਾਂ ਰੋਹਟੀ ਛੰਨਾ, ਰੋਹਟਾ, ਰੋਹਟੀ ਮੌੜਾਂ, ਰੋਹਟੀ ਬਸਤਾ ਸਿੰਘ, ਇੱਛੇਵਾਲ, ਰਾਮਗੜ੍ਹ ਛੰਨਾ, ਲਾਲੌਂਦਾ, ਘਮਰੌਦਾ, ਮੰਡੌੜ, ਸ਼ਮਲਾ, ਰੋਹਟੀ ਖਾਸ, ਹਿਆਣਾ ਕਲਾਂ, ਹਿਆਣਾ ਖੁਰਦ, ਧੰਗੇੜਾ, ਕੈਦੂਪੁਰ, ਲੰਗ, ਰੌਂਗਲਾ, ਕਿਸ਼ਨਗੜ੍ਹ, ਸਿੰਬੜੋਂ, ਲੌਟ, ਸਿਓਣਾ, ਵਿਕਾਸ ਨਗਰ, ਬਾਬੂ ਸਿੰਘ ਕਲੋਨੀ, ਸਿੱਧੂਵਾਲ, ਰਣਜੀਤ ਨਗਰ ਆਦਿ ਪਿੰਡਾਂ ਦੇ ਨੁਮਾਇੰਦਿਆਂ ਨਾਲ ਮੈਰਾਥਨ ਮੀਟਿੰਗਾਂ ਕੀਤੀਆਂ। ਉਨ੍ਹਾਂ ਕਿਹਾ ਕਿ ਉਹ ਖ਼ੁਦ ਵਿਕਾਸ ਕਾਰਜਾਂ ਦੀ ਨਿਗਰਾਨੀ ਕਰ ਰਹੇ ਹਨ ਤੇ ਜੇਕਰ ਕਿਸੇ ਵੀ ਕੰਮ ਵਿੱਚ ਊਣਤਾਈ ਪਾਈ ਗਈ ਤਾਂ ਸਬੰਧਤ ਅਧਿਕਾਰੀਆਂ ਖ਼ਿਲਾਫ਼ ਮਿਸਾਲੀ ਕਾਰਵਾਈ ਕੀਤੀ ਜਾਵੇਗੀ। ਸਥਾਨਕ ਨੁਮਾਇੰਦਿਆ ਨੇ ਆਪਣੇ ਪਿੰਡਾਂ ਦੀਆਂ ਸਮੱਸਿਆਵਾਂ, ਮੰਗਾਂ ਤੇ ਸੁਝਾਓ ਮੰਤਰੀ ਦੇ ਸਨਮੁੱਖ ਰੱਖੇ, ਜਿਨ੍ਹਾਂ 'ਤੇ ਸਿਹਤ ਮੰਤਰੀ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਲਈ ਹਦਾਇਤਾਂ ਕੀਤੀਆਂ। ਉਹਨਾਂ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਪਿੰਡਾਂ ਦੀਆਂ ਬੁਨਿਆਦੀ ਲੋੜਾਂ ਨੂੰ ਪਹਿਲ ਦੇ ਅਧਾਰ 'ਤੇ ਪੂਰਾ ਕੀਤਾ ਜਾਵੇਗਾ। ਸਿਹਤ ਮੰਤਰੀ ਨੇ ਪਾਣੀ ਨਾਲ ਜੁੜੀਆਂ ਸਮੱਸਿਆਵਾਂ ਨੂੰ ਮੁੱਖ ਮਸਲਾ ਮੰਨਦੇ ਹੋਏ ਭਰੋਸਾ ਦਿਵਾਇਆ ਕਿ ਸਰਕਾਰ ਵੱਲੋਂ ਜਲਦ ਹੀ ਪਾਣੀ ਦੀ ਨਿਕਾਸੀ ਲਈ ਢਾਂਚਾਗਤ ਸੁਧਾਰ ਕੀਤੇ ਜਾਣਗੇ ਤੇ ਨਾਲ ਹੀ ਪੰਚਾਇਤੀ ਅਤੇ ਡਰੇਨੇਜ਼ ਵਿਭਾਗ ਨਾਲ ਮਿਲ ਕੇ ਪਿੰਡ ਪੱਧਰ 'ਤੇ ਰੋਡ ਮੈਪ ਤਿਆਰ ਕਰਕੇ, ਬਰਸਾਤੀ ਪਾਣੀ ਦੀ ਸੁਚੱਜੀ ਨਿਕਾਸੀ ਯਕੀਨੀ ਬਣਾਈ ਜਾਵੇਗੀ ਤੇ ਪੁਰਾਣੀਆਂ ਨਿਕਾਸੀ ਲਾਈਨਾਂ ਦੀ ਸਫਾਈ ਤੇ ਮੁਰੰਮਤ ਵੀ ਕਰਵਾਈ ਜਾਵੇਗੀ। ਡਾ. ਬਲਬੀਰ ਸਿੰਘ ਨੇ ਸਿੱਖਿਆ ਖੇਤਰ ਨਾਲ ਜੁੜੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਕਿਹਾ ਕਿ ਪਿੰਡਾਂ ਦੇ ਸਰਕਾਰੀ ਸਕੂਲਾਂ ਵਿੱਚ, ਜਿੱਥੇ ਕਮਰਿਆਂ ਦੀ ਘਾਟ ਹੈ, ਉੱਥੇ ਨਵੇਂ ਕਮਰੇ ਬਣਵਾ ਕੇ ਦੇਣ ਸਮੇਤ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਕੂਲਾਂ ਦਾ ਸਮੁੱਚਾ ਵਿਕਾਸ ਕਰਵਾਇਆ ਜਾਵੇਗਾ। ਉਹਨਾਂ ਭਰੋਸਾ ਦਿਵਾਇਆ ਕਿ ਹੁਣ ਕਾਮਰਸ ਤੇ ਮੈਡੀਕਲ ਸਟਰੀਮ ਵੀ ਪਿੰਡਾਂ ਦੇ ਸਕੂਲਾਂ ਵਿੱਚ ਸ਼ੁਰੂ ਕੀਤੀਆਂ ਜਾਣਗੀਆਂ ਤਾਂ ਕਿ ਪਿੰਡਾਂ ਦੇ ਬੱਚਿਆਂ ਨੂੰ ਵੱਡੇ ਸ਼ਹਿਰ ਜਾਂ ਦੂਰ ਦੇ ਪਿੰਡਾਂ ਵਿੱਚ ਸਿੱਖਿਆ ਲੈਣ ਲਈ ਜਾਣਾ ਨਾ ਪਵੇ। ਸਿਹਤ ਮੰਤਰੀ ਨੇ ਸਿਵਲ ਸਰਜਨ ਨੂੰ ਪਿੰਡ ਪੱਧਰ 'ਤੇ ਨਿਯਮਿਤ ਸਿਹਤ ਕੈਂਪ ਲਗਾਉਣ ਦੀ ਹਦਾਇਤ ਕਰਦਿਆਂ ਬਜ਼ੁਰਗਾਂ ਲਈ ਮੁਫ਼ਤ ਐਨਕਾਂ, ਨਜ਼ਰ 'ਤੇ ਬੀ.ਪੀ. ਜਾਂਚ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਕਿਹਾ। ਇਸ ਤੋਂ ਇਲਾਵਾ ਉਹਨਾਂ ਪਿੰਡਾਂ ਵਿੱਚ ਖੇਡ ਦੇ ਮੈਦਾਨ, ਪਾਰਕਾਂ ਦੀ ਵਿਵਸਥਾ, ਸੋਲਰ ਲਾਈਟਾਂ ਲਗਵਾਉਣ ਅਤੇ ਖੇਡਾਂ ਲਈ ਬੁਨਿਆਦੀ ਢਾਂਚਾ ਤਿਆਰ ਕਰਨ ਦਾ ਵੀ ਭਰੋਸਾ ਦਵਾਇਆ। ਡਾ. ਬਲਬੀਰ ਸਿੰਘ ਨੇ ਵਾਤਾਵਰਣ ਸੰਭਾਲ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਵਾਤਾਵਰਣ ਦੀ ਸੰਭਾਲ ਸਾਡੇ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ, ਇਸੇ ਤਹਿਤ ਪੁਰਾਣੇ ਦਰਖ਼ਤਾਂ ਦੀ ਛਟਾਈ ਕਰਕੇ ਉਹਨਾਂ ਦੀ ਸੰਭਾਲ ਕੀਤੀ ਜਾਵੇ ਅਤੇ ਨਵੇਂ ਰੁੱਖ ਲਗਾ ਕੇ ਦੇਖਭਾਲ ਕੀਤੀ ਜਾਵੇ। ਬੈਠਕ ਦੌਰਾਨ ਏ.ਡੀ.ਸੀ (ਜ) ਇਸ਼ਾ ਸਿੰਗਲ, ਏ.ਡੀ.ਸੀ. ਦਿਹਾਤੀ ਵਿਕਾਸ ਅਮਰਿੰਦਰ ਸਿੰਘ ਟਿਵਾਣਾ, ਐਸ.ਪੀ. ਪਲਵਿੰਦਰ ਸਿੰਘ ਚੀਮਾ, ਐਸ.ਡੀ.ਐਮ ਨਾਭਾ ਡਾ. ਇਸਮਤ ਵਿਜੇ ਸਿੰਘ, ਆਰ.ਟੀ.ਏ. ਬਬਨਦੀਪ ਸਿੰਘ ਵਾਲੀਆ, ਡੀ.ਐਸ.ਪੀ ਮਨੋਜ ਗੋਰਸੀ, ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ, ਜਸਵੀਰ ਗਾਂਧੀ, ਸੁਰੇਸ਼ ਰਾਏ, ਜ਼ਿਲ੍ਹਾ ਪ੍ਰੀਸ਼ਦ ਦੇ ਡਿਪਟੀ ਸੀਈਓ ਅਮਨਦੀਪ ਕੌਰ, ਡੀ.ਡੀ.ਪੀ.ਓ ਸ਼ਵਿੰਦਰ ਸਿੰਘ, ਬੀਡੀਪੀਓ ਬਲਜੀਤ ਸਿੰਘ ਸੋਹੀ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਤੇ ਵੱਡੀ ਗਿਣਤੀ ਵਿੱਚ ਪਿੰਡਾਂ ਦੇ ਪੰਚਾਇਤ ਮੈਂਬਰ ਹਾਜ਼ਰ ਸਨ।

# ਸਨੌਰ ਹਲਕੇ 'ਚ 19 ਕਰੋੜ ਦੀ ਲਾਗਤ ਨਾਲ ਬਣਨਗੀਆਂ 73 ਕਿਲੋਮੀਟਰ 29 ਪੇਂਡੂ ਲਿੰਕ ਸੜਕਾਂ : ਪਠਾਣਮਾਜਰਾ



ਸਨੌਰ/ਦੁਧਨਸਾਧਾਂ, 15 ਮਈ (ਗੁਰਜੀਤ ਸਿੰਘ ਢੋਟ) : ਸਨੌਰ ਹਲਕੇ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਦੱਸਿਆ ਹੈ ਕਿ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਉਨ੍ਹਾਂ ਦੇ ਹਲਕੇ ਵਿੱਚ ਪਿਛਲੇ ਲੰਮੇ ਸਮੇਂ ਤੋਂ ਲੋਕਾਂ ਦੀਆਂ ਮੁਸ਼ਕਿਲਾਂ ਦਾ ਕਾਰਨ ਬਣ ਰਹੀਆਂ ਪੇਂਡੂ ਲਿੰਕ ਸੜਕਾਂ ਬਣਾਉਣ ਦੀ ਮਨਜ਼ੂਰੀ ਦਿੱਤੀ ਹੈ। ਵਿਧਾਇਕ ਪਠਾਣਮਾਜਰਾ ਨੇ ਦੱਸਿਆ ਕਿ ਸਨੌਰ ਹਲਕੇ ਵਿੱਚ 19 ਕਰੋੜ ਰੁਪਏ ਦੀ ਲਾਗਤ ਨਾਲ 73 ਕਿਲੋਮੀਟਰ 29 ਪੇਂਡੂ ਲਿੰਕ ਸੜਕਾਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਪਿਛਲੀਆਂ ਸਰਕਾਰਾਂ ਨੇ ਸਨੌਰ ਹਲਕੇ ਨੂੰ ਪੱਛੜਿਆ ਹਲਕਾ ਬਣਾਇਆ ਪਰੰਤੂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਨੌਰ ਹਲਕੇ 'ਚ ਵਿਕਾਸ ਕਾਰਜਾਂ ਦੀ ਕੋਈ ਕਮੀ ਨਹੀਂ ਛੱਡੀ। ਹਲਕਾ ਨਿਵਾਸੀਆਂ ਨਾਲ ਖੁਸ਼ੀ ਸਾਂਝੀ ਕਰਦਿਆਂ ਹਰਮੀਤ ਸਿੰਘ ਪਠਾਣਮਾਜਰਾ ਨੇ ਦੱਸਿਆ ਕਿ ਮਾਰਕੀਟ ਕਮੇਟੀ ਡਕਾਲਾ ਤਹਿਤ ਪਟਿਆਲਾ ਗੂਹਲਾ ਰੋਡ ਤੋਂ ਪੂਨੀਆ ਤੇਜਾਂ ਵਾਇਆ ਭਾਟੀਆਂ, ਅਕੌਤ ਤੋਂ ਨੈਣਾ ਖੁਰਦ, ਗੂਹਲਾ ਰੋਡ ਤੋਂ ਪੰਜੋਲਾ, ਮਜਾਲ ਕਲਾਂ ਤੋਂ ਮਜਾਲ ਖੁਰਦ, ਬਲਬੇੜਾ ਨੇੜਾਵਾਂ ਰੋਡ-ਕਰਤਾਰਪੁਰ ਸੜਕਾਂ ਬਣਨਗੀਆਂ। ਪਠਾਣਮਾਜਰਾ ਨੇ ਅੱਗੇ ਦੱਸਿਆ ਕਿ ਮਾਰਕਿਟ ਕਮੇਟੀ ਦੂਧਨ ਸਾਧਾਂ ਅਧੀਨ ਸ਼ਾਦੀਪੁਰ-ਗਗਰੋਲੀ, ਗਗਰੋਲਾ-ਸੁਰਸਤੀਗੜ੍ਹ, ਦੇਵੀਗੜ੍ਹ ਨਨਿਓਲਾ ਰੋਡ ਤੋਂ ਮਘਰ ਸਾਹਿਬ ਵਾਇਆ ਚੁਹਟ-ਕੱਛਵੀ, ਰੋਹੜ ਜਗੀਰ ਘੜਾਮਾ ਰੋਡ-ਮਹਿਮੂਦਪੁਰ ਰੁਕੜੀ, ਭੁਨਰਹੇੜੀ-ਉਪਲੀ ਲਿੰਕ ਰੋਡ ਸਲੇਮਪੁਰ ਬ੍ਰਹਾਮਣਾ, ਪਟਿਆਲਾ-ਪਿਹੋਵਾ ਰੋਡ-ਸਰਕੜਾ ਫਾਰਮ ਲਿੰਕ ਬੁੱਢਣਪੁਰ, ਢੂੰਡੀਮਾਜਰਾ-ਮਸੀਂਗਣ, ਉਪਲੀ-ਅਰਨੌਲੀ-ਹਰਿਆਣਾ ਬਾਰਡਰ, ਤਖ਼ਤੂਗੜ੍ਹ ਡਿਸਟ੍ਰੀਬਿਊਟਰੀ ਦੇ ਨਾਲ, ਖਾਂਸੀਆਂ-ਰੱਤਾ ਖੇੜਾ, ਬਹਿਲ ਖਾਕਟਾਂ-ਕਟਖੇੜੀ, ਕਿਸ਼ਨਪੁਰ-ਜਲਾਲਾਬਾਦ, ਹਰੀਗੜ੍ਹ-ਪਟਿਆਲਾ ਪਿਹੋਵਾ ਰੋਡ, ਅਲੀਪੁਰ ਵਜੀਰ ਸਾਹਿਬ-ਡੇਰਾ ਸਾਧੀ ਪੀਰ-ਡੇਰਾ ਸਤਨਾਮ ਸਿੰਘ, ਜੁਲਕਾਂ ਤੋਂ ਡੇਰਾ ਡੱਲ ਸਿੰਘ, ਧਰੇੜੀ ਜੱਟਾਂ-ਆਲਮਪੁਰ, ਭਾਂਖਰ-ਖੱਤਾ-ਭਾਂਖਰ ਸਕੂਲ, ਦੌਣ ਕਲਾਂ-ਆਲਮਪੁਰ, ਦਧੇੜੀਆਂ ਤੋਂ ਕਾਠਗੜ੍ਹ ਛੰਨਾ, ਰੀਠਖੇੜੀ ਤੋਂ ਪਟਿਆਲਾ ਸਰਹਿੰਦ ਰੋਡ ਵਾਇਆ ਅਕਾਲ ਅਕੈਡਮੀ, ਕੌਲੀ ਬਾਰਨ ਰੋਡ ਤੋਂ ਅਬਦੁਲਪੁਰ ਵਾਇਆ ਸ਼ੇਕਰਪੁਰ, ਕੌਲੀ ਬਾਰਨ ਰੋਡ ਤੋਂ ਮੁਹੱਬਤਪੁਰ, ਪਟਿਆਲਾ ਪਿਹੋਵਾ ਰੋਡ ਤੋਂ ਘਲੋੜੀ, ਪਟਿਆਲਾ-ਰਾਜਪੁਰਾ ਰੋਡ ਤੋਂ ਚਮਾਰਹੇੜੀ ਅਤੇ ਬਲਮਗੜ੍ਹ ਤੋਂ ਕਾਨਾਹੇੜੀ ਆਦਿ ਸੜਕਾਂ ਸ਼ਾਮਲ ਹਨ। ਹਰਮੀਤ ਸਿੰਘ ਪਠਾਣਮਾਜਰਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੀ ਪਹਿਲਕਦਮੀ ਸਦਕਾ ਇਹ ਪਹਿਲੀ ਵਾਰ ਹੋਇਆ ਹੈ ਕਿ ਇਹ ਸੜਕਾਂ ਹੁਣ ਬਣਨ ਸਾਰ ਨਹੀਂ ਟੁੱਟਣਗੀਆਂ ਸਗੋਂ ਪੰਜ ਸਾਲ ਤੱਕ ਇਨ੍ਹਾਂ ਦੀ ਮੁਰੰਮਤ ਲਈ ਸਬੰਧਤ ਠੇਕੇਦਾਰ ਦੀ ਜ਼ਿੰਮੇਵਾਰੀ ਹੋਵੇਗੀ।

## ਅਦਾਲਤ ਵੱਲੋਂ ਬਾਇੱਜ਼ਤ ਬਰੀ

ਪਟਿਆਲਾ, 15 ਮਈ (ਚ.ਨ.ਸ.) : ਮਾਣਯੋਗ ਅਦਾਲਤ ਸ੍ਰੀ ਜਸਪ੍ਰੀਤ ਸਿੰਘ ਮਿਨਹਾਸ ਜੁਡੀਸ਼ੀਅਲ ਮੈਜਿਸਟ੍ਰੇਟ ਨੇ ਐਫ.ਆਈ.ਆਰ. ਨੰਬਰ 40/2021 ਅਧੀਨ ਧਾਰਾ 337, 279, 304 ਏ, 338, 427 ਆਈ.ਪੀ.ਸੀ. ਥਾਣਾ ਪਸਿਆਣਾ ਵਿਖੇ ਹਰਭਜਨ ਸਿੰਘ ਪਟਿਆਲਾ ਨੂੰ ਵਕੀਲ ਦਿਲਪ੍ਰੀਤ ਸਿੰਘ ਅਤੇ ਰਣਜੀਤ ਸਿੰਘ ਖੁਰਮੀ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਬਾਇੱਜ਼ਤ ਬਰੀ ਕਰ ਦਿੱਤਾ ਹੈ।

## ਸਾਈਬਰ ਕ੍ਰਾਈਮ ਦੇ ਮੁਕੱਦਮੇ 'ਚ ਨਾਮਜਦ ਦੋਸ਼ੀ ਦੀ ਜ਼ਮਾਨਤ ਮਨਜ਼ੂਰ

ਬਾਦਸ਼ਾਹਪੁਰ, 15 ਮਈ (ਰਿਸ਼ੀਪਾਲ ਗੁਪਤਾ) : ਮਾਣਯੋਗ ਅਦਾਲਤ ਅਵਤਾਰ ਸਿੰਘ ਬਾਰਦਾ, ਵਧੀਕ ਸ਼ੈਸ਼ਨ ਜੱਜ ਸਾਹਿਬ ਦੀ ਅਦਾਲਤ ਨੇ ਸਾਈਬਰ ਕ੍ਰਾਈਮ ਥਾਣੇ ਵੱਲੋਂ ਦਰਜ ਕੀਤੇ ਮੁਕੱਦਮਾ ਨੰ 12 'ਚ ਵਿਚਾਰ ਅਧੀਨ ਕਥਿਤ ਮੁਲਜ਼ਿਮ ਦੀ ਪੱਕੀ ਜ਼ਮਾਨਤ ਅਰਜ਼ੀ ਨੂੰ ਮਨਜ਼ੂਰ ਕਰ ਲਿਆ ਹੈ। ਇਸ ਜ਼ਮਾਨਤ ਅਰਜ਼ੀ ਦੀ ਪੈਰਵਾਈ ਕਰਦੇ ਵਕੀਲ ਪਰਮਪ੍ਰੀਤ ਸੰਘਿ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਮਾਣਯੋਗ ਅਦਾਲਤ ਨੇ ਵਿਚਾਰ ਅਧੀਨ ਦੋਸ਼ੀ ਦੀ ਪੱਕੀ ਅਰਜ਼ੀ ਨੂੰ ਮਨਜ਼ੂਰ ਕਰ ਲਿਆ ਹੈ ਅਤੇ ਵਕੀਲ ਨੇ ਦੱਸਿਆ ਕਿ ਉਨ੍ਹਾਂ ਦਾ ਮੁਅਕਲ ਦਾ ਸਿੱਧੇ ਤੌਰ 'ਤੇ ਇਸ ਕੇਸ ਦੇ ਜੁਰਮ ਨਾਲ ਕੋਈ ਵਾਹ-ਵਾਸਤਾ ਨਹੀਂ ਹੈ ਅਤੇ ਉਸ ਨੂੰ ਇੱਕ ਕੜੀ ਦੇ ਤਹਿਤ ਇਸ ਕੇਸ 'ਚ ਫਸਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਕੇਸ ਕੋਈ 20 ਲੱਖ ਰੁਪਏ ਦੇ ਕਰੀਬ ਆਰਥਿਕ ਗਬਨ ਦਾ ਕੇਸ ਹੈ ਅਤੇ ਇਸ 'ਚ ਕਿਸੇ ਵਿਅਕਤੀ ਨੇ ਮੇਰੇ ਮੁਅੱਕਲ ਦਾ ਬੈਂਕ ਖਾਤਾ ਵਰਤ ਕੇ ਰੁਪਇਆਂ ਦਾ ਗਬਨ ਕੀਤਾ ਹੈ, ਜਿਸ 'ਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਮੇਰੇ ਮੁਅਕੱਲ ਦਾ ਕਿਸੇ ਵੀ ਤਰ੍ਹਾਂ ਦਾ ਲੈਣਾ ਦੇਣਾ ਨਹੀਂ ਹੈ, ਜਿਸ ਨੂੰ ਅਸੀਂ ਕੇਸ ਸਮੇਂ ਤੱਥਾਂ ਸਮੇਤ ਸਾਬਿਤ ਕਰਾਂਗੇ। ਉਨ੍ਹਾਂ ਨੇ ਕੇਸ ਦੀ ਹੋਰ ਜਾਣਕਾਰੀ ਇਹ ਕਹਿ ਕੇ ਦੇਣ ਤੋਂ ਮਨਾਂ ਕਰ ਦਿੱਤਾ ਹੈ ਕਿ ਅਜੇ ਉਨ੍ਹਾਂ ਨੂੰ ਮੌਖਿਕ ਹੁਕਮ ਹੀ ਤਮੀਲ ਹੋਏ ਹਨ ਅਤੇ ਲਿਖਤੀ ਸੰਖੇਪ 'ਚ ਹੁਕਮ ਮਿਲਣੇ ਅਜੇ ਬਾਕੀ ਹਨ।

## ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਘਨੌਰ, 15 ਮਈ (ਮਦਨ ਲਾਲ) : ਥਾਣਾ ਖੇੜੀ ਗੰਡਿਆ ਪੁਲਿਸ ਨੇ ਕਥਿਤ ਦੋਸ਼ੀ ਹਿਮਾਲਿਆ ਸ਼ਰਮਾ ਪੁੱਤਰ ਭੀਮ ਸੈਨ ਸ਼ਰਮਾ ਵਾਸੀ ਚੁੰਨਾ ਭੱਠੀ ਰਾਜਪੁਰਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਜਸਵਿੰਦਰਪਾਲ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਬਾ-ਹੱਦ ਪਿੰਡ ਢੀਡਸਾਂ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ 'ਤੇ 100 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ।

## ਘੇਰ ਕੇ ਕੁੱਟਮਾਰ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਸੰਬਧੀ ਮਾਮਲਾ ਦਰਜ

ਪਟਿਆਲਾ, 15 ਮਈ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਕੋਲ ਸੁਰਿੰਦਰ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਰਣਜੀਤ ਨਗਰ-ਈ ਪਟਿਆਲਾ ਨੇ ਕਥਿਤ ਦੋਸ਼ੀਆਂ ਨਿਰਮਲ ਸਿੰਘ, ਕੇਵਲ ਸਿੰਘ, ਸੁਖਦੇਵ ਸਿੰਘ, ਬੇਅੰਤ ਕੌਰ ਅਤੇ ਸੁਖਦੇਵ ਸਿੰਘ ਦਾ ਭਾਣਜਾ ਦਵਿੰਦਰ ਸਿੰਘ ਵਾਸੀ ਪਿੰਡ ਮਾਜਰੀ ਅਕਾਲੀਆ ਪਟਿਆਲਾ ਅਤੇ 2 ਹੋਰ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਰਾਤ ਸਮੇਂ ਕਥਿਤ ਦੋਸ਼ੀਆਂ ਨੇ ਉਸ ਨੂੰ ਘੇਰ ਕੇ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆ ਧਮਕੀਆਂ ਵੀ ਦਿੱਤੀਆਂ, ਜੋ ਝਗੜੇ ਦੌਰਾਨ ਉਸ ਦੇ ਗਲ ਵਿੱਚ ਪਾਈ ਸੋਨੇ ਦੀ ਚੈਨ ਵੀ ਗੁੰਮ ਹੋ ਗਈ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਘਰ ਦੇ ਬਾਹਰੋਂ ਗੱਡੀ ਚੋਰੀ, ਮਾਮਲਾ ਦਰਜ

ਪਟਿਆਲਾ, 15 ਮਈ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਕੋਲ ਤੇਜਿੰਦਰ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਨਿਊ ਮੇਹਰ ਸਿੰਘ ਕਲੋਨੀ ਤ੍ਰਿਪੜੀ ਪਟਿਆਲਾ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਰਾਤ ਨੂੰ ਕਿਸੇ ਅਣਪਛਾਤੇ ਵਿਅਕਤੀਆਂ ਨੇ ਉਸ ਦੀ ਗੱਡੀ ਜੋ ਕਿ ਉਸਦੇ ਘਰ ਦੇ ਬਾਹਰ ਖੜ੍ਹੀ ਸੀ, ਚੋਰੀ ਕਰ ਲਈ। ਪੁਲਿਸ ਨੇ ਧਾਰਾ 305 ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਧਾਰਮਿਕ ਸਮਾਗਮ ਮੌਕੇ 36 ਯੂਨਿਟ ਖ਼ੂਨ ਇਕੱਤਰ



ਦੇਵੀਗੜ੍ਹ , 15 ਮਈ (ਗੁਰਜੀਤ ਸਿੰਘ ਢੋਟ) : ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸੰਤ ਗੁਰਦੀਪ ਸਿੰਘ ਭਾਨਰੀ ਵਾਲਿਆਂ ਦੀ ਸਾਲਾਨਾ ਬਰਸੀ ਨੂੰ ਸਮਰਪਿਤ ਗੁਰਦੁਆਰਾ ਸੰਗਤਪੁਰਾ ਸਾਹਿਬ ਪਿੰਡ ਭਾਨਰੀ ਵਿਖੇ ਤਿੰਨ ਦਿਨਾਂ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ਵਿਚ ਰਾਗੀ, ਢਾਡੀ, ਕਵੀਸ਼ਰਾਂ ਤੇ ਸੰਤ ਮਹਾਂਪੁਰਖਾਂ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਬਾਣੀ ਤੇ ਬਾਣੇ ਨਾਲ ਜੁੜਨ ਲਈ ਪ੍ਰੇਰਿਆ। ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਮੌਕੇ ਮਨੁੱਖਤਾ ਦੇ ਭਲੇ ਲਈ ਦੀ ਅਗਵਾਈ ਹੇਠ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸਦਾ ਉਦਘਾਟਨ ਭਾਈ ਹਰੀ ਸਿੰਘ ਤੇ ਭਾਈ ਹੁਕਮ ਸਿੰਘ ਨੇ ਖੁਦ ਖ਼ੂਨਦਾਨ ਕਰਕੇ ਕੀਤਾ। ਕੈਂਪ ਵਿਚ 36 ਵਲੰਟੀਅਰਾਂ ਨੇ ਖ਼ੂਨ ਦਾਨ ਕੀਤਾ, ਜਿਨ੍ਹਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਭਾਈ ਜੰਗ ਸਿੰਘ, ਭਾਈ ਜਗਜੀਤ ਸਿੰਘ, ਹਰਦੀਪ ਸਿੰਘ ਸਨੌਰ, ਨਰਿੰਦਰ ਸਿੰਘ ਭਾਨਰੀ, ਹੈਪੀ ਸਿੰਘ, ਗਮਦੂਰ ਸਿੰਘ, ਗੁਰਮਤ ਸਿੰਘ, ਸੁਰਿੰਦਰ ਸਿੰਘ ਪਹਾੜਪੁਰ, ਜਸਵੀਰ ਸਿੰਘ, ਭਾਈ ਜਰਨੈਲ ਸਿੰਘ ਝੰਡੀ, ਰਣਬੀਰ ਸਿੰਘ, ਗੁਰਜੰਟ ਸਿੰਘ, ਰਘਬੀਰ ਸਿੰਘ ਦੁੱਧੜ, ਗੁਰਪ੍ਰੀਤ ਸਿੰਘ ਭਾਨਰਾ ਤੇ ਰਣਜੀਤ ਸਿੰਘ ਝੰਡੀ ਨੇ ਵਧ ਚੜ੍ਹ ਕੇ ਸਹਿਯੋਗ ਦਿੱਤਾ। ਖ਼ੂਨਦਾਨ ਕਰਨ ਉਪਰੰਤ ਭਾਈ ਹਰੀ ਸਿੰਘ ਨੇ ਹਾਜ਼ਰੀਨ ਸਮੂਹ ਨੌਜਵਾਨਾਂ ਨੂੰ ਵੀ ਖ਼ੂਨਦਾਨ ਕਰਨ ਲਈ ਪ੍ਰੇਰਿਆ ਤੇ ਦੱਸਿਆ ਕਿ ਖ਼ੂਨ ਇੱਕ ਅਜਿਹੀ ਦਵਾਈ ਹੈ, ਜੋ ਕਿਸੇ ਮਰੀਜ਼ ਲਈ ਸਿਰਫ ਮਨੁੱਖੀ ਸਰੀਰ ਅੰਦਰ ਹੀ ਕੁਦਰਤੀ ਤਕਨੀਕ ਰਾਹੀਂ ਤਿਆਰ ਹੁੰਦੀ ਹੈ। ਇਸ ਲਈ ਸਾਨੂੰ ਸਾਰਿਆਂ ਨੂੰ 3 ਜਾਂ 4 ਮਹੀਨਿਆਂ ਬਾਅਦ ਖ਼ੂਨਦਾਨ ਕਰਦੇ ਰਹਿਣਾ ਚਾਹੀਦਾ ਹੈ। ਨਰਿੰਦਰ ਸਿੰਘ ਭਾਨਰੀ ਨੇ ਦੱਸਿਆ ਕਿ ਗਰੁੱਪ ਵੱਲੋਂ ਹਰ ਮਹੀਨੇ 5 ਅਤੇ 20 ਤਰੀਕ ਨੂੰ ਸਰਕਾਰੀ ਰਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਵਿਖੇ ਸਵੇਰੇ 9 ਤੋਂ 1 ਵਜੇ ਤੱਕ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ ਤਾਂ ਜੋ ਲੋੜਵੰਦ ਮਰੀਜ਼ਾਂ ਨੂੰ ਸਮੇਂ ਸਿਰ ਖ਼ੂਨ ਮਿਲ ਸਕੇ।

## ਹਾਦਸਾਗ੍ਰਸਤ ਟਿੱਪਰ ਮਾਲਕਾਂ ਨੂੰ ਪਨਾਹ ਦੇਣ ਦੇ ਦੋਸ਼ 'ਚ ਰਿਸ਼ਤੇਦਾਰਾਂ 'ਤੇ ਮਾਮਲਾ ਦਰਜ

ਸਮਾਣਾ, 15 ਮਈ (ਵਿਜੇ ਕੁਮਾਰ) : ਸਦਰ ਪੁਲਸ ਨੇ ਟਿੱਪਰ- ਇਨੋਵਾ ਹਾਦਸੇ 'ਚ ਮਾਰੇ ਗਏ ਇਨੋਵਾ ਚਾਲਕ ਅਤੇ ਸਤ ਸਕੂਲੀ ਬੱਚਿਆਂ ਦੇ ਮਾਮਲੇ 'ਚ ਹਾਦਸਾ ਗ੍ਰਸਤ ਟਿੱਪਰ ਦੇ ਮਾਲਕਾਂ ਦਵਿੰਦਰ ਸਿੰਘ ਅਤੇ ਰਣਧੀਰ ਸਿੰਘ ਨੂੰ ਛੁਪਾਉਣ ਦੀ ਮਦਦ ਕਰਨ ਅਤੇ ਮੁਲਜ਼ਮਾਂ ਨੂੰ ਪਨਾਹ ਦੇਣ ਦੇ ਦੋਸ਼ 'ਚ ਉਹਨਾਂ ਦੇ ਕਰਹਾਲੀ ਅਤੇ ਬੰਮਨਾ ਪਿੰਡਾਂ 'ਚ ਰਹਿੰਦੇ ਰਿਸ਼ਤੇਦਾਰਾਂ 'ਤੇ ਮਾਮਲਾ ਦਰਜ ਕੀਤਾ ਹੈ। ਮਾਮਲੇ ਦੇ ਜਾਂਚ ਅਧਿਕਾਰੀ ਸਦਰ ਪੁਲਿਸ ਦੇ ਏ.ਐਸ.ਆਈ. ਗੁਰਦੇਵ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਸਣੇ ਬਸ ਅੱਡਾ ਕਮਾਸਪੁਰ 'ਚ ਗਸ਼ਤ ਦੌਰਾਨ ਉਹਨਾਂ ਨੂੰ ਸੂਚਨਾ ਮਿਲੀ ਕਿ ਇਸ ਹਾਦਸੇ 'ਚ ਟਿੱਪਰ ਮਾਲਕਾਂ ਰਣਧੀਰ ਸਿੰਘ ਨੂੰ ਪਿੰਡ ਕਰਹਾਲੀ ਸਾਹਿਬ 'ਚ ਰਹਿੰਦੀ ਭੈਣ ਅਤੇ ਦਵਿੰਦਰ ਸਿੰਘ ਨੂੰ ਸਹੁਰੇ ਪਰਿਵਾਰ ਪਿੰਡ ਬੰਮਣਾ ਨੇ ਛੁਪਾ ਕੇ ਰੱਖਿਆ ਹੈ। ਦੋਵੇਂ ਪ੍ਰੀਵਾਰ ਉਕਤ ਵਿਅਕਤੀਆਂ ਨੂੰ ਛਪਾਉਣ 'ਚ ਸਹਾਇਤਾ ਕਰ ਰਹੇ ਹਨ । ਇਸ ਲਈ ਪੁਲਿਸ ਨੇ ਦੋਵੇਂ ਪਰਿਵਾਰਾਂ 'ਤੇ ਉਕਤ ਵਿਅਕਤੀਆਂ ਨੂੰ ਪਨਾਹ ਦੇਣ ਦਾ ਮਾਮਲਾ ਦਰਜ ਕਰਕੇ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ ਜਦੋਂਕਿ ਉਹਨਾਂ ਦੀ ਭਾਲ 'ਚ ਪੁਲਸ ਵੱਲੋਂ ਵੱਖ-ਵੱਖ ਥਾਵਾਂ 'ਤੇ ਰੇਡ ਕੀਤੀ ਜਾ ਰਹੀ ਹੈ।

## 10ਵੀਂ ਤੇ 12ਵੀਂ ਦੀ ਪ੍ਰੀਖਿਆ 'ਚ ਸਕਸ਼ਮ ਕੁਮਾਰ ਅਤੇ ਮਾਨਯਾ ਕੱਕੜ ਨੇ ਕੀਤਾ ਨਾਮ ਰੋਸ਼ਨ



ਪਟਿਆਲਾ, 15 ਮਈ (ਚ.ਨ.ਸ.) :ਗੁਰੂ ਨਾਨਕ ਫਾਊਂਡੇਸ਼ਨ ਪਬਲਿਕ ਸਕੂਲ ਦੇ ਸੀ.ਬੀ. ਐਸ. ਈ .10 ਵੀਂ ਅਤੇ 12 ਵੀ ਜਮਾਤ ਦਾ ਨਤੀਜਾ ਆਉਣ ਉੱਤੇ ਬੱਚਿਆਂ ਨੇ ਸਕੂਲ ਦੇ ਪ੍ਰਿੰਸੀਪਲ ਅਤੇ ਸਟਾਫ ਨਾਲ ਆਪਣੀ ਖੁਸ਼ੀ ਸਾਂਝੀ ਕੀਤੀ। ਇਸ ਮੌਕੇ ਉੱਤੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਜਸਜੀਤ ਸੋਹੀ ਨੇ ਵਿਦਿਆਰਥੀਆਂ ਨੂੰ ਚੰਗੇ ਨੰਬਰ ਪ੍ਰਾਪਤ ਕਰਨ ਉੱਤੇ ਵਧਾਈ ਦਿੱਤੀ। 10ਵੀਂ ਜਮਾਤ ਦੀ ਪ੍ਰੀਖਿਆ ਵਿੱਚ ਪਹਿਲਾ ਸਥਾਨ ਸਕਸ਼ਮ ਕੁਮਾਰ 98.4 ਫੀਸਦੀ, ਦੂਜਾ ਸਥਾਨ ਹੇਜ਼ਲਮੀਤ ਕੌਰ 98.2 ਫੀਸਦੀ ਅਤੇ ਤੀਜਾ ਸਥਾਨ ਪ੍ਰਭਸਿਮਰਨ ਕੌਰ ਨੇ 96.4 ਫੀਸਦੀ ਨੰਬਰ ਲੈ ਕੇ ਸਕੂਲ ਦਾ ਨਾਂ ਰੌਸ਼ਨ ਕੀਤਾ। 12ਵੀ ਜਮਾਤ ਦੀ ਹਿਊਮੈਨਟੀਜ਼ ਗਰੁੱਪ ਦੀ ਵਿਦਿਆਰਥਣ ਮਾਨਯਾ ਕੱਕੜ 98.6 ਫੀਸਦੀ ਨੰਬਰ ਲੈ ਕੇ ਸਿਟੀ ਟਾਪਰ ਬਣੀ। ਮੈਡੀਕਲ ਦੀ ਵਿਦਿਆਰਥਣ ਪਵਨੀਤ ਕੌਰ ਨੇ 96.2 ਫੀਸਦੀ ਅਤੇ ਕਾਮਰਸ ਦੇ ਵਿਦਿਆਰਥੀ ਹਰਸ਼ਮੀਤ ਸਿੰਘ ਨੇ 95.4 ਫੀਸਦੀ ਨੰਬਰ ਲੈ ਕੇ ਸਕੂਲ ਦਾ ਨਾਂ ਰੌਸ਼ਨ ਕੀਤਾ। ਬੱਚਿਆਂ ਨੇ ਸਕੂਲ ਦੇ ਸਟਾਫ ਦੇ ਨਾਲ ਮਿਲ ਕੇ ਖੁਸ਼ੀ ਮਨਾਈ।

## ਸਰਬਸੰਮਤੀ ਨਾਲ ਹੋਈ ਚੋਣ



ਪਟਿਆਲਾ, 15 ਮਈ (ਚ.ਨ.ਸ.) : ਨਗਰ ਰੈਜ਼ੀਡੈਂਸ ਵੈਲਫ਼ੇਅਰ ਐਸੋਸੀਏਸ਼ਨ (ਯੂ. ਐਨ. ਆਰ. ਡਬਲਿਊ. ਏ) ਦੀ ਮੀਟਿੰਗ ਹੋਈ, ਜਿਸ ਵਿਚ ਸਰਬਸੰਮਤੀ ਨਾਲ ਚੋਣ ਹੋਈ, ਜਿਸ ਵਿਚ ਆਯੂਸ਼ ਗੁਪਤਾ ਫਾਊਂਡਰ, ਸਰਬਜੀਤ ਸਿੰਘ ਚੌਧਰੀ ਨੂੰ ਪ੍ਰਧਾਨ, ਇਸ਼ਇੰਦਰ ਸਿੰਘ ਚੰਨੀ ਵਾਈਸ ਪ੍ਰਧਾਨ, ਬਿਕਰਮ ਸਿੰਘ ਅਰੋੜਾ ਸੈਕਟਰੀ, ਪੰਕਜ ਕੁਮਾਰ ਜੁਆਇੰਟ ਸੈਕਟਰੀ, ਅਮਰਜੀਤ ਸਿੰਘ ਮਾਟਾ ਕੈਸ਼ੀਅਰ ਅਤੇ ਬਲਜਿੰਦਰ ਸਿੰਘ ਅਡੀਟਰ ਨੂੰ ਚੁਣਿਆ ਗਿਆ।

## ਕੋਰਟ 'ਚ ਵਕੀਲਾਂ ਦੀ ਰਹੀ ਹੜ੍ਹਤਾਲ

ਪਟਿਆਲਾ, 15 ਮਈ (ਵਿਨੋਦ ਸ਼ਰਮਾ) : ਕੋਰਟ ਕੰਪਲੈਕਸ ਪਟਿਆਲਾ ਵਿਖੇ ਅੱਜ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਮਨਵੀਰ ਸਿੰਘ ਟਿਵਾਣਾ ਨੇ ਇੱਕ ਮਤਾ ਪਾ ਕੇ ਅੱਜ 15 ਮਈ 2025 ਨੂੰ ਕੰਮ ਕਾਜ ਬੰਦ ਕਰਨ ਲਈ ਸਮੂਹ ਵਕੀਲਾਂ ਅਤੇ ਬਾਰ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਬਾਰ ਲੁਧਿਆਣਾ ਦੇ ਕੁੱਝ ਮੈਂਬਰ ਸਾਹਿਬਾਨਾਂ ਦੇ ਖ਼ਿਲਾਫ਼ ਜੋ ਗਲਤ ਢੰਗ ਨਾਲ ਉਥੋਂ ਦੀ ਪੁਲਿਸ ਨੇ ਇੱਕ ਮੁਕੱਦਮਾ ਦਰਜ ਕੀਤਾ ਹੈ। ਉਸ ਦੀ ਉਨ੍ਹਾਂ ਅਤੇ ਸਮੂਹ ਵਕੀਲਾਂ ਵੱਲੋਂ ਨਿਖੇਧੀ ਕੀਤੀ ਜਾਂਦੀ ਹੈ।

*'ਯੁੱਧ ਨਸ਼ਿਆਂ ਵਿਰੁੱਧ'*

## ਜ਼ਿਲ੍ਹੇ 'ਚ ਅੱਜ ਤੋਂ ਸ਼ੁਰੂ ਹੋਵੇਗੀ ਨਸ਼ਾ ਮੁਕਤੀ ਯਾਤਰਾ : ਡਾ. ਪ੍ਰੀਤੀ ਯਾਦਵ



ਪਟਿਆਲਾ, 15 ਮਈ (ਰੁਪਾਣਾ) : ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਕਰਨ ਅਤੇ ਨਸ਼ੇ ਅਤੇ ਨਸ਼ਾ ਤਸਕਰਾਂ ਦੇ ਖ਼ਾਤਮੇ ਤੱਕ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਤਹਿਤ 16 ਮਈ ਤੋਂ ਪਟਿਆਲਾ ਜ਼ਿਲ੍ਹੇ ਦੇ ਪਿੰਡਾਂ ਵਿੱਚ ਲੜੀਵਾਰ ਸਭਾਵਾਂ ਬੁਲਾ ਕੇ ਜਾਗਰੂਕਤਾ ਸਮਾਗਮ ਕੀਤੇ ਜਾਣਗੇ। ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਵੱਖ ਵੱਖ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਅਤੇ ਨਸ਼ਾ ਮੁਕਤੀ ਮੋਰਚਾ ਸਬੰਧੀ ਜ਼ਿਲ੍ਹਾ ਤੇ ਹਲਕਾ ਕੁਆਰਡੀਨੇਟਰਾਂ ਵੱਲੋਂ ਨਸ਼ਾ ਵਿਰੋਧੀ ਜਾਗਰੂਕਤਾ ਲਹਿਰ ਹਰ ਪਿੰਡ ਪਿੰਡ ਜਾਵੇਗੀ ਅਤੇ ਰੋਜ਼ਾਨਾ ਹਰੇਕ ਹਲਕੇ ਦੇ ਤਿੰਨ ਪਿੰਡਾਂ ਵਿੱਚ ਇਹ ਯਾਤਰਾ ਜਾਵੇਗੀ। ਨਸ਼ਾ ਮੁਕਤੀ ਯਾਤਰਾ ਤਹਿਤ ਹਰੇਕ ਪਿੰਡ ਵਿੱਚ ਗ੍ਰਾਮ ਸਭਾ ਬੁਲਾ ਕੇ ਅਤੇ ਜ਼ਿਲ੍ਹਾ ਸੁਰੱਖਿਆ ਕਮੇਟੀਆਂ ਤੋਂ ਇਲਾਵਾ ਸਮੂਹ ਪਿੰਡ ਵਾਸੀਆਂ ਨੂੰ ਇਸ ਮੁਹਿੰਮ ਦਾ ਹਿੱਸਾ ਬਣਾਇਆ ਜਾਵੇਗਾ। ਇਸ ਸਬੰਧੀ ਹਰੇਕ ਹਲਕੇ ਦੇ ਤਿੰਨਾਂ ਪਿੰਡ ਵਿੱਚ ਰੋਜ਼ਾਨਾ ਜਾਗਰੂਕਤਾ ਸਮਾਗਮ ਕੀਤੇ ਜਾਣਗੇ। ਇਸ ਸਬੰਧੀ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਡਿਊਟੀ ਲਗਾਈ ਗਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਾਗਮਾਂ ਦੌਰਾਨ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਜਾਗਰੂਕਤਾ ਸਮਗਰੀ ਵੀ ਵੰਡੀ ਜਾਵੇਗੀ। ਡਾ. ਪ੍ਰੀਤੀ ਯਾਦਵ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਇਸ ਨਸ਼ਾ ਮੁਕਤੀ ਯਾਤਰਾ ਵਿੱਚ ਹਿੱਸੇਦਾਰ ਬਣਨ ਤਾਂ ਜੋ ਪੰਜਾਬ ਨੂੰ ਨਸ਼ਾ ਮੁਕਤ ਕੀਤਾ ਜਾ ਸਕੇ । ਪਹਿਲੇ ਦਿਨ ਜ਼ਿਲ੍ਹੇ ਵਿੱਚ ਹੋਣ ਵਾਲੀ ਨਸ਼ਾ ਮੁਕਤ ਯਾਤਰਾ ਦੇ ਪਿੰਡਾਂ ਦਾ ਵੇਰਵੇ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਇਸ਼ਾ ਸਿੰਗਲ ਨੇ ਦੱਸਿਆ ਕਿ ਪਹਿਲੇ ਦਿਨ ਇਹ ਯਾਤਰਾ ਜ਼ਿਲ੍ਹੇ ਦੇ 21 ਪਿੰਡਾਂ ਵਿੱਚ ਹੋਵੇਗੀ। ਇਨ੍ਹਾਂ ਵਿੱਚ ਰੁੜਕੀ, ਰੁੜਕਾ, ਜਰੀਕਪੁਰ, ਕਕਰਾਲਾ, ਛੀਟਾਂਵਾਲਾ, ਅਚਲ, ਇੱਛੇਵਾਲ, ਰੋਹਟੀ ਬਸਤਾ, ਰੋਹਟੀ ਮੋੜਾ, ਅਲੂਣ, ਬਸੰਤਪੁਰਾ, ਪਰਾਰੋ, ਸਮਾਣਾ ਦੀ ਵਾਰਡ ਨੰਬਰ 1, 7 ਤੇ 12, ਫਰੀਦਪੁਰ, ਟੂਰਨਾ, ਸਲੇਮਪੁਰ ਬਾਲੀਆ, ਕਾਹਨਗੜ੍ਹ ਘਰਾਚੋ, ਖਾਸਪੁਰ, ਦੁਤਾਲ ਪਿੰਡ ਸ਼ਾਮਲ ਹਨ।

## ਸਾਬਕਾ ਸੈਨਿਕ ਵੱਲੋਂ ਐਸ.ਐਸ.ਪੀ. ਵਰੁਣ ਸ਼ਰਮਾ ਦਾ ਸਵਾਗਤ



ਪਟਿਆਲਾ, 15 ਮਈ (ਚ.ਨ.ਸ.) : ਨਵੇਂ ਐਸ ਐਸ ਪੀ ਵਰੁਣ ਸ਼ਰਮਾ ਵੱਲੋਂ ਆਹੁਦਾ ਸੰਭਾਲਣ 'ਤੇ ਸਾਬਕਾ ਸੈਨਿਕ ਕ੍ਰਾਂਤੀਕਾਰੀ ਯੂਨੀਅਨ ਪੰਜਾਬ ਦੇ ਸਟੇਟ ਚੇਅਰਮੈਨ ਵੈਟਰਨ(ਆਰਮੀ ਅਫ਼ਸਰ) ਹਰਚੰਦ ਸਿੰਘ ਨਲਾਸ ਨੇ ਡੈਲੀਗੇਟ ਰਾਜਪੁਰਾ ਇਕਾਈ ਦੇ ਪ੍ਰਧਾਨ ਵੈਟਰਨ ਰਣਜੀਤ ਸਿੰਘ ਖਰੌਲਾ, ਵੈਟਰਨ ਜਵਾਲਾ ਸਿੰਘ ਨਲਾਸ ਅਤੇ ਭੁਪਿੰਦਰ ਸਿੰਘ ਖੁੰਡੇਵਾਲਾ ਦੀ ਮੌਜੂਦਗੀ ਵਿੱਚ ਐਸ.ਐਸ.ਪੀ. ਨੂੰ ਵਧਾਈ ਦਿੱਤੀ। ਇਸ ਮੌਕੇ ਮੀਟਿੰਗ ਦੌਰਾਨ ਕੁਝ ਪੁਲਿਸ ਅਫ਼ਸਰਾਂ ਅਤੇ ਮੁਲਾਜ਼ਮਾਂ ਵੱਲੋਂ ਫੌਜੀਆਂ ਨਾਲ ਕੀਤੇ ਜਾ ਰਹੇ ਦੁਰਵਿਵਹਾਰ ਨੂੰ ਲੈ ਕੇ ਗੱਲਬਾਤ ਹੋਈ। ਐਸ.ਐਸ.ਪੀ. ਨੇ ਕਿਹਾ ਹੈ ਕਿ ਜਲਦੀ ਹੀ ਇੱਕ ਮੀਟਿੰਗ ਸਾਬਕਾ ਸੈਨਿਕ ਕਰਾਂਤੀਕਾਰੀਜ਼ ਯੂਨੀਅਨ ਪੰਜਾਬ ਨਾਲ ਉਲੀਕੀ ਜਾਵੇਗੀ, ਜਿਸ ਵਿੱਚ ਬੜੇ ਵਿਸਥਾਰ ਨਾਲ ਅਹਿਮ ਮੁੱਦਿਆਂ 'ਤੇ ਆਹੁਦੇਦਾਰਾਂ ਨਾਲ ਗੱਲਬਾਤ ਕੀਤੀ ਜਾਵੇਗੀ।

# ਮਲਟੀਪਰਪਜ਼ ਸਕੂਲ ਦੇ ਭਾਨੂ ਕਪੂਰ ਨੇ ਪੰਜਾਬ ਦੀ ਮੈਰਿਟ ਸੂਚੀ 'ਚ 12ਵਾਂ ਸਥਾਨ ਹਾਸਲ ਕੀਤਾ

## ਵਿਦਿਆਰਥੀਆਂ ਦਾ ਨਗਦ ਰਾਸ਼ੀ ਨਾਲ ਸਨਮਾਨ



ਪਟਿਆਲਾ, 15 ਮਈ (ਚ.ਨ.ਸ.) : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰਵੀਂ ਜਮਾਤ ਦੇ ਐਲਾਨੇ ਗਏ ਨਤੀਜਿਆਂ ਵਿੱਚੋਂ ਪੀਐਮ ਸ੍ਰੀ ਸਰਕਾਰੀ ਮਲਟੀਪਰਪਜ਼ ਕੋ-ਐਡ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪਾਸੀ ਰੋਡ ਦੇ ਵਿਦਿਆਰਥੀ ਭਾਨੂ ਕਪੂਰ ਨੇ ਪੰਜਾਬ ਦੀ ਮੈਰਿਟ ਸੂਚੀ ਵਿੱਚ 12ਵਾਂ ਸਥਾਨ ਹਾਸਲ ਕਰਕੇ ਜ਼ਿਲ੍ਹੇ ਅਤੇ ਸਕੂਲ ਸਮੇਤ ਮਾਪਿਆਂ ਦਾ ਨਾਮ ਰੋਸ਼ਨ ਕੀਤਾ ਹੈ। ਇਸ ਤੋਂ ਇਲਾਵਾ ਸਕੂਲ ਦੇ ਬਾਕੀ ਵਿਦਿਆਰਥੀਆਂ ਨੇ ਵੀ ਬਹੁਤ ਹੀ ਸ਼ਾਨਦਾਰ ਅੰਕ ਪ੍ਰਾਪਤ ਕੀਤੇ ਹਨ। ਇਹਨਾਂ ਸ਼ਾਨਦਾਰ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਵਿਜੇ ਕਪੂਰ ਨੇ ਦੱਸਿਆ ਕਿ ਵਿਦਿਆਰਥੀ ਭਾਨੂ ਕਪੂਰ ਪੁੱਤਰ ਰਾਜ ਕਪੂਰ ਨੇ ਨਾਨ-ਮੈਡੀਕਲ ਵਿੱਚ 500 ਵਿਚੋਂ 488 ਅੰਕ ਪ੍ਰਾਪਤ ਕਰਕੇ ਪੰਜਾਬ ਭਰ ਵਿੱਚੋਂ ਮੈਰਿਟ ਵਿੱਚ ਬਾਰਵਾਂ ਸਥਾਨ ਦਰਜ ਕਰਵਾ ਕੇ ਆਪਣੇ ਮਾਪਿਆਂ ਦਾ ਅਤੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ। ਇਸ ਤੋਂ ਇਲਾਵਾ ਪ੍ਰਣਵ ਸ਼ਰਮਾ ਨੇ ਮੈਡੀਕਲ ਵਿਚੋਂ 96.2 ਫੀਸਦੀ, ਮਨਜੀਤ ਨੇ ਨਾਨ-ਮੈਡੀਕਲ ਵਿਚੋਂ 94.4 ਫੀਸਦੀ, ਸਾਨੀਆ ਨੇ ਕਾਮਰਸ ਸਟਰੀਮ ਵਿਚੋਂ 93.2 ਫੀਸਦੀ, ਜਸਪ੍ਰੀਤ ਕੁਮਾਰ ਨੇ ਆਰਟਸ ਸਟਰੀਮ ਵਿਚੋਂ 92.4 ਫੀਸਦੀ ਅਤੇ ਗੁਰਜੋਤ ਨੇ ਵੋਕੇਸ਼ਨਲ ਸਟਰੀਮ ਵਿਚੋਂ 93 ਫੀਸਦੀ ਅੰਕ ਪ੍ਰਾਪਤ ਕੀਤੇ ਹਨ। ਇਸ ਤੋਂ ਇਲਾਵਾ ਸਕੂਲ ਦੇ 25 ਦੇ ਲਗਭਗ ਵਿਦਿਆਰਥੀਆਂ ਨੇ 90 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ। ਸਕੂਲ ਦੇ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀ ਅਤੇ ਵੱਖ-ਵੱਖ ਸਟਰੀਮਾਂ ਵਿਚੋਂ ਵੱਖ-ਵੱਖ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਪ੍ਰਿੰਸੀਪਲ ਵਿਜੈ ਕਪੂਰ ਵੱਲੋਂ ਨਗਦ ਇਨਾਮ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਪ੍ਰਿੰਸੀਪਲ ਨੇ ਆਖਿਆ ਕਿ ਸਕੂਲ ਦੇ ਅਧਿਆਪਕਾਂ ਦੁਆਰਾ ਕਰਵਾਈ ਗਈ ਸਖਤ ਮਿਹਨਤ ਦੇ ਚਲਦਿਆਂ ਵਿਦਿਆਰਥੀ ਹਾਸਲ ਕਰਨ ਵਿੱਚ ਕਾਮਯਾਬ ਹੋਏ ਹਨ। ਉਹਨਾਂ ਨੇ ਸਕੂਲ ਦੇ ਹੋਰਨਾਂ ਵਿਦਿਆਰਥੀਆਂ ਨੂੰ ਵੀ ਮਨ ਲਾ ਕੇ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ ਤਾਂ ਜੋ ਹੋਰ ਵਿਦਿਆਰਥੀ ਵੀ ਆਗਾਮੀ ਨਤੀਜਿਆਂ ਵਿੱਚ ਚੰਗੀਆਂ ਪੁਜੀਸ਼ਨਾਂ ਹਾਸਿਲ ਕਰ ਸਕਣ। ਇਸ ਮੌਕੇ ਸੀਨੀਅਰ ਲੈਕਚਰਾਰ ਸੁਖਵਿੰਦਰ ਸਿੰਘ ਅਤੇ ਸਕੂਲ ਦੇ ਸਮੂਹ ਸਟਾਫ ਮੈਂਬਰ ਸਮੇਤ ਵੱਡੀ ਗਿਣਤੀ ਵਿੱਚ ਵਿਦਿਆਰਥੀ ਅਤੇ ਉਹਨਾਂ ਦੇ ਮਾਪੇ ਹਾਜ਼ਰ ਸਨ।

## ਸ਼ਹੀਦ ਬਾਬਾ ਜੈ ਸਿੰਘ ਖਲਕਟ ਦੀ ਇਮਾਰਤ ਡਿੱਗਣ ਦਾ ਖ਼ਦਸ਼ਾ, ਪ੍ਰਸ਼ਾਸਨ ਜਲਦ ਸਾਰ ਲਵੇ : ਜੋਗਿੰਦਰ ਸਿੰਘ ਪੰਛੀ



ਪਟਿਆਲਾ, 15 ਮਈ (ਰੁਪਾਣਾ) : ਸਥਾਨਕ ਨੇੜਲੇ ਸ਼ਹੀਦ ਬਾਬਾ ਜੈ ਸਿੰਘ ਖਲਕਟ ਦਾ ਪਵਿੱਤਰ ਅਸਥਾਨ ਇਤਿਹਾਸਕ ਗੁਰਦੁਆਰਾ ਸਾਹਿਬ ਦੀ ਇਮਾਰਤ ਡਿੱਗਣ ਦਾ ਖ਼ਦਸ਼ਾ ਹੈ, ਇਸ ਸਬੰਧ ਵਿਚ ਪ੍ਰਸ਼ਾਸਨ ਨੂੰ ਜਲਦ ਸਾਰ ਲੈਣੀ ਚਾਹੀਦੀ ਹੈ। ਇਹ ਪ੍ਰਗਟਾਵਾ ਭਾਰਤੀ ਘੱਟ ਗਿਣਤੀ ਅਤੇ ਦਲਿਤ ਫ਼ਰੰਟ ਦੇ ਪ੍ਰਧਾਨ ਜੋਗਿੰਦਰ ਸਿੰਘ ਪੰਛੀ ਨੇ ਸ਼ਹੀਦ ਬਾਬਾ ਜੈ ਸਿੰਘ ਖਲਕਟ ਦੀ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਪ੍ਰਧਾਨ ਜੋਗਿੰਦਰ ਸਿੰਘ ਪੰਛੀ ਨੇ ਕਿਹਾ ਕਿ ਸ਼ਹੀਦ ਬਾਬਾ ਜੈ ਸਿੰਘ ਖਲਕਟ ਦਾ ਅਸਥਾਨਿਕ ਇਤਿਹਾਸਕ ਅਸਥਾਨ ਹੈ ਅਤੇ ਇਸ ਸਬੰਧ ਵਿਚ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਨੇ ਕਈ ਵਾਰ ਜ਼ਿਲ੍ਹਾ ਪ੍ਰਸ਼ਾਸਨ ਨੂੰ ਮੰਗ ਪੱਤਰ ਦੇ ਕੇ ਇਹ ਮੰਗ ਕੀਤੀ ਹੈ ਕਿ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਹਿੱਸਾ ਛੱਪੜ ਵਾਲੇ ਪਾਸੇ ਨੂੰ ਝੁਕਦਾ ਜਾ ਰਿਹਾ ਹੈ, ਪ੍ਰੰਤੂ ਇਸ ਮਸਲੇ ਪ੍ਰਤੀ ਸੰਜੀਦਾਪਣ ਵਿਖਾਈ ਨਹੀਂ ਦੇਖਦਾ। ਉਨ੍ਹਾਂ ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੇ ਦਿਨੀਂ ਵੀ ਜ਼ਿਲ੍ਹਾ ਪ੍ਰਸ਼ਾਸਨ ਕੋਲ ਪਹੁੰਚ ਕਰਕੇ ਦੱਸਿਆ ਗਿਆ ਕਿ ਗੁਰਦੁਆਰਾ ਸਾਹਿਬ ਨਾਲ ਛੱਪੜ ਹੈ, ਜਿਸ ਦੀ ਖ਼ੁਦਾਈ ਕੀਤੀ ਗਈ ਅਤੇ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਵਿਚ ਤਰੇੜਾਂ ਆ ਗਈਆਂ, ਜਿਸ ਤੋਂ ਬਾਅਦ ਕਈ ਵਾਰ ਡਿਪਟੀ ਕਮਿਸ਼ਨਰ ਪਟਿਆਲਾ ਅਤੇ ਉੱਚ ਅਧਿਕਾਰੀਆਂ ਨਾਲ ਬੈਠਕਾਂ ਤੋਂ ਬਾਅਦ ਛੱਪੜ ਵਿਚ ਸੇਫ਼ਟੀ ਦੀਵਾਰ ਦਾ ਕੰਮ ਆਰੰਭ ਕਰਵਾਇਆ ਗਿਆ ਸੀ, ਪਰ ਇਹ ਕੰਮ ਵਿਚਾਲੇ ਹੀ ਛੱਡ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਦਿਨਾਂ ਵਿਚ ਜੇ ਲਗਾਤਾਰ ਮੀਂਹ ਪੈਂਦੇ ਹਨ ਤਾਂ ਗੁਰਦੁਆਰਾ ਸਾਹਿਬ ਦੀ ਇਮਾਰਤ ਵਾਲਾ ਪਾਸ ਕਿਸੇ ਸਮੇਂ ਵੀ ਬੈਠ ਸਕਦਾ ਹੈ। ਪ੍ਰਧਾਨ ਜੋਗਿੰਦਰ ਸਿੰਘ ਪੰਛੀ ਨੇ ਕਿਹਾ ਕਿ ਪ੍ਰਸ਼ਾਸਨ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਡਿੱਗਣ ਤੋਂ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਛੱਪੜ ਦੀ ਸੇਫ਼ਟੀ ਦੀਵਾਰ ਤਿਆਰ ਨਾ ਕੀਤੇ ਜਾਣ ਕਾਰਨ ਪਿੰਡ ਦੀਆਂ ਸੰਗਤਾਂ ਵਿਚ ਵੱਡਾ ਰੋਸ ਹੈ। ਮੀਟਿੰਗ ਦੌਰਾਨ ਬਲਵਿੰਦਰ ਸਿੰਘ, ਰੌਸ਼ਨ ਸਿੰਘ ਬਾਰੇ ਸੈਕਟਰੀ, ਧਰਮ ਸਿੰਘ ਬਾਰਨ, ਲਖਵੀਰ ਸਿੰਘ, ਕਰਨਪੁਰ ਚੇਅਰਮੈਨ, ਸੁਰਜੀਤ ਸਿੰਘ ਪ੍ਰਧਾਨ, ਸਤਨਾਮ ਸਿੰਘ ਬਿੱਟੂ, ਤਰਵਿੰਦਰ ਸਿੰਘ ਜੌਹਰ, ਜਸਪਾਲ ਸਿੰਘ ਚਲੈਲਾ, ਗੁਰਚਰਨ ਸਿੰਘ ਚੰਨਾ, ਦੇਵਾਂ ਸਿੰਘ, ਡਾ ਹਰਮਨਜੀਤ ਸਿੰਘ ਜੋਗੀਪੁਰ, ਪਰਮਜੀਤ ਸਿੰਘ ਸੰਧੂ ਅਤੇ ਹਰਿੰਦਰ ਸਿੰਘ ਖ਼ਾਲਸਾ,ਐਸ.ਐਸੀ ਲਾਡੀ ਸਰਪੰਚ ਬਾਰੇ ਆਦਿ ਹਾਜ਼ਰ ਸਨ।